


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸ੍ਰੀ ਪ੍ਰਕਾਸ਼ ਸਿੰਘ
ਪ੍ਰੋ: [illegible] ਸਿੰਘ
ਜੀ -

[illegible]

5-8-58

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮੇਰੀਆਂ

# ਕੁਝ ਇਤਿਹਾਸਕ ਯਾਦਾਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮੇਰੀਆਂ ਕੁਝ
# ਇਤਿਹਾਸਕ ਯਾਦਾਂ

ਹੀਰਾ ਸਿੰਘ 'ਦਰਦ'

ਧਨਪਤ ਰਾਇ ਐਂਡ ਸਨਜ਼, ਜਾਲੰਧਰ ਸ਼ਹਿਰ

Digitized by Panjab Digital Library | www.panjabdigilib.org

ਪ੍ਰਕਾਸ਼ਕ:—
ਧਨਪਤ ਰਾਇ ਐਂਡ ਸਨਜ਼,
ਅੱਡਾ ਹੁਸ਼ਿਆਰਪੁਰ, ਜਾਲੰਧਰ ।

ਪਹਿਲੀ ਐਡੀਸ਼ਨ ਸਤੰਬਰ ੧੯੫੫

ਮੁਲ ੨|||=)

ਪ੍ਰਿੰਟਰ:—
ਕਾਮਰੇਡ ਗੁਰਬਖਸ਼ ਸਿੰਘ ਜਨੂਜਾ
ਅਵਾਮੀ ਪ੍ਰਿੰਟਿੰਗ ਪ੍ਰੈਸ, ਜੀ. ਟੀ. ਰੋਡ ਜਾਲੰਧਰ.

Digitized by Panjab Digital Library | www.panjabdigilib.org

# ਸਮੱਰਪਣ

ਉਨ੍ਹਾਂ ਆਜ਼ਾਦੀ ਦੇ ਸਚੇ ਆਸ਼ਕਾਂ ਤੇ ਅਮਰ ਸ਼ਹੀਦਾਂ ਨੂੰ

ਜਿਹੜੇ

ਦੇਸ਼ ਦੀ ਗ਼ੁਲਾਮੀ ਦੀਆਂ ਬੇੜੀਆਂ ਕਟਣ ਲਈ ਅਤੇ ਜਨਤਕ ਖੁਸ਼ਹਾਲੀ ਤੇ ਮਨੁਖੀ ਬਰਾਬਰੀ ਦੀ ਬਹਾਰ ਨਾਲ ਦੇਸ਼ ਨੂੰ ਮਹਿਕਾਉਣ ਦੇ ਸੁਪਨੇ ਪੂਰੇ ਕਰਨ ਲਈ ਹਿੱਕਾਂ ਤਾਣ ਤਾਣ ਕੇ ਅਗੇ ਹੀ ਅਗੇ ਵਧਦੇ ਗਏ ।

ਜਿਨ੍ਹਾਂ ਨੇ

ਇਨਕਲਾਬੀ ਦ੍ਰਿੜਤਾ ਨਾਲ ਪੁਲਸੀ ਜਬਰਾਂ, ਸਾਮਰਾਜੀ ਸੰਗੀਨਾ ਤੇ ਗੋਲੀਆਂ ਦਾ ਛਾਤੀਆਂ ਉਭਾਰ ਕੇ ਸੂਰਬੀਰਾਂ ਵਾਂਗ ਟਾਕਰਾ ਕੀਤਾ । ਆਪਣੇ ਸਾਰੇ ਸੰਸਾਰਕ ਸੁਖਾਂ ਨੂੰ ਆਜ਼ਾਦੀ ਦੇਵੀ ਦੇ ਚਰਨਾਂ ਤੋਂ ਨਿਛਾਵਰ ਕੀਤਾ ਤੇ ਹਸ ਹਸ ਕੇ ਫਾਂਸੀਆਂ ਦੇ ਰਸੇ ਚੁੰਮੇ ਪਰ ਆਜ਼ਾਦੀ ਦਾ ਇਨਕਲਾਬੀ ਝੰਡਾ ਨੀਵਾਂ ਨਾ ਹੋਣ ਦਿਤਾ । ਅਤੇ

ਜਿਨ੍ਹਾਂ ਦੀਆਂ

ਅਮਰ ਤੇ ਅਭੁਲ ਯਾਦਾਂ ਸਦਾ ਹੀ ਇਤਿਹਾਸ ਵਿਚ ਲਿਸ਼ਕ-ਦੀਆਂ ਰਹਿਣਗੀਆਂ ਤੇ ਜਨਤਾ ਨੂੰ ਅਗੇ ਹੀ ਅਗੇ ਵਧਣ ਦੀ ਅਗਵਾਈ ਕਰਦੀਆਂ ਰਹਿਣਗੀਆਂ ।

ਹੀਰਾ ਸਿੰਘ "ਦਰਦ"

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮੁਖ-ਬੰਦ

ਮੈਥੋਂ ਕੁਝ ਸਜਣਾਂ ਮਿੱਤਰਾਂ ਨੇ ਮੰਗ ਕੀਤੀ ਕਿ ਮੈਂ ਆਪਣੇ ਲੰਮੇ ਜੀਵਨ ਪੰਧ ਦੀਆਂ ਕੋਈ ਦਿਲਖਿਚਵੀਆਂ ਅਭੁਲ ਯਾਦਾਂ ਲਿਖਤ ਵਿਚ ਲਿਆ ਕੇ ਉਨ੍ਹਾਂ ਨਾਲ ਸਾਂਝੀਆਂ ਕਰਾਂ । ਹਰ ਇਕ ਮਨੁਖ ਦੇ ਜੀਵਨ ਵਿਚ ਸੈਂਕੜੇ ਘਟਨਾਵਾਂ ਵਾਪਰਦੀਆਂ ਹਨ। ਉਨ੍ਹਾਂ ਵਿਚੋਂ ਕਈ ਬਦਲ ਦੇ ਪਰਛਾਵੇਂ ਵਾਂਗ ਅਲੋਪ ਹੋ ਕੇ ਉੱਕੀਆਂ ਹੀ ਭੁਲ ਜਾਂਦੀਆਂ ਹਨ ਅਤੇ ਕਈ ਪਥਰ ਦੀ ਲਕੀਰ ਵਾਂਙ ਦਿਲ ਉਪਰ ਉਕਰੀਆਂ ਜਾਂਦੀਆਂ ਹਨ। ਈਹੋ ਅਭੁਲ ਯਾਦਾਂ ਹੁੰਦੀਆਂ ਹਨ ।

ਪਰ ਹਰ ਇਕ ਮਨੁੱਖ ਦੀਆਂ ਨਿਜੀ ਤੇ ਸਮਾਜਕ ਰੁਚੀਆਂ ਮੁਤਾਬਕ ਹੀ ਉਸਦੀਆਂ ਅਭੁਲ ਯਾਦਾਂ ਬਣਦੀਆਂ ਹਨ ਅਤੇ ਇਹ ਵੱਖ ਵੱਖ ਭਾਂਤ ਦੀਆਂ ਹੋਣ ਕਰ ਕੇ ਜ਼ਰੂਰੀ ਨਹੀਂ ਕਿ ਹਰ ਇਕ ਦੀਆਂ ਅਭੁਲ ਯਾਦਾਂ ਹਰ ਪੁਰਖ ਲਈ ਦਿਲਚਸਪੀ ਦਾ ਕਾਰਨ ਬਣ ਸਕਣ । ਕਿਸੇ ਦੀਆਂ ਯਾਦਾਂ ਰੋਮਾਂਟਕ ਹੋਂਦੀਆਂ ਹਨ,ਕਿਸੇ ਦੀਆਂ ਨਿਜੀ ਪ੍ਰੇਮ ਜਾਂ ਦੁਖ ਸੁਖ ਵਿਚ ਰੰਗੀਆਂ ਹੋਈਆਂ ਹੁੰਦੀਆਂ ਹਨ। ਕਿਸੇ ਦੀਆਂ ਜੁਧਾਂ ਜੰਗਾਂ ਦੀ ਸੂਰਬੀਰਤਾ ਦੀਆਂ, ਕਿਸੇ ਦੀਆਂ ਖੋਜੀ ਮੁਹਿੰਮਾਂ ਦੀਆਂ ਅਤੇ ਕਿਸ ਦੀਆਂ ਰਾਜਸੀ ਤੇ ਸਮਾਜਕ ਘੋਲਾਂ ਦੀਆਂ ਯਾਦਾਂ ਹੁੰਦੀਆਂ ਹਨ।

ਲੰਮੇ ਸਮਾਜਕ ਜੀਵਨ ਪੰਧ ਵਿਚ ਮੇਰੇ ਨਾਲ ਵੀ ਹਰ ਤਰ੍ਹਾਂ ਦੀਆਂ



Digitized by Panjab Digital Library | www.panjabdigilib.org

ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਪ੍ਰੇਮ ਤੇ ਵਿਛੋੜਿਆਂ ਦੇ ਦੁਖ ਸੁਖ ਦੀਆਂ ਰੋਮਾਂਚਕ ਘਟਨਾਵਾਂ ਵੀ ਮੇਰੇ ਨਾਲ ਬੀਤੀਆਂ ਹਨ। ਸਜਣਾਂ ਮਿਤਰਾਂ, ਸਾਕਾਂ ਸਬੰਧੀਆਂ ਤੇ ਜੀਵਨ ਘੋਲ ਦੇ ਸਾਥੀਆਂ ਦੀਆਂ ਵੀ ਕਈ ਘਟਨਾਵਾਂ ਹਨ, ਜਿਹੜੀਆਂ ਮਿਤ੍ਰਤਾ ਦੀ ਅੰਤਮ ਕੁਰਬਾਨੀ ਦੇ ਰੋਮਾਂਸ ਜਾਂ ਬਿਪਤਾ ਸਮੇਂ ਬੇ-ਵਫਾਈ ਦੇ ਸਲਾਂ ਵਿਚ ਰੰਗੀਆਂ ਹਨ। ਇਹ ਵਧੇਰੇ ਨਿਜੀ ਹੋਣ ਕਰ ਕੇ ਇਨ੍ਹਾਂ ਨੂੰ ਮੈਂ ਕਿਸੇ ਨਾਲ ਸਾਂਝਾ ਕਰਨ ਦੀ ਖਾਸ ਲੋੜ ਸਮਝਦਾ।

ਮੇਰੇ ਜੀਵਨ ਦਾ ਵਧੇਰੇ ਹਿਸਾ ਰਾਜਸੀ ਤੇ ਸਮਾਜਕ ਘੋਲਾਂ ਵਿਚ ਹੀ ਲੰਘਿਆ ਹੈ ਅਤੇ ਮੈਂ ਆਪਣੇ ਜੀਵਨ ਦੇ ਉਸੇ ਹਿਸੇ ਨੂੰ ਹੀ ਸਹੀ ਅਰਥਾਂ ਵਿਚ ਸਫਲ ਸਮਝਦਾ ਹਾਂ ਜਿਹੜਾ ਦੇਸ ਤੇ ਕੌਮ ਦਾ ਨਵਾਂ ਇਤਹਾਸ ਬਣਾਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੰਮ ਆਇਆ ਹੈ। ਇਸੇ ਕਰਕੇ ਮੇਰੇ ਦਿਲ ਪੁਰ ਡੂੰਘੀਆਂ ਅਭੁਲ ਯਾਦਾਂ ਦੀ ਮੋਹਰ ਇਨ੍ਹਾਂ ਇਤਿਹਾਸਕ ਤੇ ਸਮਾਜਕ ਘਟਨਾਵਾਂ ਦੀ ਲਗਦੀ ਰਹੀ ਹੈ। ਜਿਨ੍ਹਾਂ ਵਿਚੋਂ ਕੁਝ ਕੁ ਚੁਣਵੀਆਂ ਨੂੰ ਮੈਂ ਇਸ ਪੁਸਤਕ ਵਿਚ ਅੰਕਤ ਕਰਕੇ ਪੇਸ਼ ਕਰਨ ਤੇ ਪਾਠਕ ਨਾਲ ਸਾਂਝੀਆਂ ਕਰਨ ਦੀ ਪ੍ਰਸੰਨਤਾ ਪ੍ਰਾਪਤ ਕਰ ਰਿਹਾ ਹਾਂ।

ਸਾਹਿਤਕ ਰੰਗ ਵਿਚ ਲਿਖੀਆਂ ਸਭ ਤਰ੍ਹਾਂ ਦੀਆਂ ਯਾਦਾਂ ਕੀਮਤੀ ਹੁੰਦੀਆਂ ਹਨ ਪਰ ਮੇਰੀ ਨਜ਼ਰ ਵਿਚ ਇਤਿਹਾਸਕ ਤੇ ਸਮਾਜਕ ਯਾਦਾਂ ਦਾ ਮੁਲ ਬਹੁਤ ਵਧ ਹੈ, ਕਿਉਂਕਿ ਇਨ੍ਹਾਂ ਤੋਂ ਜਨਤਾ ਨੂੰ ਅਗੇ ਵਧਣ ਤੇ ਉਨਤੀ ਕਰਨ ਲਈ ਬਹੁਮੁਲੀ ਸਿਖਿਆ ਮਿਲਦੀ ਹੈ।

ਇਤਿਹਾਸ ਦੇ ਹਰ ਸਮੇਂ ਵਿਚ ਸਮਾਜਕ ਲਹਿਰਾਂ ਉਠਦੀਆਂ ਹਨ।



Digitized by Panjab Digital Library | www.panjabdigilib.org

ਉਨ੍ਹਾਂ ਵਿਚ ਜਮਾਤੀ ਟਕਰਾਂ ਹੁੰਦੀਆਂ ਹਨ । ਅਗੇ-ਵਧੂ ਤੇ ਪਿਛਾਂਹ-ਖਿਚੂ ਵਿਚਾਰਾਂ ਦਾ ਘੋਲ ਚਲਦਾ ਹੈ। ਗਲਤੀਆਂ, ਦਰੁਸਤੀਆਂ, ਕਾਮਯਾਬੀਆਂ ਤੇ ਨਾ ਕਾਮਯਾਬੀਆਂ ਦੇ ਤਜਰਬੇ ਹੁੰਦੇ ਹਨ। ਇਨ੍ਹਾਂ ਤਜਰਬਿਆਂ ਦੀ ਠੀਕ ਠੀਕ ਜਾਣਕਾਰੀ ਨਾਲ ਹੀ ਸਮਾਜ ਨੂੰ ਉਨਤੀ ਦੇ ਸਹੀ ਰਸਤੇ ਪੁਰ ਚਲਣ ਵਿਚ ਸਹਾਇਤਾ ਮਿਲਦੀ ਹੈ।

ਵੀਹਵੀਂ ਸਦੀ ਦੇ ਪਹਿਲੇ ਅਧ ਵਿਚ ਸਾਡੇ ਦੇਸ ਵਿਚ ਚਲੇ ਰਾਜਸੀ ਤੇ ਸਮਾਜਕ ਘੋਲਾਂ ਦਾ ਇਤਹਾਸ ਬੜੀ ਮਹਾਨਤਾ ਰਖਦਾ ਹੈ। ਪਰ ਇਹ ਅਜੇ ਜਨਤਕ ਦ੍ਰਿਸ਼ਟੀ ਕੋਣ ਤੋਂ ਲਿਖਿਆ ਨਹੀਂ ਗਿਆ। ਵਖ ਵਖ ਜਮਾਤਾਂ ਨਾਲ ਸਬੰਧ ਰਖਣ ਵਾਲੇ ਕਈ ਲਿਖਾਰੀਆਂ ਜਾਂ ਆਗੂਆਂ ਨੇ ਕੁਝ ਪੁਸਤਕਾਂ ਲਿਖੀਆਂ ਹਨ ਪਰ ਉਹ ਅਧੂਰੀਆਂ ਹਨ। ਮੇਰੀ ਇਛਾ ਵੀ ਇਸ ਸਮੇਂ ਦਾ ਇਤਹਾਸ ਲਿਖਣ ਦੀ ਹੈ ਪਰ ਪਤਾ ਨਹੀਂ ਉਹ ਕਦੋਂ ਪੂਰੀ ਹੋਵੇ ਇਸ ਲਈ ਇਸ ਸਮੇਂ ਮੈਂ ਹਾਲਾਂ ਆਪਣੀਆਂ ਕੁਝ ਇਤਿਹਾਸੱਕ ਯਾਦਾਂ ਹੀ ਲਿਖ ਰਿਹਾ ਹਾਂ, ਜਿਨ੍ਹਾਂ ਦਾ ਮੁਖ ਆਸ਼ਾ ਪਾਠਕਾਂ ਤੇ ਲੇਖਕਾਂ ਦੀ ਇਸ ਸਮੇਂ ਦੇ ਇਤਿਹਾਸ ਵਿਚ ਦਿਲਚਸਪੀ ਨੂੰ ਵਧਾਣਾ ਹੈ।

ਇਤਿਹਾਸ ਜਾਂ ਇਤਿਹਾਸਕ ਘਟਨਾਵਾਂ ਦੇ ਬਾਹਲੇ ਲਿਖਾਰੀ ਆਮ ਜੱਨਤਾ ਨਾਲੋਂ ਵਿਅੱਕਤੀ ਨੂੰ ਬਹੁਤ ਮਹਾਨਤਾ ਦੇਂਦੇ ਹਨ। ਉਨ੍ਹਾਂ ਦੇ ਖਿਆਲ ਵਿਚ ਖਾਸ ਮਹਾਨ ਵਿਅਕਤੀ ਕੁਦਰਤੀ ਤੌਰ ਤੇ ਪੈਦਾ ਹੁੰਦੀ ਹੈ ਤੇ ਉਹੀ ਇਤਿਹਾਸ ਨੂੰ ਬਨਾਉਣ ਵਾਲੀ ਹੁੰਦੀ ਹੈ।

ਪਰ ਵਿਗਿਆਨਕ ਇਤਿਹਾਸ ਦੇ ਸਿਧਾਂਤ ਮੁਤਾਬਕ ਇਤਿਹਾਸ ਨੂੰ ਬਨਾਉਣ ਵਾਲੀ ਵੱਡੀ ਤੇ ਬਲਵਾਨ ਸ਼ਕਤੀ ਜਨਤਾ ਹੁੰਦੀ ਹੈ। ਕੋਈ ਇਕ



Digitized by Panjab Digital Library | www.panjabdigilib.org

ਵਿਅੱਕਤੀ ਨਹੀਂ ਹੁੰਦੀ। ਖਾਸ ਖਾਸ ਸਮੇਂ ਕਿਸੇ ਦੇਸ ਦੀ ਆਰਥਕ ਤੇ ਰਾਜਸੀ ਹਾਲਤ ਮੁਤਾਬਕ ਆਗੂ ਪੈਦਾ ਹੁੰਦੇ ਹਨ। ਉਹ ਲੋਕਾਂ ਦੇ ਪੈਦਾ ਕੀਤੇ ਹੁੰਦੇ ਹਨ ਤੇ ਉਨ੍ਹਾਂ ਦੀ ਮਹਾਨਤਾ ਵੀ ਹੁੰਦੀ ਹੈ ਪਰ ਉਸੇ ਹਦ ਤਕ ਜਿਸ ਹਦ ਤਕ ਉਹ ਲੋਕ ਭਲਾਈ ਦੇ ਪ੍ਰੋਗਰਾਮ ਮੁਤਾਬਕ ਕੁਰਬਾਨੀਆਂ ਕਰਦੇ ਹੋਏ ਲੋਕਾਂ ਨੂੰ ਅਗੇ ਲੈ ਜਾਂਦੇ ਹਨ।

ਅਜਿਹਾ ਵੀ ਹੁੰਦਾ ਹੈ ਕਿ ਕੋਈ ਆਗੂ ਦਸ ਮੀਲ ਚਲ ਕੇ ਥਕ ਜਾਂਦਾ ਹੈ, ਕੋਈ ਵੀਹ ਮੀਲ ਚਲਕੇ ਹਾਰ ਜਾਂਦਾ ਹੈ, ਕੋਈ ਚਾਲੀ ਮੀਲ ਤਕ ਪਹੁੰਚ ਕੇ ਦਮ ਤੋੜ ਕੇ ਬੈਠ ਜਾਂਦਾ ਹੈ ਪਰ ਜਨਤਾ ਅਗੇ ਹੀ ਅਗੇ ਵਧਦੀ ਜਾਂਦੀ ਹੈ। ਜਿਸ ਨੇਤਾ ਦੀਆਂ ਜੜ੍ਹਾਂ ਜਨਤਾ ਵਿਚ ਹੀ ਹੁੰਦੀਆਂ ਹਨ ਅਤੇ ਜਿਹੜਾ ਹਰ ਵੇਲੇ ਜਨਤਾ ਨਾਲ ਇਕਮਿਕ ਹੋਕੇ ਰਹਿੰਦਾ ਹੋਇਆ ਘੋਲ ਜਾਰੀ ਰਖਦਾ ਹੈ, ਉਹ ਜੀਵਨ ਭਰ ਨਹੀਂ ਥਕਦਾ। ਨਾਂ ਕੌਂਸਲ ਦੀ ਮੈਂਬਰੀ, ਨਾ ਵਜ਼ੀਰੀ ਨਾ ਕੋਈ ਹੋਰ ਲਾਲਚ ਜਾਂ ਉਚਾ ਅਹੁਦਾ ਜਾਂ ਜੇਲ੍ਹ ਫ਼ਾਂਸੀਆਂ ਦਾ ਡਰ ਉਸਨੂੰ ਜਨਤਾ ਤੋਂ ਅੱਡ ਕਰ ਸਕਦਾ ਹੈ।

ਬੜੇ ਚਿਰ ਤੋਂ ਇਤਿਹਾਸ ਵਿਚ "ਕੁਦਰਤੀ ਲੀਡਰਾਂ" ਦੀ ਥੀਊਰੀ ਪ੍ਰਚਲਤ ਰਹੀ ਹੈ। ਇਕ ਵੇਰ ਜੋ ਲੀਡਰ ਬਣ ਗਿਆ ਉਹ ਸਦਾ ਵਾਸਤੇ ਲੀਡਰ ਹੋ ਗਿਆ। ਵੀਹਵੀਂ ਸਦੀ ਤੋਂ ਪਹਿਲਾਂ ਤੇ ਆਰੰਭ ਵਿਚ ਇਸ ਥੀਊਰੀ ਦਾ ਬੜਾ ਜ਼ੋਰ ਸੀ। ਅੰਗਰੇਜ਼ ਸਾਮਰਾਜੀਆਂ ਨੇ ਵੀ ਇਸ ਦਾ ਬੜਾ ਪ੍ਰਚਾਰ ਕੀਤਾ ਸੀ। ਇਸ ਵਿਚ ਉਨ੍ਹਾਂ ਦਾ ਲਾਭ ਸੀ। ਇਸ ਦਾ ਮਤਲਬ ਇਹ ਸੀ ਕਿ ਲੀਡਰ ਜਮਾਂਦਰੂ ਤੇ ਕੁਦਰਤੀ ਹੋਂਦੇ ਹਨ। ਇਹ ਲੀਡਰ ਰਾਜਿਆਂ, ਜਗੀਰਦਾਰਾਂ ਤੇ ਧੰਨਵਾਨਾਂ ਵਿਚੋਂ ਨਿਕਲਿਆ ਕਰਦੇ



Digitized by Panjab Digital Library | www.panjabdigilib.org

ਸਨ। ਹਰ ਸੰਸਥਾ ਤੇ ਹਰ ਜਥੇਬੰਦੀ ਵਾਸਤੇ ਈਹੋ ਜਿਹੇ ਕੁਦਰਤੀ ਆਗੂ ਹੀ ਚੁਣੇ ਜਾਂਦੇ ਸਨ।

ਵੀਹਵੀਂ ਸਦੀ ਦੇ ਆਰੰਭ ਵਿਚ ਜਦੋਂ ਜਨਤਾ ਵਲੋਂ ਰਾਜਸੀ ਤੇ ਆਰਥਕ ਅੰਦੋਲਨ ਤੇਜ਼ ਹੋਏ ਅਤੇ ਪੁਰਾਣੇ ਕੁਦਰਤੀ ਲੀਡਰਾਂ ਪੁਰ ਜਨਤਾ ਵਲੋਂ ਬੇਇਤਬਾਰੀ ਪ੍ਰਗਟ ਹੋਣ ਲੱਗੀ; ਤਾਂ ਅੰਗਰੇਜ਼ ਸਾਮਰਾਜੀ ਬੜੇ ਘਬਰਾਏ। ਉਨ੍ਹਾਂ ਨੇ ਲੋਕਾਂ ਨੂੰ ਪ੍ਰੇਰਨਾ ਲਾਲਚਾਂ ਤੇ ਡਰਾਵਿਆਂ ਨਾਲ ਕੁਦਰਤੀ ਲੀਡਰਾਂ ਦੇ ਮਗਰ ਲਾਣ ਦੀ ਸਾਰੀ ਵਾਹ ਲਾਈ ਪਰ ਕੋਈ ਪੇਸ਼ ਨਾ ਗਈ।

ਮੇਰੀਆਂ ਇਨ੍ਹਾਂ ਇਤਿਹਾਸਕ ਯਾਦਾਂ ਤੋਂ ਇਕ ਗਲ ਤਾਂ ਇਹ ਸਾਫ਼ ਪ੍ਰਗਟ ਹੋ ਜਾਏਗੀ ਕਿ ਕਿਸੇ ਦੇਸ ਦੇ ਬੁਨਿਆਦੀ ਆਰਥਕ ਕਾਰਨਾਂ ਕਰਕੇ ਲਹਿਰਾਂ ਉਠਦੀਆਂ ਹਨ, ਨਵੇਂ ਵਿਚਾਰ ਪੈਦਾ ਹੁੰਦੇ ਹਨ, ਨਵੀਆਂ ਜਥੇਬੰਦੀਆਂ ਬਣਦੀਆਂ ਤੇ ਬਦਲਦੀਆਂ ਹਨ ਅਤੇ ਆਗੂ ਵੀ ਪੈਦਾ ਹੁੰਦੇ ਤੇ ਬਦਲਦੇ ਹਨ। ਪਰ ਲੋਕ ਲੋਕ ਹੀ ਰਹਿੰਦੇ ਹਨ। ਉਹ ਆਪਣੇ ਜੀਵਨ ਨੂੰ ਚੰਗੇਰਾ ਤੇ ਖੁਸ਼ਹਾਲ ਬਣਾਉਣ ਲਈ ਘੋਲ ਜਾਰੀ ਰਖਦੇ ਹਨ।

ਜੀਵਨ ਦੀਆਂ ਲੋੜਾਂ ਪੈਦਾ ਕਰਨ ਲਈ ਜਿਸ ਤਰ੍ਹਾਂ ਸੰਦ ਪੈਦਾ ਹੁੰਦੇ ਹਨ। ਉਹ ਚੰਗੇਰੇ ਬਣਦੇ ਤੇ ਬਦਲਦੇ ਚਲੇ ਜਾਂਦੇ ਹਨ। ਲੋਕਾਂ ਦਾ ਮਤਲਬ ਆਪਣੇ ਜੀਵਨ ਦੀਆਂ ਲੋੜਾਂ ਪੈਦਾ ਕਰਨਾ ਹੁੰਦਾ ਹੈ ਨਾ ਕਿ ਸੰਦਾਂ ਦੀ ਪੂਜਾ। ਜਦੋਂ ਵੀ ਕੋਈ ਚੰਗੇਰਾ ਸੰਦ ਬਾਹਲੀ ਤੇ ਚੰਗੀ ਪੈਦਾਵਾਰ ਕਰਨ ਵਿਚ ਸਹਾਇਤਾ ਦੇਣ ਵਾਲਾ ਬਣਦਾ ਹੈ ਲੋਕੀ ਉਸ ਦੀ ਵਰਤੋਂ ਕਰਨੀ ਸ਼ੁਰੂ ਕਰ ਦੇਂਦੇ ਹਨ।



Digitized by Panjab Digital Library | www.panjabdigilib.org

ਸਮਾਜਕ ਵਿਚਾਰ, ਸਿਧਾਂਤ, ਸੰਸਥਾਵਾਂ ਤੇ ਆਗੂ ਵੀ ਸਮਾਜ ਦੀ ਉਨਤੀ ਤੇ ਖੁਸ਼ਹਾਲੀ ਵਧਾਣ ਲਈ ਹੁੰਦੇ ਹਨ ਨਾ ਕਿ ਸਦੀਵੀ ਪੂਜਾ ਲਈ। ਲੋਕਾਂ ਨੇ ਹੁਣ ਇਹ ਸਮਝ ਲਿਆ ਜਾਪਦਾ ਹੁੰਦਾ ਹੈ ਕਿ "ਆਗੂ ਕੁਦਰਤੀ" ਨਹੀਂ ਹੁੰਦੇ ਹਨ। ਉਨ੍ਹਾਂ ਨੂੰ ਉਹ ਆਪ ਪੈਦਾ ਕਰਦੇ ਹਨ। ਲੋਕਾਂ ਦੇ ਜੀਵਨ ਦੇ ਜ਼ਰੂਰੀ ਪ੍ਰਸ਼ਨ ਲੈ ਕੇ ਆਗੂ ਮੈਦਾਨ ਵਿਚ ਨਿਤਰਦੇ ਹਨ। ਲੋਕ ਉਨ੍ਹਾਂ ਨੂੰ ਆਪਣੇ ਸਿਰ ਤੇ ਅਖਾਂ ਤੇ ਬਿਠਾਂਦੇ ਹਨ ਪਰ ਜਦੋਂ ਉਹ ਲੋਕਾਂ ਦਾ ਸਾਥ ਛਡ ਜਾਂਦੇ ਹਨ, ਨਿਜੀ ਲਾਭਾਂ ਦੀ ਖਾਤਰ ਲੋਕ-ਦੁਸ਼ਮਨਾਂ ਦੇ ਧੜੇ ਵਿਚ ਜਾ ਰਲਦੇ ਹਨ ਤਾਂ ਲੋਕ ਵੀ ਉਨ੍ਹਾਂ ਨੂੰ ਜਵਾਬ ਦੇ ਦੇਂਦੇ ਹਨ।

ਇਸ ਪੁਸਤਕ ਵਿਚ ਦਰਜ ਕੁਝ ਲਿਖਤਾਂ ਤੋਂ ਪਤਾ ਲਗੇਗਾ ਕਿ ਸਿਖ, ਮੁਸਲਮਾਨ ਤੇ ਹਿੰਦੂ ਜਨਤਾ ਨੇ ਸਮੇਂ ਸਮੇਂ ਆਪਣੇ ਆਗੂ ਬਦਲੇ ਹਨ। ਕਾਂਗਰਸ, ਮੁਸਲਮ ਲੀਗ ਤੇ ਹੋਰ ਕਈ ਰਾਜਸੀ ਪਾਰਟੀਆਂ ਨੇ ਆਗੂ ਬਦਲੇ ਹਨ। ਜਥੇ ਬੰਦੀਆਂ ਬਦਲੀਆਂ ਹਨ। ਇਸ ਤੋਂ ਇਕ ਸਬਕ ਇਹ ਵੀ ਨਿਕਲਦਾ ਹੈ ਕਿ ਜਨਤਾ ਅੱਗੇ ਨਾਲੋਂ ਵਧੇਰੇ ਸੋਝੀਵਾਨ ਬਣਦੀ ਜਾ ਰਹੀ ਹੈ। ਓਹ ਹੁਣ ਅਜਿਹੇ ਆਗੂ ਚਾਹੁੰਦੀ ਹੈ ਜਿਨ੍ਹਾਂ ਦੇ ਲਾਭ ਆਰਥਕ ਤੌਰ ਪੁਰ ਜਨਤਾ ਨਾਲ ਜੁੜੇ ਹੋਣ ਤੇ ਜਨਤਾ ਦੇ ਭਲੇ ਵਿਚ ਉਹ ਆਪਣਾ ਭਲਾ ਸਮਝਣ ਤੇ ਜਨਤਾ ਦੀ ਹਾਨੀ ਵਿਚ ਆਪਣੀ ਹਾਨੀ।

ਇਸ ਤਰ੍ਹਾਂ ਇਹ ਸਬਕ ਵੀ ਨਿਕਲਦੇ ਹਨ ਕਿ ਨਵੇਂ ਵਿਚਾਰਾਂ ਤੇ ਰਸਮਾਂ ਰਵਾਜਾਂ ਦੀ ਤਬਦੀਲੀ ਤੋਂ ਘਬਰਾਣਾ ਨਹੀਂ ਚਾਹੀਦਾ। ਹਰ ਗਲ ਨੂੰ ਵਿਗਿਆਨਕ ਅਤੇ ਸਮਾਜਕ ਭਲਾਈ ਦੇ ਦ੍ਰਿਸ਼ਟੀ ਕੋਣ ਤੋਂ ਵੇਖਣਾ ਤੇ



Digitized by Panjab Digital Library | www.panjabdigilib.org

ਪਰਖਣਾ ਚਾਹੀਦਾ ਹੈ।

ਜੇ ਮੇਰੀਆਂ ਇਨ੍ਹਾ ਯਾਦਾਂ ਨੇ ਪਾਠਕਾਂ ਦੇ ਦਿਲ ਵਿਚ ਆਪਣੇ ਇਤਿਹਾਸ ਨੂੰ ਸਮਝਣ ਤੇ ਸਿਖਿਆ ਲੈਣ ਦਾ ਪ੍ਰੇਮ ਪੈਦਾ ਕਰਨ ਵਿਚ ਕੁਝ ਸਹਾਇਤਾ ਕੀਤੀ ਤਾਂ ਮੈਂ ਸਮਝਾਂਗਾ ਮੇਰੀ ਘਾਲ ਥਾਂ ਪੈ ਗਈ।

ਜਲੰਧਰ
੧੦-੧੦-੫੫

ਜਨਤਾ ਦਾ ਸੇਵਕ
ਹੀਰਾ ਸਿੰਘ 'ਦਰਦ'



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸ਼ੁਧੀ ਪੱਤਰ

ਬੜੀ ਕੋਸ਼ਸ਼ ਦੇ ਬਾਵਜੂਦ ਫਿਰ ਵੀ ਛਪਾਈ ਵਿਚ ਕੁਝ ਅਸ਼ੁਧੀਆਂ ਰਹਿ ਗਈਆਂ ਹਨ,ਕਿਰਪਾ ਕਰ ਕੇ ਪਹਿਲਾਂ ਇਨ੍ਹਾਂ ਨੂੰ ਸੋਧ ਕੇ ਫਿਰ ਪੜ੍ਹੋ:—

| ਸਫਾ | ਸਤਰ | ਅਸ਼ੁਧ | ਸ਼ੁਧ |
|---|---|---|---|
| ਅ. | ੭ | ਲੋੜ ਸਮਝਦਾ | ਲੋੜ ਨਹੀਂ ਸਮਝਦਾ |
| ੧੯ | ਆਖਰੀ | intiative | initiative |
| ੨੭ | ੨੩ | ਬਿਰਥ | ਬਿਰਧ |
| ੩੪ | ੨੧ | ਤਾਂ ਮੈਂ ਮੈਂ | ਤਾਂ ਮੈਂ |
| ੩੯ | ੧੩ | ਬੇਈਬਾਨ | ਬੀਆਬਾਨ |
| ੪੪ | ੧੫ | ਨਾਲੀ | ਨਾਲ |
| ੪੫ | ਆਖਰੀ | ਜਿਹੀ | ਜਿਹਾ |
| ੫੪ | ੧ | ਕ ਮਰਰ | ਦਾ ਮੁਹੱਰਰ |
| | ੧੨ | ਮੇਰੇ | ਮੇਰਾ |
| ੫੭ | ੧੭ | ਬਦਨਾਨ | ਬਦਨਾਮ |
| ੫੯ | ੩ | ਐਕਜ਼ਨ | ਐਕਸ਼ਨ |
| ੧੯ | ੨ | ੧੯੧੯ | ੧੯੧੬ |
| ੭੧ | ੧੪ | ਪੰਬ | ਪੰਚ |
| ੭੧ | ੮ | ਕਧੜੇ | ਕਪੜੇ |
| ੭੮ | ੧ | ਸਸਲਾ | ਮਸਲਾ |
| ੮੦ | ੯ | ਸਚੀ | ਧਕੜ |
| | ੧੦ | ਦੇ ਸਿਖ ਥਾਣੇਦਾਰ ਨੇ | ਦਾ ਸਿਖ ਥਾਣੇਦਾਰ |
| ੮੧ | ੧੩ | ਦਿਲਚਪਸੀ | ਦਿਲਚਸਪੀ |

Digitized by Panjab Digital Library | www.panjabdigilib.org

| | | | |
|---|---|---|---|
| ੮੭ | ੫ | ਮੈਨੂੰ | ਮੈਨੂੰ |
| ੯੧ | ਆਖਰੀ | ਬੌਰਜ | ਬੌਰਡ |
| ੯੫ | ੨੨ | ਗੁਦਿਤ | ਗੁਰਦਿਤ |
| ੧੨੨ | ੧੨ | ਵਾਸਾ | ਵਾਧਾ |
| ੧੫੩ | ੪ | ਛੰਢੋਰਾ | ਢੰਢੋਰਾ |
| ੧੫੬ | ੧੦ | ਪ ਾਲੀ | ਪਰਾਲੀ |
| ੧੬੯ | ੨੧ | ਆਪ | ਆਮ |
| | | ਪਰਧਾਨਗੀ | ਪਰਵਾਨਗੀ |
| | ੨੨ | ਪਰਧਾਨਗੀ | ਪਰਵਾਨਗੀ |
| ੧੮੪ | ਆਖਰੀ | ਅੰਗਰੇਜ਼ੀ | ਅੰਗਰੇਜ਼ਾਂ ਦੀ |
| ੧੮੫ | ੧ | ਪ੍ਰਫਾਦਾਰੀ | ਵਫਾਦਾਰੀ |
| | ੨ | ਵਾਰਥਨਾਵਾ | ਪ੍ਰਾਰਥਨਾਵਾਂ |
| ੧੯੪ | ੯ | ਬਗੈ | ਬਗੈਰ |
| ੧੯੯ | ੧੬ | ਪੈਂਫਣਟਾਂ | ਪੈਂਫਲਟਾਂ |
| ੨੧੬ | ੧੧ | ਅਧੀ | ਅਸੀ |

Digitized by Panjab Digital Library | www.panjabdigilib.org

# ਲੇਖ-ਸੂਚੀ


| ਵਿਸ਼ਾ | ਪੰਨਾ |
|---|---|
| ੧. ਮੁਖ ਬੰਦ | ੫ |
| ੨. ਮੇਰੇ ਸਤਿਕਾਰ ਯੋਗ ਪਿਤਾ ਜੀ | ੧੭ |
| ੩. ਪਿਤਾ ਜੀ ਨਾਲ ਮਤ ਭੇਦ | ੨੬ |
| ੪. ਬਾਲਪਨ ਦੀ ਇਕ ਨਿਕੀ ਜਹੀ ਘਟਨਾ | ੩੯ |
| ੫. ਇਨਕਲਾਬੀ ਚੰਗਿਆੜੀ | ੪੩ |
| ੬. ਪਹਿਲੀ ਨਿਸਫ਼ਲ ਹੜਤਾਲ ਤੋਂ ਸਿਖਿਆ | ੫੫ |
| ੭. ਪਹਿਲੀ ਹਵਾਲਾਟ ਯਾਤਰਾ | ੬੧ |
| ੮. ਗੁਰੂ-ਰੂਪ ਪੰਜ ਪਿਆਰੇ | ੬੯ |
| ੯. ਅਖੰਡ ਪਾਠ ਕਰਾਉਣ ਦਾ ਅਪਰਾਧ | ੭੯ |
| ੧੦. ਕੋਮਾ ਗਾਟਾ ਮਾਰੂ ਜਹਾਜ਼ ਦੀ ਦੁਖਾਂਤ ਕਹਾਣੀ | ੯੩ |
| ੧੧. ੧੯੨੦-ਇਤਹਾਸਕ ਮੋੜ ਦਾ ਵਰ੍ਹਾ | ੧੩੩ |
| ੧੨. "ਅਕਾਲੀ" ਅਖਬਾਰ | ੧੪੩ |
| ੧੩. ਗੁਰਦੁਆਰਾ ਰਕਾਬ ਗੰਜ | ੧੬੩ |
| ੧੪. ਵਰਤਮਾਨ ਰਾਜਨੀਤੀ ਵਿਚ ਸਿਖਾਂ ਦਾ ਸਥਾਨ | ੧੭੭ |
| ੧੫. ਸਿਖ ਇਤਹਾਸ ਦਾ ਇਕ ਮੀਲ-ਪੱਥਰ | ੧੯੭ |
| ੧੬. ਬੀ. ਟੀ. ਦੀਆਂ ਭਾਗਾਂ | ੨੧੩ |
| ੧੭. ਕਾਲਿਆਂ ਵਾਲਾ ਖੂਹ | ੨੨੧ |


—:o:—

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮੇਰੇ ਸਤਿਕਾਰ-ਯੋਗ ਪਿਤਾ ਜੀ

ਮੇਰੇ ਸਤਿਕਾਰਯੋਗ ਪਿਤਾ ਭਾਈ ਹਰੀ ਸਿੰਘ ਜੀ ਨਿਰੰਕਾਰੀ ਲਗ ਬਗ ੯੦ ਸਾਲ ਦੀ ਉਮਰ ਵਿਚ ੧੯੨੦ ਵਿਚ ਅਕਾਲ ਚਲਾਣਾ ਕਰ ਗਏ ਸਨ। ਇਸ ਗੱਲ ਨੂੰ ਅੱਜ ੩੫ ਵਰ੍ਹੇ ਹੋ ਗਏ ਹਨ, ਪਰ ਉਨ੍ਹਾਂ ਦੀ ਮਿੱਠੀ ਤੇ ਪਿਆਰੀ ਯਾਦ ਮੇਰੇ ਲੂੰ ਲੂੰ ਵਿਚ ਰਚੀ ਹੋਈ ਹੈ। ਲੂੰ ਲੂੰ ਵਿਚ ਹੀ ਨਹੀਂ ਬਲਕੇ ਮੇਰੇ ਸੁਭਾ ਤੇ ਸਮਾਜਕ ਕਾਰਜਾਂ ਵਿਚ ਵੀ ਉਨ੍ਹਾਂ ਦੀ ਯਾਦ ਹੀ ਲਿਸ਼ਕਾਂ ਮਾਰਦੀ ਦਿਸਦੀ ਹੈ। ਇਹ ਯਾਦ ਕੇਵਲ ਪਿਤਾ-ਪੁੱਤਰ ਦੇ ਰਿਸ਼ਤੇ ਕਰ ਕੇ ਨਹੀਂ, ਬਲਕੇ ਉਨ੍ਹਾਂ ਦੇ ਉਚੇ ਮਾਨਵੀ ਤੇ ਸਮਾਜਕ ਗੁਣਾਂ ਕਰ ਕੇ ਹੈ। ਉਹ ਉਦਮ ਦੀ ਮੂਰਤ ਅਤੇ ਪਿਆਰ ਮਿਠਾਸ ਤੇ ਨਿਮ੍ਰਤਾ ਦਾ ਸਰੋਵਰ ਸਨ।

ਮੈਂ ਧਨੀ ਲੋਕਾਂ ਵਾਂਗ ਪਿਤਾ ਜੀ ਦਾ ਕਦੀ ਰਸਮੀ ਵਰ੍ਹੀਣਾ ਨਹੀਂ ਮਨਾਇਆ, ਕਦੀ ਸਰਾਧ ਨਹੀਂ ਕੀਤਾ। ਨਿਰੰਕਾਰੀ ਅਸੂਲਾਂ ਨੂੰ ਮੰਨ ਕੇ ਮੇਰੇ ਪਿਤਾ ਜੀ ਨੇ ਸਭ ਪੁਰਾਣੀਆਂ ਵਿਖਾਵੇ ਦੀਆਂ ਰਸਮਾਂ ਵੀਹਵੀਂ ਸਦੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਤਿਆਗ ਦਿੱਤੀਆਂ ਸਨ। ਉਨਾਂ ਦੇ ਪ੍ਰਭਾਵ ਤੇ ਸਿੰਘ ਸਭਾ ਦੇ ਅਸਰ ਹੇਠਾਂ ਮੈਂ ਵੀ ਪੁਰਾਣੀਆਂ ਰਸਮਾਂ ਨੂੰ ਤਿਲਾਂਜਲੀ ਦੇ ਦਿੱਤੀ ਹੋਈ ਹੈ।ਪਰ ਜਦੋ ਸਰਾਧਾਂ ਦੇ ਦਿਨਾਂ ਵਿਚ ਮੈਂ ਲੋਕਾਂ ਨੂੰ ਆਪਣੇ ਵੱਡੇ ਵਡੇਰਿਆਂ ਦੇ ਸ਼ਰਾਧ ਕਰਦੇ ਜਾਂ ਵਰ੍ਹੀਣੇ ਮਨਾਂਦੇ ਵੇਖਦਾ ਹਾਂ ਤਾਂ ਮੇਰਾ ਦਿਲ ਵੀ ਆਪਣੇ ਪਿਤਾ ਜੀ ਦੀ ਅਭੁਲ ਯਾਦ ਵਿਚ ਬਿਹਬਲ ਹੋ ਉਠਦਾ



Digitized by Panjab Digital Library | www.panjabdigilib.org

ਹੈ। ਉਨ੍ਹਾਂ ਦੀ ਹਸੂੰ ਹਸੂੰ ਕਰਦੀ ਉਤਸ਼ਾਹ, ਨਿਮ੍ਰਤਾ ਤੇ ਪਿਆਰ ਭਰਪੂਰ ਮੂਰਤੀ ਮੇਰੇ ਦਿਲ ਦੀਆਂ ਅੱਖਾਂ ਦੇ ਸਾਹਮਣੇ ਆ ਖੜ੍ਹੋਂਦੀ ਤੇ ਮੇਰਾ ਸਿਰ ਸਤਿਕਾਰ ਵਜੋਂ ਉਨ੍ਹਾਂ ਦੇ ਪੂਜ-ਚਰਨਾਂ ਪੁਰ ਝੁਕ ਜਾਂਦਾ ।

ਕਦੀ ਕਦੀ ਮੈਂ ਕੁਝ ਸ਼ਰਮਿੰਦਗੀ ਜਿਹੀ ਵੀ ਮਹਿਸੂਸ ਕਰਦਾ ਹਾਂ ਕਿ ਇਤਨੇ ਮਹਾਨ ਗੁਣਵਾਨ ਪਿਤਾ ਦੀ ਯਾਦ ਵਿਚ ਮੈਂ ਵਰ੍ਹੀਣੇ ਤੇ ਸਰਾਧਾਂ ਦੀਆਂ ਰਸਮਾਂ ਤਾਂ ਨਹੀਂ ਕਰਦਾ ਪਰ ਉਨ੍ਹਾਂ ਦੀ ਕੋਈ ਯਾਦਗਾਰ ਵੀ ਨਾ ਬਣਾਈ । ਉਨ੍ਹਾਂ ਦੇ ਨਾ ਪੁਰ ਕੋਈ ਪੁਸਤਕ ਵੀ ਸਮਰਪਣ ਨਾ ਕੀਤੀ। ਸਮਰਪਣ ਕਰਨ ਦੀ ਰਸਮ ਵੀ ਮੈਨੂੰ ਕੋਈ ਬਹੁਤ ਪਸੰਦ ਨਹੀਂ।

ਅੱਜ ਅਚਨਚੇਤ ਹੀ ਮੇਰਾ ਦਿਲ ਉਛਲ ਪਿਆ। ਉਨ੍ਹਾਂ ਦੀ ਅਭੁਲ ਯਾਦ ਤੇ ਆਪਣੇ ਦਿਲ ਦੇ ਵਲਵਲਿਆਂ ਨੂੰ ਕਾਗ਼ਜ਼ ਪੁਰ ਚਿਤ੍ਰਨ ਦੀ ਪ੍ਰਬਲ ਇੱਛਾ ਪੈਦਾ ਹੋ ਗਈ। ਮੈਂ ਸਮਝਦਾ ਹਾਂ ਹੋਰ ਰਸਮੀ ਯਾਦਾਂ ਨਾਲੋਂ ਉਨ੍ਹਾਂ ਦੇ ਸ਼ੁਭ ਗੁਣਾਂ ਦੀ ਪਾਠਕਾਂ ਨਾਲ ਸਾਂਝ ਕਰਨੀ ਹੀ ਉਨ੍ਹਾਂ ਦੀ ਇਕ ਚੰਗੇਰੀ ਤੇ ਪਕੇਰੀ ਯਾਦ ਹੈ।

ਉਹ ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਬੜੇ ਪ੍ਰੇਮੀ ਸਨ। ਉਨ੍ਹਾਂ ਨੂੰ ਕਈ ਸਿਖਿਆਦਾਇਕ ਤੁਕਾਂ ਯਾਦ ਸਨ। ਜਿਨ੍ਹਾਂ ਨੂੰ ਉਹ ਕਈ ਮੌਕਿਆਂ ਪੁਰ ਬੜਾ ਢੁਕਾ ਕੇ ਵਰਤਦੇ ਹੁੰਦੇ ਸਨ। ਉਨ੍ਹਾਂ ਦੇ ਜੀਵਨ ਦਾ ਇਕ ਅਸੂਲ ਇਹ ਵੀ ਸੀ ਕਿ ਜੋ ਵਿਦਿਆ, ਹੁਨਰ ਤੇ ਗੁਣ ਕਿਸੇ ਦੇ ਪੱਲੇ ਹੋਵੇ ਉਹ ਦੂਜੇ ਮਨੁਖ-ਭਰਾਵਾਂ ਨਾਲ ਸਾਂਝਾ ਕਰੇ। ਇਹ ਤੁਕ ਉਨ੍ਹਾਂ ਦੇ ਮੂੰਹੋਂ ਮੈਂ ਕਈ ਵਾਰੀ ਸੁਣੀ ਸੀ, "ਸਾਂਝ ਕੀਜੈ ਗੁਣਾ ਕੇਰੀ ਛਾਡਿ ਅਉਗੁਣ ਚਲੀਐ।" ਇਸ ਕਰਕੇ ਅਜ ਮੈਂ ਉਨ੍ਹਾਂ ਦੇ ਗੁਣਾਂ ਦੀ ਸਾਂਝ ਲਈ ਇਹ ਕੁਝ ਕੁ ਸਤਰਾਂ ਲਿਖ ਰਿਹਾ ਹਾਂ।



Digitized by Panjab Digital Library | www.panjabdigilib.org

ਮੇਰੇ ਪਿਤਾ ਜੀ ਦੇ ਵੱਡੇ-ਵਡੇਰੇ ਹਾੜੀ ਗਹਿਲ (ਪੁਣਛ) ਦੇ ਰਹਿਣ ਵਾਲੇ ਸਨ। ਇਹ ਬ੍ਰਾਹਮਣ ਜਾਤੀ ਵਿਚੋਂ ਸਨ । ਉਸ ਸਮੇਂ ਦੇ ਬਾਹਲੇ ਬ੍ਰਾਹਮਣਾ ਦਾ ਲੱਛਣ ਪੂਜਾ ਪਾਠ ਤੇ ਦਾਨ ਦੀ ਝਾਕ ਰਖਣਾ ਅਤੇ ਵੇਹਲਾ ਰਹਿਣਾ ਹੁੰਦਾ ਸੀ। ਸਰਾਧ ਖਾਣੇ ਜਾਂ ਹੋਰ ਰਸਮਾਂ ਰਵਾਜਾਂ ਦੇ ਮੌਕਿਆਂ ਪੁਰ ਦਾਨ ਲੈਣਾ ਧਰਮ ਸਮਝਦੇ ਸਨ। ਪਰ ਮੇਰੇ ਪਿਤਾ ਜੀ ਦਾ ਸੁਭਾ ਬਿਲਕੁਲ ਇਸ ਤੋਂ ਉਲਟ ਸੀ।ਉਹ ਹੱਥੀਂ ਮਿਹਨਤ ਕਰਨੀ ਧਰਮ ਸਮਝਦੇ ਸਨ। ਉਹ ਕਹਿੰਦੇ ਹੁੰਦੇ ਸਨ, ਬਾਣੀ ਕੇਵਲ ਪੜ੍ਹਨ, ਦੂਜਿਆਂ ਨੂੰ ਸੁਨਾਣ ਜਾਂ ਮੁਲ ਵੇਚਣ ਲਈ ਨਹੀਂ, ਇਹ ਅਮਲ ਕਰਨ ਤੇ ਜੀਵਨ ਨੂੰ ਉਚਾ ਕਰਨ ਲਈ ਹੈ। ਭਾਈ ਗੁਰਦਾਸ ਜੀ ਦੇ ਕਹਿਣ ਮੁਤਾਬਕ :-

"ਕਿਰਤ ਵਿਰਤ ਕਰ ਧਰਮ ਦੀ ਖਟ ਖਵਾਲਣਕਾਰ ਕਰੇਹੀ।" ਹੱਥੀਂ ਕਿਰਤ ਕਰ ਕੇ ਆਪਣਾ ਨਿਰਬਾਹ ਕਰਨਾ ਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਮੰਗ ਖਾਣ ਨਾਲੋਂ ਤਾਂ ਮਰ ਜਾਣਾ ਚੰਗਾ ਹੈ।

ਸਿਖ ਰਾਜ ਦੇ ਸਮੇਂ ਉਨ੍ਹਾਂ ਨੇ ਕੁਝ ਚਿਰ ਫੌਜੀ ਨੌਕਰੀ ਵੀ ਕੀਤੀ, ਉਹ ਖੇਤੀ ਬਾੜੀ ਤੇ ਪਸ਼ੂ ਪਾਲਣ ਦਾ ਕੰਮ ਵੀ ਕਰਦੇ ਰਹੇ, ਦੁਕਾਨਦਾਰੀ ਤੇ ਥੋਰ ਦਾ ਕੰਮ ਕਰਕੇ ਵੀ ਘਰ ਦਾ ਨਿਰਬਾਹ ਚਲਾਂਦੇ ਰਹੇ। ਤ੍ਰਖਾਣਾ ਤੇ ਰਾਜਗੀਰੀ ਦਾ ਕੰਮ ਵੀ ਜਾਣਦੇ ਸਨ। ਉਨ੍ਹਾਂ ਨੇ ਕਈ ਮਕਾਨ ਤੇ ਖੂਹ ਆਪਣੇ ਹੱਥੀਂ ਤਿਆਰ ਕੀਤੇ ਸਨ। ਉਹ ਦਰੀਆਂ ਤੇ ਆਸਨ ਆਪ ਅੱਡੇ ਬਣਾ ਕੇ ਉਣ ਲੈਂਦੇ ਸਨ। ਉਹ ਕੱਪੜੇ ਵੀ ਵੇਤਰ ਤੇ ਸੀਂਉ ਲੈਂਦੇ ਸਨ। ਕੇਵਲ ਛੇ ਕਨਾਲ ਸਾਡੀ ਜ਼ਮੀਨ ਸੀ। ਉਸ ਵਿਚ ਉਦਮ ਕਰ ਕੇ ਆਪ ਖੂਹ ਲਾ ਕੇ ਬਾਗ਼ਬਾਨੀ ਸ਼ੁਰੂ ਕਰ ਦਿੱਤੀ ਸੀ, ਜਿਸ ਨਾਲ ਘਰ ਦਾ ਚੰਗਾ ਨਿਰਬਾਹ ਚਲਦਾ ਰਿਹਾ। ਉਨ੍ਹਾਂ ਵਿਚ ਉਦਮ (Intiative) ਤੇ



Digitized by Panjab Digital Library | www.panjabdigilib.org

ਉਤਸ਼ਾਹ ਕਮਾਲ ਦਾ ਸੀ। ਉਹ ਕਿਸੇ ਮੁਸ਼ਕਲ ਨੂੰ ਵੇਖ ਕੇ ਕਦੀ ਘਬਰਾਂਦੇ ਨਹੀਂ ਸਨ ਹੁੰਦੇ। ਉਹ ਕਹਿੰਦੇ ਹੁੰਦੇ ਸਨ, ਕੋਈ ਅਜਿਹਾ ਕੰਮ ਨਹੀਂ ਜਿਸ ਨੂੰ ਉਦਮ ਕਰਕੇ ਅਸੀਂ ਸਿਖ ਨਹੀਂ ਸਕਦੇ ਅਤੇ ਸਿਰੇ ਨਹੀਂ ਚੜ੍ਹਾ ਸਕਦੇ।

ਉਨ੍ਹਾਂ ਦਿਨਾਂ ਵਿਚ ਮਨੂੰ ਸਿਮਰਤੀ ਦੇ ਕਥਨ ਅਨੁਸਾਰ ਖ਼ਾਸ ਖ਼ਾਸ ਪੇਸ਼ੇ ਚੰਗੇ ਤੇ ਖ਼ਾਸ ਪੇਸ਼ੇ ਭੈੜੇ ਮੰਨੇ ਜਾਂਦੇ ਸਨ। ਅਰਥਾਤ ਪੇਸ਼ਿਆਂ ਮੁਤਾਬਕ ਨੀਚ ਊਚ ਦਾ ਵਿਤਕਰਾ ਮੰਨਿਆ ਜਾਂਦਾ ਸੀ। ਪਰ ਮੇਰੇ ਪਿਤਾ ਜੀ ਦੇ ਦਿਲ ਵਿਚੋਂ ਇਹ ਭਰਮ ਉਕਾ ਦੂਰ ਹੋ ਚੁਕਾ ਸੀ। ਉਹ ਕਹਿੰਦੇ ਹੁੰਦੇ ਸਨ, "ਮੰਗਣਾ ਜਾਂ ਚੋਰੀ ਤੇ ਠੱਗੀ ਕਰਨੀ ਬੁਰਾ ਕੰਮ ਹੈ।" ਹੱਥੀਂ ਕਿਰਤ ਕਰ ਕੇ ਨਿਰਬਾਹ ਕਰਨਾ ਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਸਭ ਤੋਂ ਉਚਾ ਧਰਮ ਹੈ। ਪੇਸ਼ਾ ਭਾਵੇਂ ਕੋਈ ਹੋਵੇ, ਕੰਮ ਈਮਾਨਦਾਰੀ ਨਾਲ ਕੀਤਾ ਜਾਵੇ। ਬੇਈਮਾਨੀ ਪਾਪ ਹੈ ਨਾ ਕਿ ਕੋਈ ਕਿਤਾ।

ਇਤਨੇ ਗੁਣਵਾਨ ਹੁੰਦਿਆਂ ਹੋਇਆਂ ਵੀ ਆਮ ਤੌਰ ਪੁਰ ਆਪ ਗ਼ਰੀਬ ਤੇ ਤੰਗਦਸਤ ਰਹਿੰਦੇ ਸਨ। ਛੋਟੇ ਹੁੰਦਿਆਂ ਮੈਂ ਇਸ ਦਾ ਭੇਦ ਨਹੀਂ ਸੀ ਸਮਝ ਸਕਦਾ। ਹੁਣ ਪਿਛੇ ਵਲ ਜਦ ਮੈਂ ਝਾਤ ਮਾਰਦਾ ਹਾਂ ਤਾਂ ਪਤਾ ਲੱਗਦਾ ਹੈ ਕਿ ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਉਹ ਬੜੇ ਉਦਾਰ-ਚਿਤ ਸਨ। ਕੋਈ ਲੋੜਵੰਦ ਆਪਣਾ ਰਿਸ਼ਤੇਦਾਰ ਜਾਂ ਬਿਗਾਨਾਂ ਉਨ੍ਹਾਂ ਦੇ ਪਾਸ ਆ ਕੇ ਜਦੋਂ ਆਪਣੀ ਤੰਗੀ ਦੱਸ ਕੇ ਕੋਈ ਸੁਆਲ ਪਾਂਦਾ ਸੀ ਤਾਂ ਉਨ੍ਹਾਂ ਤੋਂ ਨਾਂਹ ਨਹੀਂ ਹੋ ਸਕਦੀ ਸੀ। ਆਪਣਾ ਕੰਮ ਵਿਗਾੜ ਕੇ ਭੀ ਦੂਜੇ ਦਾ ਸੰਵਾਰਦੇ ਸਨ ਤੇ ਉਸ ਦੀ ਸਹਾਇਤਾ ਕਰਕੇ ਆਪਣੀ ਤੰਗੀ ਵਿਚ ਵੀ ਉਹ ਪ੍ਰਸੰਨ ਰਹਿੰਦੇ ਸਨ। ਇਸ ਤਰ੍ਹਾਂ ਕਈ ਵੇਰ ਕਰਜ਼ਾ ਵੀ ਚੜ੍ਹਾ ਲੈਂਦੇ ਸਨ।



Digitized by Panjab Digital Library | www.panjabdigilib.org

ਦੂਜਾ ਕਾਰਨ ਇਹ ਸੀ ਕਿ ਉਨ੍ਹਾਂ ਨੂੰ ਕਿਸੇ ਸਾਧੂ ਤੋਂ ਕੀਮੀਆ ਗਰੀ ਦਾ ਬੜਾ ਠਰਕ ਲਗ ਗਿਆ ਸੀ। ਜਦੋਂ ਕੁਝ ਪੈਸੇ ਜਮ੍ਹਾਂ ਹੋ ਜਾਂਦੇ, ਉਹ ਕੀਮੀਆਗਰੀ ਦੇ ਨੁਸਖਿਆਂ ਦੀ ਅਜ਼ਮਾਇਸ਼ ਪੁਰ ਖ਼ਰਚ ਕਰ ਦੇਂਦੇ। ਜਦੋਂ ਨੁਸਖ਼ਾ ਨਿਸਫ਼ਲ ਰਹਿੰਦਾ ਤਾਂ ਕਹਿੰਦੇ ਬਸ ਐਤਕਾਂ ਥੋੜੀ ਹੀ ਕਸਰ ਰਹਿ ਗਈ ਹੈ, ਇਹ ਪੂਰੀ ਹੋ ਗਈ ਤਾਂ ਸੋਨਾ ਬਣ ਜਾਏਗਾ ਤੇ ਸਾਡੇ ਸਭ ਕਸ਼ਟ ਨਵਿਰਤ ਹੋ ਜਾਣਗੇ। ਇਸ ਤਰ੍ਹਾਂ ਉਨ੍ਹਾਂ ਨੇ ਸੈਂਕੜੇ ਰੁਪਏ ਬਰਬਾਦ ਕੀਤੇ। ਮੈਂ ਸਕੂਲਾਂ ਵਿਚ ਪੜ੍ਹ ਲਿਖ ਕੇ ਤੇ ਮਾਸਟਰਾਂ ਦੀਆਂ ਗਲਾਂ ਸੁਣਕੇ ਇਹ ਗਲ ਸਮਝ ਗਿਆ ਸੀ ਕਿ ਕੀਮੀਆਗਰੀ ਦਾ ਨਿਕੰਮਾ ਤੇ ਉਜਾੜੂ ਠਰਕ ਹੈ। ਪਿਤਾ ਜੀ ਨੂੰ ਬਥੇਰਾ ਕਹਿੰਦਾ ਕਿ ਜੇ ਇਸ ਤਰ੍ਹਾਂ ਸੋਨਾ ਬਣ ਸਕਦਾ ਤਾਂ ਰਾਜੇ ਮਹਾਰਾਜੇ ਇਹ ਨੁਸਖਾ ਲਭ ਕੇ ਸਭ ਮਾਲ ਖ਼ਜ਼ਾਨੇ ਸੋਨੇ ਨਾਲ ਭਰ ਲੈਂਦੇ ਪਰ ਉਹ ਮੇਰੀ ਗਲ ਨਾ ਸੁਣਦੇ। ਖੈਰ ਉਹ ਕੀਮੀਆਂ ਬਨਾਉਣ ਵਿਚ ਤਾਂ ਉਮਰ ਭਰ ਸਫ਼ਲ ਨਾ ਹੋ ਸਕੇ ਪਰ ਤਜਰਬਿਆਂ ਨਾਲ ਉਹ ਇਕ ਚੰਗੇ ਪੇਂਡੂ ਹਕੀਮ ਜ਼ਰੂਰ ਬਣ ਗਏ। ਉਹ ਵੈਦਕ ਤੇ ਯੂਨਾਨੀ ਕਈ ਦਵਾਈਆਂ ਤੇ ਜੜੀਆਂ ਬੂਟੀਆਂ ਜਾਣਦੇ ਸਨ ਅਤੇ ਪੇਂਡੂ ਲੋੜਾਂ ਪੂਰੀਆਂ ਕਰ ਲੈਂਦੇ ਸਨ। ਨਾ ਕੇਵਲ ਆਪਣੇ ਪਿੰਡ ਵਿਚ ਬਲਕਿ ਇਲਾਕੇ ਵਿਚ ਵੀ ਬੜੇ ਹਰਮਨ ਪਿਆਰੇ ਬਣ ਗਏ ਸਨ। ਪਰ ਹਕੀਮੀ ਵਿਚੋਂ ਵੀ ਉਹ ਕੋਈ ਨਫ਼ਾ ਨਹੀਂ ਖਟ ਸਕੇ ਸਨ। ਉਨ੍ਹਾਂ ਨੇ ਹਿਕਮਤ ਦੀ ਕਿਸੇ ਪੁਸਤਕ ਦੇ ਅਰੰਭ ਵਿਚ ਪੜ੍ਹਿਆ ਸੀ ਕਿ ਬੀਮਾਰ ਦਾ ਇਲਾਜ ਲਾਲਚ ਤੋਂ ਬਿਨਾਂ ਕੇਵਲ ਸੇਵਾ ਭਾਵ ਨਾਲ ਕਰਨਾ ਚਾਹੀਦਾ ਹੈ। ਸਿਰਫ਼ ਦਵਾਈ ਦੀ ਕੀਮਤ ਲੈਣੀ ਚਾਹੀਦੀ ਹੈ। ਦਵਾਈ ਦੀ ਲਾਗਤ ਤੋਂ ਵਧ ਪੈਸੇ ਲੈਣੇ ਪਾਪ ਹੈ। ਬਸ ਇਸ ਗਲ ਪੁਰ ਉਹ ਦ੍ਰਿੜ ਰਹਿੰਦੇ ਸਨ। ਨੁਸਖਾ ਲਿਖ ਕੇ ਦਵਾਈਆਂ ਮੰਗਾ ਦੇਂਦੇ ਸਨ ਜਾਂ ਕੇਵਲ ਨੁਸਖੇ



Digitized by Panjab Digital Library | www.panjabdigilib.org

ਦੀ ਕੀਮਤ ਲੈ ਕੇ ਦਵਾਈ ਬਣਾ ਦੇਂਦੇ ਸਨ। ਇਸ ਕਰ ਕੇ ਹਿਕਮਤ ਦੇ ਕੰਮ ਨੇ ਉਨ੍ਹਾਂ ਦੀ ਇਜ਼ਤ ਤਾਂ ਚੰਗੀ ਵਧਾਈ ਪਰ ਘਰ ਦੀ ਗ਼ਰੀਬੀ ਦੂਰ ਕਰਨ ਵਿਚ ਇਸ ਨੇ ਸਹਾਇਤਾ ਨਾ ਕੀਤੀ। ਉਹ ਇਹ ਵੀ ਜਾਣਦੇ ਸਨ ਕਿ ਕਈ ਹਕੀਮ ਤੇ ਸਾਧੂ ਕੌਡੀਆਂ ਦੀ ਦਵਾਈ ਜਾਂ ਮੁਫ਼ਤ ਲਭੀ ਜੜੀ ਬੂਟੀ ਨਾਲ ਬੀਮਾਰਾਂ ਨੂੰ ਰਾਜ਼ੀ ਕਰ ਕੇ ਪੰਦਰਾਂ ਵੀਹ ਵੀਹ ਰੁਪਏ ਲੈ ਲੈਂਦੇ ਸਨ। ਜਾਂ ਉਂਜ ਹੀ ਸੰਨਿਆਸੀ ਬਣ ਕੇ ਠਗੀਆਂ ਕਰਦੇ ਫਿਰਦੇ ਸਨ।

ਮੈਨੂੰ ਵੀ ਪਹਿਲਾਂ ਸ਼ੌਕ ਉਠਿਆ ਕਿ ਪਿਤਾ ਜੀ ਤੋਂ ਹਕੀਮੀ ਦਾ ਹੁਨਰ ਸਿਖ ਲਵਾਂ ਪਰ ਜਦ ਮੈਂ ਵੀ ਦਿਲ ਵਿਚ ਸਮਝਿਆ ਕਿ ਕਿਹ ਕੰਮ ਨਫ਼ੇ ਲਈ ਕਰਨਾ ਬੁਰਾ ਹੈ ਤਾਂ ਮੈਂ ਸੋਚਿਆ ਇਸ ਨਾਲ ਤਾਂ ਘਰ ਦਾ ਨਿਰਬਾਹ ਵੀ ਨਹੀਂ ਚਲੇਗਾ ਸੋ ਮੈਂ ਹਿਕਮਤ ਸਿਖਣ ਦਾ ਖ਼ਿਆਲ ਉਕਾ ਛਡ ਦਿਤਾ।

ਮੇਰੇ ਪਿਤਾ ਜੀ ਸ਼ਬਦ ਕੀਰਤਨ ਵੀ ਕਰ ਲੈਂਦੇ ਸਨ ਅਤੇ ਸਿਖ ਇਤਿਹਾਸ ਤੇ ਬਾਣੀ ਤੋਂ ਵਾਕਫ਼ ਹੋਣ ਕਰ ਕੇ ਕਥਾ ਵੀ ਕਰ ਲੈਂਦੇ ਸਨ। ਕੁਝ ਚਿਰ ਉਨ੍ਹਾਂ ਨੇ ਗ੍ਰੰਥੀ ਪੁਣੇ ਦਾ ਕੰਮ ਵੀ ਕੀਤਾ। ਪਰ ਉਹ ਕਿਸੇ ਗੁਰਦੁਆਰੇ ਵਿਚ ਬਹੁਤਾ ਚਿਰ ਨਹੀਂ ਸੀ ਟਿਕ ਸਕਦੇ। ਕਾਰਨ ਇਹ ਸੀ ਕਿ ਇਨ੍ਹਾਂ ਨੇ ਨਿਰੰਕਾਰੀ ਮਤਿ ਧਾਰਨ ਕਰ ਲਿਆ ਸੀ। ਇਹ ਪੁਰਾਤਨ ਹਿੰਦੂ ਰਸਮਾਂ ਰਵਾਜਾਂ ਦੇ ਬਿਲਕੁਲ ਵਿਰੋਧੀ ਹੋ ਗਏ ਸਨ। ਉਨ੍ਹਾਂ ਦਿਨਾਂ ਵਿਚ ਸਿਖ ਤੇ ਹਿੰਦੂ ਰਸਮਾਂ ਮਿਲਗੋਭਾ ਹੋਈਆਂ ਹੋਈਆਂ ਸਨ। ਗੁਰਦੁਆਰਿਆਂ ਦੇ ਗ੍ਰੰਥੀ ਸਰਾਧਾਂ ਵਿਚ ਹੰਦੇ ਮਣਸਾਉਣ ਤੇ ਹੋਰ ਹਿੰਦੂ ਰਸਮਾਂ ਕਰਾਉਣ ਵੀ ਤੁਰ ਜਾਂਦੇ ਸਨ। ਜੰਤਰ ਮੰਤਰ ਵੀ ਕਰਦੇ ਸਨ। ਪਰ ਮੇਰੇ ਪਿਤਾ ਜੀ ਨੂੰ ਸਰਾਧਾਂ ਦੇ ਦਿਨਾਂ ਵਿਚ ਜਦੋਂ ਕੋਈ ਸਰਾਧ ਦਾ ਨੇਉਂਤਾ ਦੇਂਦਾ ਤਾਂ ਉਹ ਇਨਕਾਰ ਕਰ ਦੇਂਦੇ। ਮਰਣੇ



Digitized by Panjab Digital Library | www.panjabdigilib.org

ਪਰਣੇ ਦੀ ਕੋਈ ਹਿੰਦੂ ਰਸਮ ਜਦੋਂ ਗੁਰਦੁਆਰੇ ਕੀਤੀ ਜਾਂਦੀ ਤਾਂ ਉਹ ਨਾਰਾਜ਼ ਹੋ ਕੇ ਛਡ ਕੇ ਆ ਜਾਂਦੇ । ਉਹ ਜਿਸ ਧਾਰਮਕ ਅਸੂਲ ਨੂੰ ਠੀਕ ਸਮਝ ਕੇ ਮੰਨ ਲੈਂਦੇ, ਉਸ ਤੋਂ ਇਕ ਇੰਚ ਪਿਛੇ ਨਾ ਹਟਦੇ। ਇਸ ਕਰ ਕੇ ਇਕ ਦੋ ਗੁਰਦੁਆਰਿਆਂ ਵਿਚ ਗ੍ਰੰਥੀ ਪੁਣੇ ਦਾ ਤਜਰਬਾ ਕਰ ਕੇ ਇਹ ਫਿਰ ਘਘਰੋਟ ਹੀ ਆ ਟਿਕੇ, ਜਿਥ ਖੇਤੀ ਬਾੜੀ ਜਾਂ ਦੁਕਾਨਦਾਰੀ ਰਾਹੀਂ ਘਰ ਦਾ ਨਿਰਬਾਹ ਕਰਦੇ ਰਹੇ ਅਤੇ ਮੈਨੂੰ ਪਾਲਦੇ ਤੇ ਪੜ੍ਹਾਂਦੇ ਰਹੇ।

ਉਹ ਵਿਚਾਰਵਾਨ ਤੇ ਤਬਦੀਲੀ ਪਸੰਦ ਪੁਰਸ਼ ਸਨ । ਭਾਈ ਜਸਾ ਸਿੰਘ ਨਿਰੰਕਾਰੀ ਨਾਲ ਇਕਠਾ ਕੰਮ ਕਰਦਿਆਂ ਉਹ ਇਨ੍ਹਾਂ ਦੇ ਗੂੜ੍ਹੇ ਮਿਤਰ ਬਣ ਗਏ ਸਨ । ਉਨ੍ਹਾਂ ਦਿਨਾਂ ਵਿਚ ਰਾਵਲਪਿੰਡੀ ਵਿਚ ਨਵਾਂ ਨਵਾਂ ਨਿਰੰਕਾਰੀ ਮਤਿ ਚਲਿਆ ਸੀ । ਇਹ ਸਿਖਾਂ ਵਿਚ ਪਹਿਲੀ ਸੁਧਾਰਕ ਲਹਿਰ ਸੀ। ਨਿਰੰਕਾਰੀ ਸਿਖਾਂ ਵਿਚ ਆਪਣੇ ਮਤਿ ਦੇ ਪ੍ਰਚਾਰ ਕਰਨ ਦਾ ਮੁਸਲਮਾਨਾਂ ਦੀ ਤਬਲੀਗ਼ ਵਰਗਾ ਜੋਸ਼ ਸੀ। ਭਾਈ ਜਸਾ ਸਿੰਘ ਨੇ ਆਪਣੇ ਪ੍ਰੇਮ ਤੇ ਸਚੀ ਮਿਤ੍ਰਤਾ ਦੇ ਵਰਤਾਵ ਅਤੇ ਗੁਰ-ਬਾਣੀ ਦੇ ਸਿਧਾਤਾਂ ਦੇ ਪ੍ਰਚਾਰ ਨਾਲ ਮੇਰੇ ਪਿਤਾ ਜੀ ਨੂੰ ਨਿਰੰਕਾਰੀ ਬਣਾ ਲਿਆ। ਉਦੋਂ ਸਾਹਿਬ ਦਰਬਾਰਾ ਸਿੰਘ ਨਿਰੰਕਾਰੀਆਂ ਦੇ ਦੂਜੇ ਗੁਰੂ ਗੱਦੀ ਪੁਰ ਬਿਰਾਜਮਾਨ ਸਨ । ਨਿਰੰਕਾਰੀਆਂ ਨੇ ਸਰਾਧ, ਕਿਰਿਆ ਕਰਮ, ਦੇਵੀ ਦੇਵਤਿਆਂ, ਬੁਤਾਂ ਕਬਰਾਂ ਤੇ ਮੜ੍ਹੀਆਂ ਦੀ ਪੂਜਾ, ਗੰਗਾ ਅਸ਼ਨਾਨ ਆਦਿਕ ਹਿੰਦੂ ਰਸਮਾਂ ਬਿਲਕੁਲ ਬੰਦ ਕਰ ਦਿਤੀਆਂ ਸਨ। ਬਹੁਤ ਸਾਰੇ ਪੁਰਾਣੇ ਕਰਮਾਂ ਨੂੰ ਫ਼ਜ਼ੂਲ ਸਮਝ ਕੇ ਤਿਆਗ ਦਿਤਾ ਸੀ। ਸਨਾਤਨ ਧਰਮ ਦੇ ਕਿਸੇ ਵਿਆਹ ਵਿਚ ਸ਼ਾਮਲ ਨਹੀਂ ਹੋਂਦੇ ਸਨ। ਨਾ ਹੀ ਭਾਜੀ ਲੈਂਦੇ ਨਾ ਉਨ੍ਹਾਂ ਦੇ ਘਰ ਦੀ ਰੋਟੀ ਖਾਂਦੇ ਸਨ। ਕਈ ਪਿੰਡਾਂ ਤੇ ਕਸਬਿਆਂ ਵਿਚ ਨਿਰੰਕਾਰੀਆਂ ਦੇ ਘਰ ਬੜੇ ਥੋੜੇ ਹੁੰਦੇ ਸਨ ।



Digitized by Panjab Digital Library | www.panjabdigilib.org

ਉਹ ਇਨ੍ਹਾਂ ਰਸਮਾਂ ਨੂੰ ਬਾਈਕਾਟ ਕਰਦੇ ਕਰਦੇ ਕਈ ਵਾਰ ਆਪ ਬਾਈਕਾਟ ਹੋ ਜਾਂਦੇ ਸਨ ਪਰ ਮਜ਼ਹਬੀ ਜੋਸ਼ ਵਿਚ ਲੋਕੀਂ ਅਜਿਹੇ ਦੁਖ ਤਕਲੀਫ਼ਾਂ ਨੂੰ ਖੁਸ਼ੀ ਖੁਸ਼ੀ ਝਲ ਲੈਂਦੇ ਸਨ ।

ਮੇਰੇ ਪਿਤਾ ਜੀ ਵੀ ਪੂਰੀ ਤਰ੍ਹਾਂ ਤਬਦੀਲ ਹੋ ਗਏ ਸਨ । ਉਹ ਵਡੇ ਵਡੇਰਿਆਂ ਦੇ ਨਾਂ ਪੁਰ ਪ੍ਰਚਲਤ ਹਰ ਇਕ ਗਲ ਨੂੰ ਦਰੁਸਤ ਨਹੀਂ ਮੰਨਦੇ ਸਨ । ਉਹ ਹਰ ਗਲ ਨੂੰ ਸੋਚ ਵਿਚਾਰ ਦੀ ਤਕੜੀ ਪੁਰ ਤੋਲਦੇ ਸਨ ਤੇ ਜਿਹੜੀ ਗਲ ਉਨ੍ਹਾਂ ਦੇ ਦਿਲ ਲਗੇ ਉਸ ਨੂੰ ਮੰਨ ਕੇ ਉਸ ਪੁਰ ਅਮਲ ਕਰਦੇ ਸਨ । ਇਸ ਦੇ ਨਾਲ ਹੀ ਉਨ੍ਹਾਂ ਵਿਚ ਇਕ ਹੋਰ ਗੁਣ ਮੈਂ ਵੇਖਿਆ ਕਿ ਉਹ ਆਪਣੇ ਆਪ ਨੂੰ ਬਿਲਕੁਲ ਸਚਾ ਸਮਝ ਕੇ ਦੂਜਿਆਂ ਨਾਲ ਨਫਰਤ ਵੀ ਨਹੀਂ ਕਰਦੇ ਸਨ । ਉਹ ਦੂਜਿਆਂ ਦੀ ਰਾਏ ਨੂੰ ਸਤਿਕਾਰਦੇ ਸਨ । ਉਹ ਆਪਣੇ ਪਿੰਡ ਵਿਚ ਇਕਲੇ ਨਿਰੰਕਾਰੀ ਸਨ । ਇਹ ਸਭ ਰਸਮਾਂ ਉਨ੍ਹਾਂ ਨੇ ਬਾਈਕਾਟ ਕਰ ਦਿਤੀਆਂ ਸਨ । ਉਹ ਨਿਰੰਕਾਰੀ ਗੁਰੂ ਦੇ ਹੁਕਮ ਮੁਤਾਬਕ ਕੋਈ ਪੁਰਾਣੀ ਸਨਾਤਨ ਰਸਮ ਨਹੀਂ ਕਰਦੇ ਸਨ । ਨਾ ਆਪ ਸਰਾਧ ਕਰਦੇ, ਨਾ ਸਰਾਧਾਂ ਦੀ ਰੋਟੀ ਖਾਂਦੇ ਨਾ ਹੀ ਸਨਾਤਨੀ ਵਿਆਹ ਸ਼ਾਦੀਆਂ ਵਿਚ ਸ਼ਾਮਲ ਹੁੰਦੇ ।

ਮੈਨੂੰ ਪਤਾ ਲਗਾ ਹੈ ਕਿ ਨਿਰੰਕਾਰੀਆਂ ਦੇ ਪਹਿਲੇ ਗੁਰੂ ਬਾਬਾ ਦਿਆਲ ਜੀ ਦੇ ਸਮੇਂ ਰਾਵਲਪਿੰਡੀ ਦੇ ਲੋਕਾਂ ਨੇ ਉਨ੍ਹਾਂ ਨੂੰ ਬਾਈਕਾਟ ਕਰ ਦਿਤਾ ਸੀ । ਇਨ੍ਹਾਂ ਨਾਲ ਸਭ ਤਰ੍ਹਾਂ ਦਾ ਵਰਤੋ ਵਿਹਾਰ ਬੰਦ ਕਰ ਦਿਤਾ ਸੀ । ਉਹ ਕਹਿੰਦੇ ਸਨ, ਬਾਬਾ ਦਿਆਲ ਕੁਰਾਹੀਆ ਹੈ ਅਤੇ ਜਦੋਂ ਉਹ ਝੰਡੇ ਲੈ ਕੇ ਬਾਜ਼ਾਰ ਵਿਚ ਸ਼ਬਦ ਪੜ੍ਹਦੇ ਲੰਘਦੇ ਤਾਂ ਵਿਰੋਧੀ ਇਨ੍ਹਾਂ ਪੁਰ ਮਿਟੀ ਜਾਂ ਸੁਆਹ ਉਛਾਲਦੇ ਸਨ । ਇਥੋਂ ਤਕ ਕਿ ਇਨ੍ਹਾਂ ਨੂੰ ਰਾਵਲ-ਪਿੰਡੀ ਦੇ ਸ਼ਮਸ਼ਾਨਾਂ ਵਿਚ ਸਸਕਾਰ ਕਰਨ ਤੋਂ ਵੀ ਰੋਕ ਦਿਤਾ



Digitized by Panjab Digital Library | www.panjabdigilib.org

ਗਿਆ ਸੀ। ਨਿਰੰਕਾਰੀਆਂ ਨੇ ਮਜਬੂਰ ਹੋ ਕੇ ਰਾਵਲਪਿੰਡੀ ਤੋਂ ੩ ਮੀਲ ਦੂਰ 'ਲਈ' ਨਦੀ ਦੇ ਕਿਨਾਰੇ ਆਪਣੀ ਵਖਰੀ ਸ਼ਮਸ਼ਾਨ ਭੂਮੀ ਬਣਾ ਲਈ ਸੀ। ਮਲੂਮ ਹੁੰਦਾ ਹੈ ਕਿ ਨਿਰੰਕਾਰੀਆਂ ਨੇ ਇਹ ਜਵਾਬੀ ਕਾਰਵਾਈ ਕੀਤੀ ਸੀ। ਉਨ੍ਹਾਂ ਨੇ ਵੀ ਹਿੰਦੂਆਂ ਤੇ ਸਨਾਤਨੀ ਸਿਖਾਂ ਨੂੰ ਬਾਈਕਾਟ ਕਰ ਦਿਤਾ ਸੀ ਤੇ ਉਨ੍ਹਾਂ ਦੇ ਸਮਾਗਮਾਂ ਵਿਚ ਸ਼ਾਮਲ ਹੋਣਾ ਬੰਦ ਕਰ ਦਿਤਾ ਸੀ।

ਇਕ ਵੇਰਾਂ ਦੀ ਗਲ ਹੈ ਕਿ ਮੇਰੀ ਵਡੀ ਭੈਣ ਜੀ ਦੀ ਸ਼ਾਦੀ ਸੀ। ਉਸਦੀ ਮੰਗਣੀ ਸ਼ਾਇਦ ਪਿਤਾ ਜੀ ਦੇ ਨਿਰੰਕਾਰੀ ਬਣਨ ਤੋਂ ਪਹਿਲਾਂ ਹੋਈ ਸੀ। ਕੁੜਮ ਸਨਾਤਨੀ ਬ੍ਰਹਿਮਣ ਸਿਖ ਸਨ। ਉਹ ਕਿਸੇ ਤਰ੍ਹਾਂ ਗੁਰਮਤਿ ਅਨੁਸਾਰ ਵਿਆਹ ਕਰਨ ਲਈ ਰਾਜ਼ੀ ਨਹੀਂ ਸਨ ਹੋ ਸਕਦੇ। ਇਹ ਰਿਸ਼ਤਾ ਮੇਰੀ ਨਾਨੀ ਦੀ ਰਾਹੀਂ ਹੋਇਆ ਸੀ। ਭਾਵੇਂ ਆਪਣੀ ਲਾਡਲੀ ਧੀ ਸੀ ਪਰ ਸਨਾਤਨੀ ਰਸਮ ਦੇ ਵਿਆਹ ਵਿਚ ਸ਼ਾਮਲ ਹੋਣਾ ਮੇਰਾ ਪਿਤਾ ਜੀ ਬੜੀ ਧਾਰਮਕ ਕਮਜ਼ੋਰੀ ਅਤੇ ਆਪਣੇ ਨਿਰੰਕਾਰੀ ਗੁਰੂ ਦੇ ਹੁਕਮ ਵਿਰੁਧ ਸਮਝਦੇ ਸਨ। ਬੜੀ ਉਲਝਣ ਪੈਦਾ ਹੋ ਗਈ।

ਪਿਤਾ ਜੀ ਆਪਣੇ ਅਸੂਲ ਪੁਰ ਚਲਣ ਤੇ ਦ੍ਰਿੜ ਰਹਿਣ ਵਾਲੇ ਸਨ ਪਰ ਕਿਸੇ ਝਗੜੇ ਵਿਚ ਦੂਜੇ ਨੂੰ ਤਕਲੀਫ ਦੇਣ ਦੀ ਥਾਂ ਆਪ ਦੁਖ ਝਲਕੇ ਝਗੜਾ ਨਿਬੇੜ ਦੇਂਦੇ ਸਨ। ਉਹ ਝਗੜਾ ਵਧਾਂਦੇ ਨਹੀਂ ਸਨ ਹੁੰਦੇ। ਆਪ ਪਿਛੇ ਹਟਕੇ ਝਗੜਾ ਨਿਪਟਾਉਣ ਦਾ ਜਤਨ ਕਰਦੇ ਸਨ। ਉਨ੍ਹਾਂ ਮੇਰੀ ਨਾਨੀ ਜੀ ਨੂੰ ਕਿਹਾ, ਮਾਤਾ ਜੀ, "ਮੈਂ ਤੁਹਾਡਾ ਤੇ ਆਪਣਾ ਬਚਨ ਤੋੜਕੇ ਅਧਰਮੀ ਨਹੀਂ ਬਣਨਾ ਚਾਹੁੰਦਾ, ਨਾ ਹੀ ਸਨਾਤਨੀ ਵਿਆਹ ਵਿਚ ਸ਼ਾਮਲ ਹੋ ਕੇ ਧਾਰਮਕ ਕਮਜ਼ੋਰੀ ਦਿਖਾਣ ਦਾ ਅਪਰਾਧੀ ਬਣ ਸਕਦਾ ਹਾਂ। ਸੋ ਤੁਸੀਂ ਇਸ ਬਚੜੀ ਨੂੰ ਧੀ ਸਮਝ ਕੇ ਜਿਵੇਂ ਚਾਹੋ ਵਿਆਹ ਦਿਓ। ਅਸੀਂ



Digitized by Panjab Digital Library | www.panjabdigilib.org

ਵਿਆਹ ਦੇ ਦਿਨਾਂ ਵਿਚ ਕੁਝ ਦਿਨ ਬਾਹਰ ਜਾਕੇ ਟਿਕੇ ਰਹਾਂਗੇ। ਮੈਨੂੰ ਬਚੜੀ ਦੇ ਵਿਆਹ ਦੀ ਬੜੀ ਖੁਸ਼ੀ ਹੈ ਪਰ ਮੈਂ ਆਪਣੇ ਧਾਰਮਕ ਨਿਸਚੇ ਵਿਆਹ ਦੀ ਖੁਸ਼ੀ ਤੋਂ ਕੁਰਬਾਨ ਨਹੀਂ ਕਰ ਸਕਦਾ। ਮੇਰੀਆਂ ਸ਼ੁਭ ਅਸੀਸਾਂ ਸਦਾ ਬਚੀ ਨੂੰ ਪ੍ਰਾਪਤ ਰਹਿਣਗੀਆਂ।''

ਸਾਰੇ ਹੈਰਾਨ ਹੋ ਗਏ। ਰੋਕਣ ਤੇ ਮਨਾਣ ਲਈ ਬੜਾ ਜ਼ੋਰ ਲਾਇਆ ਗਿਆ ਪਰ ਆਪ ਨੇ ਕਿਸੇ ਦੀ ਨ ਸੁਣੀ। ਆਪ ਸਾਰੇ ਪ੍ਰਵਾਰ ਨੂੰ ਨਾਲ ਲੈ ਕੇ ਤਰਲਾਹੀ ਆਪਣੇ ਮਿਤਰ ਭਾਈ ਜਸਾ ਸਿੰਘ ਦੇ ਘਰ ਜਾ ਰਹੇ। ਮੈਂ ਉਸ ਸਮੇਂ ਸ਼ਾਇਦ ਪੰਜ ਛੇ ਵਰ੍ਹੇ ਦਾ ਹੋਵਾਂਗਾ, ਮੈਨੂੰ ਇਹ ਗਲ ਸੁਪਣੇ ਵਾਂਗ ਯਾਦ ਆਉਂਦੀ ਹੈ। ਮੇਰੇ ਪਿਤਾ ਜੀ ਦਾ ਇਸ ਹਠ ਨੂੰ ਆਮ ਲੋਕ ਤਾਂ ਬੜੀ ਹੈਰਾਨੀ ਨਾਲ ਵੇਖਦੇ ਸਨ ਪਰ ਨਿਰੰਕਾਰੀ ਬੜੀ ਸ਼ਲਾਘਾ ਕਰਦੇ ਸਨ।

ਪਿੰਡ ਵਿਚ ਇਕਲੇ ਹੁੰਦਿਆਂ ਹੋਇਆਂ ਵੀ ਆਪ ਨੇ ਨਿਰੰ-ਕਾਰੀ ਅਸੂਲਾਂ ਪੁਰ ਪੂਰੀ ਦ੍ਰਿੜ੍ਹਤਾ ਨਾਲ ਅਮਲ ਕੀਤਾ। ਇਹ ਸਾਧਾਰਨ ਗਲ ਨਹੀਂ ਸੀ। ਇਹ ਬੜੇ ਹਠ ਤੇ ਦ੍ਰਿੜ ਹੌਸਲੇ ਦਾ ਕੰਮ ਸੀ। ਬਾਕੀ ਦੇ ਵਿਆਹ ਆਪ ਨੇ ਪੂਰਨ ਗੁਰਮਤਿ ਅਨੁਸਾਰ ਕੀਤੇ। ਮੈਨੂੰ ਉਨ੍ਹਾਂ ਦਿਨਾਂ ਦੀਆਂ ਕਈ ਘਟਨਾਵਾਂ ਯਾਦ ਹਨ। ਸਾਰੇ ਪਿੰਡ ਤੋਂ ਵਖਰਾ ਨਵਾਂ ਮਤਿ ਧਾਰਨ ਕਰਨ ਵਾਲਾ ਆਦਮੀ ਇਕ ਤਰ੍ਹਾਂ ਨਾਲ ਸਾਰੀ ਬਰਾਦਰੀ ਤੋਂ ਛੇਕਿਆ ਜਾਂਦਾ ਸੀ ਤੇ ਉਹ ਬੜਾ ਦੁਖੀ ਹੁੰਦਾ ਸੀ। ਪਰ ਮੇਰੇ ਪਿਤਾ ਜੀ ਧਾਰਮਕ ਮਤਿ ਭੇਦ ਰਖਦਿਆਂ ਹੋਇਆਂ ਵੀ ਲੋਕਾਂ ਨਾਲ ਮਿਲੇ ਰਹੇ। ਉਹ ਸਭ ਨਾਲ ਪਿਆਰ ਰਖਦੇ ਸਨ। ਰੋਗੀਆਂ ਨੂੰ ਵੇਖਦੇ ਤੇ ਉਨ੍ਹਾਂ ਦਾ ਮੁਫਤ ਇਲਾਜ ਕਰਦੇ ਸਨ। ਦੁਖ ਸੁਖ ਵੇਲੇ ਸਭ ਤੋਂ ਪਹਿਲਾਂ ਪਹੁੰਚ ਜਾਂਦੇ ਸਨ। ਜਿਸ ਕਰਕੇ ਪਿੰਡ ਵਿਚ ਆਪ ਨੂੰ ਬਰਾਦਰੀ ਵਲੋਂ ਕੋਈ ਖਾਸ



Digitized by Panjab Digital Library | www.panjabdigilib.org

ਤਕਲੀਫ ਨਾ ਹੋਈ। ਆਪ ਦੀ ਇਸ ਆਦਰਸ਼ ਵਾਦਤਾ ਦਾ ਮੇਰੇ ਉਪਰ ਵੀ ਬੜਾ ਪ੍ਰਭਾਵ ਪਿਆ । ਮੈਂ ਵੀ ਧਰਮ ਤੇ ਰਾਜ ਨੀਤੀ ਵਿਚ ਜਿਸ ਸਿਧਾਂਤ ਨੂੰ ਠੀਕ ਸਮਝ ਕੇ ਪ੍ਰਵਾਨ ਕਰ ਲੈਂਦਾ ਰਿਹਾ ਹਾਂ, ਉਸ ਪੁਰ ਦ੍ਰਿੜ੍ਹਤਾ ਨਾਲ ਚਲਣ ਦਾ ਜਤਨ ਕਰਦਾ ਰਿਹਾ ਹਾਂ, ਭਾਵੇਂ ਕੋਈ ਰਾਜ਼ੀ ਰਹੇ ਜਾਂ ਨਾਰਾਜ਼ ਹੋਵੇ।

ਪਿਤਾ ਜੀ ਬੜੇ ਉਦਮੀ ਸਨ ਤੇ ਕਿਰਤ ਵਿਚ ਰੁਝੇ ਰਹਿਣ ਵਿਚ ਹੀ ਖੁਸ਼ੀ ਸਮਝਦੇ ਸਨ । ਸਾਦੀ ਖੁਰਾਕ ਖਾਂਦੇ ਸਨ। ਸ਼ਰਾਬ ਆਦਿ ਨਸ਼ੇ ਜਾਂ ਕਿਸੇ ਹੋਰ ਐਬ ਦੇ ਨੇੜੇ ਨਾ ਜਾਂਦੇ। ਜਿਸ ਦਾ ਫਲ ਇਹ ਸੀ ਕਿ ਜਿਥੋਂ ਤਕ ਮੈਨੂੰ ਯਾਦ ਹੈ ਆਪ ਕਦੀ ਬੀਮਾਰ ਨਹੀਂ ਹੋਏ। ਸਾਧਾਰਨ ਤਪ, ਸਿਰ ਦਰਦ ਤੇ ਠੰਢ ਆਦਿ ਤੋਂ ਬਿਨਾਂ ਕੋਈ ਦੁਖਦਾਈ ਰੋਗ ਆਪ ਦੇ ਨੇੜੇ ਨਹੀਂ ਆਇਆ। ਸਵੇਰੇ ਘੜੀ ਦੋ ਘੜੀ ਰਾਤ ਰਹਿੰਦੀ ਉਠਣਾ, ਸੋਚ ਅਸ਼ਨਾਨ ਕਰ ਕੇ ਨੇਮ ਨਾਲ ਪਾਠ ਕਰਨਾ ਅਤੇ ਫਿਰ ਛਾਹ ਵੇਲਾ ਕਰ ਕੇ ਕਿਰਤ ਵਿਰਤ ਵਿਚ ਜੁਟ ਜਾਣਾ ਆਪ ਦਾ ਨੇਮ ਸੀ। ਲੌਢੇ ਵੇਲੇ ਗੁਰਦੁਆਰੇ ਜਾਂ ਪਰ੍ਹੇ ਵਿਚ ਕੋਈ ਕਥਾ ਵਾਰਤਾ ਕਰਨੀ, ਅਤੇ ਕਿਸੇ ਭੈੜੀ ਸੰਗਤ ਦੇ ਨੇੜੇ ਨਾ ਜਾਣਾ। ਆਪ ਕਹਿੰਦੇ ਹੁੰਦੇ ਸਨ :—

ਸਤੀ ਪਹਿਰੀਂ ਸਤਿ ਭਲਾ, ਬਹੀਐ ਪੜ੍ਹਿਆਂ ਪਾਸ<br>ਓਥੈ ਪਾਪ ਪੁੰਨ ਬੀਚਾਰੀਐ ਕੂੜੈ ਘਟੈ ਰਾਸਿ।

੧੯੨੦ ਵਿਚ ਜਦ ਮੈਂ ਲਾਹੌਰ 'ਅਕਾਲੀ' ਅਖ਼ਬਾਰ ਵਿਚ ਆ ਗਿਆ ਤਾਂ ਆਪ ਘਘਰੋਟ ਹੀ ਰਹੇ। ਉਹ ਸ਼ਹਿਰ ਦੇ ਰੌਲੇ ਗੌਲੇ ਵਾਲਾ ਜੀਵਨ ਪਸੰਦ ਨਹੀਂ ਸਨ ਕਰਦੇ। ਮੈਂ ਬੜਾ ਜ਼ੋਰ ਦਿਤਾ ਕਿ ਉਹ ਬਿਰਧ ਅਵਸਥਾ ਵਿਚ ਮੇਰੇ ਪਾਸ ਰਹਿਣ ਤਾਂ ਜੋ ਮੈਂ ਉਨ੍ਹਾਂ ਦੀ ਬਿਰਥ ਅਵਸਥਾ ਵਿਚ ਹੱਥੀਂ ਸੇਵਾ ਕਰ ਕੇ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕਰਾਂ। ਉਂਞ ਜਦ ਵੀ ਮੈਂ ਘਰ ਜਾਂਦਾ



Digitized by Panjab Digital Library | www.panjabdigilib.org

ਉਨ੍ਹਾਂ ਦੀ ਮੁਠੀ ਚਾਪੀ ਤੇ ਹੋਰ ਸੇਵਾ ਕਰ ਕੇ ਉਨ੍ਹਾਂ ਦੀਆਂ ਦਿਲੀ ਅਸੀਸਾਂ ਪ੍ਰਾਪਤ ਕਰਨ ਵਿਚ ਬੜੀ ਖੁਸ਼ੀ ਮਹਿਸੂਸ ਕਰਦਾ ਪਰ ਉਹ ਨੱਵੇ ਸਾਲ ਦੀ ਉਮਰ ਵਿਚ ਵੀ ਆਪਣੇ ਆਪ ਨੂੰ ਬੁਢਾ ਨਹੀਂ ਸਨ ਸਮਝਦੇ। ਲੋੜ ਪਵੇ ਤਾਂ ਆਪਣੀ ਰੋਟੀ ਵੀ ਆਪ ਪਕਾ ਲੈਂਦੇ ਸਨ ਤੇ ਬਾਕੀ ਸਾਰੀ ਆਪਣੀ ਸਰੀਰਕ ਕਿਰਿਆ ਆਪ ਨਿਭਾਂਦੇ ਹਨ।

ਉਨ੍ਹਾਂ ਵਲੋਂ ਰਾਜ਼ੀ ਖੁਸ਼ੀ ਦੇ ਖਤ ਮੈਨੂੰ ਲਾਹੌਰ ਪੁਜਦੇ ਰਹਿੰਦੇ ਸਨ। ਇਕ ਦਿਨ ਅਚਨਚੇਤ ਹੀ ਤਾਰ ਆ ਗਈ ਕਿ ਉਹ ਸਦਾ ਲਈ ਸਾਨੂੰ ਵਿਛੋੜਾ ਦੇ ਗਏ ਹਨ। ਜਦ ਸਣੇ ਪ੍ਰਵਾਰ ਮੈਂ ਘਘਰੋਟ ਪੁਜਾ ਤਾਂ ਪਤਾ ਲਗਾ ਕਿ ਉਹ ਇਕ ਦਿਨ ਵੀ ਬੀਮਾਰ ਨਹੀਂ ਪਏ। ਰਾਤ ਨੂੰ ਗੁਰਦੁਆਰੇ ਕਥਾ ਕਰ ਕੇ ਘਰ ਜਾ ਕੇ ਸੁਤੇ ਸਨ। ਸਿਆਲ ਦੇ ਦਿਨ ਸਨ। ਸਵੇਰ ਵੇਲੇ ਤਕ ਹੈਰਾਨੀ ਨਾਲ ਗੁਆਂਢੀਆਂ ਨੇ ਬੂਹਾ ਬੰਦ ਵੇਖਿਆ। ਬੂਹਾ ਤੋੜ ਕੇ ਜਦ ਉਹ ਅੰਦਰ ਵੜੇ ਤਾਂ ਬੜੀ ਸ਼ਾਂਤੀ ਨਾਲ ਆਪ ਬਿਸਤਰੇ ਪੁਰ ਸਦਾ ਦੀ ਨੀਂਦੇ ਸੁਤੇ ਹੋਏ ਸਨ। ਆਪ ਦੇ ਮੁਖੜੇ ਪੁਰ ਨੂਰਾਨੀ ਖੇੜਾ ਸੀ ਪਰ ਮੇਰੇ ਦਿਲ ਵਿਚ ਉਸ ਦਿਨ ਕਾਲੀ ਬੋਲੀ ਰਾਤ ਛਾ ਗਈ ਸੀ। ਭਾਵੇਂ ਉਹ ਬਿਰਧ ਸਨ ਪਰ ਅੰਤਮ ਸਮੇਂ ਉਨ੍ਹਾਂ ਪਾਸ ਰਹਿ ਕੇ ਉਨ੍ਹਾਂ ਦੀਆਂ ਅਸੀਸਾਂ ਤੇ ਸਿਖਿਆ ਤੋਂ ਮੈਂ ਵਾਂਜਿਆ ਰਿਹਾ। ਇਹ ਦੁਖ ਕਿੰਨਾ ਚਿਰ ਮੇਰੇ ਸੀਨੇ ਵਿਚ ਰੜਕਦਾ ਰਿਹਾ।



Digitized by Panjab Digital Library | www.panjabdigilib.org

# ਪਿਤਾ ਜੀ ਨਾਲ ਮਤ-ਭੇਦ

ਪਿਤਾ ਜੀ ਦੇ ਖੋਜ, ਵਿਚਾਰ ਤੇ ਤਬਦੀਲੀ ਪਸੰਦ ਸੁਭਾ ਦਾ ਅਸਰ ਮੇਰੇ ਪੁਰ ਬਚਪਨ ਤੋਂ ਹੀ ਪੈ ਗਿਆ। ਮੈਂ ਵੀ ਪਿਤਾ ਪੁਰਖੀ ਤੇ ਨਵੀਆਂ ਗਲਾਂ ਪੁਰ ਵਿਚਾਰ ਕਰਦਾ ਰਹਿੰਦਾ। ਲਗ ਭਗ ੧੯ ਸਾਲ ਦੀ ਉਮਰ ਤਕ ਮੈਂ ਪਿਤਾ ਜੀ ਦੇ ਨਿਰੰਕਾਰੀ ਖ਼ਿਆਲਾਂ ਨੂੰ ਬਿਲਕੁਲ ਠੀਕ ਸਮਝਦਾ ਤੇ ਉਨ੍ਹਾਂ ਪੁਰ ਅਮਲ ਕਰਦਾ ਰਿਹਾ ਸਾਂ।

ਨਿਰੰਕਾਰੀ ਆਪਣੇ ਗੁਰੂਆਂ ਨੂੰ ਦਸਾਂ ਗੁਰੂਆਂ ਨਾਲ ਜੋੜਦੇ ਹਨ। ਬਾਬਾ ਦਿਆਲ ਜੀ ਨੂੰ ਯਾਰਵਾਂ, ਬਾਬਾ ਦਰਬਾਰ ਸਿੰਘ ਨੂੰ ਬਾਰਵਾਂ ਤੇ ਸਾਹਿਬ ਰਤੇ ਜੀ ਨੂੰ ਤੇਰ੍ਹਵਾਂ ਗੁਰੂ ਕਹਿੰਦੇ ਹਨ। ਅਰਦਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਹ ਤ੍ਰੈ ਨਾਂ ਲੈਣੇ ਜ਼ਰੂਰੀ ਸਮਝਦੇ ਹਨ।

ਬਾਬਾ ਗੁਰਦਿਤ ਸਿੰਘ ਨੂੰ ਚੌਧਵੇਂ ਤੇ ਉਨ੍ਹਾਂ ਦੇ ਪੁਤਰ ਬਾਬਾ ਹਰਾ ਸਿੰਘ ਨੂੰ ਹੁਣ ਪੰਦਰਵਾਂ ਗੁਰੂ ਮੰਨਦੇ ਹਨ।

ਮੇਰੇ ਪਿਤਾ ਜੀ ਨੂੰ ਇਹ ਪਕਾ ਨਿਸਚਾ ਸੀ ਕਿ ਸਾਹਿਬ ਰਤਾ ਜੀ ਗੁਰੂ ਨਾਨਕ ਸਾਹਿਬ ਦਾ ਹੀ ਰੂਪ ਤੇਰ੍ਹਵੇਂ ਗੁਰੂ ਹਨ।

ਮੈਂ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਨਿਰੰਕਾਰੀ ਦਰਬਾਰ ਵਿਚ ਬੜੇ ਚਾਉ ਨਾਲ ਜਾਂਦਾ ਹੁੰਦਾ ਸਾਂ। ਸਾਹਿਬ ਰਤਾ



Digitized by Panjab Digital Library | www.panjabdigilib.org

ਜੀ ਨੂੰ ਮਥਾ ਟੇਕਦਾ, ਬਾਬਾ ਦਿਆਲ ਤੇ ਦਰਬਾਰਾ ਸਿੰਘ ਜੀ ਦੇ ਬੜੇ ਸਤਿਕਾਰ ਨਾਲ ਇਕ ਖ਼ਾਸ ਕਮਰੇ ਵਿਚ ਰੁਮਾਲਾਂ ਵਿਚ ਵਲ੍ਹੇਟ ਕੇ ਰਖੇ ਹੋਇਆਂ ਜੋੜਿਆਂ ਨੂੰ ਮਥਾ ਟੇਕਦਾ ਤੇ ਚਰਨ ਧੂੜ ਮੁਖ ਤੇ ਲਾਉਂਦਾ ਹੁੰਦਾ ਸੀ। ਸਾਹਿਬ ਰਤਾ ਜੀ ਨੂੰ ਨਾਮ ਰਤਾ ਵੀ ਕਿਹਾ ਜਾਂਦਾ ਸੀ। ਉਹ ਭਜਨ ਤੇ ਨਾਮ ਵਿਚ ਰੰਗੇ ਰਹਿੰਦੇ ਸਨ। ਉਹ ਬੜੇ ਨਿਮਰ ਤੇ ਮਿਠੇ ਸਨ। ਉਨ੍ਹਾਂ ਦੇ ਮੁਖੜੇ ਉਪਰ ਸ਼ਾਂਤੀ ਦਾ ਨੂਰ ਵਰਸਦਾ ਹੁੰਦਾ ਸੀ। ਆਸਾ ਦੀ ਵਾਰ ਤੇ ਸ਼ਬਦ ਕੀਰਤਨ ਮਗਰੋਂ ਉਹ ਆਪ ਸਾਰੀ ਸੰਗਤ ਦੇ ਪੈਰਾਂ ਦਾ ਅੰਗੂਠਾ ਧੋ ਕੇ ਚਰਨਾਮ੍ਰਿਤ ਬਣਾਂਦੇ ਸਨ, ਜਿਸ ਨੂੰ ਸਭ ਨਿਰੰਕਾਰੀ ਬੜੀ ਸ਼ਰਧਾ ਨਾਲ ਚੁਲੀ ਚੁਲੀ ਲੈ ਕੇ ਪੀਂਦੇ ਸਨ। ਮੈਂ ਵੀ ਇਹ ਚਰਨਾਮ੍ਰਿਤ ਪੀ ਕੇ ਬੜੀ ਪ੍ਰਸੰਨਤਾ ਮਹਿਸੂਸ ਕਰਦਾ ਹੁੰਦਾ ਸੀ। ਅਤੇ ਮੇਰੇ ਪਿਤਾ ਜੀ ਬਚਪਨ ਤੋਂ ਹੀ ਮੇਰੇ ਵਿਚ ਇਹ ਧਰਮ-ਭਾਵਨਾ ਵੇਖ ਕੇ ਬੜੇ ਖੁਸ਼ ਹੁੰਦੇ ਸਨ ਤੇ ਮੇਰੇ ਪੁਰ ਬੜੀਆਂ ਆਸਾਂ ਰਖਦੇ ਸਨ।

ਮੈਂ ਉਨ੍ਹਾਂ ਦਾ ਇਕਲੌਤਾ ਪੁਤਰ ਸੀ। ਮੇਰੀ ਉਮਰ ਉਸ ਸਮੇਂ ੧੫-੧੬ ਦੀ ਹੋ ਗਈ ਸੀ। ਮਿਸ਼ਨ ਸਕੂਲ ਰਾਵਲਪਿੰਡੀ ਵਿਚ ਸਤਵੀਂ ਤਕ ਪੜ੍ਹਨ ਕਰ ਕੇ ਮੈਨੂੰ ਈਸਾਈ ਮਤਿ ਦੀ ਵੀ ਕਾਫ਼ੀ ਵਾਕਫੀ ਹੋ ਗਈ ਸੀ। ਮਜ਼ਹਬੀ ਬਹਿਸਾਂ ਸੁਣਨ ਅਤੇ ਸਚਾਈ ਲਭਣ ਦਾ ਮੈਨੂੰ ਬੜਾ ਸ਼ੌਕ ਸੀ। ਇਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਵੀ ਜ਼ੋਰਾਂ ਪੁਰ ਚਲ ਰਹੀ ਸੀ। ਮੈਂ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਬੜੀ ਰੀਝ ਨਾਲ ਪੜ੍ਹਦਾ ਹੁੰਦਾ ਸਾਂ। ਸੁੰਦਰੀ ਤੇ ਬਿਜੈ ਸਿੰਘ ਦੋਵੇਂ ਪੁਸਤਕਾਂ ਮੈਨੂੰ ਇਨੀਆਂ ਪਿਆਰੀਆਂ ਲਗੀਆਂ ਕਿ ਮੈਂ ਉਨ੍ਹਾਂ ਨੂੰ ਬਾਰ ਬਾਰ ਪੜ੍ਹਦਾ ਤੇ ਪਿਤਾ ਜੀ ਨੂੰ ਸੁਣਾਂਦਾ ਹੁੰਦਾ ਸਾਂ। ਇਨ੍ਹਾਂ ਵਿਚ ਸਿਖ ਇਤਿਹਾਸ



Digitized by Panjab Digital Library | www.panjabdigilib.org

ਦੀ ਬੀਰਤਾ, ਦੀਨ ਰਖਿਆ, ਜ਼ੁਲਮ ਦੀ ਵਿਰੋਧਤਾ ਤੇ ਆਚਰਨ ਦੀ ਉਚਤਾ ਦੀਆਂ ਸਾਖੀਆਂ ਪੜ੍ਹ ਕੇ ਮੇਰਾ ਦਿਲ ਵੀ ਉਛਾਲੇ ਮਾਰਦਾ ਕਿ ਮੈਂ ਵੀ ਇਨ੍ਹਾਂ ਇਤਿਹਾਸਕ ਸਿਖਾਂ ਵਰਗਾ ਇਕ ਨਮੂਨਾ ਬਣਾਂ ।

ਪਿਤਾ ਜੀ ਦੀ ਆਗਿਆ ਨਾਲ ਮੈਂ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕ ਲਿਆ ਸੀ । ਪੰਜਾਂ ਪਿਆਰਿਆਂ ਨੇ ਸਿਖਿਆ ਦੇਣ ਸਮੇਂ ਹੋਰ ਗੁਰਮਤਿ ਦੇ ਉਦੇਸ਼ਾਂ ਦੇ ਨਾਲ ਇਹ ਵੀ ਦਸਿਆ ਕਿ ਗੁਰੂ ਗਰੰਥ ਸਾਹਿਬ ਤੋਂ ਬਿਨਾਂ ਕਿਸੇ ਦੇਹ ਧਾਰੀ ਗੁਰੂ ਨੂੰ ਨਹੀਂ ਮੰਨਣਾ, ਕਿਸੇ ਦੇ ਪੈਰਾਂ ਪੁਰ ਮਥਾ ਨਹੀਂ ਟੇਕਣਾ । ਓਦੋਂ ਰਾਵਲਪਿੰਡੀ ਵਿਚ ਇਕ ਤਾਂ ਬਾਬਾ ਖੇਮ ਸਿੰਘ ਜੀ ਬੇਦੀ ਦੀ ਗਦੀ ਸੀ । ਉਹ ਵੀ ਗੁਰੂ ਸਦਾਂਦੇ, ਮੱਥੇ ਟਿਕਾਂਦੇ ਤੇ ਸਿਖਾਂ ਤੋਂ ਚੜ੍ਹਾਵੇ ਉਗਰਾਂਹਦੇ ਸਨ । ਉਹ ਵਿਆਹ ਸ਼ਾਦੀਆਂ ਤੇ ਮਰਣੇ ਪਰਣੇ ਦੀਆਂ ਸਭ ਰਸਮਾਂ ਹਿੰਦੂਆਂ ਵਾਂਗ ਕਰਦੇ ਸਨ । ਦੂਜੀ ਗਦੀ ਨਿਰੰਕਾਰੀਆਂ ਦੀ ਸੀ । ਇਹ ਸਮਾਜਕ ਰਸਮਾਂ ਗੁਰਮਤਿ ਅਨੁਸਾਰ ਕਰਦੇ ਸਨ ।

ਅੰਮ੍ਰਿਤ ਛਕਣ ਦੇ ਬਾਅਦ ਹੋਰ ਕਈ ਨੌਜਵਾਨ ਸਿੰਘ ਸਭੀਏ ਮਿਤਰਾਂ ਦੀ ਸੰਗਤ ਨਾਲ ਨਿਰੰਕਾਰੀਆਂ ਤੇ ਸਿੰਘ ਸਭੀਆਂ ਦੇ ਕੁਝ ਰਵਾਜਾਂ ਦਾ ਮਤਿ ਭੇਦ ਸਾਫ਼ ਸਾਫ਼ ਪਤਾ ਲਗ ਗਿਆ । ਖਾਸ ਕਰ ਕੇ ਸਾਹਿਬ ਰਤਾ ਜੀ ਨੂੰ ਗੁਰੂ ਮੰਨ ਕੇ ਮਥਾ ਟੇਕਣਾ, ਚਰਨਾਮ੍ਰਿਤ ਪੀਣਾ ਤੇ ਜੋੜਿਆਂ ਨੂੰ ਮਥਾ ਟੇਕਣਾ ਸਿੰਘ ਸਭੀਏ ਗੁਰਮਤਿ ਸਿਧਾਂਤ ਦੇ ਵਿਰੁਧ ਸਮਝਦੇ ਸਨ । ਉਦੋਂ ਇਨ੍ਹਾਂ ਰਸਮਾਂ ਰਵਾਜਾਂ ਦੇ ਬੜੇ ਝਗੜੇ ਚਲਦੇ ਰਹਿੰਦੇ ਸਨ । ਜਵਾਨੀ ਦਾ ਜੋਸ਼ ਪੁਰਾਣੇ ਰਸਮ ਰਿਵਾਜ ਭੰਨ ਕੇ ਨਵਿਆਂ ਨੂੰ ਧਾਰਨ ਕਰਨ ਵਿਚ ਬੜੀ ਬਹਾਦਰੀ ਸਮਝਦਾ ਹੈ । ਮੈਂ ਹੁਣ ਬੜੀਆਂ ਸੋਚਾਂ ਵਿਚ ਪੈ



Digitized by Panjab Digital Library | www.panjabdigilib.org

ਗਿਆ। ਇਕ ਪਾਸੇ ਪਿਤਾ ਜੀ ਦਾ ਪਿਆਰ, ਸਤਿਕਾਰ ਤੇ ਉਨ੍ਹਾਂ ਦੀ ਨਿਰੰਕਾਰੀ ਮਤਿ ਵਿਚ ਦਿਲੀ ਸ਼ਰਧਾ ਸੀ। ਦੂਜੇ ਪਾਸੇ ਸਚ ਨੂੰ ਗ੍ਰਹਿਣ ਕਰ ਕੇ ਉਸ ਪੁਰ ਅਮਲ ਕਰਨ ਦਾ ਮੇਰੀ ਚੜ੍ਹਦੀ ਜਵਾਨੀ ਦਾ ਜੋਸ਼ ਸੀ।

ਓਦੋਂ ਸੁਧਾਰਕ ਲਹਿਰਾਂ ਦਾ ਜ਼ੋਰ ਸੀ ਤੇ ਕਿਸੇ ਆਦਮੀ ਦੀ ਬਹਾਦਰੀ ਦੀ ਪਰਖ ਇਸ ਗਲ ਤੋਂ ਕੀਤੀ ਜਾਂਦੀ ਸੀ ਕਿ ਉਹ ਨਵੇਂ ਸੁਧਾਰਕ ਰਵਾਜਾਂ ਪੁਰ ਅਮਲ ਕਰਨ ਦੀ ਅਤੇ ਮਾਤਾ ਪਿਤਾ ਤੇ ਬਰਾਦਰੀ ਦੀ ਨਾਰਾਜ਼ਗੀ ਝਲਣ ਦੀ ਕਿਤਨੀ ਦਲੇਰੀ ਰਖਦਾ ਹੈ।

ਅਜ ਭਾਵੇਂ ਮੈਂ ਧਾਰਮਕ ਤੇ ਸਮਾਜਕ ਰਸਮਾਂ ਰਵਾਜਾਂ ਨੂੰ ਤੋੜ ਕੇ ਪਰਵਾਰ ਜਾਂ ਭਾਈਚਾਰੇ ਵਿਚ ਝਗੜਾ ਵਧਾਣਾ ਇਕ ਫ਼ਜ਼ੂਲ ਗਲ ਸਮਝਦਾ ਹਾਂ। ਮੈਂ ਸਮਾਜ ਦੀ ਬੁਨਿਆਦ ਆਰਥਕ ਸਮਝਦਾ ਹਾਂ ਤੇ ਉਸ ਵਿਚ ਅਜਿਹੀਆਂ ਤਬਦੀਲੀਆਂ ਦੀ ਹਮਾਇਤ ਕਰਦਾ ਹਾਂ ਜਿਨ੍ਹਾਂ ਨਾਲ ਸਮਾਜ ਵਿਚ ਖੁਸ਼ਹਾਲੀ ਵਧੇ। ਪਰ ਓਦੋਂ ਮੈਂ ਵੀ ਸੁਧਾਰਕ ਭਲਵਾਨ ਸਦਾਣ ਦਾ ਬੜਾ ਚਾਹਵਾਨ ਬਣ ਗਿਆ ਸਾਂ।

ਮੈਂ ਹੁਣ ਨਿਰੰਕਾਰੀ ਦਰਬਾਰ ਵਿਚ ਜਾਣਾ ਘਟ ਕਰ ਦਿਤਾ। ਖਾਸ ਕਰ ਕੇ ਪਿਤਾ ਜੀ ਨਾਲ ਜਾਣ ਦੇ ਮੌਕਿਆਂ ਨੂੰ ਮੈਂ ਘੁਸਾ ਦੇਂਦਾ। ਕਿਉਂਕਿ ਮੈਂ ਜਾਣਦਾ ਸਾਂ ਕਿ ਜੇ ਪਿਤਾ ਜੀ ਦੇ ਸਾਹਮਣੇ ਮੈਂ ਸਾਹਿਬਾਂ ਨੂੰ ਮਥਾ ਨਾ ਟੇਕਿਆ, ਚਰਨਾਮ੍ਰਿਤ ਨਾ ਲਿਆ ਅਤੇ ਜੋੜੇ ਸਾਹਿਬਾਂ ਨੂੰ ਮਥਾ ਨਾ ਟੇਕਿਆ ਤਾਂ ਮੇਰੇ ਪਿਤਾ ਜੀ ਦੇ ਦਿਲ ਪੁਰ ਅਸਹਿ ਚੋਟ ਲਗੇਗੀ। ਹੋਰ ਭਾਵੇਂ ਕੁਝ ਹੋਵੇ ਪਰ ਮੈਨੂੰ ਪਿਤਾ ਜੀ ਦਾ ਦਿਲ ਦੁਖਾਣਾ ਉਕਾ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ



Digitized by Panjab Digital Library | www.panjabdigilib.org

ਜਿਸ ਲਾਡ ਪਿਆਰ ਨਾਲ ਪਾਲਿਆ, ਪੜ੍ਹਾਇਆ ਅਤੇ ਆਪ ਕਸ਼ਟ ਝਲ ਕੇ ਮੈਨੂੰ ਵਾਹ ਲਗਦੀ ਸੁਖ ਦਿਤਾ ਉਸ ਨੂੰ ਮੈਂ ਕਿਵੇਂ ਭੁਲ ਸਕਦਾ ਸਾਂ ? ਉਹ ਆਮ ਵਿਹਾਰ ਵਿਚ ਕਦੀ ਕਿਸੇ ਨੂੰ ਨਾਰਾਜ਼ ਨਹੀਂ ਸਨ ਕਰਦੇ। ਮਜ਼ਹਬੀ ਮਤਿ ਭੇਦ ਰਖਦੇ ਹੋਇਆਂ ਵੀ ਉਹ ਆਪਣੇ ਪਿਆਰ ਤੇ ਸੇਵਾ ਭਾਵ ਦੇ ਕਾਰਨ ਪਿੰਡ ਵਿਚ ਬੜੇ ਹਰਮਨ ਪਿਆਰੇ ਸਨ। ਪਿਤਰੀ-ਪਿਆਰ ਤੇ ਉਨ੍ਹਾਂ ਦੇ ਹੋਰ ਸਮਾਜਕ ਤੇ ਧਾਰਮਕ ਗੁਣਾਂ ਦੇ ਕਾਰਨ ਮੈਂ ਉਨ੍ਹਾਂ ਦੇ ਸਨਮੁਖ ਅੱਖ ਉਚੀ ਨਹੀਂ ਸੀ ਕਰ ਸਕਦਾ। ਇਸ ਕਰ ਕੇ ਮੈਂ ਬੜੀ ਦੁਚਿਤਾਈ ਵਿਚ ਫਸ ਗਿਆ। ਇਕ ਪਾਸੇ ਸਿੰਘ ਸਭਾ ਦੇ ਨਵੇਂ ਸਿਧਾਤਾਂ ਪੁਰ ਪੂਰੀ ਤਰ੍ਹਾਂ ਅਮਲ ਕਰ ਕੇ ਨੌਜਵਾਨ ਸਾਥੀਆਂ ਦੀ ਮੂਹਰਲੀ ਕਤਾਰ ਵਿਚ ਖੜੇ ਹੋਣ ਦਾ ਮਾਣ ਪ੍ਰਾਪਤ ਕਰਨ ਦੀ ਮਾਲੀ ਸੀ, ਦੂਜੇ ਪਾਸੇ ਪਿਤਾ ਜੀ ਦਾ ਸਤਿਕਾਰ ਸੀ ਤੇ ਉਨ੍ਹਾਂ ਦੀ ਨਾਰਾਜ਼ਗੀ ਦਾ ਭੈ ਦੇਉ ਬਣ ਕੇ ਖਲੋਤਾ ਦਿਸਦਾ ਸੀ। ਜਿਸਦਾ ਸਾਮ੍ਹਣਾ ਕਰਨ ਦੀ ਮੈਂ ਆਪਣੇ ਵਿਚ ਹਿੰਮਤ ਨਹੀਂ ਵੇਖਦਾ ਸਾਂ।

ਸਦਾ ਵਾਂਗ ਮਾਘ ਦੇ ਮੇਲੇ ਪੁਰ ਨਵੇਂ ਕੱਪੜੇ ਪਹਿਨ ਕੇ ਮੈਂ ਪਿਤਾ ਜੀ ਨਾਲ ਰਾਵਲਪਿੰਡੀ ਨੂੰ ਰਵਾਨਾ ਹੋ ਪਿਆ। ਮੇਲੇ ਦੀ ਰੌਣਕ ਵੇਖਣ ਅਤੇ ਦੂਰ ਦੂਰ ਤੋਂ ਆਏ ਪ੍ਰਸਿੱਧ ਰਾਗੀਆਂ ਦਾ ਕੀਰਤਨ ਸੁਣਨ ਦਾ ਮੈਨੂੰ ਬੜਾ ਸ਼ੌਕ ਸੀ ਪਰ ਉਪਰ ਲਿਖੀ ਦੁਚਿਤਾਈ ਮੇਰੇ ਮਨ ਨੂੰ ਬੇ-ਚੈਨ ਕਰ ਰਹੀ ਸੀ।

ਨਿਰੰਕਾਰੀ ਦਰਬਾਰ ਦੇ ਨਜ਼ਦੀਕ ਪਹੁੰਚ ਕੇ ਮੈਂ ਪਿਤਾ ਜੀ ਨੂੰ ਕਿਹਾ: "ਤੁਸੀਂ ਚਲੋ, ਮੈਂ ਆਪਣੇ ਇਕ ਮਿੱਤਰ ਨੂੰ ਮਿਲ ਕੇ ਹੁਣੇ ਆਉਂਦਾ ਹਾਂ।" ਅਸਲ ਵਿਚ ਮੈਂ ਇਹ ਬਹਾਨਾ ਹੀ ਕੀਤਾ ਸੀ। ਮੈਂ ਸੋਚਿਆ ਥੋੜੇ ਚਿਰ ਬਾਅਦ ਮੈਂ ਇਕਲਿਆਂ ਹੀ ਅੰਦਰ ਜਾ ਕੇ ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕ ਕੇ ਸੰਗਤ ਵਿਚ ਬੈਠ ਜਾਵਾਂਗਾ,



Digitized by Panjab Digital Library | www.panjabdigilib.org

ਜਦੋਂ ਕਿ ਪਿਤਾ ਜੀ ਕਿਤੇ ਸੇਵਾ ਵਿਚ ਰੁਝੇ ਹੋਣਗੇ।

ਕੁਝ ਚਿਰ ਠਹਿਰ ਕੇ ਜਦ ਮੈਂ ਗੁਰਦੁਆਰੇ ਅੰਦਰ ਦਾਖਲ ਹੋਇਆ ਤਾਂ ਵਿਹੜੇ ਵਿਚ ਹੀ ਗੁਰੂ ਸਾਹਿਬ ਰਤਾ ਜੀ ਖੜੋਤੇ ਸਨ। ਬਾਹਰ ਤੋਂ ਆਉਣ ਵਾਲੇ ਸਿਖ ਚੌਫਾਲ ਉਨ੍ਹਾਂ ਦੇ ਚਰਨਾਂ ਪੁਰ ਡਿਗ ਕੇ ਮੱਥਾ ਟੇਕਦੇ ਸਨ। ਮੈਂ ਦੋਵੇਂ ਹੱਥ ਜੋੜ ਕੇ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤੇ" ਬੁਲਾਈ ਤੇ ਗੁਰ ਦੁਆਰੇ ਅੰਦਰ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਤੁਰ ਪਿਆ, ਪਰ ਏਹ ਵੇਖ ਕੇ ਮੇਰੇ ਦਿਲ ਨੂੰ ਜ਼ੋਰ ਦਾ ਧੱਕਾ ਜਿਹਾ ਲੱਗਾ ਕਿ ਮੇਰੇ ਪਿਤਾ ਜੀ ਸਾਹਿਬਾਂ ਦੇ ਲਾਗੇ ਹੀ ਹੱਥ ਜੋੜ ਕੇ ਖੜੋਤੇ ਮੇਰੇ ਵਲ ਬੜੀ ਹੈਰਾਨੀ ਨਾਲ ਵੇਖ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਲਾਲੋ-ਲਾਲ ਹੋ ਰਹੀਆਂ ਸਨ। ਅਜਿਹੇ ਗੁਸੇ ਦੀ ਲਾਲੀ ਮੈਂ ਕਦੇ ਵੀ ਉਨ੍ਹਾਂ ਦੇ ਮੂੰਹ ਪੁਰ ਨਹੀਂ ਵੇਖੀ ਸੀ।

ਮੈਂ ਸੰਗਤ ਵਿਚ ਜਾ ਕੇ ਬੈਠ ਤਾਂ ਗਿਆ, ਪਰ ਪਿਤਾ ਜੀ ਦੀ ਨਾਰਾਜ਼ਗੀ ਦਾ ਸੇਕ ਮੇਰੇ ਦਿਲ ਨੂੰ ਤਵੇ ਵਾਂਙ ਤਪਾ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਜਦੋਂ ਮੇਰੇ ਪਿਤਾ ਜੀ ਮੈਨੂੰ ਆਖਣਗੇ : "ਨਾਲਾਇਕ ਪੁਤਰ! ਤੂੰ ਇਹ ਕੀ ਕੀਤਾ ? ਗੁਰੂ ਨਾਨਕ ਸਾਹਿਬ ਦੇ ਸਰੂਪ ਪੂਰੇ ਗੁਰੂ ਨੂੰ ਮੱਥਾ ਨਾ ਟੇਕ ਕੇ ਤੂੰ ਉਨ੍ਹਾਂ ਦਾ ਨਿਰਾਦਰ ਕੀਤਾ, ਪਿਤਾ ਦਾ ਸਤਿਕਾਰ ਮਿੱਟੀ ਵਿਚ ਰੋਲਿਆ ਤੇ ਆਪਣਾ ਜਨਮ ਬਿਰਥਾ ਗਵਾਇਆ, ਜਾਹ ਅਗੋਂ ਤੋਂ ਮੇਰੇ ਮੂੰਹ ਨਾ ਲੱਗ, ਤੇਰੇ ਵਰਗੇ ਨਾਲਾਇਕ ਪੁਤਰ ਦੀ ਮੈਨੂੰ ਲੋੜ ਨਹੀਂ।" ਤਾਂ ਮੈਂ ਮੈਂ ਕੀ ਉੱਤਰ ਦੇਵਾਂਗਾਂ ? ਮੈਂ ਉਨ੍ਹਾਂ ਦਾ ਇਕਲੌਤਾ ਪੁਤਰ ਸਾਂ, ਇਸ ਕਰ ਕੇ ਕੁਦਰਤੀ ਤੌਰ ਪੁਰ ਉਨ੍ਹਾਂ ਦੀਆਂ ਆਰਥਕ ਤੇ ਸਮਾਜਕ ਆਸਾਂ ਵੀ ਮੇਰੇ ਪੁਰ ਲੱਗੀਆਂ ਹੋਈਆਂ ਸਨ ਅਤੇ ਮੈਂ ਵੀ ਦਿਲੋਂ ਮਨੋ ਉਨ੍ਹਾਂ ਦੀ



Digitized by Panjab Digital Library | www.panjabdigilib.org

ਆਸਾਂ ਦੀ ਫੁਲਵਾੜੀ ਖਿੜਾਉਣ ਦਾ ਚਾਹਵਾਨ ਸੀ, ਪਰ ਹੁਣ ਤਾਂ ਉਨ੍ਹਾਂ ਦੀਆਂ ਆਸਾਂ ਪੁਰ ਗੜ੍ਹੇ ਪੈ ਗਏ ਜਾਪਦੇ ਸਨ।

ਸਿੰਘ ਸਭੀਏ, ਨਿਰੰਕਾਰੀ ਤੇ ਆਰੀਆ ਸਮਾਜੀ ਪਿਤਾ ਆਪਣੇ ਪੁਤਰਾਂ ਦੀ ਅਜਿਹੀ ਬਗ਼ਾਵਤ ਬਰਦਾਸ਼ਤ ਨਹੀਂ ਸਨ ਕਰਦੇ ਹੁੰਦੇ। ਜਿਨ੍ਹਾਂ ਖ਼ਿਆਲਾਂ ਨੂੰ ਕੋਈ ਧਾਰਨ ਕਰ ਲੈਂਦਾ ਸੀ,ਉਹ ਡੰਡੇ ਦੇ ਜ਼ੋਰ ਆਪਣੀ ਇਸਤ੍ਰੀ ਤੇ ਸੰਤਾਨ ਨੂੰ ਉਨ੍ਹਾਂ ਪੁਰ ਚਲਣ ਲਈ ਮਜਬੂਰ ਕਰਦਾ ਸੀ। ਉਸ ਦਾ ਨਿਸਚਾ ਹੁੰਦਾ ਸੀ ਕਿ ਇਸ ਤਰ੍ਹਾਂ ਕਰ ਕੇ ਉਹ ਬੜਾ ਧਾਰਮਿਕ ਕੰਮ ਕਰ ਰਿਹਾ ਹੈ। ਉਸ ਪੁਰ ਪਰਮਾਤਮਾ ਬਹੁਤ ਪ੍ਰਸੰਨ ਹੋਵੇਗਾ।

ਜੇ ਕਿਸੇ ਸਿੰਘ ਸਭੀਏ ਪਿਤਾ ਦਾ ਪੁਤਰ ਆਰੀਆ ਬਣ ਜਾਏ ਜਾਂ ਕਿਸੇ ਆਰੀਆ ਪਿਉ ਦਾ ਪੁਤਰ ਸਿੰਘ ਸਭੀਆ ਬਣ ਜਾਏ ਤਾ ਉਨ੍ਹਾਂ ਦੇ ਭਾਅ ਦਾ ਹਨੇਰ ਆ ਜਾਂਦਾ ਸੀ। ਅਖਬਾਰਾਂ ਤੇ ਸਭਾਵਾਂ ਵਿਚ ਪੁਤਰਾਂ ਦੇ ਨਾਲ ਹੀ ਪੇਵਾਂ ਨੂੰ ਵੀ ਖ਼ੂਬ ਭੰਡਿਆ ਜਾਂਦਾ ਸੀ। ਮਜ਼ਹਬੀ ਤੰਗ-ਦਿਲੀ ਦਾ ਕੋਈ ਹਿਸਾਬ ਨਹੀਂ ਸੀ। ਹੁਣ ਮੈਂ ਇਕ ਤਾਂ ਪਿਤਾ ਜੀ ਦੀ ਨਿਰਾਦਰੀ, ਉਨ੍ਹਾਂ ਦੇ ਆਪਣੇ ਇਕਲੌਤੇ ਪੁਤਰ ਵਲੋਂ ਮਾਯੂਸੀ ਦੇ ਦੁਖ ਬਾਰੇ ਸੋਚ ਰਿਹਾ ਸਾਂ ਕਿ ਸਾਹਿਬ ਰਤਾ ਜੀ ਤੇ ਉਨ੍ਹਾਂ ਦੇ ਨਿਰੰਕਾਰੀ ਮਿੱਤਰ ਉਨ੍ਹਾਂ ਨੂੰ ਕਹਿਣਗੇ ਤੁਸੀਂ ਕਾਹਦੇ ਸਚੇ ਨਿਰੰਕਾਰੀ ਹੋ, ਆਪਣੇ ਪੁਤਰ ਉਪਰ ਵੀ ਪ੍ਰਭਾਵ ਨਹੀਂ ਪਾ ਸਕੇ, ਉਹ ਵੀ ਤੁਹਾਥੋਂ ਬਾਗ਼ੀ ਹੋ ਗਿਆ ਹੈ। ਦੂਜੇ ਪਿਆਰੇ ਪਿਤਾ ਜੀ ਦਾ ਸਤਿਕਾਰ ਨਾ ਕਰਨ ਦਾ ਦੁਖ਼, ਉਨ੍ਹਾਂ ਦੀ ਨਾਰਾਜ਼ਗੀ ਦਾ ਭੈ ਤੇ ਆਪਣੇ ਭਵਿਖਤ ਦੀ ਚਿੰਤਾ ਮੇਰੇ ਦਿਲ ਨੂੰ ਕੰਡਿਆ ਵਾਂਗ ਵਿੰਨ੍ਹ ਰਹੀ ਸੀ।

ਮੇਲੇ ਵਿਚ ਮੈਂ ਉਨ੍ਹਾਂ ਦੇ ਸਾਹਮਣੇ ਹੀ ਨਾ ਹੋਇਆ।



Digitized by Panjab Digital Library | www.panjabdigilib.org

ਉਨ੍ਹਾਂ ਤੋਂ ਵੱਖਰਾ ਸਵੇਰੇ ਹੀ ਮੈਂ ਘਰ ਚਲਾ ਗਿਆ। ਲੌਢੇ ਵੇਲੇ ਜਦੋਂ ਪਿਤਾ ਜੀ ਵਾਪਸ ਘਰ ਆਏ ਤਾ ਉਨ੍ਹਾਂ ਨੇ ਮੇਰੀ ਆਸ ਦੇ ਉਲਟ ਬੜੇ ਪਿਆਰ ਨਾਲ ਮੈਨੂੰ ਆਖਿਆ :

"ਕਿਉਂ ਪੁਤਰ, ਮੇਲੇ ਵਿਚ ਤੂੰ ਮਿਲਿਆ ਈ ਨਹੀਂ ? ਕਿਥੇ ਰਿਹਾ ਏਂ ?"

ਮੈਂ ਪਿਤਾ ਜੀ ਦੀ ਨਿਰਾਦਰੀ ਦੇ ਪਛਤਾਵੇ ਦੇ ਹੰਝੂ ਠਲ੍ਹ ਨਾ ਸਕਿਆ ਅਤੇ ਉਨ੍ਹਾ ਦੇ ਪੈਰਾਂ ਪੁਰ ਡਿਗ ਪਿਆ।

ਉਨ੍ਹਾਂ ਮੈਨੂੰ ਉਠਾਲ ਕੇ ਛਾਤੀ ਨਾਲ ਲਾ ਲਿਆ। ਮੈਂ ਫਿਰ ਸੰਭਲ ਕੇ, ਹੰਝੂ ਪੂੰਜ ਕੇ ਆਖਿਆ, "ਪਿਤਾ ਜੀ ਖਿਮਾਂ ਕਰਨੀ, ਮੈਥੋਂ ਭੁਲ ਹੋ ਗਈ, ਜਵਾਨੀ ਦੇ ਜੋਸ਼ ਵਿਚ ਆਪ ਦਾ ਤੇ ਸਾਹਿਬਾਂ ਦਾ ਸਤਿਕਾਰ ਵੀ ਭੁਲ ਗਿਆ। ਮੈਂ ਉਨ੍ਹਾਂ ਦੇ ਚਰਨਾਂ ਪੁਰ ਮੱਥਾ ਨਹੀਂ ਸੀ ਟੇਕਿਆ। ਇਸੇ ਸ਼ਰਮਿੰਦਗੀ ਕਰਕੇ ਮੈਂ ਆਪ ਦੇ ਸਾਹਮਣੇ ਨਹੀਂ ਹੋ ਸਕਿਆ।"

ਪਿਤਾ ਜੀ ਦੀਆਂ ਅੱਖਾਂ ਵੀ ਛਲਕ ਪਈਆਂ। ਉਨ੍ਹਾਂ ਫਿਰ ਬੜੇ ਪਿਆਰ ਨਾਲ ਕਿਹਾ :-

"ਪੁਤਰ ! ਇਹ ਠੀਕ ਹੈ ਕਿ ਉਸ ਵੇਲੇ ਤੇਰਾ ਇਹ ਰਵਈਆ ਵੇਖ ਕੇ ਮੈਂ ਬੜਾ ਹੈਰਾਨ ਤੇ ਦੁਖੀ ਹੋਇਆ ਸੀ। ਮੈਨੂੰ ਉਕਾ ਹੀ ਤੇਰੇ ਕੋਲੋਂ ਇਹ ਆਸ ਨਹੀਂ ਸੀ ਤੇ ਮੈਨੂੰ ਗੁਸਾ ਵੀ ਬੜਾ ਚੜ੍ਹਿਆ ਸੀ, ਪਰ ਪਿਛੋਂ ਸ਼ਬਦ ਕੀਰਤਨ ਸੁਣ ਕੇ ਅਤੇ ਵਿਚਾਰ ਕੇ ਮੈਂ ਇਸ ਸਿੱਟੇ ਤੇ ਪੁਜ ਗਿਆ ਸਾਂ ਕਿ ਜਿਸ ਤਰ੍ਹਾਂ ਮੈਨੂੰ ਆਪਣਾ ਨਿਸ਼ਚਾ ਬਦਲਣ ਦੀ ਖੁਲ੍ਹ ਹੈ, ਤੈਨੂੰ ਵੀ ਵਿਚਾਰ ਕੇ ਆਪਣਾ ਨਿਸ਼ਚਾ ਬਣਾਉਣ ਤੇ ਬਦਲਣ ਦੀ ਖੁਲ੍ਹ ਚਾਹੀਦੀ ਹੈ। ਮੇਰੇ ਨਿਸ਼ਚੇ ਮੁਤਾਬਿਕ ਤੂੰ ਜ਼ਰੂਰ ਗ਼ਲਤੀ ਕੀਤੀ ਹੈ। ਸਾਹਿਬ ਰਤਾ ਜੀ ਪੂਰੇ



Digitized by Panjab Digital Library | www.panjabdigilib.org

ਸੂਰੇ ਗੁਰੂ ਹਨ। ਇਸੇ ਘਰ ਵਿਚੋਂ ਹੀ ਤੈਨੂੰ ਨਾਮ ਤੇ ਧਰਮ ਦੀ ਦੌਲਤ ਮਿਲੇਗੀ, ਪਰ ਮੈਂ ਤੈਨੂੰ ਆਪਣੇ ਨਿਸ਼ਚੇ ਪੁਰ ਚਲਣ ਲਈ ਡੰਡੇ ਦੇ ਜ਼ੋਰ ਮਜਬੂਰ ਨਹੀਂ ਕਰਾਂਗਾ। ਤੈਨੂੰ ਵਿਚਾਰ ਕਰਨ ਤੇ ਆਪਣਾ ਨਿਸ਼ਚਾ ਬਣਾਉਣ ਦੀ ਪੂਰੀ ਖੁਲ੍ਹ ਹੈ, ਤੇਰੇ ਨਾਲ ਮੇਰੇ ਪਿਆਰ ਵਿਚ ਘਾਟਾ ਨਹੀਂ ਪਏਗਾ।"

ਉਨ੍ਹਾਂ ਦਾ ਇਤਨਾ ਵਿਸ਼ਾਲ ਹਿਰਦਾ ਵੇਖ ਕੇ ਮੇਰੇ ਦਿਲ ਵਿਚ ਉਨ੍ਹਾਂ ਲਈ ਅਗੇ ਨਾਲੋਂ ਵੀ ਕਈ ਗੁਣਾਂ ਸਤਿਕਾਰ ਵਧ ਗਿਆ ਤੇ ਮੈਂ ਆਖਿਆ : "ਨਹੀਂ ਪਿਤਾ ਜੀ, ਆਪ ਦੇ ਤੇ ਸਾਹਿਬਾਂ ਦੀ ਸਤਿਕਾਰ ਲਈ ਮੈਨੂੰ ਉਨ੍ਹਾਂ ਨੂੰ ਜ਼ਰੂਰ ਮੱਥਾ ਟੇਕਣਾ ਚਾਹੀਦਾ ਸੀ। ਮੈਨੂੰ ਆਪ ਦਾ ਰਤਾ ਵੀ ਦਿਲ ਨਹੀਂ ਦੁਖਾਣਾ ਚਾਹੀਦਾ ਸੀ। ਮੈਂ ਆਪ ਨੂੰ ਅੱਜ ਤੋਂ ਭਰੋਸਾ ਦੇਂਦਾਂ ਹਾਂ ਕਿ ਅਗੋਂ ਤੋਂ ਮੈਂ ਅਜਿਹੀ ਹਰਕਤ ਨਹੀਂ ਕਰਾਂਗਾ।"

ਉਸ ਵੇਲੇ ਮੈਂ ਮਹਿਸੂਸ ਕਰਦਾ ਸਾਂ ਕਿ ਮੈਂ ਕਮਜ਼ੋਰੀ ਵਿਖਾਈ ਹੈ। ਇਹ ਗੱਲ ਮੈਂ ਆਪਣੇ ਸਾਥੀ ਨੌਜਵਾਨ ਸਿੰਘ ਸਭੀਆਂ ਨੂੰ ਵੀ ਨਾ ਦੱਸੀ, ਪਰ ਅੱਜ ਦੀ ਸੂਝ ਮੁਤਾਬਕ ਮੈਂ ਸਮਝਦਾ ਹਾਂ ਕਿ ਉਸ ਵੇਲੇ ਮੇਰੇ ਲਈ ਅਜਿਹਾ ਕਰਨਾ ਹੀ ਠੀਕ ਸੀ। ਰਵਾਜਕ ਗੱਲਾਂ ਪੁਰ ਬਜ਼ੁਰਗਾਂ ਨੂੰ ਤੇ ਭਾਈਚਾਰੇ ਨੂੰ ਨਾਰਾਜ਼ ਕਰ ਕੇ ਬਖੇੜੇ ਖੜੇ ਕਰ ਲੈਣ ਦਾ ਕੋਈ ਲਾਭ ਨਹੀਂ ਹੁੰਦਾ। ਹਾਂ ਬੁਨਿਆਦੀ ਸਮਾਜਕ ਤੇ ਰਾਜਸੀ ਸਿਧਾਂਤਾਂ ਪੁਰ ਸਮਝੌਤਾ ਨਹੀਂ ਹੋ ਸਕਦਾ।

ਭਾਵੇਂ ਮੇਰੇ ਪਿਤਾ ਜੀ ਬੜੇ ਵਿਸ਼ਾਲ ਹਿਰਦੇ ਵਾਲੇ ਤੇ ਨਿਸ਼ਚਿਆਂ ਦੀ ਆਜ਼ਾਦੀ ਦਾ ਸਤਿਕਾਰ ਕਰਨ ਵਾਲੇ ਸਨ, ਪਰ ਜੇ ਮੈਂ ਉਸ ਸਮੇਂ ਖਿਮਾ ਮੰਗ ਕੇ ਉਨ੍ਹਾਂ ਦੇ ਦਿਲ ਨੂੰ ਠੰਢ ਨਾ ਪਾਂਦਾ ਤਾਂ ਉਨ੍ਹਾਂ ਦੇ ਦਿਲ ਵਿਚ ਜ਼ਰੂਰ ਇਕ ਪੁਤਰ ਵਲੋਂ



Digitized by Panjab Digital Library | www.panjabdigilib.org

ਨਿਰਾਦਰੀ ਦੀ ਪੀੜ ਉਨ੍ਹਾਂ ਨੂੰ ਬਹੁਤ ਚਿਰ ਦੁਖ ਦਿੰਦੀ ਰਹਿੰਦੀ। ਅਤੇ ਉਨ੍ਹਾਂ ਦੀ ਨਾਰਾਜ਼ਗੀ ਦੀ ਯਾਦ ਮੈਨੂੰ ਵੀ ਬੇਚੈਨ ਰੱਖਦੀ। ਅੱਜ ਮੇਰੇ ਦਿਲ ਵਿਚ ਇਸ ਗੱਲੋਂ ਪੂਰਨ ਸ਼ਾਂਤੀ ਹੈ ਕਿ ਮੈਂ ਆਪਣੇ ਪਿਤਾ ਜੀ ਦਾ ਕਦੀ ਦਿਲ ਨਹੀਂ ਦੁਖਾਇਆ। ਅੰਤ ਸਮੇਂ ਤਕ ਉਨ੍ਹਾਂ ਦੀ ਪ੍ਰਸੰਨਤਾ ਮੈਨੂੰ ਪ੍ਰਾਪਤ ਰਹੀ।

———



Digitized by Panjab Digital Library | www.panjabdigilib.org

# ਬਾਲਪਨ ਦੀ ਇਕ ਨਿਕੀ ਜਿਹੀ ਘਟਨਾ

ਮੇਰੇ ਬਚਪਨ ਦੀ ਇਹ ਇਕ ਨਿਕੀ ਜਿਹੀ ਘਟਨਾ ਹੈ ਪਰ ਹੁਣ ਤਕ ਮੈਨੂੰ ਇਸ ਤਰ੍ਹਾਂ ਯਾਦ ਹੈ ਜਿਵੇਂ ਕਲ ਦੀ ਗਲ ਹੈ। ਜਿਸ ਤੋਂ ਮਲੂਮ ਹੁੰਦਾ ਹੈ ਕਿ ਇਸ ਦੀ ਮਨੋਵਿਗਆਨਕ ਮਹਾਨਤਾ ਹੈ।

ਮੇਰੀ ਉਮਰ ੭-੮ ਸਾਲ ਦੀ ਸੀ। ਮੈਂ ਆਪਣੇ ਪਿੰਡ ਘਘਰੋਟ ਦੇ ਗੁਰਦੁਆਰੇ ਵਿਚ ਗੁਰਮੁਖੀ ਪੜ੍ਹਿਆ ਕਰਦਾ ਸਾਂ। ਘਰ ਵਿਚ ਇਕ ਮਹਿੰ ਸੀ। ਲੌਢੇ ਵੇਲੇ ਉਸ ਨੂੰ ਚਰਾਉਣ ਲਈ ਮੈਂ ਬਾਹਰ ਲੈ ਜਾਂਦਾ ਸਾਂ। ਸਾਡੀ ਪੈਲੀ ਮਸਾਂ ਛੇ ਕੁਨਾਲ ਸੀ। ਲੋਕਾਂ ਦੀਆਂ ਜ਼ਮੀਨਾਂ ਪੰਜ ਪੰਜ, ਦਸ ਦਸ ਘੁਮਾ ਤੇ ਇਸ ਤੋਂ ਭੀ ਵਧ ਸਨ। ਮੈਂ ਹੈਰਾਨ ਹੁੰਦਾ ਸਾਂ ਕਿ ਲੋਕਾਂ ਦੀਆਂ ਜ਼ਮੀਨਾਂ ਵਧ ਤੇ ਸਾਡੀ ਘਟ ਕਿਉਂ ਹੈ ? ਸਭ ਦੀਆਂ ਜ਼ਮੀਨਾਂ ਇਕੋ ਜਿਹੀਆਂ ਕਿਉਂ ਨਹੀਂ ? ਮੈਂ ਇਹ ਵੀ ਵੇਖਦਾ ਸਾਂ ਕਿ ਜ਼ਮੀਨਾਂ ਬੜੀਆਂ ਖੁਲ੍ਹੀਆਂ ਪਈਆਂ ਹਨ,ਜੰਗਲ ਤੇ ਬੇਈਬਾਨ ਪਏ ਹਨ। ਰਬ ਦੀ ਧਰਤੀ ਹੈ। ਜਿਹੜਾ ਜਿਤਨੀ ਜ਼ਮੀਨ ਵਾਹ ਸਕੇ ਵਾਹ ਲਵੇ। ਬਾਹਲੀ ਜ਼ਮੀਨ ਪੁਰ ਲੋਕੀ ਕਿਉਂ ਕਬਜ਼ਾ ਜਮਾ ਲੈਂਦੇ ਹਨ। ਇਹ ਗਲ ਸਮਝ ਨਹੀਂ ਪੈਂਦੀ ਸੀ।

ਦਿਨ ਦਿਹਾਰਾਂ ਦੇ ਮੌਕਿਆਂ ਪੁਰ ਕਈ ਮੁੰਡੇ ਕੁੜੀਆਂ ਬੜੇ ਸੁਹਣੇ ਸੁਹਣੇ ਕਪੜੇ ਪਹਿਨਦੇ ਸਨ।ਚੰਗੀਆਂ ਚੰਗੀਆਂ ਮਠਿਆਈਆਂ ਲੈ ਕੇ ਖਾਂਦੇ ਸਨ ਅਤੇ ਕਈ ਪਾਟੇ ਪੁਰਾਣੇ ਕਪੜੇ ਹੀ ਪਾ ਲੈਂਦੇ ਤੇ ਦੋ ਚਾਰ ਪੈਸੇ ਦੇ ਖੰਡ ਵਾਲੇ ਮਿਠੇ ਛੋਲੇ ਲੈ ਕੇ ਹੀ ਦਿਨ ਦਿਹਾਰ



Digitized by Panjab Digital Library | www.panjabdigilib.org

ਮੰਨਾ ਲੈਂਦੇ। ਮੈਂ ਸੋਚਦਾ ਰਹਿੰਦਾ ਸਾਰੇ ਬਚਿਆਂ ਨੂੰ ਸੁਹਣੇ ਸੁਹਣੇ ਕਪੜੇ ਤੇ ਮਠਿਆਈਆਂ ਕਿਉਂ ਨਹੀਂ ਮਿਲਦੀਆਂ ? ਭਾਈ ਹੁਰੀ ਕਦੀ ਕਦੀ ਦਸਦੇ ਕਿ ਇਹ ਸਭ ਕੁਝ ਕਰਮਾਂ ਦਾ ਫਲ ਹੁੰਦਾ ਹੈ। ਬਚਿਆਂ ਨੂੰ ਸਚ ਬੋਲਣਾ ਚਾਹੀਦਾ ਹੈ। ਬਿਗਾਨੀ ਚੀਜ਼ ਨਹੀਂ ਲੈਣੀ ਚਾਹੀਦੀ। ਚੋਰੀ ਨਹੀਂ ਕਰਨੀ ਚਾਹੀਦੀ, ਕਿਸੇ ਨੂੰ ਗਾਲ੍ਹ ਨਹੀਂ ਕਢਣੀ ਚਾਹੀਦੀ। ਹੋਰ ਗੱਲਾਂ ਤਾਂ ਮੈਨੂੰ ਚੰਗੀਆਂ ਲਗ-ਦੀਆਂ ਤੇ ਸਮਝ ਵਿਚ ਆ ਜਾਂਦੀਆਂ ਪਰ ਕਰਮ ਫਲ ਦੀ ਕੋਈ ਸਮਝ ਨਾ ਆਉਂਦੀ।

ਵਾਗੀ ਸਾਥੀਆਂ ਨਾਲ ਰਲਕੇ ਮੈਂ ਮਹਿੰ ਨੂੰ ਸ਼ਾਮਲਾਟ ਦੀ ਜ਼ਮੀਨ ਵਿਚ ਜਾਂ ਦਰਿਆ ਦੇ ਕਿਨਾਰੇ ਚਰਾਉਣ ਲਈ ਲੈ ਜਾਂਦਾ ਸਾਂ ਅਤੇ ਪਠੇ ਆਪਣੀ ਪੈਲੀ ਵਿਚੋਂ ਵਢ ਲਿਆਉਂਦਾ ਸਾਂ।

ਇਕ ਵੇਰਾਂ ਸਾਡੀ ਪੈਲੀ ਵਿਚ ਪਠੇ ਕੋਈ ਨਹੀਂ ਸਨ। ਸ਼ੈਦ ਮਕਈ ਦੀ ਫਸਲ ਖੜੋਤੀ ਸੀ। ਗੋਡੀ ਕਰ ਕੇ ਉਸ ਵਿਚੋਂ ਘਾਹ ਕਢ ਲਿਆ ਗਿਆ ਸੀ। ਮੈਨੂੰ ਪਿਤਾ ਜੀ ਨੇ ਰੰਬਾ ਦੇ ਕੇ ਆਖਿਆ—"ਬਾਹਰ ਜਾ ਕੇ ਕਿਤੋਂ ਘਾਹ ਰੰਬ ਲਿਆ।"

ਮੈਂ ਫਿਰਦਾ ਫਿਰਦਾ ਇਕ ਪੈਲੀ ਵਿਚ ਜਾ ਵੜਿਆ। ਉਥੇ ਉਚੀ ਉਚੀ ਮਕਈ ਸੀ ਤੇ ਵਿਚ ਸੁਮਾਕ ਤੇ ਲੇਲ੍ਹੀ ਦੇ ਪਠੇ ਸਨ। ਮੈਂ ਈਹੋ ਸਮਝਦਾ ਸਾਂ ਕਿ ਇਨ੍ਹਾਂ ਪਠਿਆਂ ਦੀ ਕੋਈ ਕੀਮਤ ਨਹੀਂ ਹੁੰਦੀ। ਪਠੇ ਆਪ ਹੀ ਪੈਦਾ ਹੁੰਦੇ ਹਨ। ਇਨ੍ਹਾਂ ਨੂੰ ਕੋਈ ਬੀਜਦਾ ਨਹੀਂ। ਜਿਸ ਦੀ ਮਰਜ਼ੀ ਹੋਵੇ ਰੰਬ ਲਵੇ। ਇਸ ਨਾਲ ਸਗੋਂ ਪੈਲੀ ਸਾਫ ਹੋ ਜਾਂਦੀ ਹੈ ਤੇ ਫਸਲ ਚੰਗੀ ਹੁੰਦੀ ਹੈ।

ਮੈਂ ਘਾਹ-ਪਠੇ ਰੰਬ ਕੇ ਇਕ ਗੰਢੜੀ ਬੰਨ੍ਹ ਲਈ। ਗੰਢੜੀ ਚੁਕ ਕੇ ਜਦ ਮੈਂ ਬਾਹਰ ਨਿਕਲਿਆ ਤਾਂ ਪੈਲੀ ਦਾ ਮਾਲਕ



Digitized by Panjab Digital Library | www.panjabdigilib.org

ਬਾਹਰ ਖੜੋਤਾ ਸੀ। ਉਸ ਨੇ ਘੂਰ ਕੇ ਮੈਨੂੰ ਆਖਿਆ—"ਉਇ. ਤੂੰ ਸਾਡਾ ਘਾਹ ਕੀਹਾਂ ਕਪਿਆ ? ਹਰੀ ਸਿੰਘੇ ਨਾ ਪੁਤਰ ਹੋਈ ਕੇ ਤੂੰ ਇਹ ਚੋਰੀ ਕੀਹਾਂ ਕੀਤੀ ?"

ਮੈਂ ਡਰ ਗਿਆ। ਸੋਚਣ ਲਗ ਪਿਆ ਕੀ ਮੈਂ ਚੋਰੀ ਕੀਤੀ ਹੈ ? ਕੀ ਮੇਰੇ ਇਸ ਕੰਮ ਨਾਲ ਮੇਰੇ ਪਿਤਾ ਜੀ ਦੀ ਵੀ ਬਦਨਾਮੀ ਹੋ ਗਈ ਹੈ ? ਮੈਂ ਬੜੀ ਨਿਮ੍ਰਤਾ ਨਾਲ ਆਖਿਆ—"ਜੀ ਮਾੜੇ ਕੋਲੋਂ ਭੁਲ ਹੋਈ ਗਈ, ਤੁਸ ਆਪਣਾ ਘਾਹ ਚਾ ਘਿਨੋ ਤੇ ਮਿਘੀ ਮਾਫ ਕਰੀ ਛੋੜੋ। ਮੈਂ ਸਮਝਿਆ ਘਾਹ ਤੁਸਾਂ ਗਹਿਆ ਨਹੀਂ, ਆਪੇ ਜੰਮਿਆ ਹੈ। ਇਹ ਕਪਣਾ ਚੋਰੀ ਨਹੀ ਹੋਣੀ।" ਇਹ ਆਖ ਕੇ ਮੈਂ ਗੰਢੜੀ ਵਾਲੇ ਪਠੇ ਉਥੇ ਹੀ ਢੇਰੀ ਕਰ ਦਿਤੇ ਤੇ ਘਰ ਨੂੰ ਤੁਰ ਪਿਆ। ਪੈਲੀ ਦਾ ਮਾਲਕ ਬਿਟ ਬਿਟ ਮੇਰੇ ਵਲ ਵੇਖਣ ਲਗ ਪਿਆ ਕਿਉਂਕਿ ਆਮ ਮੁੰਡੇ ਇਸ ਤਰ੍ਹਾਂ ਨਹੀਂ ਕਰਦੇ ਹੁੰਦੇ ਸਨ। ਹੋਰ ਕੋਈ ਹੁੰਦਾ ਤਾਂ ਸ਼ਾਇਦ ਇਸ ਤਰ੍ਹਾਂ ਕਹਿੰਦਾ ਕਿ "ਕੀ ਹੋ ਗਿਆ, ਮੈਂ ਕੋਈ ਛਲੀਆਂ ਤਾਂ ਨਹੀਂ ਤੋੜੀਆਂ, ਪਠੇ ਹੀ ਵਢੇ ਹਨ, ਅਗੋਂ ਨੂੰ ਤੁਹਾਡੀ ਪੈਲੀ ਵਿਚ ਨਹੀਂ ਵੜਾਂਗਾ" ਅਤੇ ਪਠੇ ਲੈ ਕੇ ਘਰ ਚਲਾ ਜਾਂਦਾ। ਮੈਨੂੰ ਜਾਂਦਾ ਵੇਖਕੇ ਉਹ ਬੋਲਿਆ— "ਕੋਈ ਗਲ ਨਹੀਂ ਕਾਕਾ ਇਹ ਪਠੇ ਤੂੰ ਲੈ ਜਾਹ ਪਰ ਅਗੋਂ ਅਜਿਹਾ ਕੰਮ ਨਾ ਕਰੀਂ।"

ਮੈਂ ਆਖਿਆ—"ਨਹੀਂ ਜੀ, ਮੈਂ ਬਿਗਾਨੀ ਚੀਜ਼ ਨਹੀਂ ਲੈਂਦਾ, ਮੈਂ ਚੋਰੀ ਕਰਨੀ ਪਾਪ ਸਮਝਦਾ ਹਾਂ, ਮੈਂ ਸਮਝਿਆ ਸੀ ਪੈਲੀ ਵਿਚੋਂ ਪਠੇ ਕਢਣੇ ਚੋਰੀ ਨਹੀਂ ਹੁੰਦੀ"। ਇਤਨਾ ਆਖ ਕੇ ਮੈਂ ਦੁਖੀ ਦਿਲ ਨਾਲ ਘਰ ਆ ਗਿਆ ਤੇ ਸਾਰੀ ਗਲ ਪਿਤਾ ਜੀ ਨੂੰ ਆ ਦਸੀ। ਪਿਤਾ ਜੀ ਨੂੰ ਵੀ ਬੜਾ ਦੁਖ ਹੋਇਆ। ਮੂਠ ਕੁ ਪਠਿਆਂ ਤੋਂ ਬਚਿਆਂ ਨੂੰ ਘੂਰਨਾ ਕੋਈ ਵਡਿਆਈ



Digitized by Panjab Digital Library | www.panjabdigilib.org

ਨਹੀਂ ਸੀ ਸਮਝੀ ਜਾਂਦੀ। ਮੈਨੂੰ ਉਨ੍ਹਾਂ ਦਿਲਾਸਾ ਦੇ ਕੇ ਆਖਿਆ— "ਕੋਈ ਗਲ ਨਹੀਂ ਪੁਤਰ, ਅਸੀਂ ਆਪਣੇ ਪਠਿਆਂ ਦਾ ਬੰਦੋਸਤ ਕਰ ਲਵਾਂਗਾ।"

ਇਤਨੇ ਨੂੰ ਓਹੀ ਸਜਨ ਮੇਰੇ ਵਾਲੇ ਪਠੇ ਆਪਣੀ ਚਾਦਰ ਵਿਚ ਬੰਨ੍ਹ ਕੇ ਸਾਡੇ ਘਰ ਆ ਗਿਆ। ਪਠੇ ਸਾਡੇ ਵੇਹੜੇ ਵਿਚ ਢੇਰੀ ਕਰਕੇ ਮੇਰੇ ਪਿਤਾ ਜੀ ਨੂੰ ਕਹਿਣ ਲਗਾ :—

"ਤੁਹਾਡਾ ਕਾਕਾ ਬੜਾ ਕੋਮਲ ਤੇ ਧਰਮੀ ਦਿਲ ਵਾਲਾ ਬੱਚਾ ਹੈ। ਮੈਂ ਤਾਂ ਇਸ ਨੂੰ ਐਵੇਂ ਹਾਸੇ ਨਾਲ ਕਿਹਾ ਸੀ ਕਿ ਤੂੰ ਪਠਿਆਂ ਦੀ ਚੋਰੀ ਕਿਉਂ ਕੀਤੀ ਪਰ ਇਹ ਪਠੇ ਉਥੇ ਹੀ ਸਟ ਕੇ ਮਾਫੀ ਮੰਗਣ ਲਗ ਪਿਆ ਤੇ ਘਰ ਆ ਗਿਆ। ਇਸ ਨੂੰ ਆਖੋ ਬੇ-ਸ਼ਕ ਰੋਜ਼ ਪਠੇ ਉਥੋਂ ਲੈ ਆਇਆ ਕਰੇ।"

ਪਰ ਮੈਂ ਉਸ ਦਿਨ ਤੋਂ ਮਗਰੋਂ ਕਦੀ ਵੀ ਉਸ ਦੀ ਪੈਲੀ ਵਿਚ ਨਹੀ ਵੜਿਆ। ਉਸਦੇ ਸ਼ਬਦ "ਤੂੰ ਚੋਰੀ ਕਿਉਂ ਕੀਤੀ ਹੈ" ਮੇਰੇ ਦਿਲ ਵਿਚ ਤੀਰ ਵਾਂਗ ਖੁਭ ਗਏ ਸਨ ਕਿਉਂਕਿ ਮੈਨੂੰ ਚੋਰੀ ਕਰਨ ਤੋਂ ਬਹੁਤ ਨਫਰਤ ਸੀ ਤੇ ਮੈਂ ਸਮਝਦਾ ਸਾਂ ਕਿ ਪੈਲੀਆਂ ਵਿਚੋਂ ਆਮ ਲੋਕੀਂ ਪਠੇ ਵਢ ਲੈਂਦੇ ਹਨ। ਇਹ ਚੋਰੀ ਨਹੀਂ ਹੁੰਦੀ। ਅਗੋਂ ਤੋਂ ਮੈਂ ਹੋਰ ਪਕਾ ਹੋ ਗਿਆ ਕਿ ਕਿਸੇ ਤੋਂ ਪੁਛੇ ਬਿਨਾਂ ਉਸਦੀ ਚੀਜ਼ ਨੂੰ ਨਹੀਂ ਛੋਹਣਾ ਚਾਹੀਦਾ।

———



Digitized by Panjab Digital Library | www.panjabdigilib.org

# ਇਨਕਲਾਬੀ ਚੰਗਿਆੜੀ

## ੧.

੨੧ ਅਪਰੈਲ ੧੯੦੭ ਨੂੰ ਰਾਵਲਪਿੰਡੀ ਵਿਚ ਸਵੇਰ ਤੋਂ ਹੀ ਗਲਾਂ ਚਲ ਰਹੀਆਂ ਸਨ ਕਿ ਅਜ ਸਰਦਾਰ ਅਜੀਤ ਸਿੰਘ ਨੇ ਸ਼ਾਮ ਵੇਲੇ ਗੰਜ ਮੰਡੀ ਵਿਚ ਲੈਕਚਰ ਕਰਨਾ ਹੈ। ਬਾਰ ਦੇ ਨਹਿਰੀ ਅੰਦੋਲਨ ਦੇ ਸਬੰਧ ਵਿਚ ਲਾਲਾ ਲਾਜਪਤ ਰਾਇ ਤੇ ਅਜੀਤ ਸਿੰਘ ਦੇ ਨਾਵਾਂ ਦੀ ਬੜੀ ਚਰਚਾ ਸੀ। ਇਨ੍ਹਾਂ ਨੂੰ ਅੰਗਰੇਜ਼ੀ ਰਾਜ ਦਾ ਬਾਗ਼ੀ ਖ਼ਿਆਲ ਕੀਤਾ ਜਾਂਦਾ ਸੀ। ਕੰਧਾਂ ਤੇ ਜਲਸੇ ਸਬੰਧੀ ਲਗੇ ਇਸ਼ਤਿਹਾਰਾਂ ਨੂੰ ਲੋਕਾਂ ਦੀਆਂ ਟੋਲੀਆਂ ਪੜ੍ਹ ਰਹੀਆਂ ਸਨ। ਮੈਂ ਅਜ ਤਕ ਕਦੀ ਕੋਈ ਰਾਜਸੀ ਲੈਕਚਰ ਨਹੀਂ ਸੁਣਿਆ ਸੀ। ਅਜੀਤ ਸਿੰਘ ਦਾ ਉਰਦੂ ਮਾਸਕ ਪਤਰ "ਭਾਰਤ ਮਾਤਾ" ਦਾ ਇਕ ਪਰਚਾ ਮੈਨੂੰ ਪੜ੍ਹਨ ਦਾ ਮੌਕਾ ਮਿਲ ਗਿਆ ਸੀ। ਇਸ ਪਰਚੇ ਤੋਂ ਸਰਕਾਰੀ ਆਦਮੀ ਤੇ ਮੁਲਾਜ਼ਮ ਬਹੁਤ ਘਬਰਾਂਦੇ ਸਨ। ਉਹ ਕਹਿੰਦੇ ਸਨ ਅਜੀਤ ਸਿੰਘ ਤਾਂ ਇਕ ਇਨਕਲਾਬੀ ਚੰਗਿ-ਆੜੀ ਹੈ, ਉਹ ਜਿਧਰ ਜਾਂਦਾ ਹੈ ਅਗ ਲਾਂਦਾ ਜਾਂਦਾ ਹੈ। ਮੇਰੇ ਦਿਲ ਵਿਚ ਅਜੀਤ ਸਿੰਘ ਦਾ ਅਜ ਦਾ ਲੈਕਚਰ ਸੁਣਨ ਦਾ ਬੜਾ ਚਾਉ ਕੁਦਿਆ, ਭਾਵੇਂ ਅਜੇ ਮੇਰੇ ਵਿਚ ਅੰਗਰੇਜ਼ੀ ਰਾਜ ਦਾ ਵਿਰੋਧੀ ਬਣਨ ਦਾ ਹੌਸਲਾ ਨਹੀਂ ਪ੍ਰਤੀਤ ਹੁੰਦਾ ਸੀ।

ਮੈਂ ਇਨ੍ਹਾਂ ਦਿਨਾਂ ਵਿਚ ਰਾਵਲਪਿੰਡੀ ਚੁੰਗੀ ਦੇ ਮਹਿਕਮੇ ਵਿਚ ਮੁਹੱਰਰ ਲਗਾ ਹੋਇਆ ਸਾਂ। ਜਦੋਂ ਮੈਂ ਦਫ਼ਤਰ ਵਿਚ ਗਿਆ



Digitized by Panjab Digital Library | www.panjabdigilib.org

ਤਾਂ ਉਥੇ ਗਲਾਂ ਹੋ ਰਹੀਆਂ ਸਨ ਕਿ ਲੈਕਚਰ ਸੁਣਨ ਨਹੀਂ ਜਾਣਾ, ਸਾਹਿਬ ਨਾਰਾਜ਼ ਹੋ ਜਾਏਗਾ। ਉਹ ਨੌਕਰੀ ਤੋਂ ਮੌਕੂਫ ਕਰ ਦਏਗਾ। ਜਲਸੇ ਵਿਚ ਬੜੀ ਪੁਲਸ ਆਵੇਗੀ। ਖਬਰੇ ਉਹ ਗੋਲੀ ਹੀ ਚਲਾ ਦੇਵੇ। ਮੈਂ ਕੁਝ ਡਰਿਆ ਪਰ ਜਲਸੇ ਵਿਚ ਜਾਣ ਦੀ ਪ੍ਰਬਲ ਖਾਹਸ਼ ਨੂੰ ਦਬਾ ਨਾ ਸਕਿਆ। ਸ਼ਹਿਰ ਵਿਚ ਵੀ ਜਲਸੇ ਵਿਚ ਜਾਣ ਤੋਂ ਲੋਕਾਂ ਨੂੰ ਰੋਕਣ ਲਈ ਬੜਾ ਪ੍ਰਚਾਰ ਹੁੰਦਾ ਰਿਹਾ ਪਰ ਇਸ ਦਾ ਅਸਰ ਸਗੋਂ ਉਲਟਾ ਹੋਇਆ। ਲੋਕ ਇਤਨੀ ਗਿਣਤੀ ਵਿਚ ਇਕੱਠੇ ਹੋ ਗਏ ਕਿ ਗੰਜ ਮੰਡੀ ਦੇ ਮੈਦਾਨ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ ਰਹੀ। ਬਥੇਰੇ ਸਰਕਾਰੀ ਨੌਕਰ ਡਰਦੇ ਮਾਰੇ ਨਹੀਂ ਸਨ ਗਏ।

ਇਸ ਜਲਸੇ ਦੀ ਇਨਕਲਾਬੀ ਝਾਕੀ ਅਜੇ ਤਕ ਮੇਰੇ ਦਿਲ ਦੀਆਂ ਅੱਖਾਂ ਦੇ ਸਾਹਮਣੇ ਫਿਰ ਰਹੀ ਹੈ। ਜਿਧਰ ਨਜ਼ਰ ਜਾਂਦੀ ਸੀ ਆਦਮੀ ਹੀ ਆਦਮੀ ਦਿਸਦੇ ਸਨ। ਲਾਗੇ ਦੇ ਮਕਾਨਾਂ ਦੀਆਂ ਛੱਤਾਂ ਵੀ ਦਰਸ਼ਕਾਂ ਨਾਲ ਭਰੀਆਂ ਹੋਈਆਂ ਸਨ। ਮੈਨੂੰ ਯਾਦ ਹੈ ਕਿ ਇਕ ਦੁਕਾਨ ਦੀ ਛੱਤ ਲੋਕਾਂ ਦੇ ਭਾਰ ਨਾਲੀ ਹੇਠਾਂ ਆ ਪਈ। ਅਜੀਤ ਸਿੰਘ ਉਸ ਵੇਲੇ ਗਰਜਵੀਂ ਆਵਾਜ਼ ਨਾਲ ਲੈਕਚਰ ਦੇ ਰਿਹਾ ਸੀ, ਇਧਰ ਵੇਖ ਕੇ ਉਸ ਨੇ ਆਖਿਆ—"ਭਰਾਵੋ, ਇਕ ਨਿੱਕੀ ਜਿਹੀ ਛੱਤ ਡਿਗਣ ਨਾਲ ਹੀ ਤੁਸੀਂ ਘਬਰਾ ਗਏ ਹੋ ? ਤੁਹਾਡੇ ਸਿਰਾਂ ਪੁਰ ਤਾਂ ਬਰਤਾਨਵੀ ਸਾਮਰਾਜ ਦੇ ਜ਼ੁਲਮਾਂ ਦੇ ਪਹਾੜ ਡਿਗਣ ਵਾਲੇ ਹਨ। ਤਕੜੇ ਹੋਵੋ ਅੱਜ ਬਾਰ ਵਿਚ ਇਕ ਕਾਲੇ ਕਾਨੂੰਨ ਨਾਲ ਜ਼ਿਮੀਂਦਾਰਾਂ ਦਾ ਗਲਾ ਘੁਟਿਆ ਗਿਆ ਹੈ। ਕਲ ਨੂੰ ਤੁਹਾਡੇ ਸਿਰ ਪੁਰ ਈਹੋ ਜਿਹਾ ਕੋਈ ਗੋਲਾ ਆ ਪਏਗਾ। ਜੇ ਦੁਖਾਂ ਤੋਂ ਛੁਟਕਾਰਾ ਚਾਹੁੰਦੇ ਹੋ ਤਾਂ ਇਕ ਮੁਠ ਹੋ ਜਾਵੋ, ਹਿੰਦੂ ਮੁਸਲਿਮ ਸਿਖ ਭਰਾ ਭਰਾ ਬਣ ਕੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਲਕ ਨੂੰ ਆਜ਼ਾਦ ਕਰਾਉਣ ਲਈ ਮੈਦਾਨ ਵਿਚ ਨਿਤਰੋ।"



Digitized by Panjab Digital Library | www.panjabdigilib.org

ਜਲਸੇ ਦਾ ਪ੍ਰਧਾਨ ਰਾਵਲਪਿੰਡੀ ਦਾ ਪ੍ਰਸਿੱਧ ਵਕੀਲ ਲਾਲਾ ਹੰਸਰਾਜ ਸੀ । ਲਾਲਾ ਅਮੋਲਕ ਰਾਮ ਜਲਸੇ ਦਾ ਕਾਨਵੀਨਰ ਤੇ ਸਕੱਤ੍ਰ ਸੀ । ਲਾਲਾ ਗੁਰਦਾਸ ਰਾਮ ਸਾਹਣੀ, ਸ: ਖਜ਼ਾਨ ਸਿੰਘ ਬੈਰਿਸਟਰ ਤੇ ਕੁਝ ਹੋਰ ਸ਼ਹਿਰ ਦੇ ਪਤਿਵੰਤੇ ਸਜਣ ਵੀ ਸਟੇਜ ਪੁਰ ਬੈਠੇ ਸਨ । ਮੁਸਲਮਾਨ ਵੀ ਕਾਫ਼ੀ ਸਨ, ਪਰ ਮੈਨੂੰ ਕਿਸੇ ਦਾ ਨਾਂ ਯਾਦ ਨਹੀਂ ।

ਜਲਸਾ ਹੋਣ ਸਮੇਂ ਇਕ ਪੰਜਾਬੀ ਨੌਜਵਾਨ ਨੇ ਇਕ ਡਾਢੀ ਦਿਲ ਨੂੰ ਟੁੰਬਣ ਵਾਲੀ ਨਜ਼ਮ ਪੜ੍ਹੀ ਸੀ । ਉਹ ਨਜ਼ਮ ਮੇਰੇ ਦਿਲ ਵਿਚ ਅਜਿਹੀ ਖੁਭ ਗਈ ਕਿ ਉਸ ਦੀਆਂ ਚਾਰ ਸਤਰਾਂ ਪੰਜਾਹ ਸਾਲ ਗੁਜ਼ਰ ਜਾਣ ਤੇ ਵੀ ਅਜੇ ਤਕ ਮੈਨੂੰ ਨਹੀਂ ਭੁਲੀਆਂ :–

ਭਾਰਤ ਵਾਸੀਓ ਸੁਤਿਓ, ਗਾਫ਼ਲੋ ਵੇ,
ਢੇਰੀ ਤੁਸੀਂ ਨੇ ਕਿਉਂ ਏ ਢਾਹੀ ਹੋਈ ?
ਸੂਰਬੀਰਾਂ ਦੀ ਤੁਸੀਂ ਸੰਤਾਨ ਹੋ ਕੇ,
ਅਣਖ ਮਿੱਟੀ'ਚ ਕਿਉਂ ਮਿਲਾਈ ਹੋਈ ?
ਅੱਜ ਉਜੜਦੀ ਪਈ ਜੇ ਬਾਰ ਵੇਖੋ,
ਵਾਰੀ ਤੁਸਾਂ ਦੀ ਕਲ ਨੂੰ ਆਈ ਹੋਈ ।
ਬਣ ਕੇ ਮਾਂ ਜੋ ਪੁਤਾਂ ਨੂੰ ਖਾਣ ਆਵੇ,
ਉਹ ਡਾਇਣ ਹੋਈ ਯਾ ਕੇ ਮਾਈ ਹੋਈ ?

ਓਦੋਂ ਲੋਕੀਂ ਹਕੂਮਤ ਨੂੰ ਮਾਈ ਬਾਪ ਆਖਦੇ ਹੁੰਦੇ ਸਨ।ਉਸ ਦੇ ਵਿਰੁਧ ਕੋਈ ਗਲ ਕਰਨੀ ਬਗ਼ਾਵਤ ਸਮਝੀ ਜਾਂਦੀ ਸੀ । ਮੇਰਾ ਖਿਆਲ ਹੈ ਸ਼ਾਇਰ ਨੂੰ ਵੀ ਇਹ ਕਵਿਤਾ ਪੜ੍ਹਨ ਤੋਂ ਪਰੈਜ਼ੀਡੰਟ ਨੇ ਟੋਕਿਆ ਸੀ, ਪਰ ਲੋਕਾਂ ਦੀ ਜ਼ੋਰਦਾਰ ਮੰਗ ਪੁਰ ਇਹ ਸਾਰੀ ਕਵਿਤਾ ਪੜ੍ਹੀ ਗਈ ਸੀ ।

ਅਜੀਤ ਸਿੰਘ ਓਦੋਂ ਪੰਜੀ ਕੁ ਵਰ੍ਹੇ ਦਾ ਛੀਟਕਾ ਜਿਹੀ



Digitized by Panjab Digital Library | www.panjabdigilib.org

ਨੌਜਵਾਨ ਸੀ। ਦਰਮਿਆਨਾ ਕਦ ਤੇ ਚਮਕਦਾਰ ਅੱਖਾਂ। ਉਸ ਦਾ ਅੰਗ ਅੰਗ ਆਜ਼ਾਦੀ ਦੇ ਜੋਸ਼ ਨਾਲ ਫੱਰਕ ਰਿਹਾ ਮਾਲੂਮ ਹੁੰਦਾ ਸੀ। ਉਸ ਦੇ ਲੈਕਚਰ ਦਾ ਲੋਕਾਂ ਪੁਰ ਬੜਾ ਡੂੰਘਾ ਪ੍ਰਭਾਵ ਪਿਆ। ਉਸ ਨੇ ਹਿੰਦੂ ਮੁਸਲਿਮ ਤੇ ਸਿਖ ਏਕਤਾ ਪੁਰ ਖ਼ਾਸ ਤੌਰ ਪੁਰ ਬੜਾ ਜ਼ੋਰ ਦਿਤਾ ਤੇ ਅੰਗਰੇਜ਼ਾਂ ਦੀ ਕੁਟਲ ਨੀਤੀ ਦੀਆਂ ਕਈ ਮਸਾਲਾਂ ਪੇਸ਼ ਕੀਤੀਆਂ ਤੇ ਦਸਿਆ ਕਿ ਇਹ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਹਿੰਦੂ-ਮੁਸਲਮਾਨਾਂ ਤੇ ਸਿਖਾਂ ਨੂੰ ਆਪੋ ਵਿਚ ਲੜਾ ਕੇ ਸਾਡੇ ਪੁਰ ਰਾਜ ਕਰ ਰਹੇ ਹਨ। ਉਂਞ ਉਨ੍ਹਾਂ ਦੀ ਗਿਣਤੀ ਇਤਨੀ ਥੋੜ੍ਹੀ ਹੈ ਕਿ ਸਾਰੇ ਹਿੰਦੀ ਰਲ ਕੇ ਫੂਕਾਂ ਨਾਲ ਇਨ੍ਹਾਂ ਨੂੰ ਉਡਾ ਸਕਦੇ ਹਨ।

ਇਹ ਜਲਸਾ ਅਤੇ ਅਜੀਤ ਸਿੰਘ ਦਾ ਇਨਕਲਾਬੀ ਲੈਕਚਰ ਮੇਰੇ ਜੀਵਨ ਵਿਚ ਇਕ ਨਵਾਂ ਮੋੜ ਪੈਦਾ ਕਰਨ ਦਾ ਕਾਰਨ ਬਣਿਆਂ। ਹੁਣ ਤਕ ਮੇਰਾ ਝੁਕਾਉ ਨਿਰਾ ਧਰਮ ਵਲ ਸੀ। ਮੈਂ ਪੂਰਾ ਸਿਖ ਬਣ ਕੇ ਕੋਈ ਸ਼ਕਤੀ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਹੁੰਦਾ ਸਾਂ। ਹੁਣ ਰਾਜਨੀਤਕ ਮਸਲਿਆਂਨੂੰ ਜਾਣਨ ਤੇ ਸਮਝਣ ਵਿਚ ਵੀ ਦਿਲਚਸਪੀ ਵਧ ਗਈ ਸੀ। ਮੈਂ ਵਧੇਰੇ ਸ਼ੌਕ ਨਾਲ ਅਖਬਾਰਾਂ ਪੜ੍ਹਨ ਲੱਗ ਪਿਆ।

ਸ਼ਹਿਰ ਵਿਚ ਤੇ ਪਿੰਡਾਂ ਵਿਚ ਵੀ ਇਸ ਜਲਸੇ ਦੀ ਧੁੰਮ ਪੈ ਗਈ। ਇਸ ਪਛੜੇ ਹੋਏ ਇਲਾਕੇ ਦੀ ਪੁਲਸ ਤੇ ਅਫ਼ਸਰ ਭਲਾ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਲੋਕਾਂ ਵਿਚ ਆਜ਼ਾਦੀ ਦੇ ਖਿਆਲ ਫੈਲਣ ਅਤੇ ਉਹ ਮਜ਼ਹਬੀ ਝਗੜੇ ਭੁਲਾ ਕੇ ਆਪੋ ਵਿਚ ਏਕਤਾ ਪੈਦਾ ਕਰ ਕੇ ਹਾਕਮਾਂ ਤੇ ਪੁਲਸ ਦੀਆਂ ਵਧੀਕੀਆਂ ਤੇ ਧਕੇ ਸ਼ਾਹੀਆਂ ਵਿਰੁਧ ਇਤਰਾਜ਼ ਕਰਨ ਦੀ ਦਲੇਰੀ ਕਰਨ ਲੱਗ ਪੈਣ। ਸ਼ਹਿਰ ਦਾ ਵਾਯੂ-ਮੰਡਲ ਬੜਾ ਸ਼ਾਂਤ ਸੀ। ਮਜ਼ਹਬੀ



Digitized by Panjab Digital Library | www.panjabdigilib.org

ਬਹਿਸਾਂ ਤੇ ਝਗੜਿਆਂ ਦੀ ਥਾਂ ਲੋਕਾਂ ਵਿਚ ਕੌਮੀ ਏਕਤਾ ਤੇ ਆਜ਼ਾਦੀ ਦੀਆਂ ਗੱਲਾਂ ਦੀ ਚਰਚਾ ਸੀ। ਲਾਲਾ ਲਾਜਪਤ ਰਾਏ ਨੂੰ ਬੁਲਾ ਕੇ ਲੈਕਚਰ ਕਰਾਉਣ ਦੀ ਮੰਗ ਹੋ ਰਹੀ ਸੀ।

ਹਫ਼ਤੇ ਕੁ ਮਗਰੋਂ ਅਖ਼ਬਾਰਾਂ ਵਿਚ ਖ਼ਬਰ ਛਪੀ ਕਿ ਰਾਵਲਪਿੰਡੀ ਦੇ ਡਿਪਟੀ ਕਮਿਸ਼ਨਰ ਮਿ: ਐਗਨੀਊ ਨੇ ਜਲਸੇ ਵਿਚ ਸ਼ਾਮਲ ਹੋਣ ਵਾਲੇ ਕੁਝ ਮੁਖੀ ਵਕੀਲਾਂ ਨੂੰ ਨੋਟਸ ਭੇਜ ਕੇ ਕਚਹਿਰੀ ਵਿਚ ਬੁਲਾ ਭੇਜਿਆ ਹੈ।

ਇਸ ਨੋਟਿਸ ਦੀ ਹੂ-ਬਹੂ ਨਕਲ ਮੈਂ ਹੇਠਾਂ ਦਰਜ ਕਰਦਾ ਹਾਂ,ਜਿਸ ਨੂੰ ਪੜ੍ਹ ਕੇ ਪਤਾ ਲਗੇਗਾ ਕਿ ਉਸ ਵੇਲੇ ਦੇ ਹਾਕਮ ਕਾਨੂੰਨ ਤੋਂ ਕਿਤਨੇ ਨਾ-ਵਾਕਫ਼ ਸਨ ਜਾਂ ਜਾਣ ਬੁਝ ਕੇ ਕਾਨੂੰਨਾਂ ਨੂੰ ਪੈਰਾਂ ਹੇਠ ਲਤਾੜਦੇ ਸਨ :-

## ਨਕਲ ਨੋਟਸ

ਬਨਾਮ—ਲਾਲਾ ਗੁਰਦਾਸ ਰਾਮ ਐਡਵੋਕੇਟ, ਲਾਲਾ ਹੰਸ ਰਾਜ ਪਲੀਡਰ, ਲਾਲਾ ਅਮੋਲਕ ਰਾਮ ਤੇ ਸਰਦਾਰ ਖ਼ਜ਼ਾਨ ਸਿੰਘ ਬੈਰਿਸਟਰ।

ਮੈਨੂੰ ਰਪੋਟ ਦਿਤੀ ਗਈ ਹੈ ਕਿ ਬਹੁਤ ਚਿਰ ਨਹੀਂ ਹੋਇਆ ਸ਼ਹਿਰ ਵਿਚ ਇਕ ਜਲਸਾ ਕੀਤਾ ਗਿਆ ਹੈ, ਜਿਸ ਵਿਚ ਅਜੀਤ ਸਿੰਘ ਨਾਂ ਦਾ ਇਕ ਆਦਮੀ ਮੁਖੀ ਲੈਕਚਰਾਰ ਸੀ। ਕਿਹਾ ਜਾਂਦਾ ਕਿ ਲਾਲਾ ਹੰਸ ਰਾਜ ਇਸ ਜਲਸੇ ਦਾ ਪ੍ਰਧਾਨ ਸੀ, ਲਾਲਾ ਅਮੋਲਕ ਰਾਮ ਸਕੱਤ੍ਰ ਤੇ ਕਾਨਵੀਨਰ ਅਤੇ ਲਾਲਾ ਗੁਰਦਾਸ ਰਾਮ ਸਪੀਕਰਾਂ ਵਿਚੋਂ ਇਕ ਸੀ। ਮੈਨੂੰ ਇਹ ਵੀ ਰਪੋਟ ਕੀਤੀ ਗਈ ਹੈ ਕਿ ਅਜੀਤ ਸਿੰਘ ਦੀ ਸਪੀਚ ਬੇਹਦ ਬਾਗ਼ਿਆਨਾ ਸੀ। ਲਾਲਾ ਗੁਰਦਾਸ ਦੀ ਸਪੀਚ ਵੀ ਇਸੇ ਕਿਸਮ ਦੀ ਸੀ ਅਤੇ ਉਸ ਵਿਚ



Digitized by Panjab Digital Library | www.panjabdigilib.org

ਮਿ:ਕਿਚਨ ਸੈਟਲਮੈਂਟ ਕਾਲੈਕਟਰ ਤੇ ਮੈਜਿਸਟਰੇਟ ਬਾਰੇ ਅਫਸੋਸ-ਨਾਕ ਤੇ ਅਣਸੁਣੇ ਭਾਵ ਭਰੇ ਸਨ। ਮੈਂ ਤੁਹਾਨੂੰ ਨੋਟਸ ਦੇਂਦਾ ਹਾਂ ਕਿ ਇਸ ਮਾਮਲੇ ਬਾਰੇ ਮੈਂ ੨ ਮਈ ੧੯੦੭ ਨੂੰ ਦਿਨ ਦੇ ੧੧ ਬਜੇ ਕਚਹਿਰੀ ਵਿਚ ਪਬਲਕ ਇਨਕੁਆਰੀ (ਲੋਕਾਂ ਤੇ ਸਾਹਮਣੇ ਪੜਤਾਲ) ਕਰਾਂਗਾ। ਤੁਹਾਨੂੰ ਸਦਾ ਦਿਤਾ ਜਾਂਦਾ ਹੈ ਕਿ ਤੁਸੀਂ ਆਪ ਹਾਜ਼ਰ ਹੋਵੋ ਅਤੇ ਇਸ ਸਬੰਧੀ ਜੋ ਗਲ ਤੁਸੀਂ ਕਹਿਣਾ ਚਾਹੋਗੇ ਸੁਣੀ ਜਾਏਗੀ। ਇਸ ਪੜਤਾਲ ਦੇ ਦੋ ਆਸ਼ੇ ਹਨ।

੧. ਕੀ ਇਨ੍ਹਾਂ ਗਵਾਹੀਆਂ ਨੂੰ ਕਾਫੀ ਸਮਝ ਕੇ ਹਕੂਮਤ ਤੋਂ ਤੁਹਾਡੇ ਵਿਰੁਧ ਦਫਾਂ ੧੨੪ ਏ. ਤੇ ੫੦੫ ਇੰਡੀਆ ਪੀਨਲ ਕੋਡ ਅਨੁਸਾਰ ਮੁਕਦਮਾ ਚਲਾਉਣ ਦੀ ਆਗਿਆ ਲਈ ਜਾਵੇ ?

੨. ਪੜਤਾਲ ਵਿਚ ਜੋ ਅਸਲੀਅਤ ਪਤਾ ਲਗੇ, ਉਸ ਨੂੰ ਪਣਮਾਣੀਕ ਮੰਨਕੇ ਫਾਨੈਸ਼ਨਲ ਕਮਿਸ਼ਨਰ ਤੇ ਚੀਫ ਕੋਰਟ ਨੂੰ ਰਪੋਟ ਕੀਤੀ ਜਾਵੇ ਤਾਂ ਜੋ ਤੁਹਾਡੇ ਲਾਸੰਸ ਜ਼ਬਤ ਕੀਤੇ ਜਾਣ ਜਾਂ ਲੀਗਲ ਪ੍ਰੈਕਟੀਸ਼ਨਰ ਐਕਟ ਦੇ ਦਫਾ ੪੧, ੩੭ ਦੇ ਮੁਤਾਬਕ ਕਾਰਵਾਈ ਕੀਤੀ ਜਾਵੇ।

ਮਿਹਰਬਾਨੀ ਕਰ ਕੇ ਇਸ ਪੁਰ ਦਸਖਤ ਕਰ ਦਿਓ।

੩੦ ਅਪਰੈਲ ੧੯੦੭ ਦਸਖਤ

ਪੀ. ਡੀ. ਐਗਨੀਊ ਡਿਸਟ੍ਰਿਕਟ ਮੈਜਿਸਟਰੇਟ
ਰਾਵਲਪਿੰਡੀ

ਕਾਨੂੰਨ ਦੀ ਵਾਕਫੀ ਰਖਣ ਵਾਲਾ ਹਰ ਇਕ ਆਦਮੀ ਇਸ ਨੋਟਸ ਨੂੰ ਪੜ੍ਹ ਕੇ ਮੰਨੇਗਾ ਕਿ ਇਹ ਨੋਟਸ ਮੁਕੰਮਲ ਤੌਰ ਪੁਰ ਬੇ ਕਾਨੂੰਨਾ ਸੀ। ਡਿਸਟਰਿਕਟ ਮੈਜਿਸਟਰੇਟ ਨੂੰ ਤਾਜ਼ੀਰਾਤ ਹਿੰਦ ਦੀ ਕਿਸੇ ਧਾਰਾ ਮੁਤਾਬਕ ਅਜਿਹਾ ਨੋਟਸ ਦੇਣ ਤੇ ਇਸ ਤਰ੍ਹਾਂ ਪੜਤਾਲ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਪਰ ਉਸ



Digitized by Panjab Digital Library | www.panjabdigilib.org

ਸਮੇਂ ਦੇ ਆਮ ਅੰਗਰੇਜ਼ ਹਾਕਮ ਬੜੇ ਹੰਕਾਰੀ ਹੁੰਦੇ ਸਨ। ਉਹ ਮਨ ਆਈਆਂ ਕਰਨ ਵਿਚ ਬੜੇ ਦਲੇਰ ਹੁੰਦੇ ਸਨ। ਕਿਉਂਕਿ ਉਨ੍ਹਾਂ ਦੀ ਪਿਠ ਪੁਰ ਨੌਕਰ ਸ਼ਾਹੀ ਹਕੂਮਤ ਦਾ ਹਬ ਹੁੰਦਾ ਸੀ। ਉਸ ਸਮੇਂ ਤਾਂ ਰਾਹ ਜਾਂਦੇ ਕਿਸੇ ਗੋਰੇ ਨੂੰ ਦੇਸੀ ਆਦਮੀ ਝੁਕ ਕੇ ਸਲਾਮ ਨਾ ਕਰੇ ਤਾਂ ਉਹ ਵੀ ਅਪਰਾਧੀ ਗਿਣਿਆ ਜਾਂਦਾ ਸੀ। ਉਹ ਸਮਝਦੇ ਸਨ ਕਿ ਉਹ ਹਾਕਮ ਹਨ ਇਸ ਕਰਕੇ ਜੋ ਚਾਹੁੰਣ ਕਰ ਸਕਦੇ ਹਨ।

ਇਸ ਨੋਟਸ ਦੀ ਖਬਰ ਨੇ ਲੋਕਾਂ ਵਿਚ ਹੋਰ ਜੋਸ਼ ਵਧਾ ਦਿਤਾ। ਪਤਾ ਲਗਾ ਕਿ ਲਾਲਾ ਲਾਜਪਤ ਰਾਇ ਜੀ ਨੂੰ ਤਾਰ ਦੇ ਕੇ ਲਾਹੌਰ ਤੋਂ ਬੁਲਾਇਆ ਗਿਆ ਹੈ ਤਾਂ ਜੋ ਉਹ ਵੀ ੧ ਮਈ ਨੂੰ ਲੈਕਚਰ ਦੇਵੇ, ਨਾਲੇ ਇਸ ਨੋਟਸ ਸਬੰਧੀ ਕਾਨੂੰਨੀ ਸਲਾਹ ਦੇਵੇ। ਲਾਲਾ ਲਾਜਪਤ ਰਾਇ ਨਾ ਕੇਵਲ ਪ੍ਰਸਿਧ ਰਾਜਸੀ ਆਗੂ ਸੀ ਬਲਕੇ ਉਹ ਉਘਾ ਕਾਨੂੰਨ ਦਾਨ ਵੀ ਸੀ। ਉਹ ਕਾਂਗਰਸ ਦੀ ਰਾਜ ਨੀਤੀ ਵਿਚ ਸਰਗਰਮ ਹਿਸਾ ਲੈਂਦਾ ਸੀ।

੧ ਮਈ ਨੂੰ ਵੀ ਗੰਜ ਮੰਡੀ ਵਿਚ ਬੜਾ ਭਾਰੀ ਜਲਸਾ ਹੋਇਆ। ਹਿੰਦੂ ਸਿਖ ਮੁਸਲਮਾਣ ਸਭ ਆਏ। ਰੇਲਵੇ ਵਰਕਸ਼ਾਪ ਦੇ ਮਜ਼ਦੂਰ ਵੀ ਭਾਰੀ ਗਿਣਤੀ ਵਿਚ ਸ਼ਾਮਲ ਹੋਏ। ਲਾਲਾ ਲਾਜਪਤ ਰਾਇ ਦੇ ਆਉਣ ਦੇ ਬੜੀ ਉਡੀਕ ਸੀ ਪਰ ਉਹ ਨਾ ਪਹੁੰਚ ਸਕੇ। ਸਥਾਨਕ ਵਕੀਲਾਂ ਨੇ ਹੀ ਲੈਕਚਰ ਕੀਤੇ ਅਤੇ ਲੋਕਾਂ ਨੂੰ ਦਸਿਆ ਗਿਆ ਕਿ ਭਲਕੇ ੧੧ ਵਜੇ ਕਚਹਿਰੀ ਵਿਚ ਡਿਸਟ੍ਰਿਕਟ ਮੈਜਿਸਟਰੇਟ ਨੇ ਦਰਬਾਰ ਲਾ ਕੇ ੨੧ ਅਪਰੈਲ ਵਾਲੇ ਜਲਸੇ ਸਬੰਧੀ ਪੜਤਾਲ ਕਰਨੀ ਹੈ।

੨ ਮਈ ਨੂੰ ਜ਼ਿਲਾ ਕਚਹਿਰੀ ਵਲ ੧੦ ਵਜੇ ਤੋਂ ਪਹਿਲੋਂ



Digitized by Panjab Digital Library | www.panjabdigilib.org

ਹੀ ਵਹੀਰਾਂ ਪੈ ਗਈਆਂ। ਅੱਜ ਰਾਵਲਪਿੰਡੀ ਰੇਲਵੇ ਵਰਕਸ਼ਾਪ ਤੇ ਤੇ ਕਿਲ੍ਹੇ ਦੇ ਮਜ਼ਦੂਰਾਂ ਨੇ ਹੜਤਾਲ ਕੀਤੀ ਹੋਈ ਸੀ। ਮੈਨੂੰ ਠੀਕ ਯਾਦ ਨਹੀਂ ਕਿ ਉਨ੍ਹਾਂ ਆਪਣੀਆਂ ਆਰਥਕ ਮੰਗਾਂ ਲਈ ਹੜਤਾਲ ਕੀਤੀ ਸੀ ਜਾਂ ਡੀ. ਸੀ. ਦੇ ਰਵਈਏ ਵਿਰੁਧ ਰੋਸ ਵਜੋਂ। ਹਜ਼ਾਰਾਂ ਦੀ ਗਿਣਤੀ ਵਿਚ ਇਹ ਮਜ਼ਦੂਰ ਵੀ ਕਚਹਿਰੀ ਵਲ ਜਾ ਰਹੇ ਸਨ। ੧੧ ਵਜੇ ਤਕ ਸਾਰੀ ਕਚਹਿਰੀ ਲੋਕਾਂ ਨਾਲ ਭਰ ਗਈ। ਜਿਧਰ ਵੇਖੋ ਆਦਮੀਆਂ ਦਾ ਸਮੁੰਦਰ ਠਾਠਾਂ ਮਾਰਦਾ ਦਿਸਦਾ ਸੀ।

ਜਦ ਲੋਕਾਂ ਨੇ ਇਸ ਸੁਣਿਆ ਕਿ ਲਾਲਾ ਲਾਜਪਤ ਰਾਏ ਵੀ ਆ ਗਿਆ ਹੈ ਤਾਂ ਉਨ੍ਹਾਂ ਨੂੰ ਬੜੀ ਖੁਸ਼ੀ ਹੋਈ ਤੇ ਸ਼ਾਮ ਨੂੰ ਉਸ ਦੇ ਲੈਕਚਰ ਸੁਣਨ ਦੀ ਤਾਂਘ ਬਹੁਤ ਵਧ ਗਈ। ੧੨ ਵਜ ਗਏ ਸਨ। ਡਿਪਟੀ ਕਮਿਸ਼ਨਰ ਅਜੇ ਵੀ ਨਹੀਂ ਆਇਆ ਸੀ। ਲੋਕ ਬੜੇ ਕਾਹਲੇ ਪੈ ਰਹੇ ਸਨ, ਭਾਂਤ ਭਾਂਤ ਦੀਆਂ ਗੱਲਾਂ ਹੋ ਰਹੀਆਂ ਸਨ। ਅਖੀਰ ਇਕ ਵਜਣ ਤੋਂ ਪਹਿਲਾਂ ਇਕ ਟਾਂਗੇ ਪੁਰ ਬੈਠ ਕੇ ਡੀ. ਸੀ. ਕਚਹਿਰੀ ਵਿਚ ਪਹੁੰਚਿਆ। ਉਹ ਅੰਦਰ ਜਾ ਕੇ ਆਪਣੀ ਕੁਰਸੀ ਪੁਰ ਬੈਠ ਗਿਆ। ਲੋਕਾਂ ਦੀ ਭੀੜ ਕਮਰੇ ਅੰਦਰ ਦਾਖਲ ਹੋ ਕੇ ਪੜਤਾਲ ਦੀ ਕਾਰਰਵਾਈ ਸੁਣਨ ਲਈ ਟੁਟ ਪਈ।

ਪਤਾ ਲੱਗਾ ਕਿ ਵਕੀਲਾਂ ਨੇ ਲਾਲਾ ਲਾਜਪਤ ਰਾਏ ਦੀ ਸਲਾਹ ਨਾਲ ਇਸ ਨੋਟਸ ਨੂੰ ਕਾਨੂੰਨ-ਵਿਰੁਧ ਸਮਝ ਕੇ ਆਪ ਹਾਜ਼ਰ ਹੋਣ ਦੀ ਥਾਂ ਕਾਰਵਾਈ ਨੂੰ ਵੇਖਣ ਲਈ ਹੋਰ ਵਕੀਲ ਭੇਜ ਦਿਤੇ ਸਨ। ਇਤਨਾ ਭੀੜ ਭੜੱਕਾ ਤੇ ਜੋਸ਼ ਵੇਖ ਕੇ ਡੀ. ਸੀ. ਘਬਰਾ ਗਿਆ। ਉਸ ਨੇ ਐਲਾਨ ਕਰ ਦਿਤਾ ਕਿ ਉਸ ਦੀ ਤਬੀਅਤ ਠੀਕ ਨਹੀਂ, ਉਹ ਅੱਜ ਪੜਤਾਲ ਨਹੀਂ ਕਰੇਗਾ। ਉਹ ਨਵਾਂ ਨੋਟਿਸ ਦੇ ਕੇ ਹੋਰ ਤਾਰੀਖ ਮਿਥੇਗਾ।



Digitized by Panjab Digital Library | www.panjabdigilib.org

ਵਕੀਲਾਂ ਵਲੋਂ ਮਿ: ਅਜ਼ੀਜ਼ ਅਹਿਮਦ ਕੌਂਸਲ ਬਣ ਕੇ ਅੰਦਰ ਗਿਆ ਸੀ। ਉਸ ਨੂੰ ਡੀ. ਸੀ. ਨੇ ਕੁਝ ਗੁਸੇ ਨਾਲ ਆਖਿਆ ਕਿ ਇਤਨੀ ਭੀੜ ਕਿਉਂ ਇਕੱਠੀ ਹੋ ਗਈ ਹੈ? "ਇਸ ਨੂੰ ਖਿੰਡਾ ਦਿਉ!" ਉਸ ਨੇ ਤੁਰਤ ਦਲੇਰਾਨਾ ਉਤਰ ਦਿੱਤਾ ਕਿ ਇਹ ਮੇਰਾ ਕੰਮ ਨਹੀਂ ਜਨਾਬ, ਨਾਹੀਂ ਉਨ੍ਹਾਂ ਵਕੀਲਾਂ ਦਾ, ਜਿਨ੍ਹਾਂ ਨੂੰ ਤੁਸਾਂ ਨੋਟਿਸ ਦਿੱਤਾ। ਅਸਾਂ ਲੋਕਾਂ ਨੂੰ ਨਹੀਂ ਸਦਿਆ, ਇਹ ਸਰਕਾਰ ਦਾ ਆਪਣਾ ਕੰਮ ਹੈ।"

ਇਹ ਖਬਰ ਤੁਰਤ ਬਾਹਰ ਖੜੋਤੇ ਲੋਕਾਂ ਵਿਚ ਪਹੁੰਚ ਗਈ। ਉਨ੍ਹਾਂ ਨੂੰ ਕੁਝ ਮਾਯੂਸੀ ਵੀ ਹੋਈ ਪਰ ਇਸ ਗੱਲ ਦੀ ਖ਼ੁਸ਼ੀ ਹੋਈ ਕਿ ਡੀ. ਸੀ. ਪੜਤਾਲ ਕਰਨ ਤੋਂ ਡਰ ਗਿਆ ਹੈ। ਉਨ੍ਹਾਂ ਨੇ ਇਹ ਆਪਣੀ ਜਿਤ ਸਮਝੀ।

ਲੋਕਾਂ ਨੇ ਵਕੀਲਾਂ ਨੂੰ ਟਾਂਗੇ ਵਿਚ ਬਿਠਾ ਕੇ ਸ਼ਹਿਰ ਵਿਚ ਜਲੂਸ ਕੱਢਣ ਦੀ ਜ਼ੋਰਦਾਰ ਮੰਗ ਕੀਤੀ, ਪਰ ਉਹ ਨਾ ਮੰਨੇ। ਮੇਲੇ ਵਾਂਗ ਆਪਮੁਹਾਰਾ ਭੀੜ ਭੜੱਕਾ ਸੀ। ਉਨ੍ਹਾਂ ਦੇ ਦਿਲਾਂ ਵਿਚ ਕੋਈ ਜੋਸ਼ ਉਛਾਲੇ ਮਾਰ ਰਿਹਾ ਸੀ। ਕੁਝ ਲੋਕਾਂ ਨੇ ਲਾਲਾ ਲਾਜਪਤ ਰਾਇ ਪੁਰ ਜ਼ੋਰ ਪਾ ਕੇ ਸ਼ਾਮ ਨੂੰ ਲੈਕਚਰ ਕਰਨਾ ਮੰਨਵਾ ਲਿਆ।

ਹੁਣ ਲੋਕਾਂ ਦੀ ਭੀੜ ਖਿੰਡ ਪੁੰਡ ਕੇ ਵੱਖ ਵੱਖ ਪਾਸੇ ਟੋਲੇ ਬਣਕੇ ਤੁਰ ਪਈ। ਇਕ ਵੱਡਾ ਗਰੋਹ ਸ਼ਹਿਰ ਨੂੰ ਚਲ ਪਿਆ। ਉਨ੍ਹਾਂ ਵਿਚ ਬਹੁਤ ਸਾਰੇ ਚਿਟ ਕਪੜੀਏ ਪੁਲਸ ਵਾਲੇ ਸ਼ਾਮਲ ਸਨ। ਜਿਹੜੇ ਕਿ ਲੋਕਾਂ ਨੂੰ ਜੋਸ਼ ਦੇ ਕੇ ਭੜਕਾ ਰਹੇ ਸਨ। ਉਹ ਚਾਹੁੰਦੇ ਸਨ ਕਿ ਹਕੂਮਤ ਨੂੰ ਜਬਰ ਕਰਨ ਦੇ ਬਹਾਨੇ ਲਈ ਕੋਈ ਸਾਮਾਨ ਮਿਲ ਜਾਵੇ।

ਇਕ ਬੇ-ਮੁਹਾਰਾ ਜੱਥਾ ਡੀ. ਸੀ. ਦੇ ਬੰਗਲੇ ਵਿਚ ਜਾ



Digitized by Panjab Digital Library | www.panjabdigilib.org

ਵੜਿਆ। ਉਥੇ ਕਈ ਵਸਤਾਂ ਭੰਨ ਤੋੜ ਦਿਤੀਆਂ। ਰਾਹ ਵਿਚ ਜਿਹੜਾ ਗੋਰਾ ਮਿਲਿਆ ਉਸ ਦੀ ਭੁਗਤ ਸਵਾਰੀ ਗਈ। ਸੜਕਾਂ ਪੁਰ ਕੁਝ ਸਰਕਾਰੀ ਸਾਮਾਨ ਦੀ ਭੰਨ ਤੋੜ ਕੀਤੀ ਗਈ। ਇਕ ਜਥੇ ਨੇ ਸ਼ਹਿਰ ਵਿਚ ਟਾਂਗਿਆਂ ਦੇ ਅੱਡੇ ਪਾਸ ਗਿਰਜੇ ਪੁਰ ਜਾ ਕੇ ਹੱਲਾ ਬੋਲ ਦਿੱਤਾ। ਅੰਦਰ ਦਾ ਕੁਝ ਸਾਮਾਨ ਭੰਨ ਤੋੜ ਕੇ ਅੱਗ ਲਾ ਦਿੱਤੀ। ਪੁਲਸ ਦੀ ਚੌਂਕੀ ਬਿਲਕੁਲ ਗਿਰਜੇ ਦੇ ਸਾਹਮਣੇ ਚੌਕ ਦੇ ਦੂਜੇ ਪਾਸੇ ਸੀ, ਜਿਥੇ ਕਾਫੀ ਸਪਾਹੀ ਮੌਜੂਦ ਸਨ। ਉਨ੍ਹਾਂ ਨੇ ਉਸ ਵੇਲੇ ਭੀੜ ਨੂੰ ਗਿਰਜਾ ਸਾੜਨ ਤੋਂ ਰੋਕਣ ਜਾਂ ਕਿਸੇ ਨੂੰ ਗ੍ਰਿਫਤਾਰ ਕਰਨ ਦਾ ਕੋਈ ਜਤਨ ਨਾ ਕੀਤਾ। ਉਹ ਤਮਾਸ਼ਾ ਵੇਖਦੇ ਰਹੇ ਸਨ।

ਰਾਵਲ ਪਿੰਡੀ ਵਿਚ ਸ: ਬ: ਬੂਟਾ ਸਿੰਘ ਵਿਰੁਧ ਲੋਕਾਂ ਨੂੰ ਬੜਾ ਗੁਸਾ ਸੀ। ਉਹ ਸਰਕਾਰ ਦਾ ਬੜਾ ਝੋਲੀ ਚੁਕ ਅਤੇ ਇਸ ਮਾਮਲੇ ਵਿਚ ਵਕੀਲਾਂ ਵਿਰੁਧ ਰਪੋਟਾਂ ਕਰਨ ਵਾਲਾ ਸਮਝਿਆ ਜਾਂਦਾ ਸੀ। ਗਿਰਜੇ ਨੂੰ ਅਗ ਲਾਣ ਵਾਲਾ ਜਥਾ ਸ: ਬੂਟਾ ਸਿੰਘ ਦੀ ਕੋਠੀ ਤੇ ਵਰਕਸ਼ਾਪ ਵਲ ਨਾਹਰੇ ਲਾਂਦਾ ਚਲਾ ਗਿਆ। ਕਿਹਾ ਜਾਂਦਾ ਹੈ ਕਿ ਸ: ਬੂਟਾ ਸਿੰਘ ਡਰਦਾ ਮਾਰਿਆ ਕਿਲੇ ਵਿਚ ਜਾ ਲੁਕਿਆ ਸੀ। ਮਛਰੀ ਹੋਈ ਭੀੜ ਨੇ ਵਰਕਸ਼ਾਪ ਵਿਚ ਕੁਝ ਨੁਕਸਾਨ ਕੀਤਾ ਫਿਰ ਲੋਕ ਆਪਣੇ ਘਰੋ ਘਰੀਂ ਚਲੇ ਗਏ।

ਸ਼ਾਮ ਤਕ ਕਿਸੇ ਦੇ ਮਾਰੇ ਜਾਣ ਜਾਂ ਫਟੜ ਹੋਣ ਦੀ ਰਪੋਟ ਨਹੀਂ ਹੋਈ। ਨਾ ਹੀ ਕੋਈ ਫਸਾਦ ਹੋਇਆ। ਨਾ ਹੀ ਪੁਲਸ ਨੇ ਕੋਈ ਗ੍ਰਿਫਤਾਰੀ ਕੀਤੀ।

ਲੋਕ ਹੁਣ ਜਲਸੇ ਵਾਲੀ ਥਾਂ ਦਬਾ ਦਬ ਇਕਠੇ ਹੋ ਰਹੇ ਸਨ। ਉਹ ਲਾਲਾ ਲਾਜਪਤ ਰਾਇ ਦਾ ਲੈਕਚਰ ਸੁਣਨ ਦੇ ਬੜੇ ਚਾਹਵਾਨ ਸਨ। ਪਰ ਡਿਪਟੀ ਕਮਿਸ਼ਨਰ ਨੇ ਹੁਕਮ ਦੇ ਕੇ ਜਲਸਾ



Digitized by Panjab Digital Library | www.panjabdigilib.org

ਬੰਦ ਕਰ ਦਿਤਾ। ਲਾਲਾ ਲਾਜਪਤ ਰਾਇ ਤੇ ਉਸ ਦੇ ਸਾਥੀਆਂ ਨੂੰ ਪੁਲਸ ਚੌਕੀ ਵਿਚ ਬੁਲਾ ਕੇ ਇਹ ਸੁਣਾਇਆ ਗਿਆ ਤੇ ਲਾਲਾ ਜੀ ਨੂੰ ਆਖਿਆ ਕਿ ਤੁਸੀਂ ਤੁਰਤ ਰਾਵਲ ਪਿੰਡੀ ਤੋਂ ਚਲੇ ਜਾਵੋ।

੩ ਮਈ ਨੂੰ ਸਵੇਰੇ ਰਾਵਲ ਪਿੰਡੀ ਦਾ ਸੀਨ ਬਿਲਕੁਲ ਬਦਲਿਆ ਹੋਇਆ ਸੀ। ਰਸਾਲੇ ਦੇ ਘੋੜ ਸਵਾਰ ਨੇਜ਼ੇ ਕਸੇ ਹੋਏ ਦੱਗੜ ਦੱਗੜ ਕਰਦੇ ਬਾਜ਼ਾਰ ਵਿਚ ਫ਼ਿਰ ਰਹੇ ਸਨ, ਜਾਣੀਦਾ ਉਨ੍ਹਾਂ ਨੇ ਕਿਸੇ ਪੁਰ ਹਲਾ ਬੋਲਣਾ ਹੈ। ਪੁਲਸ ਦੀਆਂ ਗਾਰਦਾਂ ਬਾਜ਼ਾਰਾਂ ਵਿਚ ਥਾਂ ਥਾਂ ਖੜੋਤੀਆਂ ਸਨ। ਲੋਕੀਂ ਹੈਰਾਨ ਸਨ ਕਿ ਇਥੇ ਕੀ ਭੜਥੂ ਮਚਣ ਵਾਲਾ ਹੈ। ਲਾਲਾ ਲਾਜਪਤ ਰਾਇ ਤਾਂ ਲਾਹੌਰ ਚਲੇ ਗਏ ਸਨ।

ਲਾਲਾ ਹੰਸ ਰਾਜ, ਗੁਰ ਦਾਸ ਰਾਮ, ਅਮੋਲਕ ਰਾਮ ਤੇ ਸਰਦਾਰ ਖਜ਼ਾਨ ਸਿੰਘ ਨੂੰ ਗ੍ਰਿਫਤਾਰ ਕਰ ਕੇ ਟਾਂਗਿਆ ਵਿਚ ਬਿਠਾਕੇ ਰਸਾਲੇ ਦੇ ਘੇਰੇ ਵਿਚ ਰਖਕੇ ਜੇਹਲ ਪਹੁੰਚਾਇਆ ਗਿਆ। ਰਸਾਲੇ ਤੇ ਪੁਲਸ ਦੇ ਵਿਖਾਵੇ ਨਾਲ ਸ਼ਹਿਰ ਵਿਚ ਦਹਿਸ਼ਤ ਫੈਲਾਈ ਗਈ। ਹੁਣ ਧੜਾ ਧੜਾ ਹੋਰ ਗਿਫ਼ਤਾਰੀਆਂ ਆਰੰਭ ਹੋ ਗਈਆਂ। ਪੁਰਾਣੀਆਂ ਜ਼ਾਤੀ ਦੁਸ਼ਮਣੀਆਂ ਨਿਕਲਣ ਲਗੀਆਂ। ਪੁਲਸ ਵਾਲੇ ਮੁਸਲਮਾਣਾਂ ਨੂੰ ਚੁਕ ਚੁਕ ਕੇ ਖਾਸ ਤੌਰ ਪੁਰ ਹਿੰਦੂਆਂ ਤੇ ਸਿਖਾਂ ਪੁਰ ਰਪੋਟਾਂ ਕਰਵਾ ਕੇ ਗ੍ਰਿਫਤਾਰੀਆ ਕਰਦੇ ਸਨ ਤਾਂ ਜੇ ਸਾਰੇ ਮਾਮਲੇ ਪੁਰ ਫਿਰਕੂ ਰੰਗ ਚੜ੍ਹ ਜਾਵੇ। ਫਲਾਣੇ ਆਦਮੀ ਨੇ ਬਾਗ਼ੀ ਨਾਹਰੇ ਲਾਏ। ਇਸ ਤਰ੍ਹਾਂ ਦੀਆਂ ਝੂਠੀਆਂ ਸਚੀਆਂ ਰਪੋਟਾਂ ਨਾਲ ਕੇਵਲ ਗ੍ਰਿਫਤਾਰੀਆਂ ਹੀ ਨਹੀਂ ਕੀਤੀਆਂ ਜਾਂਦੀਆਂ ਸਨ ਬਲਕਿ ਪੁਲਸ ਵਾਲੇ ਤੇ ਉਨ੍ਹਾਂ ਦੇ ਏਜੰਟ ਲੋਕਾਂ ਪਾਸੋਂ ਹਥ ਰੰਗ ਰਹੇ ਸਨ। ਕਿਤਨਾ ਹੀ ਚਿਰ ਉਨ੍ਹਾਂ ਨੇ ਇਸ ਵਪਾਰ ਨੂੰ ਜਾਰੀ ਰਖਿਆ। ਕਾਨੂੰਨ ਦੀ ਰਜ ਕੇ ਮਿਟੀ ਪਲੀਤ ਕੀਤੀ ਗਈ।



Digitized by Panjab Digital Library | www.panjabdigilib.org

ਮੈਨੂੰ ਇਕ ਚੁੰਗੀ ਕਾ ਮੁ ੱਰਰ ਮੁਸਲਮਾਣ ਦੋਸਤ ਸ਼ਰਾਰਤ ਭਰੇ ਹਾਸੇ ਨਾਲ ਕਹਿਣ ਲਗਾ—"ਸੁਣਾ ਹੀਰਾ ਸਿੰਘਾ ਆਖੇਂ ਤਾਂ ਤੁਘੀ ਵੀ ਬੜੇ ਘਰੇ ਨੀ ਸੈਲ ਕਰਾਈ ਦਿਆਂ ?" ਮੈਂ ਅਗੋਂ ਹਸ ਹਸ ਕੇ ਆਖਿਆ—"ਹੋਰ ਕੈ ਲੋੜੀ ਨਾ ? ਤੁਹਾਡੇ ਮਜ਼ਹਬ ਵਿਚ ਦੋਸਤੀ ਇਸੇ ਗਲ ਨਾ ਨਾਂ ਐ ?" ਉਹ ਅਗੋਂ ਸ਼ਰਮਿੰਦਾ ਜਿਹਾ ਹੋ ਕੇ ਬੋਲਿਆ–"ਨਹੀਂ ਯਾਰਾ, ਮੈਂ ਤਾਂ ਐਵੇਂ ਹਾਸਾ ਕੀਤਾ ਐ, ਤੂੰ ਤਾਂ ਮਾੜ੍ਹਾ ਭਰਾ ਏਂ ।"

ਮਗਰੋਂ ਸਾਜ਼ਸ਼,ਫਸਾਦ ਤੇ ਅਗਾਂ ਦੇ ਮੁਕਦਮੇ ਚਲਾਏ ਗਏ। ਮੈਨੂੰ ਯਾਦ ਹੈ ਕਿ ਲਾਲਾ ਬੋਧ ਰਾਜ ਵਕੀਲ ਨੇ ਪੁਲਸ ਦੀਆਂ ਝੂਠੀਆਂ ਬਣਾਉਟਾਂ ਦਾ ਭਾਂਡਾ ਅਜਿਹਾ ਭੰਨਿਆਂ ਕਿ ਲੋਕੀ ਦੰਗ ਰਹਿ ਗਏ । ਵਕੀਲ ਤੇ ਹੋਰ ਬਹੁਤ ਸਾਰੇ ਲੋਕ ਬਰੀ ਹੋ ਗਏ । ਮੈਨੂੰ ਠੀਕ ਯਾਦ ਨਹੀਂ ਪਰ ਮੇਰੇ ਖਿਆਲ ਹੈ ਬਹੁਤ ਥੋੜੇ ਆਦਮੀਆਂ ਨੂੰ ਸਜ਼ਾ ਮਿਲੀ ਸੀ ।

ਗ੍ਰਿਫਤਾਰੀਆਂ ਤੇ ਮੁਕਦਮੇ ਵੇਲੇ ਤਾਂ ਲੋਕਾਂ ਪੁਰ ਬੜੀ ਦਹਿਸ਼ਤ ਪੈ ਗਈ ਸੀ । ਲੋਕੀ ਚੁਪ ਤੇ ਸਹਿਮੇ ੨ ਹੋਏ ਫਿਰਦੇ ਸਨ । ਕਿਸੇ ਨਾਲ ਖੁਲ੍ਹ ਕੇ ਗਲ ਵੀ ਨਹੀਂ ਕਰਦੇ ਸਨ ਪਰ ਮੁਕੱਦਮੇ ਦੇ ਫੈਸਲੇ ਹੋਣ ਤੇ ਰਿਹਾਈਆਂ ਹੋਣ ਪੁਰ ਪੁਲਸ ਦਾ ਪਾਜ ਖੁਲ੍ਹਣ ਮਗਰੋਂ ਇਹ ਡਰ ਕਾਫੀ ਦੂਰ ਹੋ ਗਿਆ ।

ਇਨ੍ਹਾਂ ਦਿਨਾਂ ਵਿਚ ਮੇਰੇ ਦਿਲ ਵਿਚ ਵੀ ਕਈ ਲਹਾਉ ਚੜ੍ਹਾਉ ਆਉਂਦੇ ਰਹੇ ਪਰ ਇਕ ਗਲ ਮੇਰੇ ਦਿਲ ਵਿਚ ਪਕੀ ਹੋ ਗਈ ਕਿ ਰਾਜਸੀ ਸੁਆਲਾਂ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ ਅਤੇ ਆਪਣੇ ਦੇਸ਼ ਦੇ ਕਸ਼ਟਾਂ ਦਾ ਕੋਈ ਉਪਾ ਜ਼ਰੂਰ ਕਰਨਾ ਚਾਹੀਦਾ ਹੈ । ਮੈਂ ਇਉਂ ਮਹਿਸੂਸ ਕਰਦਾ ਸਾਂ ਕਿ ਮੇਰੇ ਦਿਲ ਵਿਚ ਅਜੀਤ ਸਿੰਘ ਦੇ ਲੈਕਚਰ ਤੇ ਮਗਰੋਂ ਦੀਆਂ ਹੋਈਆਂ ਘਟਨਾਵਾਂ ਨੇ ਕੋਈ ਚਿਣਗ-ਚੁਆਤੀ ਲਾ ਦਿਤੀ ਸੀ ।



Digitized by Panjab Digital Library | www.panjabdigilib.org

# ਪਹਿਲੀ ਨਿਸਫਲ ਹੜਤਾਲ ਤੋਂ ਸਿਖਿਆ

੧੯੦੭ ਦਾ ਵਰ੍ਹਾ ਭਾਰਤ ਵਿਚ ਰਾਜਸੀ ਅੰਦੋਲਨਾਂ ਦਾ ਵਰ੍ਹਾ ਪ੍ਰਸਿੱਧ ਹੈ। ਬੰਗਾਲ ਦੀ ਵੰਡ ਦੇ ਕਾਰਨ ਬੰਗਾਲ ਵਿਚ ਕੁਝ ਗੁਪਤ ਇਨਕਲਾਬੀ ਪਾਰਟੀਆਂ ਬਣ ਗਈਆਂ ਸਨ। ਬੰਬਾਂ ਪਸਤੌਲਾਂ ਨਾਲ ਸਰਕਾਰੀ ਅਫ਼ਸਰਾਂ ਦੇ ਕਤਲਾਂ ਦੀਆਂ ਡਰਾਉਣੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਸਨ। ਇਸ ਦੇ ਨਾਲ ਹੀ ਸੁਦੇਸ਼ੀ ਦੀ ਕੌਮੀ ਲਹਿਰ ਵੀ ਜ਼ੋਰ ਨਾਲ ਚਲ ਰਹੀ ਸੀ। ਮੈਨੂੰ ਯਾਦ ਹੈ ਕਿ ਸ: ਸੰਤ ਸਿੰਘ ਵਕੀਲ ਵੀ ਇਨ੍ਹਾਂ ਦਿਨਾਂ ਵਿਚ ਰਾਵਲਪਿੰਡੀ ਵਿਚ ਸੁਦੇਸ਼ੀ ਪ੍ਰਚਾਰ ਦੇ ਲੈਕਚਰ ਦੇਂਦਾ ਹੁੰਦਾ ਸੀ। ਇਸ ਦਾ ਇਕ ਲੈਕਚਰ ਸਰਦਾਰ ਸੁਜਾਨ ਸਿੰਘ ਦੇ ਬਾਗ ਦੇ ਬਾਹਰ-ਬਾਰ ਮੈਦਾਨ ਵਿਚ ਮੈਂ ਵੀ ਸੁਣਿਆ ਸੀ।

ਹੁਣ ਕੁਝ ਦਿਨਾਂ ਤੋਂ ਪੰਜਾਬ ਵਿਚ ਲਾਇਲਪੁਰ ਦੀ ਬਾਰ ਦੇ ਕਿਸਾਨਾਂ ਨੇ ਵਧਿਆ ਮਾਮਲਾ ਘਟਾਉਣ ਤੇ ਨਵੇਂ ਨਹਿਰੀ ਕਾਨੂੰਨ ਨੂੰ ਮਨਸੂਖ ਕਰਾਉਣ ਦਾ ਅੰਦੋਲਨ ਆਰੰਭ ਕਰ ਦਿੱਤਾ ਸੀ। ਸ: ਅਜੀਤ ਸਿੰਘ ਤੇ ਲਾਲਾ ਲਾਜਪਤ ਰਾਇ ਇਸ ਅੰਦੋਲਨ ਦੀ ਅਗਵਾਈ ਕਰ ਰਹੇ ਸਨ। ੨੧ ਅਪਰੈਲ ੧੯੦੭ ਨੂੰ ਰਾਵਲਪਿੰਡੀ ਗੰਜ ਮੰਡੀ ਵਿਚ ਸ: ਅਜੀਤ ਸਿੰਘ ਜੀ ਇਕ ਧੜੱਲੇ-ਦਾਰ ਲੈਕਚਰ ਦੇ ਗਏ ਸਨ। ਅਖ਼ਬਾਰਾਂ ਵਿਚ ਮਜ਼ਦੂਰਾਂ ਦੀ ਉਜਰਤ ਵਧਾਣ ਤੇ ਕਿਸਾਨਾਂ ਦਾ ਮਾਮਲਾ ਘਟਾਉਣ ਦੀਆਂ ਮੰਗਾਂ



Digitized by Panjab Digital Library | www.panjabdigilib.org

ਅਤੇ ਸੁਦੇਸ਼ੀ ਪ੍ਰਚਾਰ ਤੇ ਬੰਗਾਲ ਵਿਚ ਅਨਾਰਕਿਸਟਾਂ ਦੀਆਂ ਸਰਗਰਮੀਆਂ ਦੀਆਂ ਖ਼ਬਰਾਂ ਨੂੰ ਲੋਕ ਬੜੀ ਦਿਲਚਸਪੀ ਨਾਲ ਪੜ੍ਹਦੇ ਸਨ ।

ਇਨ੍ਹਾਂ ਦਿਨਾਂ ਵਿਚ ਮੈਂ ਰਾਵਲਪਿੰਡੀ ਮਿਊਨਸਿਪਲ ਕਮੇਟੀ ਦੇ ਮਹਿਕਮਾ ਚੁੰਗੀ ਵਿਚ ਨੌਕਰ ਸਾਂ । ਉਦੋਂ ਇਥੇ ਚਪੜਾਸੀ ਦੀ ਤਨਖਾਹ ੭ ਰੁਪਏ ਮਹੀਨਾ ਤੇ ਮੁਹੱਰਰ ਦੀ ਤਨਖ਼ਾਹ ੮ ਰੁਪਏ ਮਹੀਨਾ ਸ਼ੁਰੂ ਹੁੰਦੀ ਸੀ । ਮੈਂ ੭ ਰੁਪਏ ਮਹੀਨੇ ਤੋਂ ਇਥੇ ਨੌਕਰੀ ਆਰੰਭ ਕਰ ਕੇ ਹੁਣ ੧੦ ਰੁਪਏ ਮਹੀਨੇ ਤਕ ਅਪੜ ਗਿਆ ਸੀ । ਮਹਿਕਮਾ ਚੁੰਗੀ ਦਾ ਸੁਪਰੰਟੰਡੈਂਤ ਮਿ: ਟੇਲਰ ਇਕ ਅੰਗਰੇਜ਼ ਸੀ । ਮੇਰੇ ਕੰਮ ਪੁਰ ਉਹ ਬੜਾ ਪ੍ਰਸੰਨ ਸੀ ਤੇ ਉਸ ਨੇ ਮੈਨੂੰ ਆਪਣੀ ਪੇਸ਼ੀ ਵਿਚ ਮੁਹੱਰਰ ਲਗਾ ਲਿਆ ਹੋਇਆ ਸੀ ।

ਪਰ ਇਤਨੀ ਥੋੜ੍ਹੀ ਤਨਖਾਹ ਪੁਰ ਕੌਣ ਖੁਸ਼ ਹੋ ਸਕਦਾ ਸੀ ? ਭਾਵੇਂ ਕਾਫ਼ੀ ਸਸਤਭਾਈ ਸੀ । ਇਕ ਰੁਪਏ ਦਾ ਸਵਾ ਸੇਰ, ਡੇਢ ਪਾ ਸੇਰ ਘਿਉ ਵਿਕਦਾ ਸੀ ਅਤੇ ਗੁੜ ਰੁਪਏ ਦਾ ਦਸ ਸੇਰ । ਅਨਾਜ ਵੀ ਕਾਫ਼ੀ ਸਸਤਾ ਸੀ, ਪਰ ਸਤ-ਅੱਠ ਰੁਪਏ ਨਾਲ ਫਿਰ ਵੀ ਕੀ ਬਣ ਸਕਦਾ ਸੀ ? ਇਕਲੇ ਆਦਮੀ ਦਾ ਹੀ ਗੁਜ਼ਾਰਾ ਮੁਸ਼ਕਲ ਨਾਲ ਚਲ ਸਕਦਾ ਸੀ । ਲੋਕਾਂ ਦੀ ਛਿਲ ਲਾਹ ਕੇ "ਉਤੋਂ ਆਮਦਨ" ਬਣਾਕੇ ਹੀ ਬਾਹਲੇ ਮੁਹੱਰਰ ਤੇ ਚਪੜਾਸੀ ਗੁਜ਼ਾਰੇ ਕਰਦੇ ਸਨ । "ਉਤਲੀ ਆਮਦਨ" ਨੂੰ ਲੋਕੀ ਫ਼ਖ਼ਰ ਨਾਲ ਬਿਆਨ ਕਰਦੇ ਹੁੰਦੇ ਸਨ ਪਰ ਮੈਂ ਮੁਢ ਤੋਂ ਹੀ ਭ੍ਰਸ਼ਟਾਚਾਰ ਨੂੰ ਪਾਪ ਸਮਝ ਕੇ ਨਫਰਤ ਕਰਦਾ ਸਾਂ । ਇਨ੍ਹਾਂ ਦਿਨਾਂ ਵਿਚ ਹੀ ਕੁਝ ਮੁਹੱਰਰਾਂ ਦਾ ਭ੍ਰਸ਼ਟਾਚਾਰ ਫੜਿਆ ਗਿਆ ਤੇ ਉਹ ਬਰਖਾਸਤ ਕਰ ਦਿਤੇ ਗਏ ਸਨ ।



Digitized by Panjab Digital Library | www.panjabdigilib.org

ਦੇਸ਼ ਵਿਚ ਨਵੀਂ ਜਾਗਰਤੀ, ਆਰਥਕ ਤੇ ਰਾਜਸੀ ਅੰਦੋਲਨਾਂ ਅਤੇ ਰਾਵਲਪਿੰਡੀ ਵਿਚ ਸਰਦਾਰ ਅਜੀਤ ਸਿੰਘ ਦੇ ਲੈਕਚਰ ਤੋਂ ਪ੍ਰਭਾਵਤ ਹੋ ਕੇ ਮੈਂ ਕੁਝ ਮੁਹੱਰਰਾਂ ਨਾਲ ਗੱਲ ਬਾਤ ਕੀਤੀ ਕਿ ਆਉ ਅਸੀਂ ਵੀ ਰਲ ਮਿਲ ਕੇ ਤਨਖ਼ਾਹ ਵਧਾਉਣ ਦੀ ਮੰਗ ਕਰੀਏ। ਉਹ ਬੜੀ ਖ਼ੁਸ਼ੀ ਨਾਲ ਰਾਜ਼ੀ ਹੋ ਗਏ।

ਓਦੋਂ ਮੈਨੂੰ ਨਾ ਕੋਈ ਰਾਜਸੀ ਸੋਝੀ ਸੀ, ਨਾ ਹੀ ਆਰਥਕ ਮੰਗਾਂ ਬਨਾਉਣ ਤੇ ਇਨ੍ਹਾਂ ਨੂੰ ਪੂਰਾ ਕਰਾਉਣ ਲਈ ਅੰਦੋਲਨ ਕਰਨ ਦਾ ਕੋਈ ਪਤਾ ਸੀ। ਮਜ਼ਦੂਰ ਯੂਨੀਅਨਾਂ ਤੇ ਜਥੇਬੰਦੀਆਂ ਬਣਾ ਕੇ ਕੰਮ ਕਰਨ ਦੀ ਮੈਨੂੰ ਕੁਝ ਵੀ ਵਾਕਫ਼ੀ ਨਹੀਂ ਸੀ। ਅੰਦੋਲਨਾਂ ਦੀ ਹਨੇਰੀ ਨੇ ਮੇਰੇ ਦਿਲ ਵਿਚ ਜੋਸ਼ ਤੇ ਉਭਾਰ ਪੈਦਾ ਕਰ ਦਿੱਤਾ ਸੀ।

੨੯ ਅਪਰੈਲ ੧੯੦੭ ਨੂੰ ਅਸਾਂ ਨੇ ਕੰਪਨੀ ਬਾਗ਼ ਵਿਚ ਇਕਲਵਾਂਜੇ ਜਿਹੇ ਮੁਹੱਰਰਾਂ ਦਾ ਜਲਸਾ ਕੀਤਾ। ਮੈਂ ਖੜੇ ਹੋ ਕੇ ਆਖਿਆ—"ਸਾਰੇ ਦੇਸ਼ ਵਿਚ ਜਾਗਰਤੀ ਪੈਦਾ ਹੋ ਰਹੀ ਹੈ। ਮਜ਼ਦੂਰ, ਕਿਸਾਨ ਆਪਣੀਆਂ ਮੰਗਾਂ ਲਈ ਘੋਲ ਕਰ ਰਹੇ ਹਨ। ਅਸੀਂ ਸੱਤ ਸੱਤ–ਅੱਠ ਅੱਠ ਰੁਪਏ ਤਨਖ਼ਾਹ ਲੈ ਕੇ ਭੁਖੇ ਮਰਦੇ ਹਾਂ। ਜਾਂ ਭ੍ਰਸ਼ਟਾਚਾਰ ਕਰ ਕੇ ਬਦਨਾਨ ਹੁੰਦੇ ਹਾਂ। ਆਓ ਸਾਰੇ ਰਲ ਕੇ ਦਰਖ਼ਾਸਤ ਦਈਏ। ਘਟੋ ਘਟ ੧੫ ਰੁਪਏ ਮੁਹੱਰਰ ਦੀ ਤਨਖ਼ਾਹ ਤੇ ੧੦ ਰੁਪਏ ਚਪੜਾਸੀ ਦੀ ਤਨਖ਼ਾਹ ਦੀ ਮੰਗ ਕਰੀਏ। ਜੇ ਸਰਕਾਰ ਸਾਡੀ ਇਹ ਮੰਗ ਨਾ ਮੰਨੇ ਤਾਂ ਹੜਤਾਲ ਕਰ ਕੇ ਕੰਮ ਛੱਡ ਦਈਏ।" ਦੋ ਤਿੰਨ ਹੋਰ ਮੁਹੱਰਰਾਂ ਨੇ ਮੇਰੀ ਤਾਈਦ ਕੀਤੀ। ਖ਼ੂਬ ਉਤਸ਼ਾਹ ਫੈਲਿਆ। ਉਥੇ ਹੀ ਦਰਖ਼ਾਖਤ ਲਿਖੀ ਗਈ। ਮੇਰਾ ਖਿਆਲ ਹੈ, ਲਗ ਬਗ ੨੦ ਮੁਹੱਰਰਾਂ ਨੇ ਦਸਖਤਿ ਕਰ ਦਿਤੇ। ਜਿਹੜੇ ਨਹੀਂ ਆਏ ਸਨ, ਉਨ੍ਹਾਂ ਤੋਂ



Digitized by Panjab Digital Library | www.panjabdigilib.org

ਚੌਕੀਆਂ ਪੁਰ ਜਾ ਕੇ ਦਸਖਤਿ ਕਰਾ ਲਏ ਗਏ। ਇਕ ਹਫਤੇ ਦਾ ਨੋਟਿਸ ਲਿਖਿਆ ਗਿਆ। ਜੇ ਮੰਗ ਨਾ ਮੰਨੀ ਗਈ ਤਾਂ ਕੰਮ ਛੱਡ ਦੇਣ ਦਾ ਫੈਸਲਾ ਕੀਤਾ ਗਿਆ।

ਹੁਣ ਸੁਆਲ ਪੈਦਾ ਹੋਇਆ ਕਿ ਇਹ ਦਰਖ਼ਾਸਤ ਸੁਪਰੰਟੰਡੈਂਟ ਪਾਸ ਕੌਣ ਜਾ ਕੇ ਪੇਸ਼ ਕਰੇ ? ਮੈਂ ਚਾਹੁੰਦਾ ਸਾਂ ਦਰਖਾਸਤ ਕੋਈ ਹੋਰ ਮੁਹੱਰਰ ਪੇਸ਼ ਕਰੇ। ਮੈਂ ਸਾਹਿਬ ਦੀ ਪੇਸ਼ੀ ਵਿਚ ਲੱਗਾ ਹੋਣ ਕਰ ਕੇ ਕਿਸੇ ਮੌਕੇ ਪੁਰ ਸਾਹਿਬ ਨੂੰ ਇਸ ਦੇ ਮੰਨਣ ਬਾਰੇ ਕਹਿ ਸਕਾਂਗਾ। ਪਰ ਹੋਰ ਕੋਈ ਵੀ ਤਿਆਰ ਨਾ ਹੋਇਆ। ਦਰਖ਼ਾਸਤ ਪੇਸ਼ ਕਰਨ ਦਾ ਗੁਣਾ ਵੀ ਮੇਰੇ ਪੁਰ ਪਿਆ।

ਮੈਂ ਦਰਖ਼ਾਤ ਲੈ ਲਈ, ਸਵੇਰੇ ਦਸ ਵਜੇ ਮੈਂ ਦਫ਼ਤਰ ਗਿਆ। ਜਦੋਂ ਸਾਹਿਬ ਆ ਕੇ ਕੁਰਸੀ ਪੁਰ ਬੈਠਾ, ਮੈਂ ਸਭ ਤੋਂ ਪਹਿਲਾਂ ਉਠ ਕੇ ਇਹ ਦਰਖ਼ਾਸਤ ਸਾਹਿਬ ਦੀ ਮੇਜ਼ ਪੁਰ ਰੱਖ ਦਿੱਤੀ। ਦਰਖ਼ਾਸਤ ਪੜ੍ਹਦਿਆਂ ਹੀ ਉਹ ਲਾਲ ਪੀਲਾ ਹੋ ਗਿਆ ਤੇ ਬੜੇ ਗੁਸੇ ਨਾਲ ਮੈਨੂੰ ਕਹਿਣ ਲੱਗਾ "ਹੀਰਾ ਸਿੰਘ, ਟੁਮਾਰੇ ਸੇ ਐਸੀ ਉਮੈਦ ਨਾ ਥੀ। ਅਬ ਭੀ ਟੁਮ ਅਪਨਾ ਨਾਮ ਕਾਟ ਲੌ, ਟੁਮ ਕੋ ਬਹੁਤ ਫੈਦਾ ਦੇਗਾ। ਵਰਨਾ ਮੌਕੂਫ਼ ਹੋ ਜਾਓਗੇ ਔਰ ਜੇਹਲ ਮੇਂ ਚਲੇ ਚਾਓਗੇ।"

ਮੈਂ ਉਤਰ ਵਿਚ ਆਖਿਆ : "ਨਹੀਂ ਸਾਹਿਬ, ਅਜਿਹਾ ਨਹੀਂ ਹੋ ਸਕਦਾ, ਸਾਰੇ ਗਰੀਬ ਮੁਹੱਰਰਾਂ ਦੀ ਕੁਝ ਤਨਖ਼ਾਹ ਵਧਾ ਦਿਓ। ਮੈਂ ਉਨ੍ਹਾਂ ਦਾ ਸਾਥ ਨਹੀਂ ਛੱਡ ਸਕਦਾ।"

ਸਾਹਿਬ ਗੁਸੇ ਨਾਲ ਦਰਖ਼ਾਸਤ ਲੈ ਕੇ ਬਾਹਰ ਚਲਾ ਗਿਆ। ਸ਼ਾਇਦ ਕਮੇਟੀ ਦੇ ਦਫ਼ਤਰ ਜਾ ਕੇ ਕੁਝ ਮਸ਼ਵਰਾ ਕੀਤਾ ਹੋਵੇਗਾ।



Digitized by Panjab Digital Library | www.panjabdigilib.org

ਸਾਰੇ ਦਫਤਰ ਵਿਚ ਖਲਬਲੀ ਜਿਹੀ ਮਚ ਗਈ। ਮੁਹਰਰਾਂ ਨੂੰ ਡਰਾਵੇ, ਧਮਕੀਆਂ ਤੇ ਲਾਲਚ ਮਿਲਣ ਲਗ ਪਏ। ਸਾਡੀ ਨਾ ਕੋਈ ਜਥੇਬੰਦੀ ਸੀ ਨਾ ਕੋਈ ਐਕਸ਼ਨ ਕਮੇਟੀ। ਨਾ ਹੀ ਆਪਣੀਆਂ ਮੰਗਾਂ ਦਾ ਲੋਕਾਂ ਵਿਚ ਪ੍ਰਚਾਰ ਕਰਕੇ ਕਿਸੇ ਦੀ ਹਮਦਰਦੀ ਜਿਤੀ ਸੀ। ਓਦੋਂ ਇਹ ਸੋਚ ਵੀ ਨਾ ਆਈ ਕਿ ਜੇ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਕੀ ਕਰਾਂਗੇ? ਸਾਡੀ ਥਾਂ ਜੇ ਹੋਰ ਮੁਹੱਰਰ ਲਾ ਲਏ ਗਏ ਤਾਂ ਉਨ੍ਹਾਂ ਨੂੰ ਰੋਕਾਂਗੇ ਜਾਂ ਨਹੀਂ? ਸਾਡੀ ਹੋਰ ਕੌਣ ਮਦਦ ਕਰੇਗਾ? ਅਠਵੇਂ ਦਿਨ ਪਤਾ ਲਗਾ ਕਿ ਇਹ ਨਿਰਾ ਸੋਡੇਵਾਟਰ ਦੀ ਬੋਤਲ ਵਰਗਾ ਆਰਜ਼ੀ ਜਿਹਾ ਉਬਾਲ ਹੀ ਸੀ। ਮੁਕੱਰਰਾ ਤਾਰੀਖ ਪਰ ਕਿਸੇ ਨੇ ਵੀ ਕੰਮ ਨਾ ਛਡਿਆ। ਜਿਹੜੇ ਦੋ ਚਾਰ ਇਸ ਅੰਦੋਲਨ ਦੇ ਮੁਖੀ ਲੀਡਰ ਸਮਝੇ ਗਏ ਸਨ ਉਨ੍ਹਾਂ ਤੋਂ ਮਾਫੀ ਮੰਗਵਾ ਲਈ ਗਈ।

ਹੁਣ ਸਾਹਿਬ ਨੇ ਮੈਨੂੰ ਬੁਲਾ ਕੇ ਪੁਛਿਆ :–

"ਅਬ ਬਟਾਓ, ਟੁਮ ਕਿਆ ਚਾਹਟਾ ਹੈ? ਮਾਫੀ ਮਾਂਗ ਲੋਂ, ਟੁਮ ਕੋ ਪਹਿਲੀ ਜਗ੍ਹਾ ਪੁਰ ਹੀ ਲਗਾ ਲੀਆ ਜਾਏਗਾ।"

ਮੈਂ ਚੁਪ ਕਰਕੇ ਪਹਿਲਾਂ ਹੀ ਲਿਖਿਆ ਹੋਇਆ ਅਸਤੀਫਾ ਸਾਹਿਬ ਦੇ ਅਗੇ ਰਖ ਦਿਤਾ ਤੇ ਆਖਿਆ :—

"ਤੁਹਾਡੀ ਮਿਹਰਬਾਨੀ ਦਾ ਸ਼ੁਕਰੀਆ ਪਰ ਮੈਂ ਹੁਣ ਇਥੇ ਕੰਮ ਨਹੀਂ ਕਰ ਸਕਦਾ। ਬੇਇਜ਼ਤ ਹੋ ਕੇ ਕੰਮ ਕਰਨ ਨਾਲੋਂ ਭੁਖਾ ਮਰਨਾ ਚੰਗਾ ਹੈ।" ਘਰ ਦੀ ਗਰੀਬੀ ਤੇ ਬੇਕਾਰੀ ਦਾ ਮੈਨੂੰ ਪੂਰਾ ਅਹਿਸਾਸ ਸੀ। ਇਹ ਪਹਿਲੀ ਸ੍ਰਕਾਰੀ ਨੌਕਰੀ ਵੀ ਸਫਾਰਸ਼ ਨਾਲ ਪ੍ਰਾਪਤ ਕੀਤੀ ਸੀ ਪਰ ਹੜਤਾਲ ਦੀ ਨਿਸਫਲਤਾ ਅਤੇ ਮੁਹੱਰਰ ਸਾਥੀਆਂ ਦੀ ਇਤਨੀ ਕਮਜ਼ੋਰੀ ਵੇਖ ਕੇ ਮੈਨੂੰ ਬਹੁਤ ਸ਼ਰਮਿੰਦਗੀ



Digitized by Panjab Digital Library | www.panjabdigilib.org

ਮਹਿਸੂਸ ਹੋਈ। ਓਦੋਂ ਮੈਨੂੰ ਉਕੀ ਹੀ ਸੋਝੀ ਨਹੀਂ ਸੀ ਕਿ ਹੜ-ਤਾਲਾਂ ਇਤਨੀਆਂ ਸੌਖੀਆਂ ਸਫਲ ਨਹੀਂ ਹੋਇਆ ਕਰਦੀਆਂ। ਇਨ੍ਹਾਂ ਲਈ ਜਥੇਬੰਦੀ, ਏਕਤਾ ਅਤੇ ਮੰਗਾਂ ਦੇ ਪ੍ਰਚਾਰ ਲਈ ਆਮ ਲੋਕਾਂ ਦੀ ਹਮਦਰਦੀ ਤੇ ਸਹਾਇਤਾ ਦਾ ਪ੍ਰਾਪਤ ਹੋਣਾ ਵੀ ਬੜਾ ਜ਼ਰੂਰੀ ਹੈ। ਮੇਰੀ ਨੌਕਰੀ ਛੁਟ ਗਈ। ਮੈਂ ਅਗੇ ਪਿਛੇ ਨੌਕਰੀ ਲਈ ਹਥ ਪੈਰ ਮਾਰਨ ਲਗ ਪਿਆ ਪਰ ਮੈਂ ਵੇਖਿਆ ਕਿ ਚੁੰਗੀ ਦੇ ਮੁਹੱਰਰ ਤੇ ਚਪੜਾਸੀ ਮੇਰੀ ਅਗੇ ਨਾਲੋਂ ਵਧੇਰੇ ਇਜ਼ਤ ਕਰਨ ਲਗ ਪਏ। ਉਨ੍ਹਾਂ ਦੇ ਇਸ ਸਤਿਕਾਰ ਨਾਲ ਮੈਂ ਆਪਣੀ ਬੇਕਾਰੀ ਦੀ ਤਕਲੀਫ ਨੂੰ ਭੁਲ ਗਿਆ।



Digitized by Panjab Digital Library | www.panjabdigilib.org

# ਪਹਿਲੀ ਹਵਾਲਾਤ ਯਾਤਰਾ

੧੯੧੦ ਵਿਚ ਪਹਿਲੀ ਵੇਰ ਮੈਨੂੰ ਬਰਤਾਨਵੀ ਸਰਕਾਰ ਦੀ ਹਵਾਲਾਤ ਵਿਚ ਇਕ ਦਿਨ ਪਰਾਹੁਣਾ ਬਣਨ ਦਾ ਅਵਸਰ ਮਿਲਿਆ। ਇਉਂ ਸਮਝ ਲੌ ਕਿ ਇਥੋਂ ਮੇਰੇ ਜਿਹਲੀ ਜੀਵਨ ਦਾ ਸਿਰੀ ਗਣੇਸ਼ ਹੋ ਗਿਆ। ਇਹ ਵਾਰਤਾ ਇਸ ਪ੍ਰਕਾਰ ਹੈ।

ਘਰੋਗੀ ਆਰਥਕ ਮਜਬੂਰੀਆਂ ਨੇ ਮੈਨੂੰ ਆਪਣੇ ਪਿਆਰੇ ਵਤਨ, ਕਰੰਗ ਨਦੀ ਦੇ ਪੂਰਬੀ ਕੰਢੇ ਦੀ ਹਰੀ ਭਰੀ ਤੇ ਸੁਹਾਵਣੀ ਧਰਤੀ ਤੋਂ ਧਕ ਕੇ ਗਰਮੀਆਂ ਵਿਚ ਭਠ ਤਪਦੀ ਲਾਇਲਪੁਰ ਦੀ ਬਾਰ ਵਿਚ ਭੇਜ ਦਿਤਾ। ਇਨ੍ਹਾਂ ਦਿਨਾਂ ਵਿਚ ਸਿਖਾਂ ਵਿਚ ਵਿਦਿਆ ਪਰਚਾਰ ਦੀ ਲਹਿਰ ਜ਼ੋਰ ਨਾਲ ਉਠ ਰਹੀ ਸੀ। ਪਹਿਲੀ ਸਿਖ ਵਿੱਦਅਕ ਕਾਨਫਰੰਸ ਗੁਜਰਾਂਵਾਲੇ ਹੋ ਚੁਕੀ ਸੀ ਤੇ ਲਾਇਲਪੁਰ ਵਿਚ ਖ਼ਾਲਸਾ ਹਾਈ ਸਕੂਲ ਖੁਲ੍ਹ ਗਿਆ ਸੀ। ਪਿੰਡਾਂ ਵਿਚ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਸਕੀਮ ਵੀ ਚਲ ਰਹੀ ਸੀ। ਵਿਦਿਆ ਪਰਚਾਰ ਨੂੰ ਧਰਮ ਪਰਚਾਰ ਦਾ ਅੰਗ ਸਮਝਿਆ ਜਾਂਦਾ ਸੀ। ਭਾਵੇਂ ਮੇਰੀ ਗਿਣਤੀ ਉਸ ਵੇਲੇ ਦੇ ਉਨ੍ਹਾਂ ਨੌ ਜਵਾਨਾਂ ਵਿਚੋਂ ਸੀ ਜਿਨ੍ਹਾਂ ਬਾਰੇ ਤੀਵੀਆਂ ਗੀਤ ਗਾਉਂਦੀਆਂ ਹੁੰਦੀਆਂ ਸਨ ਕਿ "ਉਨ੍ਹਾਂ ਕੀ ਬੋਲਣਾ ਜਿਨ੍ਹਾਂ ਮਿਡਲ ਪਾਸ ਨਹੀਂ ਕੀਤਾ" ਅਰਥਾਤ ਮੈਂ ਅਜੇ ਮਿਡਲ ਵੀ ਪਾਸ ਨਹੀਂ ਸੀ ਕਰ ਸਕਿਆ ਪਰ ਭਾ: ਜਗਤ ਸਿੰਘ ਪਰਦੇਸੀ ਪ੍ਰਸਿਧ ਸਿਖ ਪਰਚਾਰਕ ਨੇ ਚਕ ਨੰ:੭੩ ਭਕਨਾ ਝਬਾਲ ਵਿਚ ਪ੍ਰਾਇਮਰੀ ਸਕੂਲ ਖੁਲ੍ਹਾ ਕੇ ਮੈਨੂੰ ਅਧਿਆਪਕ



Digitized by Panjab Digital Library | www.panjabdigilib.org

ਮੁਕੱਰਰ ਕਰ ਦਿਤਾ। ਮਿਡਲ ਪਾਸ ਗਭਰੂ ਦੀ ਚਾਹਵਾਨ ਕਿਸੇ ਮੁਟਿਆਰ ਦਾ ਪ੍ਰੇਮਪਾਤਰ ਤਾਂ ਮੈਂ ਨਾ ਬਣ ਸਕਿਆ ਪਰ ਇਕ ਵਿਦਿਆ ਤੇ ਧਰਮ ਪ੍ਰਚਾਰ ਦੇ ਪ੍ਰੇਮੀ ਨੇ ਮੇਰੇ ਨਾਲ ਉਹ ਪਿਆਰ ਕੀਤਾ ਜਿਸਨੇ ਮੈਨੂੰ ਲੋਕ-ਸੇਵਾ ਦੇ ਰਾਹੇ ਪਾ ਦਿਤਾ।

੧੦ ਰੁਪਏ ਮਹੀਨਾ ਤੇ ਪਰਸ਼ਾਦਾ ਮੇਰੀ ਤਨਖਾਹ ਮੁਕੱਰਰ ਕੀਤੀ ਗਈ। ਭਾਵੇਂ ਤਨਖਾਹ ਥੋੜੀ ਸੀ ਪਰ ਇਥੇ ਇਲਾਕੇ ਵਿਚ ਵਿਦਿਆ ਤੇ ਧਰਮ ਪਰਚਾਰ ਦਾ ਉਤਸ਼ਾਹ ਭਰਪੂਰ ਵਾਯੂ ਮੰਡਲ ਸੀ, ਜਿਥੇ ਮੇਰੀਆਂ ਉਮੰਗਾਂ ਨੂੰ ਵਧਣ ਫੁਲਣ ਦਾ ਬੜਾ ਖੁਲ੍ਹਾ ਮੈਦਾਨ ਨਜ਼ਰ ਆ ਰਿਹਾ ਸੀ। ਇਸ ਕਰ ਕੇ ਮੈਂ ਬੜਾ ਪ੍ਰਸੰਨ ਸਾਂ।

ਵਧੇਰੇ ਆਰਥਕ ਤੰਗੀਆਂ ਮਨੁਖ ਨੂੰ ਵਧੇਰੇ ਧਰਮੀ ਜਾਂ ਇਨਕਲਾਬੀ ਬਣਨ ਵਲ ਧਕ ਦੇਂਦੀਆਂ ਹਨ। ਮੇਰੇ ਦਿਲ ਵਿਚ ਕੁਝ ਬਣਨ ਤੇ ਕੁਝ ਕਰਕੇ ਵਿਖਾਉਣ ਦਾ ਚਾਉ ਉਛਾਲੇ ਮਾਰ ਰਿਹਾ ਸੀ। ਮੈਂ ਸਮਝਦਾ ਸਾਂ ਕਿ ਧਾਰਮਕ ਰਹਿਣੀ ਬਹਿਣੀ ਵਿਚ ਪਰਪੱਕ ਹੋਕੇ ਨਾ ਕੇਵਲ ਆਪਣੀਆਂ ਤੰਗੀਆਂ ਤੋਂ ਛੁਟਕਾਰਾ ਪ੍ਰਾਪਤ ਕਰ ਲਵਾਂਗਾ ਬਲਕੇ ਵਧੇਰੇ ਲੋਕ-ਸੇਵਾ ਦੇ ਮੈਦਾਨ ਵਿਚ ਅਗੇ ਵਧ ਸਕਾਂਗਾ। ਭਜਨੀਕ ਸੰਤ, ਰਹਿਣੀ ਬਹਿਣੀ ਵਿਚ ਪਕੇ ਸਿਖਾਂ ਤੇ ਸਤਿ ਸੰਗੀਆਂ ਨੂੰ ਮਿਲਣ ਗਿਲਣ ਤੇ ਉਨ੍ਹਾਂ ਤੋਂ ਸਿਖਿਆ ਪ੍ਰਾਪਤ ਕਰਨ ਅਤੇ ਸਿਖ ਇਤਹਾਸਕ ਧਰਮ ਅਸਥਾਨਾਂ ਦੇ ਦਰਸ਼ਨਾਂ ਦਾ ਬੜਾ ਸ਼ੌਕ ਸੀ।

ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਦੀ ਖਾਸ ਤੌਰ ਪੁਰ ਬੜੀ ਸਿਕ ਲਗੀ ਰਹਿੰਦੀ ਸੀ। ਬਾਣੀ ਵਿਚ ਵੀ ਪੜ੍ਹਿਆ ਸੀ—"ਡਿਠੇ ਸਭੇ ਥਾਂ ਨਹੀਂ ਤੁਧ ਜੇਹਾ"। ਸੁੰਦਰੀ, ਬਿਜੈ ਸਿੰਘ ਤੇ ਸਿਖ ਇਤਿਹਾਸ ਵਿਚ



Digitized by Panjab Digital Library | www.panjabdigilib.org

ਤਾਂ ਅੰਮ੍ਰਿਤਸਰ ਦੀ ਮਹਿਮਾ ਦਾ ਹਿਸਾਬ ਨਹੀਂ ਸੀ। ਵਗਦੀਆਂ ਤਲਵਾਰਾਂ ਵਿਚ ਸਿਖ ਸ੍ਰੀ ਅੰਮ੍ਰਿਤਸਰ ਦਾ ਅਸ਼ਨਾਨ ਕਰਨ ਚਲੇ ਜਾਂਦੇ ਸਨ ਤੇ ਸ਼ਹੀਦੀਆਂ ਪ੍ਰਾਪਤ ਕਰ ਕੇ ਆਪਣਾ ਜੀਵਨ ਸਫਲ ਸਮਝਦੇ ਸਨ। ਮੈਂ ਦਿਲ ਵਿਚ ਕਹਿੰਦਾ ਸਾਂ–"ਓਹ ਲੋਕ ਕਿਡੇ ਭਾਗਾਂ ਵਾਲੇ ਹਨ ਜੋ ਸ੍ਰੀ ਅੰਮ੍ਰਿਤਸਰ ਵਸਦੇ ਹਨ। ਨਿਤ ਅੰਮ੍ਰਿਤ-ਸਰੋਵਰ ਵਿਚ ਅਸ਼ਨਾਨ ਕਰਦੇ, ਅੰਮ੍ਰਿਤ ਬਾਣੀ ਦਾ ਕੀਰਤਨ ਸੁਣਦੇ। ਅਤੇ ਨਾਮਰਸ ਦੇ ਹੁਲਾਰੇ ਲੈਂਦੇ ਹਨ।" ਮੈਂ ਇਉਂ ਤਸੱਵਰ ਬੰਨ੍ਹ ਰਿਹਾ ਸਾਂ ਕਿ ਜਦ ਕਦੀ ਮੈਂ ਸ੍ਰੀ ਅੰਮ੍ਰਿਤਸਰ ਦੇ ਅਸ਼ਨਾਨ ਕਰਾਂਗਾ, ਅੰਮ੍ਰਿਤ ਵੇਲੇ ਹਰੀ ਮੰਦਰ ਵਿਚ ਅੰਮ੍ਰਿਤ ਭਿੰਨਾ ਕੀਰਤਨ ਸੁਣਾਂਗਾ ਤਾਂ ਮੇਰੀ ਕਾਂਇਆਂ ਪਲਟ ਜਾਏਗੀ। ਮੇਰੇ ਅੰਦਰ ਕੋਈ ਜੋਤ ਜਾਗ ਉਠੇਗੀ। ਅਤੇ ਫਿਰ ਮੈਂ ਕਈ ਲੋਕਾਂ ਦੇ ਜੀਵਨ ਪਲਟ ਦੇਵੇਗਾ। ਮੈਂ ਕਈ ਸਾਖੀਆਂ ਸੁਣੀਆਂ ਸਨ ਕਿ ਸਰੋਵਰ ਦੇ ਅੰਮ੍ਰਿਤ ਤੇ ਹਰੀ ਮੰਦ੍ਰ ਸਾਹਿਬ ਦੇ ਦਰਸ਼ਨ ਨਾਲ ਕਈਆਂ ਦੇ ਜੀਵਨ ਬਦਲ ਜਾਂਦੇ ਸਨ। ਇਤਿਹਾਸ ਵਿਚ ਇਹ ਵੀ ਪੜ੍ਹਿਆ ਸੀ ਕਿ ਅੰਮ੍ਰਿਤ ਸਰੋਵਰ ਵਿਚ ਕਾਂ ਨਹਾ ਕੇ ਹੰਸ ਬਣ ਗਿਆ ਸੀ ਦੇ ਪਿੰਗਲਾ ਨੌ ਬਰ ਨੌ ਹੋ ਗਿਆ ਸੀ! ਇਨ੍ਹਾਂ ਸਾਖੀਆਂ ਨੂੰ ਵੀ ਮੈਂ ਓਦੋਂ ਸਚੀਆਂ ਮੰਨਦਾ ਸਾ।

ਬੜੀਆਂ ਸਧਰਾਂ ਤੇ ਉਮੰਗਾਂ ਨਾਲ ਭਰਿਆ ਹੋਇਆ ਦਿਲ ਲੈ ਕੇ ਦੀਪ ਮਾਲਾ ਦੇ ਮੌਕੇ ਪੁਰ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਬੜੀ ਸ਼ਰਧਾ ਭਗਤੀ ਨਾਲ ਸ੍ਰੀ ਹਰੀ ਮੰਦਰ ਸਾਹਿਬ ਦੇ ਦਰਸ਼ਨ ਤੇ ਅਸ਼ਨਾਨ ਕੀਤੇ। ਦਿਲ ਨੂੰ ਬੜੀ ਸ਼ਾਂਤੀ ਤੇ ਪਰਸੰਨਤਾ ਪ੍ਰਾਪਤ ਹੋਈ ਪਰ ਪਰਕਰਮਾਂ ਵਿਚ ਗੰਦ ਮੰਦ ਸਰੋਵਰ ਦੇ ਕਿਨਾਰੇ ਬੈਠੇ ਪੰਡਤਾਂ ਤੇ ਮੰਗਤਿਆਂ ਦੀ ਭੀੜ ਅਤੇ ਪੁਜਾਰੀਆਂ ਤੇ ਰਾਗੀਆਂ ਦੀਆਂ ਲਾਲਚ ਭਰੀਆਂ ਨਜ਼ਰਾਂ ਤੇ ਲੋਭੀ ਹਰਕਤਾਂ ਵੇਖ



Digitized by Panjab Digital Library | www.panjabdigilib.org

ਕੇ ਦਿਲ ਵਿਚ ਦੁਖ ਵੀ ਬੜਾ ਹੋਇਆ । ਹਰਿਮੰਦਰ ਸਾਹਿਬ ਵਿਚ ਗੁਰੂ ਗਰੰਥ ਸਾਹਿਬ ਦੇ ਤਾਬੇ ਇਕ ੧੦-੧੨ ਵਰ੍ਹੇ ਦੇ ਬਾਲਕ ਨੂੰ ਬੈਠਾ ਵੇਖ ਕੇ ਮੈਂ ਹੈਰਾਨ ਰਹਿ ਗਿਆ । ਪੁਛਣ ਤੋਂ ਪਤਾ ਲਗਾ ਕਿ ਈਹੋ ਭਾਈ ਫਤੇ ਸਿੰਘ ਹੈਡ ਗਰੰਥੀ ਹੈ ਜਿਸ ਨੂੰ ਸਰਕਾਰ ਜਦੀ ਜਾਇਦਾਦ ਦੇ ਮਾਲਕ ਵਾਂਙ ਇਸ ਗਦੀ ਪੁਰ ਬਿਠਾ ਦਿਤਾ ਸੀ ।

ਮਥਰਾ ਤੇ ਬਨਾਰਸ ਦੇ ਪਾਂਡਿਆਂ ਦੀ ਠਗੀ ਦੀਆਂ ਗਲਾਂ ਸੁਣਦਾ ਹੁੰਦਾ ਸਾਂ ਪਰ ਅਜ ਸ੍ਰੀ ਹਰਿ ਮੰਦਰ ਸਾਹਿਬ ਦੇ ਪੁਜਾਰੀਆਂ ਨੂੰ ਵੇਖ ਕੇ ਮੈਂ ਖਿਆਲ ਕੀਤਾ ਇਹ ਵੀ ਉਨ੍ਹਾਂ ਤੋਂ ਘਟ ਨਹੀ ਹਨ । ਇਹ ਧਰਮ ਦੇ ਆਗੂ ਇਨ੍ਹਾਂ ਪਵਿਤਰ ਧਰਮ ਅਸਥਾਨਾਂ ਨੂੰ ਆਪਣੀਆਂ ਦੁਕਾਨਾਂ ਸਮਝ ਰਹੇ ਸਨ । ਮੈਂ ਸੋਚਦਾ ਸਾਂ "ਜੇ ਘਰ ਭੰਨੈ ਪਾਹਰੂ ਤਿਸ ਕੋ ਰਖਵਾਰਾ" ਜੇ ਸਾਡੇ ਧਰਮ ਦੇ ਆਗੂਆਂ ਦਾ ਇਹ ਹਾਲ ਹੈ ਤਾਂ ਸਾਡੇ ਧਰਮ ਦਾ ਰਬ ਹੀ ਰਾਖਾ ! ਗੁਰਦੁਆਰੇ ਪੁਰ ਅਮਲੀ ਤੌਰ ਪੁਰ ਸਰਕਾਰੀਕਬਜ਼ਾ ਸੀ । ਸਰਕਾਰ ਦਾ ਮੁਕੱਰਰ ਕੀਤਾ ਹੋਇਆ ਸਰਬਰਾਹ ਸਰਦਾਰ ਅਰੂੜ ਸਿੰਘ ਹੁਕਮ ਚਲਾਉਂਦਾ ਸੀ ਅਤੇ ਗ੍ਰੰਥੀ ਪੁਜਾਰੀਸਿਖ ਸੰਗਤਾਂ ਦੀ ਰਤਾ ਪਰਵਾਹ ਨਹੀਂ ਕਰਦੇ ਸਨ ।

ਮਲਵਈ ਬੁੰਗੇ ਵਿਹ ਚੀਫ਼ ਖ਼ਾਲਸਾ ਦੀਵਾਨ ਦਾ ਦੀਵਾਨ ਸਜਿਆ ਹੋਇਆ ਸੀ । ਮੈਂ ਉਥੇ ਜਾ ਬੈਠਾ । ਸ਼ਬਦ ਕੀਰਤਨ ਤੇ ਕਥਾ ਮਗਰੋਂ ਉਸ ਵੇਲੇ ਦੀ ਪ੍ਰਸਿੱਧ ਪਰਚਾਰਕਾ ਮਾਈ ਰਾਮ ਕੌਰ ਵਖਿਆਨ ਕਰਨ ਲਗ ਪਈ । ਥੋੜ੍ਹੇ ਚਿਰ ਮਗਰੋਂ ਇਕ ਡਾਢੀ ਦੁਖਦਾਈ ਘਟਨਾ ਵਾਪਰੀ । ਜਿਸ ਨੇ ਸਾਰਾ ਪਰੋਗਰਾਮ ਬਦਲ ਦਿੱਤਾ । ਦੋ ਸਿਖ ਇਕ ਹਿੰਦੂ ਨੂੰ ਪਰਕਰਮਾ ਵਿਚੋਂ ਫੜ ਕੇ ਦੀਵਾਨ ਵਿਚ ਲੈ ਆਏ । ਉਸ ਦੀ ਮੈਲੀ ਜਿਹੀ ਧੋਤੀ ਦੀ



Digitized by Panjab Digital Library | www.panjabdigilib.org

ਗੰਢੜੀ ਵਿਚ ਕੁਝ ਬੱਧਾ ਹੋਇਆ ਸੀ। ਮਾਈ ਰਾਮ ਕੌਰ ਨੇ ਉਹ ਗੰਢੜੀ ਲੈ ਕੇ ਮੇਜ਼ ਪੁਰ ਰੱਖੀ । ਪਤਾ ਲੱਗਾ ਕਿ ਇਸ ਵਿਚ ਪੰਜ-ਛੇ ਸੇਰ ਕੜਾਹ ਪਰਸ਼ਾਦਿ ਬੱਧਾ ਸੀ।

ਮਾਈ ਰਾਮ ਕੌਰ ਨੇ ਡਾਢੀ ਦਰਦ ਭਰੀ ਆਵਾਜ਼ ਵਿਚ ਆਖਿਆ :–

"ਖ਼ਾਲਸਾ ਜੀ, ਇਹ ਜੇ ਸਾਡੇ ਪਵਿੱਤਰ ਗੁਰਧਾਮਾਂ ਦਾ ਹਾਲ ! ਜਾਣਦੇ ਹੋ, ਇਹ ਕੀ ਚੀਜ਼ ਹੈ ? ਇਹ ਪਵਿੱਤਰ ਕੜਾਹ ਪਰਸ਼ਾਦਿ ਹੈ। ਇਹ ਦੂਰ ਦੂਰ ਤੋਂ ਆਈਆਂ ਸੰਗਤਾਂ ਦੀ ਪਵਿੱਤਰ ਸ਼ਰਧਾ ਭਗਤੀ ਹੈ ਜਿਹੜੀ ਇਥੇ ਟਕੇ ਸੇਰ ਵਿਕ ਰਹੀ ਹੈ! ਲਾਲਚੀ ਗਰੰਥੀ ਤੇ ਪੁਜਾਰੀ ਸ਼ਰਧਾ ਭਗਤੀ ਨਾਲ ਚੜ੍ਹਾਏ ਕੜਾਹ ਪਰਸ਼ਾਦ ਨੂੰ ਸੰਗਤਾਂ ਵਿਚ ਵੰਡਦੇ ਨਹੀਂ।ਪਰਸ਼ਾਦ ਚੜ੍ਹਾਉਣ ਵਾਲੇ ਨੂੰ ਥੋੜ੍ਹਾ ਜਿਹਾ ਦੇ ਕੇ ਬਾਕੀ ਸਾਰਾ ਇਕ ਵਡੇ ਕੜਾਹੇ ਵਿਚ ਇਕੱਠਾ ਕਰਦੇ ਰਹਿੰਦੇ ਹਨ ਅਤੇ ਆਨੇ ਦੋ ਆਨੇ ਸੇਰ ਵੇਚ ਕੇ ਪੈਸੇ ਇਕੱਠੇ ਕਰਦੇ ਹਨ। ਵਧਿਆ ਹੋਇਆ ਪਰਸ਼ਾਦ ਆਪਣੇ ਘਰੀਂ ਲਿਜਾ ਕੇ ਕੁਤਿਆਂ ਤੇ ਘੋੜਿਆਂ ਨੂੰ ਪਾਉਂਦੇ ਹਨ। ਸਾਡੀਆਂ ਅਖਬਾਰਾਂ ਗੁਰਦੁਆਰਿਆਂ ਦੀ ਦੁਰਦਸ਼ਾ ਬਾਰੇ ਦੁਹਾਈਆਂ ਪਾ ਰਹੀਆਂ ਹਨ, ਪਰ ਸਰਕਾਰ ਪਰਵਾਹ ਨਹੀਂ ਕਰਦੀ ਅਤੇ ਤੁਸੀਂ ਸੁਤੇ ਪਏ ਹੋ। ਖਾਲਸਾ ਜੀ ਜਾਗੋ, ਜੀਉਂਦੇ ਹੋ ਕੇ ਮਰ ਗਏ ਹੋ ! ਤੁਹਾਡੀ ਖ਼ਾਲਸਈ ਅਣਖ ਕਿਥੇ ਚਲੀ ਗਈ ? ਭਾਈ ਸੁਖਾ ਸਿੰਘ ਤੇ ਮਹਿਤਾਬ ਸਿੰਘ ਨੂੰ ਯਾਦ ਕਰੋ।"

ਮਾਈ ਰਾਮ ਕੌਰ ਦੇ ਇਨ੍ਹਾਂ ਸ਼ਬਦਾਂ ਨੇ ਮੇਰਾ ਕਲੇਜਾ ਵਿੰਨ੍ਹ ਦਿੱਤਾ । ਸੰਗਤ ਵਿਚ ਵੀ ਸਨਾਟਾ ਛਾ ਗਿਆ।

ਮਾਈ ਰਾਮ ਕੌਰ ਦੇ ਲੈਕਚਰ ਮਗਰੋਂ ਇਕ ਦੋ ਲੈਕਚਰ ਹੋਰ ਹੋਏ। ਦੀਵਾਨ ਦੇ ਭੋਗ ਪੈਣ ਮਗਰੋਂ ਮਾਈ ਰਾਮ ਕੌਰ ਦੀ



Digitized by Panjab Digital Library | www.panjabdigilib.org

ਅਗਵਾਈ ਵਿਚ ਇਕ ਜੱਥਾ ਸ਼ਬਦ ਪੜ੍ਹਦਾ ਹੋਇਆ ਪਰਕਰਮਾ ਕਰਨ ਤੇ ਦਰਬਾਰ ਸਾਹਿਬ ਦੇ ਦਰਸ਼ਨਾ ਨੂੰ ਚਲ ਪਿਆ । ਮੈਂ ਬਾਜ਼ਾਰ ਮਾਈ ਸੇਵਾ ਵਿਚੋਂ ਕੁਝ ਪੁਸਤਕਾਂ ਖਰੀਦਣ ਲਈ ਚਲਾ ਗਿਆ ।

ਕੁਈ ਅੱਧੇ ਕੁ ਘੰਟੇ ਮਗਰੋਂ ਬਾਜ਼ਾਰ ਵਿਚ ਰੌਲਾ ਪੈ ਗਿਆ ਕਿ ਮਾਈ ਰਾਮ ਕੌਰ ਦੇ ਜੱਥੇ ਨੂੰ ਹਰੀਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਡਾਂਗਾਂ ਨਾਲ ਕੁਟ ਕੁਟ ਕੇ ਕਈਆਂ ਨੂੰ ਫਟੜ ਕਰ ਦਿਤਾ ਹੈ । ਮਾਈ ਰਾਮ ਕੌਰ ਵੀ ਬੁਰੀ ਤਰ੍ਹਾਂ ਫਟੜ ਹੋ ਗਈ ਹੈ ।

ਸੁਧਾਰਕ ਖਿਆਲ ਦੇ ਸਿੰਘਾਂ ਤੇ ਪੁਜਾਰੀਆਂ ਵਿਚਕਾਰ ਚਿਰ ਤੋਂ ਵਿਰੋਧ ਵਧ ਰਿਹਾ ਸੀ । ਅੱਜ ਖੁਲ੍ਹੇ ਦੀਵਾਨ ਵਿਚ ਮਾਈ ਰਾਮ ਕੌਰ ਵਲੋਂ ਕੜਾਹ ਪਰਸ਼ਾਦਿ ਦੀ ਬੇ-ਅਦਬੀ ਤੇ ਦਰਬਾਰ ਸਾਹਿਬ ਵਿਚ ਪਰਚਲਤ ਕੁਰੀਤੀਆਂ ਵਿਰੁਧ ਧੜੱਲੇਦਾਰ ਵਖਿਆਨ ਨੇ ਉਨ੍ਹਾਂ ਨੂੰ ਸੱਤੀਂ ਕੱਪੜੀਂ ਅੱਗ ਲਾ ਦਿੱਤੀ । ਗਰੰਥੀਆਂ ਤੇ ਪੁਜਾਰੀਆਂ ਨੂੰ ਪਤਾ ਸੀ ਕਿ ਸਦਾ ਵਾਂਗ ਦੀਵਾਨ ਦੀ ਸਮਾਪਤੀ ਮਗਰੋਂ ਮਾਈ ਰਾਮ ਕੌਰ ਜੱਥਾ ਲੈ ਕੇ ਹਰੀਮੰਦਰ ਸਾਹਿਬ ਦਰਸ਼ਨ ਨੂੰ ਆਏਗੀ । ਪੈਰ ਪੁਰ ਬਦਲਾ ਲੈ ਕੇ ਦਿਲ ਠੰਢਾ ਕਰਨ ਲਈ ਉਨ੍ਹਾਂ ਨੇ ਡਾਂਗਾਂ ਸੋਟੇ ਇਕੱਠੇ ਕਰ ਕੇ ਤਿਆਰੀ ਕਰ ਲਈ ਸੀ । ਜਦੋਂ ਸ਼ਬਦ ਪੜ੍ਹਦਾ ਜੱਥਾ ਦਰਸ਼ਨੀ ਡਿਉਢੀ ਵਿਚੋਂ ਲੰਘ ਕੇ ਹਰੀਮੰਦਰ ਸਾਹਿਬ ਦੇ ਸਾਹਮਣੇ ਮੱਥਾ ਟੇਕਣ ਲੱਗਾ ਤੇ ਉਨ੍ਹਾਂ ਪੁਰ ਅਚਨਚੇਤ ਮੀਂਹ ਵਾਂਗ ਡਾਂਗਾਂ ਵਰ੍ਹਨੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਨੂੰ ਸੁਪਨੇ ਵਿਚ ਵੀ ਖਿਆਲ ਨਹੀਂ ਸੀ ਕਿ ਗਰੰਥੀ ਪੁਜਾਰੀ ਅਜਿਹਾ ਕਹਿਰ ਕਮਾਉਣ ਪੁਰ ਉਤਰ ਆਉਣਗੇ, ਪਰ ਉਨ੍ਹਾਂ ਨੂੰ ਡਰ ਕਾਹਦਾ ਸੀ ?



Digitized by Panjab Digital Library | www.panjabdigilib.org

"ਸਈਆਂ ਭਏ ਕੁਤਵਾਲ ਡਰ ਕਾਹੇ ਕਾ"

ਸਰਕਾਰ ਮਾਈ ਬਾਪ ਦਾ ਹੱਥ ਉਨ੍ਹਾਂ ਦੇ ਸਿਰ ਉਪਰ ਸੀ। ਪੁਲਸ ਨੂੰ ਤੇ ਸਥਾਨਕ ਹਾਕਮਾਂ ਨੂੰ ਉਹ ਸਦਾ ਪ੍ਰਸੰਨ ਰੱਖਦੇ ਸਨ। ਸਿਖ ਸੰਗਤਾਂ ਨੂੰ ਉਹ ਟਿਚ ਸਮਝਦੇ ਸਨ। ਇਸ ਬੇਦਰਦੀ ਨਾਲ ਇਕ ਧਰਮ ਪਰਚਾਰਕਾ ਮਾਈ ਤੇ ਗੁਰੂ ਪਿਆਰੇ ਸਿਖਾਂ ਨੂੰ ਗੁਰੂ ਦੀ ਹਜ਼ੂਰੀ ਵਿਚ ਲਹੂ ਲੁਹਾਣ ਕਰ ਕੇ ਉਹ ਝੱਟ ਘੰਟਾ ਘਰ ਦੇ ਪਾਸ ਪੁਲਸ ਚੌਂਕੀ ਵਿਚ ਚਲੇ ਗਏ। ਰਪੋਟ ਲਿਖਾ ਦਿੱਤੀ ਕਿ ਮਾਈ ਰਾਮ ਕੌਰ ਸਿੰਘ ਸਭੀਆਂ ਦਾ ਜੱਥਾ ਲੈ ਕੇ ਗੁਰੂ ਦੀ ਗੋਲਕ ਲੁਟਣ ਆ ਪਈ ਸੀ। ਥਾਣੇਦਾਰ ਸਾਹਿਬ ਨੇ ਪੁਲਸ ਦੀ ਗਾਰਦ ਲੈ ਕੇ ਤੁਰਤ ਮਾਈ ਰਾਮ ਕੌਰ ਨੂੰ ਤੇ ਕੁਝ ਹੋਰ ਦੂਹਰੀਆਂ ਪਗਾਂ ਵਾਲੇ ਸਿਖਾਂ ਨੂੰ ਘੇਰੇ ਵਿਚ ਲੈ ਕੇ ਪੁਲਸ ਚੌਂਕੀ ਵਿਚ ਬੁਲਾ ਲਿਆ।

ਜਦ ਮੈਂ ਬਾਜ਼ਾਰ ਵਿਚ ਇਹ ਸਾਰੀ ਖ਼ਬਰ ਤੇ ਰੌਲਾ ਗੌਲਾ ਸੁਣਿਆਂ ਤਾਂ ਮੈਂ ਵੀ ਝਟ ਪਟ ਭਜਾ ਭਜਾ ਘੰਟਾ ਘਰ ਕੋਲ ਪੁਲਸ ਚੌਂਕੀ ਕੋਲ ਪੁਜਾ। ਉਥੇ ਹੋਰ ਗਰੰਥੀਆਂ ਤੋਂ ਬਿਨਾਂ ਇਕ ਮਧਰੇ ਕਦ ਦਾ ਚਿਲਕਦੇ ਲੰਮੇ ਦਾਹੜੇ ਵਾਲਾ ਗਰੰਥੀ ਸੀ। ਜਿਸ ਦਾ ਦਾਹੜਾ ਧੁਨੀ ਤੋਂ ਹੇਠਾਂ ਤਕ ਲੰਮਾ ਸੀ। ਗਲ ਵਿਚ ਲੋਹੇ ਦੀ ਮਾਲਾ ਤੇ ਹੱਥ ਵਿਚ ਸਿਮਰਨਾ ਸੀ। ਕੜਾਹ ਦੀ ਥਿੰਧਿਆਈ ਨਾਲ ਉਸ ਦਾ ਮੂੰਹ ਚਿਲਕ ਰਿਹਾ ਸੀ। ਮੈਨੂੰ ਵੇਖਦਿਆਂ ਹੀ ਥਾਣੇਦਾਰ ਨੂੰ ਕਹਿਣ ਲੱਗਾ :-"ਲੌ ਜੀ ਔਹ ਆ ਗਿਆ ਜੇ, ਇਹ ਵੀ ਰਾਮ ਕੌਰ ਦੇ ਨਾਲ ਸੀ ਤੇ ਉਚੀ ਉਚੀ ਕਹਿੰਦਾ ਸੀ, "ਫੜ ਲੌ ਗਰੰਥੀਆਂ ਨੂੰ ਤੇ ਲੁਟ ਲੌ ਗੋਲਕ।"

ਮੈਨੂੰ ਪੁਛਣ ਦੀ ਹੁਣ ਕੀ ਲੋੜ ਸੀ। ਝਟ ਮੈਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਮੇਰੇ ਸਣੇ ੨੦-੨੫ ਸਿੰਘਾਂ ਨੂੰ ਘੇਰ ਕੇ ਸ਼ਹਿਰ ਦੀ ਕੋਤਵਾਲੀ ਵਿਚ ਜਾ ਡਕਿਆ।



Digitized by Panjab Digital Library | www.panjabdigilib.org

ਇਹ ਸੀ ਮੇਰੀ ਪਹਿਲੀ ਹਵਾਲਾਟ ਯਾਤਰਾ ! ਹਵਾਲਟ ਕੀ ਸੀ, ਘੋੜਿਆਂ ਦਾ ਅਸਤਬਲ ਸੀ। ਇਕ ਨੁਕਰ ਵਿਚ ਪਸ਼ਾਬ ਤੇ ਟਟੀ ਦਾ ਬੰਦੋਬਸਤ ਸੀ। ਜਿਥੋਂ ਦੇ ਗੰਦ ਤੇ ਬਦਬੂ ਨਾਲ ਨਕ ਸੜ ਰਿਹਾ ਸੀ। ਓਥੇ ਗਲਾਂ ਬਾਤਾਂ ਕਰਨ ਤੋਂ ਪਤਾ ਲਗਾ ਕਿ ਗ੍ਰਿਫਤਾਰ ਹੋਇਆਂ ਵਿਚੋਂ ਅਧਿਆਂ ਤੋਂ ਵਧ ਉਹ ਸਜਨ ਸਨ ਜਿਹੜੇ ਅਜੇ ਪਰਕਰਮਾਂ ਵਿਚ ਵੀ ਨਹੀਂ ਗਏ ਸਨ।

ਗਰੰਥੀਆ ਦਾ ਝੂਠ ਫਰੇਬ ਤੇ ਧਕੇ ਸ਼ਾਹੀ, ਅਤੇ ਪੁਲਸ ਵਲੋਂ ਬਿਨਾ ਪੁਛ ਗਿਛ ਦੇ ਅੰਧਾਂ ਧੁੰਧ ਗ੍ਰਿਫਤਾਰੀ ਵੇਖ ਕੇ ਮੈਂ ਆਖਿਆ—"ਇਸ ਦਾ ਨਾਂ ਹੈ ਅੰਧ ਰਾਜ ਤੇ ਬੇਦਾਦ ਨਗਰੀ" ਸਾਰਾ ਦਿਨ ਅਸੀ ਹਵਾਲਾਟ ਵਿਚ ਭੁਖੇ ਭਾਣੇ ਡਕੇ ਰਹੇ। ਤ੍ਰਿਕਾਲਾਂ ਵੇਲੇ ਸਾਡੇ ਨਾਂ ਪਤੇ ਤੇ ਬਿਆਨ ਲਿਖਣੇ ਸ਼ੁਰੂ ਕੀਤੇ ਗਏ। ਫਿਰ ਥਾਣੇਦਾਰ ਸਾਨੂੰ ਧਮਕੀਆਂ ਦੇ ਕੇ ਕਹਿਣ ਲਗਾ ਕਿ ਮਾਫੀਨਾਮਾ ਲਿਖ ਦਿਓ ਤੁਹਾਨੂੰ ਰਿਹਾ ਕਰ ਦਿਆਂਗਾ।

ਮੈਂ ਪੁਛਿਆ—"ਥਾਣੇਦਾਰ ਸਾਹਿਬ ਡਾਕੇ ਦੇ ਮੁਕੱਦਮੇ ਵਿਚ ਮਾਫੀ ਕੈਸੀ ? ਜੇ ਅਸਾਂ ਡਾਕਾ ਮਾਰਨ ਦਾ ਜੁਰਮ ਕੀਤਾ ਹੈ ਤਾਂ ਸਾਨੂੰ ਚਲਾਨ ਕਰੋ, ਅਸੀਂ ਮੁਕੱਦਮਾ ਲੜਾਂਗੇ।" ਬਿਆਨ ਲਿਖ ਕੇ ਥਾਣੇਦਾਰ ਚਲਦਾ ਹੋਇਆ।

ਘੰਟੇ ਕੁ ਮਗਰੋਂ ਸਾਡੇ ਜ਼ਾਤੀ ਮਚਲਕੇ ਲੈ ਕੇ ਸਾਨੂੰ ਛਡ ਦਿਤਾ ਗਿਆ।

ਮੈਂ ਅੰਮ੍ਰਿਤਸਰ ਸਾਹਿਬ ਬੜੀ ਸ਼ਰਧਾ ਭਗਤੀ ਤੇ ਤਾਂਘ ਨਾਲ ਦਿਲ ਵਿਚ ਆਤਮਕ ਜੋਤ ਜਗਾਉਣ ਦੇ ਆਸ਼ੇ ਨਾਲ ਗਿਆ ਸਾਂ। ਉਹ ਜੋਤ ਨਾ ਜਗੀ ਪਰ ਦਿਲ ਵਿਚ ਇਕ ਲਾਟ ਬਾਲ ਕੇ ਵਾਪਸ ਮੁੜਿਆ, ਇਹ ਲਾਟ ਗੁਰਦੁਆਰਾ ਸੁਧਾਰ ਤੇ ਰਾਜ ਪ੍ਰਬੰਧ ਦੇ ਸੁਧਾਰ ਦੀ ਅਬੁਝ ਅੱਗਨੀ ਸੀ।

ਇਹ ਹੈ ਮੇਰੀ ਪਹਿਲੀ ਹਵਾਲਾਟ ਯਾਤਰਾ ਦੀ ਸੰਖੇਪ ਕਥਾ।



Digitized by Panjab Digital Library | www.panjabdigilib.org

# ਗੁਰੂ-ਰੂਪ ਪੰਜ ਪਿਆਰੇ

ਇਹ ਗਲ ਸ਼ੈਦ ੧੯੧੯ ਦੀ ਹੈ। ਮੈਂ ਇਸ ਸਮੇਂ ਧਾਰਮਕ ਜੀਵਨ ਦੀ ਪਰਪਕੱਤਾ ਦੇ ਦੌਰ ਵਿਚੋਂ ਦੀ ਲੰਘ ਰਿਹਾ ਸਾਂ। ਸੰਤ ਤੇਜਾ ਸਿੰਘ ਅਮਰੀਕਾ ਤੋਂ ਨਵੇਂ ਨਵੇਂ ਵਾਪਸ ਮੁੜੇ ਸਨ। ਇਹ ਧਾਰਮਕ ਤੌਰ ਪੁਰ ਬੜੇ ਉਚੇ ਪ੍ਰਸਿਧ ਸਨ। ਸੰਤ ਅਤਰ ਸਿੰਘ ਜੀ ਦੇ ਨਿਕਟ ਵਰਤੀ ਸਨ। ਰਾਜਸੀ ਤੌਰ ਪੁਰ ਵੀ ਇਹ ਅਗਾਂਹ ਵਧੂ ਤੇ ਆਜ਼ਾਦੀ ਪਸੰਦ ਮਸ਼ਾਹੂਰ ਸਨ। ਕਨੇਡਾ ਵਿਚ ਇਨ੍ਹਾਂ ਨੇ ਪੰਜਾਬੀਆਂ ਨੂੰ ਨਰਕੀ ਟਾਪੂ ਹੰਡੋਰਾਸ ਭੇਜਣ ਤੋਂ ਰੋਕਣ ਵਿਚ ਮਦਦ ਕੀਤੀ ਸੀ। ਹੁਣ ਖਾਲਸਾ ਹਾਈ ਸਕੂਲ ਕਲਰ ਦੇ ਇਹ ਮੋਢੀ ਤੇ ਪ੍ਰਬੰਧਕ ਸਨ। ਇਨ੍ਹਾਂ ਦੀ ਸੰਗਤ ਦੀ ਖਿਚ ਮੈਨੂੰ ਕਲਰ ਵਿਚ ਧੂਹ ਕੇ ਲੈ ਆਈ।

ਓਦੋਂ ਖਾਲਸਾ ਹਾਈ ਸਕੂਲ ਕਲਰ ਦੇ ਹੈਡ ਮਾਸਟਰ ਤਾਰਾ ਸਿੰਘ ਜੀ ਸਨ। ਸ: ਲਾਲ ਸਿੰਘ ਕਮਲਾ ਅਕਾਲੀ, ਗਿ: ਗੁਰਮੁਖ ਸਿੰਘ ਮੁਸਾਫਰ, ਮਾਸਟਰ ਸੁਜਾਨ ਸਿੰਘ ਸਰਹਾਲੀ ਵੀ ਉਥੇ ਅਧਿਆਪਕ ਸਨ। ਸਾਰੇ ਸਕੂਲ ਦੇ ੧੫–੧੬ ਅਧਿਆਪਕਾਂ ਦਾ ਬੜਾ ਸੁਹਣਾ ਹਸਣ-ਖੇਡਣ ਵਾਲਾ ਜੁਟ ਬਣ ਗਿਆ ਸੀ। ਸਕੂਲ ਦਾ ਵਾਯੂ-ਮੰਡਲ ਸੇਵਾ ਦੇ ਉਤਸ਼ਾਹ ਦੇ ਚਾਉ ਨਾਲ ਭਰਪੂਰ ਸੀ। ਸਾਰੇ ਹੀ ਅਧਿਆਪਕ ਕਿਸੇ ਪਿਆਰ ਲੜੀ ਵਿਚ ਪਰੋਤੇ ਦਿਸਦੇ ਸਨ। ਮੈਨੂੰ ਯਕੀਨ ਹੈ ਕਿ ਸਕੂਲੀ ਜੀਵਨ ਇਹ ਪ੍ਰਸੰਨ ਦਿਹਾੜੇ ਅਤੇ ਕਾਂਸ਼ੀ ਨਦੀ ਦੀਆਂ ਸਦਾ ਸੁਹਾਵੀਆਂ



Digitized by Panjab Digital Library | www.panjabdigilib.org

ਕੂਲਾਂ ਦੀਆਂ ਯਾਦਾਂ ਸਾਡੇ ਵਿਚੋਂ ਸ਼ੈਦ ਕਿਸੇ ਨੂੰ ਵੀ ਨਹੀਂ ਭੁਲੀਆਂ ਹੋਣੀਆਂ।

ਛੁਟੀ ਵਾਲੇ ਦਿਨ ਅਸੀਂ ਆਮ ਤੌਰ ਤੇ ਕਾਂਸ਼ੀ ਨਦੀ ਦੀਆਂ ਠੰਢੀਆ ਕੂਲਾਂ ਦੇ ਕਿਨਾਰੇ ਜਾਕੇ ਮੌਜ ਮੇਲੇ ਲਾਂਦੇ ਹੁੰਦੇ ਸਾਂ। ਡੂੰਘੀਆਂ ਢੰਨਾਂ ਵਿਚ ਕਦੀ ਤਾਰੀਆਂ ਲਗਦੀਆਂ, ਕਦੀ ਰੇਤੀ ਵਿਛਾਵਣਿਆਂ ਜਾਂ ਰੁਖਾਂ ਦੀਆਂ ਛਾਵਾਂ ਹੇਠਾਂ ਕਵੀ ਦਰਬਾਰ ਸਜ ਜਾਂਦੇ, ਕਦੀ ਆਪੋ ਵਿਚ ਕੁਸ਼ਤੀਆਂ ਤੇ ਕਦੀ ਕਬੱਡੀਆਂ ਦੇ ਮੈਚ ਹੁੰਦੇ।

ਸਾਵਣ ਦੇ ਦਿਨਾਂ ਵਿਚ ਅੰਬਾਂ ਦੇ ਟੋਕਰੇ ਲੈ ਜਾਂਦੇ। ਕਦੀ ਅੰਬ ਚੂਪਣ ਦੇ ਮੈਚ ਹੁੰਦੇ। ਕਦੀ ਵਧ ਰੋਟੀਆਂ ਖਾਣ ਤੇ ਦੁਧ ਦੀਆਂ ਸ਼ਰਤਾਂ ਲਗਦੀਆਂ। ਮੈਂ ਇਨ੍ਹਾਂ ਮੈਚਾਂ ਤੇ ਸ਼ਰਤਾਂ ਵਿਚ ਵਧ ਚੜ੍ਹ ਕੇ ਹਿਸਾ ਲੈਂਦਾ ਸਾਂ। ਮੈਨੂੰ ਯਾਦ ਹੈ ਇਕ ਵੇਰਾਂ ਮੈਂ ਰੋਟੀਆਂ ਖਾਣ ਤੇ ਇਕ ਵੇਰਾਂ ਦੁਧ ਪੀਣ ਦੀ ਸ਼ਰਤ ਜਿਤੀ ਸੀ। ਤੇ ਇਕ ਵੇਰਾਂ ਆਪਣੇ ਤੋਂ ਦੂਣੇ ਮੋਟੇ ਤਾਜ਼ੇ ਇਕ ਮਾਸਟਰ ਨੂੰ ਢਾਹ ਕੇ ਸਭ ਨੂੰ ਹੈਰਾਨ ਕਰ ਦਿਤਾ ਸੀ। ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਮੁਕਾਬਲਿਆਂ ਵਿਚ ਹਿਸਾ ਲੈਣ ਤੇ ਜਿਤਾਂ ਪ੍ਰਾਪਤ ਕਰਨ ਵਾਲਾ ਜੀਵਨ-ਘੋਲ ਵਿਚ ਵੀ ਜਿਤਾਂ ਪ੍ਰਾਪਤ ਕਰਦਾ ਹੈ।

ਮਾਸਟਰ ਤਾਰਾ ਸਿੰਘ ਜੀ ਝਟਕਾ ਮਹਾਂ ਪ੍ਰਸ਼ਾਦ ਛਕਣ ਦੇ ਬੜੇ ਸ਼ੌਕੀਨ ਸਨ। ਉਹ ਤਾਂ ਇਥੋਂ ਤਕ ਕਹਿੰਦੇ ਹੁੰਦੇ ਸਨ ਕਿ ਜਿਹੜਾ ਸਿਖ ਮਹਾਂ ਪ੍ਰਸ਼ਾਦ ਨਹੀਂ ਛਕਦਾ ਉਹ ਸਿਖ ਨਹੀਂ। ਮੈਨੂੰ ਇਹ ਗਲ ਠੀਕ ਨਹੀਂ ਮਲੂਮ ਹੁੰਦੀ ਸੀ। ਉਨ੍ਹਾਂ ਦਿਨਾਂ ਵਿਚ ਮੈਂ ਉਂਝ ਵੀ ਮਹਾਂ ਪ੍ਰਸ਼ਾਦ ਛਕਣਾ ਛਡਿਆ ਹੋਇਆ ਸੀ। ਮੈਂ ਮਾਸਟਰ ਜੀ ਨਾਲ ਬਹਿਸ ਵਿਚ ਪੈਣੋਂ ਝਕਦਾ ਹੁੰਦਾ ਸਾਂ ਕਿਉਂਕਿ ਉਹ ਬੜੇ ਮੰਤਕੀ ਪ੍ਰਸਿਧ ਸਨ। ਇਸੇ ਕਰਕੇ ਜਿਸ ਦਿਨ ਬਕਰਾ ਜਾਂ ਮੁਰਗਾ



Digitized by Panjab Digital Library | www.panjabdigilib.org

ਝਟਕਾ ਕੇ ਪਿਕਨਿਕ ਮਨਾਉਣ ਦਾ ਪਰੋਗਰਾਮ ਬਣਦਾ, ਮੈ ਜਾਣ ਤੋਂ ਟਾਲਾ ਵਾਲਾ ਕਰ ਦੇਂਦਾ। ਮਾਸਟਰ ਜੀ ਨੂੰ ਅਜੇ ਤਕ ਇਸ ਗਲ ਦਾ ਪਤਾ ਨਹੀਂ ਲਗਾ ਸੀ ਕਿ ਮੈਂ ਮਾਸ ਨਹੀਂ ਛਕਦਾ।

ਮੈਂ ਮਾਸ ਖਾਣਾ ਕਿਉਂ ਛਡਿਆ ਸੀ? ਇਹ ਵੀ ਇਕ ਸੁਆਦਲੀ ਕਹਾਣੀ ਹੈ। ਪੂਰਾ ਧਰਮੀ ਬਣਕੇ ਜੀਵਨ ਵਿਚ ਕੁਝ ਬਣਨ ਤੇ ਕਰਨ ਦਾ ਸ਼ੌਕ ਬਚਪਨ ਤੋਂ ਹੀ ਮੇਰੇ ਦਿਲ ਵਿਚ ਰਚ ਗਿਆ ਸੀ। ੧੯੧੩ ਵਿਚ ਮੈਂ ਰਾਵਲ ਪਿੰਡੀ ਖਾਲਸਾ ਹਾਈ ਸਕੂਲ ਵਿਚ ਧਾਰਮਕ ਟੀਚਰ ਲਗਾ ਹੋਇਆ ਸਾਂ। ਓਦੋਂ ਮੈਂ ਸਮਝਦਾ ਸਾਂ ਕਿ ਧਰਮ ਦੀ ਕਰੜੀ ਤੋਂ ਕਰੜੀ ਪਾਬੰਦੀ ਨੂੰ ਪੂਰਾ ਕਰਨ ਨਾਲ ਹੀ ਸਿਖੀ ਵਿਚ ਪੂਰਨਤਾ ਪ੍ਰਾਪਤ ਹੋ ਸਕਦੀ ਹੈ ਅਤੇ ਧਰਮ ਵਿਚ ਪੂਰਨਤਾ ਪ੍ਰਾਪਤ ਕਰਨ ਵਾਲੇ ਵਿਚ ਰੂਹਾਨੀ ਸ਼ਕਤੀ ਪੈਦਾ ਹੋ ਜਾਂਦੀ ਹੈ।

ਉਨ੍ਹਾਂ ਦਿਨਾਂ ਵਿਚ ਚੀਫ ਖਾਲਸ ਦੀਵਾਨ ਤੇ ਸਿੰਘ ਸਭਾਵਾਂ ਦੇ ਮੁਕਾਬਲੇ ਪੁਰ ਪੰਥ ਖਾਲਸਾ ਦੀਵਾਨ ਭਸੌੜ ਤੇ ਭਾਈ ਰਣਧੀਰ ਸਿੰਘ ਜੀ ਦੇ ਜਥੇ ਨੂੰ ਪਕੇ ਧਰਮੀ ਮੰਨਿਆ ਜਾਂਦਾ ਸੀ। ਇਹ ਰਹਿਤ ਮਰਯਾਦਾ ਦੀ ਪਕਿਆਈ ਤੇ ਧਾਰਮਕ ਪਵਿਤਰਤਾ ਉਪਰ ਬੜਾ ਜ਼ੋਰ ਦੇਂਦੇ ਸਨ। ਇਹ ਚਾਰ ਦੀ ਥਾਂ ਪੰਜ ਕੁਰਹਿਤਾਂ ਦਸਦੇ ਸਨ। ਬੇ ਅੰਮ੍ਰਿਤੀਏ ਦਾ ਜੂਠਾ ਖਾਣਾ ਇਹ ਪੰਜਵੀਂ ਕੁਰਹਿਤ ਗਿਣਦੇ ਸਨ। ਇਸਤ੍ਰੀਆਂ ਨੂੰ ਅੰਮ੍ਰਿਤ ਛਕਾਕੇ ਦਸਤਾਰਾਂ ਸਜਾਂਦੇ ਸਨ ਤੇ ਕਹਿੰਦੇ ਸਨ ਜੇ ਕਿਸੇ ਦੀ ਇਸਤ੍ਰੀ ਨੇ ਅੰਮ੍ਰਿਤ ਨਾ ਛਕਿਆ ਹੋਵੇ ਤਾਂ ਉਸ ਦੇ ਨਾਲ ਹੀ ਉਸ ਦੇ ਪਤੀ ਨੂੰ ਵੀ ਦੁਬਾਰਾ ਅੰਮ੍ਰਿਤ ਛਕਣਾ ਚਾਹੀਦਾ। ਇਹ ਸਰਬ ਲੋਹ ਦੇ ਬਰਤਨ, ਵਰਤਦੇ ਤੇ ਬਿਬੇਕ ਰਖਣ ਪੁਰ ਜ਼ੋਰ ਦਿੰਦੇ ਸਨ। ਪੁਰਾਣੇ ਰਹਿਤ ਨਾਮਿਆਂ ਵਿਚ ਲਿਖਿਆ ਸੀ ਕਿ ਤੁਰਕਣੀ ਦੀ ਸੰਗਤ ਕਰਨੀ



Digitized by Panjab Digital Library | www.panjabdigilib.org

ਕੁਰਹਿਤ ਹੈ ਪਰ ਉਹ ਕਹਿੰਦੇ ਸਨ ਪਰ ਇਸਤ੍ਰੀ ਦੀ ਸੰਗਤ ਕਰਨੀ (ਵਿਭਚਾਰ ਕਰਨਾ) ਕੁਰਹਿਤ ਹੈ । ਇਸੇ ਅਸੂਲ ਮੁਤਾਬਕ ਜਿਨ੍ਹਾਂ ਅੰਮ੍ਰਿਤ ਧਾਰੀ ਸਿੰਘਾਂ ਦੀਆਂ ਇਸਤ੍ਰੀਆਂ ਨੇ ਅੰਮ੍ਰਿਤ ਨਹੀਂ ਸੀ ਛਕਿਆ ਹੁੰਦਾ ਉਨ੍ਹਾਂ ਨੂੰ ਇਹ ਕੁਰਹਿਤੀਏ ਕਰਾਰ ਦੇ ਕੇ ਸਣੇ ਇਸਤ੍ਰੀ ਦੇ ਦੁਬਾਰਾ ਅੰਮ੍ਰਿਤ ਛਕਾਂਦੇ ਸਨ । ਇਸ ਤਰ੍ਹਾਂ ਇਨ੍ਹਾਂ ਨੇ ਕਈ ਕਰੜੀਆਂ ਰਹਿਤਾਂ ਤੇ ਨੇਮ ਪੰਥ ਵਿਚ ਪੇਸ਼ ਕਰ ਕੇ ਲੋਕਾਂ ਦਾ ਧਿਆਨ ਖਿਚ ਲਿਆ ਸੀ ।

ਮੈਨੂੰ ਧਰਮ ਤੇ ਧਾਰਮਕ ਸਿਧਾਤਾਂ ਦਾ ਡੂੰਘਾ ਗਿਆਨ ਨਹੀਂ ਸੀ ਪ੍ਰਰ ਜਿਸ ਤਰ੍ਹਾਂ ਆਮ ਜੀਵਨ ਵਿਚ ਖਤਰੇ-ਭਰਪੂਰ ਕਾਰਜਾਂ ਵਿਚ ਕੁਦ ਕੇ ਮੂਹਰਲੀ ਕਤਾਰ ਵਿਚ ਖੜੇ ਹੋਣ ਲਈ ਮੇਰਾ ਦਿਲ ਉਛਲਦਾ ਰਹਿੰਦਾ ਸੀ, ਇਸੇ ਤਰ੍ਹਾਂ ਧਰਮ ਦੀ ਕਰੜੀ ਤੋਂ ਕਰੜੀ ਮਰਯਾਦਾ ਨੂੰ ਪੂਰਾ ਕਰਨ ਵਿਚ ਪਿਛੇ ਰਹਿਣਾ ਵੀ ਮੈਂ ਆਪਣੀ ਹਤਕ ਤੇ ਕਮਜ਼ੋਰੀ ਸਮਝਦਾ ਸਾਂ । ਇਸ ਵਾਸਤੇ ਜਦੋਂ ਮੈਂ ਬਾਬੂ ਮਲ ਸਿੰਘ ਜੀ ਤੋਂ ਸੰਤ ਰਣਧੀਰ ਸਿੰਘ ਜੀ ਦੀ ਵਡਿਆਈ ਸੁਣੀ ਤੇ ਸਿਖੀ ਵਿਚ ਆਪਣੀਆਂ ਕਮਜ਼ੋਰੀਆਂ ਮਹਿਸੂਸ ਕੀਤੀਆਂ ਤਾਂ ਉਨ੍ਹਾਂ ਦੇ ਦਰਸ਼ਨ ਕਰਨ ਤੇ ਉਨ੍ਹਾਂ ਦੇ ਪਵਿਤ੍ਰ ਹਥੀਂ ਦੁਬਾਰਾ ਅੰਮ੍ਰਿਤ ਛਕਣ ਦਾ ਸ਼ੌਕ ਜਾਗ ਉਠਿਆ ।

ਜਦੋਂ ਮੈਂ ਚਕ ਨੰ: ੭੩ ਝੰਗ ਬ੍ਰਾਂਚ ਭਕਨਾ ਝਬਾਲ (ਲਾਇਲਪੁਰ) ਵਿਚ ਅਧਿਆਪਕ ਸਾਂ ਅਤੇ ਗੁਰਮਤਿ ਪ੍ਰਚਾਰਕ ਜਥੇ ਵਿਚ ਬੜੇ ਉਤਸ਼ਾਹ ਨਾਲ ਕੰਮ ਕਰਦਾ ਹੁੰਦਾ ਸਾਂ ਤਾਂ ਉਥੇ ਕੁਝ ਧਰਮ ਪ੍ਰੇਮੀ ਤੇ ਨੇਕ ਸਜਨ ਮੇਰੇ ਬੜੇ ਗੂੜ੍ਹੇ ਮਿਤਰ ਬਣ ਗਏ ਸਨ । ਉਨ੍ਹਾਂ ਵਿਚੋਂ ਬਾਬੂ ਮਲ ਸਿੰਘ, ਡਾ. ਗੁਰਬਖਸ਼ ਸਿੰਘ ਤੇ ਬਾਬੂ ਤ੍ਰਿਪਤ ਸਿੰਘ ਜੀ ਖਾਸ ਤੌਰ ਪੁਰ ਮੇਰੇ ਨਿਕਟ ਵਰਤੀ ਸਨ ।



Digitized by Panjab Digital Library | www.panjabdigilib.org

ਬਾਬੂ ਮਲ ਸਿੰਘ ਹੁਰਾਂ ਨੇ ਚਕ ਨੰ: ੭੧ ਵਿਚ ਇਕ ਉਚੇਚਾ ਸਮਾਗਮ ਰਚਿਆ। ਸੰਤ ਰਣਧੀਰ ਸਿੰਘ ਜੀ ਦੇ ਜਥੇ ਨੂੰ ਸਦਾ ਾਜਿਆ ਅਤੇ ਅਖੰਡ ਪਾਠ ਰਖਕੇ ਪੂਰਨ ਵਿਧੀ ਨਾਲ ਅੰਮ੍ਰਿਤ ਪ੍ਰਚਾਰ ਕਰਨ ਦਾ ਪ੍ਰਬੰਧ ਕੀਤਾ। ਉਪਰ ਲਿਖੇ ਸਜਨਾਂ ਨੇ ਸਣੇ ਸਿੰਘਣੀਆਂ ਦੇ ਦੁਬਾਰਾ ਅੰਮ੍ਰਿਤ ਛਕਣਾ ਸੀ। ਮੈਨੂੰ ਰਾਵਲਪਿੰਡੀ ਤੋਂ ਉਚੇਚਾ ਇਸ ਸਮਾਗਮ ਪੁਰ ਬੁਲਾਇਆ ਗਿਆ ਤਾਂ ਜੋ ਮੈਂ ਵੀ ਆਪਣੀ ਪੂਰੀ ਤਰ੍ਹਾਂ ਸੁਧਾਈ ਕਰਕੇ ਨਵੇਂ ਸਿਰੇ ਪੂਰਨ ਗੁਰ ਸਿਖਾਂ ਦੇ ਹਥੋਂ ਅੰਮ੍ਰਿਤ ਪਾਨ ਕਰਕੇ ਆਪਣਾ ਜਨਮ ਸਫਲ ਕਰਾਂ।

ਮੈਂ ਬੜੇ ਚਾਉ ਭਰੇ ਦਿਲ ਨਾਲ ਉਥੇ ਪਹੁੰਚ ਗਿਆ। ਅਖੰਡ ਪਾਠ, ਸ਼ਬਦ ਕੀਰਤਨ, ਜਗਯਾਸੂਆਂ ਦਾ ਸਣ-ਕੇਸੀਂ ਅਸ਼ਨਾਨ, ਨਿਤ ਨੇਮ ਆਦਿਕ ਸਭ ਮਰਯਾਦਾਂ ਪੂਰੀ ਵਿਧੀ ਨਾਲ ਕਰਨ ਮਗਰੋਂ ਅੰਮ੍ਰਿਤ ਛਕਾਇਆ ਗਿਆ। ਰਹਿਤ ਮਰਯਾਦਾ ਦੀ ਸਿਖਿਆ ਦੇਣ ਸਮੇਂ ਪੰਜਾਂ ਪਿਆਰਿਆਂ ਦੇ ਜਥੇਦਾਰ ਭਾਈ ਰਣਧੀਰ ਸਿੰਘ ਨੇ ਕੁਰਹਿਤਾਂ ਚਾਰ ਦੀ ਥਾਂ ਪੰਜ ਦਸੀਆਂ। ਇਕ ਕੁਰਹਿਤ ਇਹ ਵੀ ਦਸੀ–"ਮਾਸ ਖਾਣਾਂ ਕੁਰਹਿਤ ਹੈ" ਇਹ ਸੁਣ ਕੇ ਮੈਂ ਹੈਰਾਨ ਹੋ ਗਿਆ। ਮੇਰੇ ਦਿਲ ਪੁਰ ਭਾ: ਰਣਧੀਰ ਸਿੰਘ ਦੇ ਭਜਨੀਕ ਹੋਣ ਦਾ ਬੜਾ ਪ੍ਰਭਾਵ ਪਾਇਆ ਗਿਆ ਸੀ, ਪਰ ਹੁਣ ਮੈਂ ਬੋਲਣੋਂ ਰਹਿ ਨਾ ਸਕਿਆ: "ਜਥੇਦਾਰ ਜੀ, ਮੈਂ ਹੁਣ ਤਕ ਈਹੋ ਪੜ੍ਹਿਆ ਸੁਣਿਆ ਹੈ ਕਿ ਕੁਠਾ ਮਾਸ ਖਾਣਾ ਕੁਰਹਿਤ ਹੈ ਪਰ ਤੁਸੀ ਮਾਸ ਖਾਣ ਹੀ ਨੂੰ ਕੁਰਹਿਤ ਦਸ ਰਹੇ ਹੋ? ਕੀ ਗੁਰੂ ਗੋਬਿੰਦ ਸਿੰਘ ਜੀ ਤੇ ਹੋਰ ਪੁਰਾਤਨ ਸਿੰਘ ਝਟਕਾ ਮਹਾਂ ਪ੍ਰਸ਼ਾਦ ਨਹੀਂ ਛਕਦੇ ਸਨ? ਕੀ ਅੰਮ੍ਰਿਤ ਛਕਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਬਕਰੇ ਨਹੀਂ ਝਟਕਾਏ ਸਨ? ਮੈਂ ਤਾਂ ਕਿਤੇ



Digitized by Panjab Digital Library | www.panjabdigilib.org

ਭੀ ਨਹੀਂ ਪੜ੍ਹਿਆ ਕਿ ਗੁਰੂ ਜੀ ਨੇ ਮਾਸ ਖਾਣਾ ਬੰਦ ਕੀਤਾ ਹੈ ?"

ਭਾਈ ਰਣਧੀਰ ਸਿੰਘ–ਤਵਾਰੀਖਾਂ ਵਿਚ ਬਹੁਤ ਮਿਲਾਵਟ ਹੈ। ਗੁਰੂ ਗੋਬਿੰਦ ਸਿੰਘ ਨੇ ਪੰਜ ਬਕਰੇ ਨਹੀਂ ਸਨ ਝਟਕਾਏ, ਬਲਕਿ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਸਚ ਮੁਚ ਝਟਕਾ ਕੇ ਮੁੜ ਆਪਣੀ ਸ਼ਕਤੀ ਨਾਲ ਸੁਰਜੀਤ ਕੀਤਾ ਸੀ। ਮਹਾਂ ਪ੍ਰਸ਼ਾਦ ਕੜਾਹ ਪ੍ਰਸ਼ਾਦਿ ਨੂੰ ਕਿਹਾ ਜਾਂਦਾ ਹੈ ਨਾ ਕਿ ਮਾਸ ਨੂੰ। ਗੁਰੂ ਗਰੰਥ ਸਾਹਿਬ ਵਿਚ ਮਾਸ ਦੀ ਸਾਫ ਮਨਾਹੀ ਹੈ ਦੇਖੋ :—

ਜੇ ਰਤ ਲਗੈ ਕਪੜੇ ਜਾਮਾ ਹੋਇ ਪਲੀਤੁ।
ਜੋ ਰਤ ਪੀਵਹਿ ਨਾਨਕਾ ਤਿੰਨ ਕਿਉ ਨਿਰਮਲ ਚੀਤੁ।

ਮੈਂ–ਖਿਮਾ ਕਰਨੀ ਜਥੇਦਾਰ ਜੀ, ਮੇਰੀ ਆਪ ਦੇ ਇਸ ਕਥਨ ਨਾਲ ਤਸਲੀ ਨਹੀਂ ਹੋਈ। ਗੁਰਬਾਣੀ ਦੀ ਇਸ ਤੁਕ ਵਿਚ ਵੀ ਮਾਸ ਦੀ ਨਿਖੇਧੀ ਨਹੀਂ ਬਲਕੇ ਜਬਰ ਜ਼ੁਲਮ ਤੇ ਵਧੀਆਂ ਨਾਲ ਮਨੁਖਾਂ ਦੇ ਲਹੂ ਪੀਣ ਦੀ ਨਿਖੇਧੀ ਹੈ।

ਮੇਰੀ ਗਲ ਸੁਣ ਕੇ ਜਥੇਦਾਰ ਸਾਹਿਬ ਜੋਸ਼ ਵਿਚ ਆ ਗਏ ਅਤੇ ਬੋਲੇ :–

"ਤੁਸੀ ਇਥੇ ਜਗਆਸੂ ਦੀ ਹੈਸੀਅਤ ਵਿਚ ਸਿਖੀ ਦੀ ਦਾਤ ਲੈਣ ਲਈ ਗੂਰੂ ਦੇ ਹਜ਼ੂਰ ਆਏ ਹੋ ?

"ਹਾਂ ਜੀ ਠੀਕ ਹੈ।"

"ਪੰਜ ਪਿਆਰੇ ਗੁਰੂ ਹੁੰਦੇ ਹਨ ?"

"ਹਾਂ ਜੀ।"

"ਫਿਰ ਤੁਸੀ ਹੁਜਤਾਂ ਕਰਨੀਆਂ ਛਡ ਦਿਓ, ਅਸੀਂ ਪੰਜ ਪਿਆਰੇ ਗੁਰੂ-ਰੂਪ ਜੋ ਆਪ ਨੂੰ ਹੁਕਮ ਦੇਂਦੇ ਹਾਂ, ਉਹ ਆਪ ਨੂੰ ਮੰਨਣਾ ਪਏਗਾ। ਅਸੀ ਤੁਹਾਨੂੰ ਹੁਕਮ ਦੇਂਦੇ ਹਾਂ ਕਿ ਤੁਸੀ ਮਾਸ



Digitized by Panjab Digital Library | www.panjabdigilib.org

ਨਹੀਂ ਖਾਣਾ। ਮਾਸ ਖਾਓਗੇ ਤਾਂ ਕੁਰਹਿਤੀਏ ਬਣ ਜਾਓਗੇ।"

ਮੈਂ ਚੁਪ ਹੋ ਗਿਆ। ਉਨ੍ਹਾਂ ਦੀ ਇਸ ਗਲ ਦਾ ਮੈਨੂੰ ਓਦੋਂ ਕੋਈ ਉਤਰ ਨਾ ਅਹੁੜਿਆ। ਉਂਞ ਵੀ ਮੈਂ ਭਾਈ ਰਣਧੀਰ ਸਿੰਘ ਦੇ ਧਾਰਮਕ ਪ੍ਰਭਾਵ ਤੋਂ ਕੁਝ ਡਰ ਰਿਹਾ ਸਾਂ। ਮਤਾਂ ਪੰਜ ਪਿਆਰੇ ਗੁਰੂ ਰੂਪ ਮੇਰੇ ਪੁਰ ਨਾਰਾਜ਼ ਹੋਕੇ ਮੈਨੂੰ ਅੰਮ੍ਰਿਤ ਤੋਂ ਵਾਂਝਿਆਂ ਹੀ ਨਾ ਰਖ ਦੇਣ। ਮੈਂ ਸਤਿ ਬਚਨ ਆਖ ਕੇ ਉਨ੍ਹਾਂ ਦਾ ਹੁਕਮ ਪ੍ਰਵਾਨ ਕਰ ਲਿਆ ਅਤੇ ਮਾਸ ਖਾਣਾ ਛਡ ਦਿਤਾ।

ਕਲਰ ਖਾਲਸਾ ਹਾਈ ਸਕੂਲ ਵਿਚ ਰਹਿੰਦਿਆਂ ਸਹਿਜੇ ਸਹਿਜੇ ਮਾਸਟਰ ਤਾਰਾ ਸਿੰਘ ਜੀ ਨੂੰ ਪਤਾ ਲਗ ਗਿਆ ਕਿ ਮੈਂ ਮਾਸ ਨਹੀਂ ਖਾਂਦਾ। ਉਹ ਬੜੇ ਹੈਰਾਨ ਹੋਏ। ਉਹ ਮੇਰੇ ਬੜੇ ਮਿਤਰ ਸਨ। ਉਨ੍ਹਾਂ ਹੋਰ ਮਾਸਟਰਾਂ ਨੂੰ ਕਿਹਾ ਗਿਆਨੀ ਹੀਰਾ ਸਿੰਘ ਦਾ ਇਹ ਭੁਲੇਖਾ ਮੈਂ ਕਢਾਂਗਾ।

ਮਾਟਰ ਤਾਰਾ ਸਿੰਘ ਦੀ ਥੀਊਰੀ ਸੀ ਕਿ ਜੋ ਮਾਸ ਨਹੀਂ ਖਾਂਦਾ ਉਹ ਸਿਖ ਨਹੀਂ। ਇਕ ਦਿਨ ਨਦੀ ਕਿਨਾਰੇ ਜਾ ਕੇ ਬਕਰਾ ਝਟਕਾਉਣ ਤੇ ਛੁਟੀ ਮਨਾਉਣ ਦੀ ਤਜਵੀਜ਼ ਹੋਈ। ਸਕੂਲ ਵਿਚ ਹੀ ਮੇਰੇ ਬਾਰੇ ਗਲ ਛਿੜ ਪਈ। ਮਾਸਟਰਾਂ ਨੇ ਮਾਸਟਰ ਤਾਰਾ ਸਿੰਘ ਨੂੰ ਕਿਹਾ ਕਿ ਮੈਂ ਪਿਕ ਨਿਕ ਵਿਚ ਸ਼ਾਮਲ ਨਹੀਂ ਹੋਣਾ ਕਿਉਂਕਿ ਮੈਂ ਮਾਸ ਨਹੀਂ ਖਾਂਦਾ।

ਮਾਸਟਰ ਤਾਰਾ ਸਿੰਘ ਜੀ ਨੇ ਮੈਨੂੰ ਪੁਛਿਆ—ਕੀ ਗਲ ਹੈ ? ਤੁਸੀ ਕਦੋਂ ਤੋਂ ਅਹਿੰਸਾ ਵਾਦੀ ਬਣ ਗਏ ? ਮੈਂ ਤਾਂ ਤੁਹਾਨੂੰ ਇਕ ਸੂਰਬੀਰ ਖਾਲਸਾ ਸਮਝਦਾ ਸਾਂ ?

"ਮੈਂ ਅਹਿੰਸਾ ਵਾਦੀ ਨਹੀਂ ਹਾਂ, ਮਾਸਟਰ ਜੀ" ਮੈਂ ਉਤਰ ਵਿਚ ਕਿਹਾ—"ਲੋੜ ਪੈਣ ਤੇ ਮੈਂ ਮੈਦਾਨ ਜੰਗ ਵਿਚ ਜ਼ਾਲਮਾਂ ਵਿਰੁਧ ਲੜਨ ਲਈ ਹਰ ਵੇਲੇ ਤਿਆਰ ਹਾਂ।"



Digitized by Panjab Digital Library | www.panjabdigilib.org

"ਫਿਰ ਕੀ ਗਲ ਹੈ ? ਕੀ ਮਾਸ ਖਾਣਾ ਤੁਸੀਂ ਪਾਪ ਸਮਝਦੇ ਹੋ ?"

ਮੈਂ ਸੋਚਣ ਲਗ ਪਿਆ ਫਿਰ ਆਖਿਆ "ਇਹ ਗਲ ਤਾਂ ਨਹੀਂ।"

"ਮੇਰਾ ਖਿਆਲ ਹੈ ਤੁਸੀ ਜਦੋਂ ਲਾਇਲਪੁਰ ਰਹਿੰਦੇ ਸੀ ਮੈਨੂੰ ਮਿਲਦੇ ਹੁੰਦੇ ਸੀ, ਸਾਡੇ ਘਰ ਵੀ ਆਉਂਦੇ ਹੁੰਦੇ ਸੀ ਤੇ ਮਾਸ ਛਕਦੇ ਹੁੰਦੇ ਸੀ ?"

"ਇਹ ਵੀ ਠੀਕ ਹੈ।"

"ਫਿਰ ਇਹ ਤੁਹਾਨੂੰ ਕੀ ਬੀਮਾਰੀ ਚੰਬੜ ਗਈ, ਖੋਲ੍ਹ ਕੇ ਕਿਉਂ ਨਹੀਂ ਦਸਦੇ ?"

ਹੁਣ ਮੈਂ ਮਾਸਟਰ ਜੀ ਨੂੰ ਸਾਰੀ ਗਲ ਖੋਲ੍ਹ ਕੇ ਦਸ ਦਿਤੀ ਕਿ ਕਿਸ ਤਰ੍ਹਾਂ ਮੈਂ ਸਿਖੀ ਵਿਚ ਪੂਰਨਤਾ ਪ੍ਰਾਪਤ ਕਰਨ ਦੀ ਲਗਨ ਵਿਚ ਬਾਰ ਵਿਚ ਭਾਈ ਰਣਧੀਰ ਸਿੰਘ ਤੋਂ ਅੰਮ੍ਰਿਤ ਛਕਣ ਗਿਆ ਸਾਂ ਤੇ ਕਿਸ ਤਰ੍ਹਾਂ ਭਾਈ ਰਣਧੀਰ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਗੁਰੂ-ਰੂਪ ਦਸ ਕੇ ਮੈਨੂੰ ਹੁਕਮ ਦੇ ਕੇ ਮਾਸ ਖਾਣਾ ਬੰਦ ਕੀਤਾ ਸੀ। ਮੈਂ ਕਿਹਾ—"ਮੈਂ ਹੁਣ ਗੁਰੂ-ਰੂਪ ਪੰਜ ਪਿਆਰਿਆਂ ਦੇ ਹੁਕਮ ਦਾ ਬਧਾ ਹਾਂ, ਇਹ ਹੁਕਮ ਤੋੜਕੇ ਮੈਂ ਕਿਵੇਂ ਮਾਸ ਖਾਵਾਂ ?"

ਇਹ ਸੁਣ ਕੇ ਮਾਸਟਰ ਤਾਰਾ ਸਿੰਘ ਜੀ ਖਿੜ ਖਿੜਾ ਕੇ ਹਸ ਪਏ। ਫਿਰ ਬੋਲੇ ਮੈਂ ਤੁਹਾਡੇ ਪਕੇ ਸਿਖੀ ਵਿਸ਼ਵਾਸ ਪੁਰ ਬਹੁਤ ਖੁਸ਼ ਹਾਂ। ਤੁਸੀ ਹੁਣ ਵੀ ਇਹ ਗਲ ਮੰਨਦੇ ਹੋ ਨਾ ਕਿ ਪੰਜ ਪਿਆਰੇ ਗੁਰੂ-ਰੂਪ ਹੁੰਦੇ ਹਨ ਤੇ ਉਨ੍ਹਾਂ ਦਾ ਹੁਕਮ ਮੰਨਣਾ ਚਾਹੀਦਾ ਹੈ ?



Digitized by Panjab Digital Library | www.panjabdigilib.org

ਮੈਂ ਕਿਹਾ–"ਹਾਂ ਜੀ ਕਿਉਂ ਨਹੀਂ ਮੰਨਦਾ।"

ਹਛਾ ਤਾਂ ਚਲੋ ਗੁਰਦੁਆਰੇ ਵਿਚ।ਸਣੇ ਹੋਰ ਸਾਰੇ ਮਾਸਟਰਾਂ ਦੇ, ਮੈਨੂੰ ਮਾਸਟਰ ਜੀ ਗੁਰਦੁਆਰੇ ਵਿਚ ਲੈ ਗਏ । ਚਾਰ ਹੋਰ ਤਿਆਰ ਬਰ ਤਿਆਰ ਸਿਖ ਮਾਸਟਰਾਂ ਨੂੰ ਲੈ ਕੇ ਮਾਸਟਰ ਜੀ ਗੁਰੂ ਸਾਹਿਬ ਤਾਬੇ ਬੈਠ ਗਏ। ਅਰਦਾਸਾ ਕਰਕੇ ਮਾਸਟਰ ਜੀ ਖੜੇ ਹੋ ਕੇ ਮੈਨੂੰ ਸੰਬੋਧਨ ਕਰਕੇ ਬੋਲੇ:—

"ਗਿਆਨੀ ਹੀਰਾ ਸਿੰਘ, ਸੁਣੋ, ਅਸੀ ਪੰਜ ਪਿਆਰੇ ਗੁਰੂ ਰੂਪ, ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਤੁਹਾਨੂੰ ਹੁਕਮ ਦੇਂਦੇ ਹਾਂ ਕਿ ਤੁਸੀ ਮਾਸ ਜ਼ਰੂਰ ਖਾਇਆ ਕਰੋ ਕਿਉਂਕਿ ਜੋ ਸਿਖ ਝਟਕਾ ਮਾਸ ਨਹੀਂ ਖਾਂਦੇ ਉਹ ਸਿਖ ਨਹੀਂ ਹੁੰਦੇ।

ਇਹ ਸੁਣ ਕੇ ਮੇਰੀਆਂ ਅਖਾਂ ਖੁਲ੍ਹ ਗਈਆਂ। ਮਾਸਟਰ ਜੀ ਦੀ ਅਮਲੀ ਦਲੀਲ ਨੇ ਮੈਨੂੰ ਮੇਰੀ ਭੁਲ ਸਾਫ ਕਰ ਦਿਤੀ ਮੈਂ ਮਹਿਸੂਸ ਕੀਤਾ ਕਿ ਭਾਈ ਰਣਧੀਰ ਸਿੰਘ ਜੀ ਨੇ ਓਦੋਂ ਪੰਜ ਪਿਆਰਿਆਂ ਵਿਚ ਗੁਰੂ-ਰੂਪ ਦਾ ਅਧਿਕਾਰ ਮੰਨ ਕੇ ਜੋ ਮੈਨੂੰ ਹੁਕਮ ਦਿਤਾ ਸੀ ਉਹ ਉਨ੍ਹਾਂ ਦੇ ਅਖਤਿਆਰ ਤੋਂ ਬਾਹਰ ਸੀ। ਮਾਸਟਰ ਜੀ ਨੇ ਤਾਂ ਇਕ ਠੋਸ ਦਲੀਲ ਨਾਲ ਮੇਰਾ ਭੁਲੇਖਾ ਕਢਣ ਲਈ ਇਹ ਸਾਰਾ ਪ੍ਰਬੰਧ ਕੀਤਾ ਸੀ । ਮੈਨੂੰ ਯਕੀਨ ਹੈ ਮਾਸਟਰ ਜੀ ਇਹ ਗਲ ਨਹੀਂ ਮੰਨਦੇ ਹੋਣਗੇ ਕਿ ਪੰਜ ਪਿਆਰੇ ਗੁਰੂ-ਰੂਪ ਬਣ ਕੇ ਹਰ ਕਿਸਮ ਦੇ ਹੁਕਮ ਦੇ ਸਕਦੇ ਹਨ।

ਖੈਰ ਉਸ ਦਿਨ ਤੋਂ ਮੈਂ ਮਾਸ ਖਾਣਾ ਤਾਂ ਆਰੰਭ ਕਰ ਦਿਤਾ ਪਰ ਇਤਹਾਸ, ਬਾਣੀ ਤੇ ਸਿਧਾਂਤਾਂ ਦੇ ਮੁਤਾਲਿਆ ਮਗਰੋਂ ਮੈਂ ਇਸ ਨਤੀਜੇ ਪੁਰ ਪੁਜ ਗਿਆ ਕਿ ਮਾਸ ਦੇ ਖਾਣ ਜਾਂ ਨਾ ਖਾਣ ਦਾ ਧਰਮ ਨਾਲ ਕੋਈ ਸਬੰਧ ਨਹੀਂ। ਇਹ ਇਕ ਖੁਰਾਕ ਦਾ



Digitized by Panjab Digital Library | www.panjabdigilib.org

ਮਸਲਾ ਹੈ। ਇਸ ਦਾ ਸਬੰਧ ਵਧੇਰੇ ਸਿਹਤ ਤੇ ਨਿਜੀ ਰੁਚੀਆਂ ਨਾਲ ਹੈ।

ਗੁਰੂ, ਪੰਜ ਪਿਆਰੇ ਅਤੇ ਸਿਖ ਮਰਯਾਦਾ ਦੀਆਂ ਰਹਿਤਾਂ ਤੇ ਨੇਮਾਂ ਉਪਰ ਮੈਂ ਮਗਰੋਂ ਸਮਾਜਕ ਤੇ ਇਤਿਹਾਸਕ ਤੌਰ ਪੁਰ ਵਿਚਾਰ ਕਰਦਾ ਰਿਹਾ।

ਬੁਧ, ਈਸਾਈ, ਇਸਲਾਮ ਤੇ ਹਿੰਦੂ ਮਤਿ ਦੇ ਇਤਹਾਸ ਵੀ ਪੜ੍ਹੇ, ਜਿਸ ਤੋਂ ਮੈਂ ਇਸ ਸਿਟੇ ਪੁਰ ਪੁਜਿਆ ਕਿ ਹਰ ਇਕ ਮਜ਼ਹਬੀ ਪ੍ਰਥਾ ਤੇ ਰਵਾਜ ਉਪਰ ਸਮਾਜਕ ਤੇ ਇਤਿਹਾਸਕ ਅਸਰ ਪੈਂਦੇ ਰਹਿੰਦੇ ਹਨ ਤੇ ਇਨ੍ਹਾਂ ਵਿਚ ਤਬਦੀਲੀਆਂ ਵੀ ਹੁੰਦੀਆਂ ਰਹਿੰਦੀਆਂ ਹਨ। ਆਰਥਕ ਜਮਾਤਾਂ ਧਰਮ ਤੇ ਮਜ਼ਹਬ ਦੇ ਰਵਾਜਾਂ ਨੂੰ ਆਪਣੇ ਲਾਭ ਲਈ ਖੁਲ੍ਹੇ ਦਿਲ ਵਰਤਦੀਆਂ ਰਹਿੰਦੀਆਂ ਹਨ ਅਤੇ ਲੋਕਾਂ ਨੂੰ ਗੁਮਰਾਹੀਆਂ ਵਿਚ ਪਾ ਕੇ ਲਾਭ ਉਠਾਂਦੀਆਂ ਰਹਿੰਦੀਆਂ ਹਨ। ਧਰਮ ਦਾ ਤੱਤ ਤੇ ਰੂਪ ਦੋਹਾਂ ਨੂੰ ਚੰਗੀ ਤਰ੍ਹਾਂ ਸਮਝਣ ਨਾਲ ਹੀ ਅਸਲੀਅਤ ਲਭ ਸਕਦੀ ਹੈ। ਕੇਵਲ ਪਰਤੱਖ ਦਿਸਦੇ ਮਜ਼ਹਬੀ ਰੂਪਾਂ ਨਾਲ ਕਾਫ਼ੀ ਭੁਲੇਖੇ ਤੇ ਗੁਮਰਾਹੀਆਂ ਫੈਲਾਈਆਂ ਜਾਂਦੀਆਂ ਹਨ।



Digitized by Panjab Digital Library | www.panjabdigilib.org

# ਅਖੰਡ ਪਾਠ ਕਰਾਉਣ ਦਾ ਅਪਰਾਧ

ਆਰਥਕ ਸਿਧਾਂਤਾਂ ਦੀ ਵਿਗਆਨਕ ਸੋਝੀ ਤੋਂ ਪਹਿਲਾਂ ਧਰਮ ਹੀ ਰਾਜਸੀ ਤੇ ਆਰਥਕ ਘੋਲਾਂ ਦਾ ਸਾਧਨ ਬਣਿਆ ਰਹਿੰਦਾ ਹੈ। ਜਨਤਾ ਰਾਜਸੀ ਤੇ ਆਰਥਕ ਕਸ਼ਟਾਂ ਤੋਂ ਬਚਨ ਲਈ ਧਰਮ ਦਾ ਆਸਰਾ ਲੈਂਦੀ ਹੈ ਅਤੇ ਹਾਕਮ ਤੇ ਰਾਜੇ ਵੀ ਲੋਕਾਂ ਨੂੰ ਗੁਲਾਮ ਬਣਾਈ ਰਖਣ ਤੇ ਉਨ੍ਹਾਂ ਦੀ ਲੁਟ ਖਸੁਟ ਕਰਦੇ ਰਹਿਣ ਲਈ ਧਰਮ ਜਾਂ ਮਜ਼ਹਬ ਦਾ ਆਸਰਾ ਲੈਂਦੇ ਹਨ। ਉਹ ਧਰਮ ਅਸਥਾਨ, ਧਾਰਮਕ ਆਗੂਆਂ ਤੇ ਜਥੇਬੰਦੀਆਂ ਨੂੰ ਆਪਣੇ ਪਖ ਵਿਚ ਰਖਣ ਲਈ ਸਭ ਤਰ੍ਹਾਂ ਦੇ ਜਬਰ ਕਰਦੇ ਰਹਿੰਦੇ ਹਨ।

ਜੇ ਕੋਈ ਆਜ਼ਾਦੀ ਪਸੰਦ ਆਦਮੀ ਧਰਮ ਭਾਵ ਜਾਂ ਦੇਸ਼ ਭਗਤਾਂ ਨਾਲ ਹਮਦਰਦੀ ਦੇ ਆਸ਼ੇ ਨਾਲ ਕੋਈ ਧਾਰਮਕ ਰਸਮ ਕਰੇ ਤਾਂ ਹਾਕਮ ਜਮਾਤ ਨੂੰ ਉਸ ਵਿਚੋਂ ਬਗ਼ਾਵਤ ਦੀ ਬੂ ਆਉਣ ਲਗ ਪੈਂਦੀ ਹੈ।

ਇਤਹਾਸ ਵਿਚੋਂ ਕਈ ਅਜਿਹੀਆਂ ਮਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਪਰ ਮੇਰੇ ਆਪਣੇ ਹਡ ਵਰਤੀ ਵੀ ਇਕ ਈਹੋ ਜਿਹੀ ਦਿਲ ਚਸਪ ਕਹਾਣੀ ਹੈ, ਜਿਸ ਨੂੰ ਯਾਦ ਕਰਕੇ ਮੈਂ ਕਈ ਵੇਰ ਹਸਦਾ ਹਾਂ। ਇਸ ਨੂੰ ਪੜ੍ਹ ਕੇ ਇਸ ਸਮੇਂ ਦੇ ਪਾਠਕਾਂ ਨੂੰ ਪਤਾ ਲਗੇਗਾ ਕਿ ਅਜ ਤੋਂ ੪੦ ਵਰ੍ਹੇ ਪਹਿਲਾਂ ਅੰਗਰੇਜ਼ੀ ਰਾਜ ਦੇ ਸਮੇਂ ਕਿਸ ਤਰ੍ਹਾਂ ਗਲ ਗਲ ਵਿਚ ਅੰਗਰੇਜ਼ ਹਾਕਮ ਬਗਾਵਤ ਨੂੰ ਸੁੰਘ ਕੇ ਤ੍ਰਹਿ ਉਠਦੇ ਸਨ। ਉਨ੍ਹਾਂ ਨੇ ਧਰਮ ਅਸਥਾਨਾਂ ਤੇ



Digitized by Panjab Digital Library | www.panjabdigilib.org

ਧਾਰਮਕ ਆਗੂਆਂ ਨੂੰ ਵੀ ਕਾਬੂ ਕੀਤਾ ਹੋਇਆ ਸੀ ਅਤੇ ਉਹ ਉਕਾ ਪਸੰਦ ਨਹੀਂ ਕਰ ਸਕਦੇ ਸਨ ਕਿ ਕੋਈ ਧਾਰਮਕ ਸਮਾਗਮ ਉਨ੍ਹਾਂ ਦੇ ਰਾਜ ਵਿਚ ਉਨ੍ਹਾਂ ਦੀ ਰਜ਼ਾ ਦੇ ਉਲਟ ਹੋਵੇ। ਪ੭ ਦੇ ਗਦਰ ਤੋਂ ਸ਼ੈਦ ਉਨ੍ਹਾਂ ਦੇ ਕੰਨ ਵਧੇਰੇ ਖੜੇ ਹੋਏ ਹੋਏ ਸੀ।

੧੯੧੪ ਵਿਚ ਮੈਂ ਇਕ ਵੇਰਾਂ ਅੰਗਰੇਜ਼ ਹਾਕਮਾਂ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਦੇਸ਼ ਭਗਤ ਸਿਖਾਂ ਦੀ ਹਮਦਰਦੀ ਤੇ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਅਖੰਡ ਪਾਠ ਕਰਾਇਆ ਸੀ। ਇਸੇ ਅਪਰਾਧ ਵਿਚ ਮੈਨੂੰ ਇਕ ਰਾਤ ਥਾਣੇ ਹਵਾ ਖਾਣੀ ਪਈ ਸੀ ਅਤੇ ਅੰਗਰੇਜ਼ ਹਾਕਮਾਂ ਦੀ ਸਚੀ ਤੇ ਹੈਂਕੜੀ ਰੁਚੀ ਦਾ ਤਜਰਬਾ ਹੋਇਆ ਸੀ। ਇਲਾਕੇ ਦੇ ਸਿਖ ਥਾਣੇਦਾਰ ਨੇ ਮੈਨੂੰ ਗ੍ਰਿਫਤਾਰ ਕਰ ਕੇ ਲੈ ਗਿਆ ਤੇ ਲਾਇਲਪੁਰ ਦੇ ਅੰਗਰੇਜ਼ ਪੁਲਸ ਸੁਪ੍ਰੰਡੰਟ ਦੇ ਜਾ ਪੇਸ਼ ਕੀਤਾ ਪਈ ਹੀਰਾ ਸਿੰਘ ਨੇ ਉਸ ਦੇ ਇਲਾਕੇ ਵਿਚ ਅਖੰਡ ਪਾਠ ਕਰਕੇ ਬਗਾਵਤ ਦਾ ਝੰਡਾ ਖੜਾ ਕਰ ਦਿਤਾ ਹੈ। ਈਹੋ ਜਿਹੇ ਸਿਖ ਹਾਕਮ ਅੰਗਰੇਜ਼ਾਂ ਨੇ ਖਰੀਦ ਕੇ ਆਪਣੇ ਹਥ ਠੋਕੇ ਬਣਾਏ ਹੋਏ ਸਨ। ਜਿਹੜੇ ਅਸਲੀਅਤ ਦਸਣ ਤੋਂ ਡਰਦੇ ਹੋਏ 'ਜੀ ਹਜ਼ੂਰ' ਦੀ ਮਾਲਾ ਹੀ ਫੇਰਦੇ ਰਹਿੰਦੇ ਸਨ।

ਇਸ ਵਿਚ ਸ਼ਕ ਨਹੀਂ ਕਿ ਮੇਰੀ ਗ੍ਰਿਫਤਾਰੀ ਤੇ ਅਖੰਡ ਪਾਠ ਨਾਲ ਉਸ ਵੇਲੇ ਦੇ ਰਾਜਸੀ ਪ੍ਰਸ਼ਨ ਜੁੜੇ ਹੋਏ ਸਨ ਪਰ ਸਾਡੇ ਪਾਠ ਕਰਨ ਦਾ ਆਸ਼ਾ ਨਿਰੋਲ ਧਾਰਮਕ ਤੇ ਭਰਾਤਰੀ ਹਮਦਰਦੀ ਸੀ। ਅਸਾਂ ਕੋਈ ਬਾਗ਼ੀਆਨਾ ਲੈਕਚਰ ਨਹੀਂ ਕੀਤਾ ਸੀ ਕੋਈ ਕਾਨੂੰਨ ਨਹੀਂ ਤੋੜਿਆ ਸੀ। ਪਰ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ ਸ਼ਹੀਦ ਦੇਸ਼ ਭਗਤ ਸਿਖਾਂ ਦੀ ਆਤਮਕ ਸ਼ਾਂਤੀ ਲਈ ਅਖੰਡ ਪਾਠ ਕਰਨਾ ਤੇ ਅਰਦਾਸ ਕਰਨਾ ਵੀ ਇਕ ਬੜਾ ਵਡਾ ਅਪਰਾਧ ਬਣ ਗਿਆ ਸੀ।



Digitized by Panjab Digital Library | www.panjabdigilib.org

ਇਹ ੧੯੧੪ ਦੀ ਗਲ ਹੈ। ਚਕ ਨੰ: ੭੩ ਝਭਾਲ ਭਕਨਾ ਦਾ ਸਕੂਲ ਜਿਹੜਾ ਕਿ ਮੈਂ ੧੯੦੯ ਵਿਚ ਖੋਲ੍ਹਿਆ ਸੀ ਹੁਣ ਡਿਸਟ੍ਰਿਕਟ ਬੋਰਡ ਦਾ ਬਣ ਚੁਕਾ ਸੀ । ਮੈਂ ਰਾਵਲਪਿੰਡੀ ਵਿਚ ਰਹਿੰਦਿਆਂ ਵਿਦਵਾਨੀ ਤੇ ਗਿਆਨੀ ਪਾਸ ਕਰ ਲਈ ਸੀ ਤੇ ਹੁਣ ਦੂਜੀ ਵੇਰ ਇਥੇ ਆਕੇ ਅਧਿਆਪਕ ਲਗ ਗਿਆ ਸਾਂ।

ਇਲਾਕੇ ਦੇ ਗੁਰਮਤਿ ਪਰਚਾਰਕ ਜਥੇ ਦਾ ਮੈਨੂੰ ਸਕੱਤਰ ਬਣਾ ਦਿਤਾ ਗਿਆ ਸੀ। ਦੁਬਾਰਾ ਇਸ ਖੁਲ੍ਹੇ ਡੁਲ੍ਹੇ ਤੇ ਹਰ ਭਰੇ ਇਲਾਕੇ ਵਿਚ ਆਉਣ ਕਰਕੇ ਮੈਂ ਵੀ ਤੇ ਇਲਾਕੇ ਦੇ ਲੋਕ ਵੀ ਬੜੇ ਪ੍ਰਸੰਨ ਸਨ। ਮੈਨੂੰ ਇਥੇ ਮਨ ਭਾਉਣਾ ਕਾਰਜ ਖੇਤਰ ਮਿਲ ਗਿਆ ਸੀ।

ਪਹਿਲਾ ਸੰਸਾਰ ਜੁਧ ਆਰੰਭ ਹੋ ਚੁਕਾ ਸੀ। ਗੁਰਦੁਆਰਾ ਰਕਾਬ ਗੰਜ ਦਾ ਅੰਦੋਲਨ ਜਿਸ ਵਿਚ ਮੈਂ ਰਾਵਲ ਪਿੰਡੀ ਰਹਿੰਦਿਆਂ ਖਾਸ ਦਿਲਚਪਸੀ ਲੈਂਦਾ ਰਿਹਾ ਸਾਂ, ਮੁਲਤਵੀ ਹੋ ਚੁਕਾ ਸੀ ਪਰ ਹੁਣ ਕੋਮਾ ਗਾਟਾ ਮਾਰੂ (ਗੁਰੂ ਨਾਨਕ ਜਹਾਜ਼) ਦਾ ਨਵਾਂ ਸੁਆਲ ਛਿੜ ਪਿਆ ਸੀ। ਇਸ ਦੀਆਂ ਖਬਰਾਂ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਸਨ। ਉਸ ਵੇਲੇ ਬਾਬਾ ਗੁਰਦਿਤ ਸਿੰਘ ਅਤੇ ਕੋਮਾ ਗਾਟਾ ਮਾਰੂ ਜਹਾਜ਼ ਦੇ ਕਨੇਡਾ ਜਾਣ ਦੇ ਕਾਰਨਾਂ ਤੇ ਇਸ ਦੇ ਰਾਜਸੀ ਤੇ ਆਰਥਕ ਪਿਛੋਕੜ ਬਾਰੇ ਮੈਨੂੰ ਕੋਈ ਵਧੇਰੇ ਪਤਾ ਨਹੀਂ ਸੀ। ਅਖਬਾਰਾਂ ਵਿਚੋਂ ਇਤਨਾ ਹੀ ਪਤਾ ਲਗਦਾ ਸੀ ਕਿ ਇਕ ਉਤਸ਼ਾਹੀ ਵਪਾਰੀ ਬਾਬਾ ਗੁਰਦਿਤ ਸਿੰਘ ਨੇ ਇਕ ਜਹਾਜ਼ੀ ਕੰਪਨੀ ਬਣਾਉਣ ਦਾ ਉਦਮ ਕੀਤਾ ਹੈ। ਇਹ ਭਾਰਤ ਦੀ ਪਹਿਲੀ ਜਹਾਜ਼ੀ ਕੰਪਨੀ ਸੀ, ਜਿਸ ਨੇ ਪਰਦੇਸੀ ਮੁਲਕਾਂ ਨਾਲ ਵਪਾਰ ਕਰਨਾ ਸੀ। ਇਕ ਜਾਪਾਨੀ ਜਹਾਜ਼ ਕੋਮਾਗਾਟਾ ਮਾਰੂ ਕਰਾਏ ਪੁਰ ਲੈ ਕੇ ਉਸ ਵਿਚ ਲਗ ਪਗ ੪੦੭ ਮੁਸਾਫਰ



Digitized by Panjab Digital Library | www.panjabdigilib.org

ਲਦ ਕੇ ਕਨੇਡਾ ਗਏ ਸਨ ਪਰ ਕਨੇਡੀਅਨ ਹਕੂਮਤ ਮੁਸਾਫਰਾਂ ਨੂੰ ਉਤਰਨ ਨਹੀਂ ਸੀ ਦੇਂਦੀ। ਇਸ ਸਮੇਂ ਇਸ ਜਹਾਜ਼ ਦੇ ਸਫਰ ਨਾਲ ਜੁੜੀਆਂ ਆਰਥਕ ਤੇ ਰਾਜਸੀ ਉਲਝਨਾਂ ਦਾ ਮੈਨੂੰ ਕੋਈ ਪਤਾ ਨਹੀਂ ਸੀ। ਮੈਨੂੰ ਕੇਵਲ ਇਸ ਗਲ ਦੀ ਖੁਸ਼ੀ ਸੀ ਕਿ ਇਕ ਪੰਜਾਬੀ ਸਿਖ ਨੇ ਜਹਾਜ਼ੀ ਕਾਰੋਬਾਰ ਵਿਚ ਪਹਿਲ ਕਦਮੀ ਕੀਤੀ ਹੈ ਤੇ ਮੈਂ ਇਸ ਦੀ ਸਫਲਤਾ ਦਾ ਚਾਹਵਾਨ ਸਾਂ।

ਕੁਝ ਚਿਰ ਮਗਰੋਂ ਫਿਰ ਖਬਰ ਆਈ ਕਿ ਇਸ ਜਹਾਜ਼ ਦੇ ਪੰਜਾਬੀ ਮੁਸਾਫਰਾਂ ਦੀ ਸਰਕਾਰ ਹਿੰਦ ਨੇ ਵੀ ਕੋਈ ਮਦਦ ਨਹੀਂ ਕੀਤੀ। ਕਨੇਡਾ ਸਰਕਾਰ ਨੇ ਧਕੇਸ਼ਾਹੀ ਨਾਲ ਜਹਾਜ਼ ਨੂੰ ਵਾਪਸ ਕਰ ਦਿਤਾ ਹੈ। ਯੋਕੋ ਹਾਮਾ, ਹਾਂਗਕਾਂਗ, ਸਿੰਘਾ ਪੁਰ ਆਦਿ ਬੰਦਰਗਾਹਾਂ ਵਿਚ ਜਹਾਜ਼ ਦੇ ਪਹੁਚਣ ਤੇ ਮੁਸਾਫਰਾਂ ਨੂੰ ਨੂੰ ਉਤਰਨ ਤੋਂ ਰੋਕੇ ਜਾਣ ਦੀਆਂ ਖਬਰਾਂ ਵੀ ਅਖਬਾਰਾਂ ਵਿਚ ਛਪੀਆਂ।

ਇਕ ਦਿਨ ਅਚਨਚੇਤ ਅਖਬਾਰਾਂ ਵਿਚ ਖਬਰ ਛਪੀ: "ਗੋਲੀ ਚਲ ਗਈ! ਬਜ ਬਜ ਘਾਟ ਪੁਰ ਖੂਨ ਦੀਆਂ ਨਦੀਆਂ ਵਗ ਗਈਆਂ। ਗੁਰੂ ਨਾਨਕ ਜਹਾਜ਼ ਦੇ ਕਈ ਮੁਸਾਫਰ ਗੋਲੀਆਂ ਨਾਲ ਭੁੰਨ ਦਿਤੇ ਗਏ, ਕਈ ਫਟੜ ਹੋ ਗਏ, ਕਈ ਗ੍ਰਿਫਤਾਰ ਕਰ ਲਏ ਗਏ ਅਤੇ ਕਈ ਜੰਗਲ ਵਿਚ ਨਸ ਗਏ, ਜਿਨ੍ਹਾਂ ਦਾ ਸ਼ਿਕਾਰ ਕਰਨ ਲਈ ਪੁਲਸ ਦੇ ਸਪਾਹੀ ਬੰਦੂਕਾਂ ਲੈ ਕੇ ਉਨ੍ਹਾਂ ਦੀ ਤਲਾਸ਼ ਕਰ ਰਹੇ ਹਨ।"

ਸਤੰਬਰ ੧੯੧੪ ਦੇ ਆਖਰੀ ਹਫਤੇ ਦੀਆਂ ਕੁਝ ਅਖ਼ਬਾਰਾਂ ਵਿਚ ਇਹ ਦਰਦ ਨਾਕ ਖਬਰ ਪੜ੍ਹਕੇ ਮੇਰਾ ਕਲੇਜਾ ਕੰਬ ਗਿਆ। ਮੇਰੀਆਂ ਅਖਾਂ ਦੇ ਸਾਹਮਣੇ ਸਿਖ ਇਤਹਾਸ ਦੀ ਉਹ ਝਾਕੀ ਫਿਰ ਗਈ, ਜਦੋਂ ਫਰੁਖਸੀਅਰ ਪਾਤਸ਼ਾਹ ਨੇ ਅਸੀ ਅਸੀ ਰੁਪਏ ਸਿਖ਼ਾਂ



Digitized by Panjab Digital Library | www.panjabdigilib.org

ਦੇ ਸਿਰਾਂ ਦਾ ਮੁਲ ਰਖ ਦਿਤਾ ਸੀ ਤੇ ਸਰਕਾਰੀ ਤੇ ਦੇਸ਼ ਦਰੋਹੀ ਲੋਕ ਸ਼ਿਕਾਰੀ ਕੁਤਿਆਂ ਵਾਂਗ ਸਿਖਾਂ ਨੂੰ ਜੰਗਲਾਂ ਵਿਚ ਲਭਦੇ ਫਿਹਦੇ ਸਨ।

ਮੈਂ ਇਹ ਖਬਰਾਂ ਤਾਂ ਪੜ੍ਹਦਾ ਰਹਿੰਦਾ ਸਾਂ ਕਿ ਕਨੇਡਾ ਸਰਕਾਰ ਇਨ੍ਹਾਂ ਨੂੰ ਉਤਰਨ ਨਹੀਂ ਦੇਂਦੀ ਪਰ ਜੇ ਕਨੇਡਾ ਸਰਕਾਰ ਨੇ ਇਨ੍ਹਾਂ ਨੂੰ ਦੁਰਕਾਰ ਕੇ ਵਾਪਸ ਮੋੜ ਘਲਿਆ ਸੀ ਤਾਂ ਭਾਰਤ ਦੀ ਧਰਤੀ ਪੁਰ ਇਨ੍ਹਾਂ ਨੂੰ ਉਤਰਨ ਕਿਉਂ ਨਹੀਂ ਦਿਤਾ ਗਿਆ? ਇਨ੍ਹਾਂ ਪੁਰ ਗੋਲੀ ਕਿਉਂ ਚਲਾਈ ਗਈ? ਪਰਦੇਸਾਂ ਵਿਚ ਰੁਲ ਕੇ ਦਰ ਦਰ ਧਕੇ ਖਾਕੇ ਵਾਪਸ ਆਏ ਭਾਰਤ ਦੇ ਸਪੁਤਰਾਂ ਨੂੰ ਆਪਣੀ ਮਾਤਾ ਦੀ ਗੋਦ ਵਿਚ ਕਿਉਂ ਨਹੀਂ ਬੈਠਣ ਦਿਤਾ ਗਿਆ? ਗੋਲੀਆਂ ਤੋਂ ਬਚ ਕੇ ਨਸ ਗਏ ਮੁਸਾਫਰਾਂ ਨੂੰ ਸ਼ਿਕਾਰੀ ਜਾਨਵਰਾਂ ਵਾਂਗ ਕਿਉਂ ਲਭਿਆ ਜਾਂਦਾ ਹੈ?

ਈਹੋ ਜਿਹੇ ਕਈ ਸੁਆਲ ਸਨ ਜਿਹੜੇ ਮੇਰੇ ਦਿਲ ਵਿਚ ਉਠ ਉਠ ਕੇ ਮੈਨੂੰ ਮਛੀ ਵਾਂਗ ਤੜਫਾ ਕੇ ਬੇ ਚੈਨ ਕਰ ਰਹੇ ਸਨ। ਸ: ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸ਼ਾਦ ਦੀਆਂ ਕੁਝ ਪੁਸਤਕਾਂ ਜਿਹਾ ਕਿ ਬੰਦਰ ਬਾਂਟ, ਮੁਹਿਬਾਨਿ-ਵਤਨ, ਉਂਗਲੀ ਪਕੜਤੇ ਪੌਂਚਾ ਪਕੜਾ, ਅਮਾਨਤ ਮੈਂ ਖਿਆਨਤ ਆਦਿ ਪੜ੍ਹਕੇ ਮੈਨੂੰ ਮੁਲਕੀ ਤੇ ਕੌਮੀ ਸੁਆਲਾਂ ਨਾਲ ਦਿਲ ਚਪਸੀ ਵਧ ਚੁਕੀ ਸੀ। ਮੈਨੂੰ ਵਤਨ ਦੀ ਗੁਲਾਮੀ ਦਾ ਅਹਿਸਾਸ ਹੋ ਚੁਕਾ ਸੀ ਅਤੇ ਮੈਂ ਦੇਸ਼ ਦੀ ਗੁਲਾਮੀ ਤੇ ਆਜ਼ਾਦੀ ਦੇ ਪ੍ਰਸ਼ਨਾਂ ਉਪਰ ਦਿਨ ਰਾਤ ਸੋਚਦਾ ਰਹਿੰਦਾ ਸੀ। ਹੁਣ ਮੈਂ ਮਹਿਸੂਸ ਕਰਦਾ ਸਾਂ ਕਿ ਇਹ ਸਾਡੀ ਗੁਲਾਮੀ ਦਾ ਹੀ ਫਲ ਹੈ। ਮੇਰੇ ਮੂੰਹੋਂ ਆਪ ਮੁਹਾਰੇ ਇਹ ਵਾਕ ਨਿਕਲ ਗਏ ਸਨ—



Digitized by Panjab Digital Library | www.panjabdigilib.org

"ਦੇਸ਼ ਪੈਣ ਧਕੇ, ਬਾਹਰ ਮਿਲੇ ਢੋਈ ਨਾ,
ਪੁਛਦਾ ਗੁਲਾਮਾਂ ਦੀ ਹੈ ਵਾਤ ਕੋਈ ਨਾਂ"।

ਮੈਂ ਡਿਸਟ੍ਰਿਕਟ ਬੋਰਡ ਦਾ ਸਰਕਾਰੀ ਨੌਕਰ ਸਾਂ ਪਰ ਨੌਕਰੀ ਨਾਲੋਂ ਮੈਂ ਧਾਰਮਕ, ਸਮਾਜ ਸੁਧਾਰਕ ਤੇ ਰਾਜਸੀ ਕੰਮਾਂ ਵਿਚ ਵਧੇਰੇ ਦਿਲਚਸਪੀ ਲੈਂਦਾ ਰਹਿੰਦਾ ਸੀ।

'ਗੁਰਮਤਿ ਪ੍ਰਚਾਰਕ ਜਥਾ' ਦੇ ਸਕੱਤਰ ਦੀ ਹੈਸੀਅਤ ਵਿਚ ਮੈਂ ਪਿੰਡਾਂ ਵਿਚ ਪਰਚਾਰ ਕਰਨ ਲਈ ਜਾਇਆ ਕਰਦਾ ਸਾਂ। ਇਸ ਜਥੇ ਦਾ ਸਾਲਾਨਾ ਸਮਾਗਮ ਚਕ ਨੰ: ੪੧ ਵਿਚ ਹੋਣ ਵਾਲਾ ਸੀ। ਜਿਸ ਦੀ ਤਿਆਰੀ ਵਿਚ ਮੈਂ ਜੁਟਿਆ ਹੋਇਆ ਸਾਂ ਤੇ ਪਿੰਡਾਂ ਵਿਚ ਇਸ ਦਰਦ ਭਰੀ ਘਟਨਾ ਬਾਰੇ ਲੋਕਾਂ ਤੋਂ ਨਾਰਾਜ਼ਗੀ ਤੇ ਬੇਚੈਨੀ ਦੀਆਂ ਗਲਾਂ ਸੁਣਦਾ ਰਹਿੰਦਾ ਸਾਂ। ਮੇਰੇ ਦਿਲ ਵਿਚ ਇਹ ਖਿਆਲ ਉਠ ਰਹੇ ਸਨ ਕਿ ਜਥੇ ਦੇ ਸਾਲਾਨਾ ਸਮਾਗਮ ਪੁਰ ਬਜਬਜ ਘਾਟ ਦੀ ਦੁਰਘਟਨਾ ਬਾਰੇ ਲੈਕਚਰ ਕੀਤਾ ਜਾਵੇ ਅਤੇ ਮੁਸਾਫਰਾਂ ਤੇ ਉਨ੍ਹਾਂ ਦੇ ਸਬੰਧੀਆਂ ਦੀ ਹਮਦਰਦੀ ਲਈ ਗੁਰਮਤੇ ਵੀ ਪਾਸ ਕੀਤੇ ਜਾਣ ਤੇ ਸ਼ਹੀਦ ਹੋ ਗਇਆਂ ਦੀ ਆਤਮਕ ਸ਼ਾਂਤੀ ਲਈ ਅਰਦਾਸਾ ਕੀਤਾ ਜਾਵੇ।

ਪਰ ਇਨ੍ਹਾਂ ਹੀ ਦਿਨਾਂ ਵਿਚ ਜਥੇ ਨੂੰ ਇਕ ਗਸ਼ਤੀ ਚਿਠੀ ਵੀ ਮਿਲੀ ਜਿਸ ਦਾ ਭਾਵ ਇਸ ਤਰ੍ਹਾਂ ਦਾ ਸੀ ਕਿ ਬਜਬਜ ਘਾਟ ਪੁਰ ਜੋ ਦੁਰਘਟਨਾ ਵਾਪਰੀ ਹੈ ਉਸ ਬਾਰੇ ਨਾ ਜਲਸਿਆਂ ਵਿਚ ਕੁਝ ਬੋਲਿਆ ਜਾਵੇ ਤੇ ਨਾ ਅਖਬਾਰਾਂ ਵਿਚ ਲਿਖਿਆ ਜਾਵੇ ਕਿਉਂਕਿ ਇਸ ਜਹਾਜ਼ ਦੇ ਸਿਖ ਗੁਮਰਾਹ ਹੋਏ ਹੋਏ ਤੇ ਪਤਿਤ ਹਨ ਅਤੇ ਸਰਕਾਰ ਵਿਰੁਧ ਬਗ਼ਾਵਤ ਕਰਨਾ ਚਾਹੁੰਦੇ ਸਨ। ਇਹ ਚਿਠੀ ਕੁਝ ਰਾਜ ਭਗਤ ਸਿਖਾਂ ਵਲੋਂ ਸੀ। ਤਖਤ



Digitized by Panjab Digital Library | www.panjabdigilib.org

ਅਕਾਲ ਸਾਹਿਬ ਵਲੋਂ ਵੀ ਇਸੇ ਭਾਵ ਦਾ ਹੁਕਮਨਾਮਾ ਨਿਕ-ਲਿਆ ਸੀ।

ਇਹ ਪੜ੍ਹਕੇ ਅਤੇ ਸਿਖ ਆਗੂਆਂ ਦੀ ਇਤਨੀ ਗਿਰਾਵਟ ਵੇਖਕੇ ਮੈਨੂੰ ਹੋਰ ਵੀ ਦੁਖ ਹੋਇਆ। ਇਸ ਤੋਂ ਪਹਿਲਾਂ ੧੯੧੩ ਵਿਚ ਜਦੋਂ ਗੁਰਦੁਆਰਾ ਰਕਾਬ ਗੰਜ ਦਿਲੀ ਦੀ ਕੰਧ ਹਕੂਮਤ ਵਲੋਂ ਢਾਹੀ ਗਈ ਸੀ ਤਾਂ ਵੀ ਕਈ ਸਿਖ ਸਰਦਾਰਾਂ ਤੇ ਸਰਕਾਰ ਭਗਤ ਸਿਖ ਆਗੂਆਂ ਨੇ ਹਕੂਮਤ ਦਾ ਸਾਥ ਦਿਤਾ ਸੀ ਅਤੇ ਸਿਖ ਜਨੱਤਾ ਦੇ ਫਟੜ ਹੋਏ ਦਿਲਾਂ ਦੀ ਪੀੜ ਦੀ ਪਰਵਾਹ ਨਹੀਂ ਕੀਤੀ ਸੀ। ਬਜਬਜ ਘਾਟ ਦੀ ਕਹਿਰੀ ਦੁਰਘਟਨਾ ਬਾਰੇ ਕਈ ਸਿਖ ਆਗੂਆਂ ਦੇ ਇਸ ਰਵਈਏ ਨੂੰ ਵੇਖਕੇ ਮੇਰਾ ਇਹ ਨਿਸਚਾ ਬਣਦਾ ਗਿਆ ਕਿ ਸਮੇਂ ਦੇ ਬਾਹਲੇ ਧਨੀ ਸਰਦਾਰ ਆਗੂ ਸਰਕਾਰ ਪੂਜ ਤੇ ਖੁਸ਼ਾਮਦੀ ਬਣ ਚੁਕੇ ਹਨ। ਉਹ ਸਰਕਾਰ ਦੀ ਖੁਸ਼ਾਮਦ ਨੂੰ ਹੀ ਧਰਮ ਸਮਝਦੇ ਹਨ। ਇਨ੍ਹਾਂ ਤੋਂ ਪੰਥਕ ਜਾਂ ਮੁਲਕੀ ਭਲਾਈ ਦੀ ਕੋਈ ਆਸ ਨਹੀਂ ਰਖਣੀ ਚਾਹੀਦੀ। ਮੈਂ ਦਿਲ ਵਿਚ ਇਸ ਗਲ ਪੁਰ ਹੋਰ ਪੱਕਾ ਹੋ ਗਿਆ ਕਿ ਭਾਵੇਂ ਕੁਝ ਵੀ ਹੋਵੇ, ਜਥੇ ਦੇ ਸਾਲਾਨੇ ਜਲਸੇ ਵਿਚ ਬਜਬਜ ਘਾਟ ਦੀ ਖੂਨੀ ਕਹਾਣੀ ਬਾਰੇ ਲੋਕਾਂ ਦੇ ਦਿਲੀਂ ਭਾਵਾਂ ਨੂੰ ਜ਼ਰੂਰ ਪ੍ਰਗਟ ਕਰਨਾ ਚਾਹੀਦਾ ਹੈ ਅਤੇ ਇਲਾਕੇ ਦੇ ਮੁਖੀਆਂ ਨਾਲ ਮਿਲ ਕੇ ਇਸ ਬਾਰੇ ਕੁਝ ਨ ਕੁਝ ਜ਼ਰੂਰ ਸੋਚਨਾ ਚਾਹੀਦਾ ਹੈ।

ਸ਼ੈਦ ਜਲਸੇ ਵਿਚ ਦੋ ਤਿੰਨ ਦਿਨ ਹੀ ਰਹਿੰਦੇ ਸਨ ਕਿ ਥਾਣਾ ਠੀਕਰੀਵਾਲਾ ਦਾ ਥਾਣੇਦਾਰ ਪੁਲਸ ਸੁਪ੍ਰੰਡੰਟ ਲਾਇਲਪੁਰ ਦਾ ਇਕ ਪਰਵਾਨਾ ਲੈ ਕੇ ਆ ਗਿਆ। ਮੇਰਾ ਮਥਾ ਠਣਕਿਆ। ਚਕ ੪੧ ਦੇ ਨੰਬਰਦਾਰਾਂ ਨੂੰ ਤੇ ਮੈਨੂੰ ਉਹ ਲਾਇਲਪੁਰ ਨਾਲ ਲੈ ਗਿਆ। ਅਸਾਂ ਸਾਰਿਆਂ ਨੂੰ ਅੰਗਰੇਜ਼ ਪੁਲਸ ਸੁਪਰੰਡੰਟ



Digitized by Panjab Digital Library | www.panjabdigilib.org

ਨੇ ਆਪਣੇ ਕਮਰੇ ਵਿਚ ਬਿਠਾ ਕੇ ਬੜੇ ਰੁਹਬ ਦਾਹਬ ਨਾਲ ਆਖਿਆ :—

"ਡੇਖੋ ਨੰਬਰਦਾਰ, ਕੋਮਾਗਾਟਾ ਮਾਰੂ ਜਹਾਜ਼ ਮੇਂ ਬਾਗੀ ਲੋਗ ਆਏ ਥੇ, ਬਾਬਾ ਗੁਰਦਿਤ ਸਿੰਘ ਉਨਕਾ ਸਰਗ਼ਨਾ ਥਾ। ਸਰਕਾਰ ਨੇ ਕੁਛ ਲੋਕ ਗ੍ਰਿਫਤਾਰ ਕਰ ਲੀਏ ਹੈਂ। ਕੁਛ ਭਾਗ ਗਏ ਹੈਂ, ਕਈ ਲੋਗ ਪੰਜਾਬ ਮੇਂ ਬਗਾਵਤ ਫੈਲਾਨਾਂ ਚਾਹਟੇ ਹੈਂ। ਤੁਮ ਵਫਾਦਾਰ ਲੋਗ ਹੋ। ਡੇਖਨਾ ਜਲਸਾ ਮੇਂ ਕੋਮਾਗਾਟਾ ਮਾਰੂ ਜਹਾਜ਼ ਕਾ ਜਾਂ ਇਸ ਕੇ ਮੁਸਾਫਰੋਂ ਕਾ ਕੋਈ ਬਾਟ ਚੀਟ ਨਾ ਹੋ। ਨਹੀ ਤੋ ਸਰਕਾਰ ਸਖਤ ਨਾਰਾਜ਼ ਹੋਗਾ।"

ਨੰਬਰਦਾਰਾਂ ਨੇ ਹਥ ਜੋੜ ਕੇ ਸਤਿ ਬਚਨ ਆਖਿਆ ਤੇ ਤਸਲੀ ਦਿਤੀ ਕਿ "ਅਸੀਂ ਸਰਕਾਰ ਦੇ ਵਫ਼ਾਦਾਰ ਹਾਂ ਜੋ ਸਰਕਾਰ ਦਾ ਹੁਕਮ ਹੋਵੇਗਾ ਉਸੇ ਤਰ੍ਹਾਂ ਕੀਤਾ ਜਾਏਗਾ। ਸਰਕਾਰ ਦੇ ਬਾਗ਼ੀਆਂ ਨਾਲ ਤੇ ਕੋਮਾਗਾਟਾ ਮਾਰੂ ਨਾਲ ਸਾਡਾ ਕੋਈ ਵਾਸਤਾ ਨਹੀਂ।"

ਮੇਰੀਆਂ ਖ਼ਾਹਸ਼ਾਂ ਦੀ ਖੇਤੀ ਪੁਰ ਗੜ੍ਹੇ-ਮਾਰ ਹੋ ਗਈ। ਮੈਂ ਚੁਪ ਰਿਹਾ, ਕੁਝ ਵੀ ਨਾ ਬੋਲਿਆ। ਇਥੇ ਬੋਲਣ ਦੀ ਕੋਈ ਵਾਹ ਨਹੀਂ ਸੀ। ਨੰਬਰਦਾਰਾਂ ਨਾਲ ਵਾਪਸ ਆ ਗਿਆ ਅਤੇ ਪੂਰੀ ਸ਼ਾਂਤੀ ਨਾਲ ਜਥੇ ਦਾ ਸਾਲਾਨਾ ਦੀਵਾਨ ਖਤਮ ਹੋ ਗਿਆ। ਵਖਰੇ ਛਪ ਛਪ ਕੇ ਕਈਆਂ ਨੇ ਇਸ ਘਟਨਾ ਬਾਰੇ ਮੇਰੇ ਕੋਲੋਂ ਗਲਾਂ-ਬਾਤਾਂ ਪੁਛੀਆਂ ਪਰ ਦੀਵਾਨ ਵਿਚ ਨਾ ਕੋਈ ਲੈਕਚਰ ਹੋਇਆ ਨਾ ਕੋਈ ਹਮਦਰਦੀ ਦਾ ਮਤਾ ਤੇ ਨਾ ਹੀ ਸ਼ਹੀਦਾਂ ਲਈ ਅਰਦਾਸ।

"ਆਹ! ਅਸੀਂ ਗ਼ੁਲਾਮ ਹਿੰਦੀ ਕਿਤਨੇ ਬੇਬਸ ਹਾਂ, ਆਪਣੇ



Digitized by Panjab Digital Library | www.panjabdigilib.org

ਸ਼ਹੀਦ ਹੋਏ ਭਰਾਵਾਂ ਲਈ ਚਾਰ ਹੰਝੂ ਵੀ ਨਹੀਂ ਕੇਰ ਸਕਦੇ। ਇਨ੍ਹਾਂ ਦੇ ਪਰਵਾਰਾਂ ਤੇ ਫੱਟੜ ਵੀਰਾਂ ਨਾਲ ਹਮਦਰਦੀ ਵੀ ਪ੍ਰਗਟ ਨਹੀਂ ਕਰ ਸਕਦੇ"। ਏਹ ਭਾਵ ਮੇਰੇ ਦਿਲ ਵਿਚ ਤੜਫ ਰਹੇ ਸਨ ਤੇ ਕਈ ਵੇਰਾਂ ਮੈਨੂੰ ਰਾਤ ਨੂੰ ਨੀਂਦ ਨਹੀਂ ਸੀ ਆਉਂਦੀ। ਮੈਨੂੰ ਕੁਝ ਨਹੀਂ ਸੁਝਦਾ ਸੀ ਕਿ ਸਾਨੂੰ ਕੀ ਕਰਨਾ ਚਾਹੀਦਾ।

ਇਨ੍ਹਾਂ ਦਿਨਾਂ ਵਿਚ ਪਹਿਲਾ ਸੰਸਾਰ ਯੁਧ ਸ਼ੁਰੂ ਹੋ ਚੁਕਾ ਸੀ। ਲੋਕਾਂ ਪੁਰ ਹਕੂਮਤ ਤੇ ਪੁਲਸ ਦੀ ਇਤਨੀ ਦਹਿਸ਼ਤ ਛਾਈ ਹੋਈ ਸੀ ਕਿ ਸਰਕਾਰ ਵਿਰੁਧ ਕੋਈ ਗਲ ਕਰਨੀ ਵੀ ਬਗ਼ਾਵਤ ਸਮਝੀ ਜਾਂਦੀ ਸੀ। ਨੰਬਰਦਾਰ ਤੇ ਸਰਦਾਰ ਲੋਕ ਤਾਂ ਸਰਕਾਰ ਦੇ ਇਸ਼ਾਰੇ ਪੁਰ ਚਲਦੇ ਸਨ ਪਰ ਆਮ ਲੋਕਾਂ ਦੇ ਦਿਲਾਂ ਵਿਚ ਅੰਦਰੋਂ ਅੰਦਰ ਅੱਗ ਧੁਖ ਰਹੀ ਸੀ। ਫੌਜੀ ਭਰਤੀ ਤੇ ਜੰਗ ਵਿਚ ਸਰਕਾਰ ਦੀ ਸਹੈਤਾ ਕਰਨ ਲਈ ਪਰਚਾਰ ਕੀਤਾ ਜਾਂਦਾ ਸੀ ਪਰ ਮੇਰਾ ਦਿਲ ਕਹਿੰਦਾ ਸੀ ਕਿ ਅੰਗਰੇਜ਼ਾਂ ਦੀ ਕੋਈ ਮਦਦ ਨਹੀਂ ਹੋਣੀ ਚਾਹੀਦੀ ਬਲਕਿ ਅੰਗਰੇਜ਼ਾਂ ਦੀ ਹਾਰ ਲਈ ਅਰਦਾਸਾਂ ਕਰਨੀਆਂ ਚਾਹੀਦੀਆਂ ਸਨ।

ਜਥੇ ਦਾ ਸਾਲਾਨਾ ਸਮਾਗਮ ਹੋ ਗਿਆ। ਮੈਂ ਵਿਹਲਾ ਹੋ ਗਿਆ ਪਰ ਮੇਰੇ ਦਿਲ ਉਪਰ ਇਸ ਦਰਦ ਨਾਕ ਘਟਨਾ ਦਾ ਕਈ ਮਣ ਭਾਰ ਪਿਆ ਸੀ। ਇਹ ਭਾਰ ਕਿਸ ਤਰ੍ਹਾਂ ਦੂਰ ਹੋਵੇ, ਮੇਰਾ ਦਿਲ ਕਿਵੇਂ ਹੌਲਾ ਹੋਵੇ? ਮੈਂ ਆਪਣੇ ਕੁਝ ਦਿਲੀ ਮਿਤਰਾਂ ਨੂੰ ਮਿਲਿਆ ਤੇ ਤਜਵੀਜ ਕੀਤੀ ਕਿ ਇਕ ਅਖੰਡ ਪਾਠ ਹੀ ਕੀਤਾ ਜਾਵੇ, ਪਾਠੀ ਪ੍ਰੇਮ ਨਾਲ ਪਾਠ ਕਰਨ। ਭੋਗ ਪਾਕੇ ਵਤਨੀ ਭਰਾਵਾਂ ਲਈ ਅਰਦਾਸਾ ਕੀਤਾ ਜਾਵੇ ਅਤੇ ਇਨ੍ਹਾਂ ਦੇ ਪਰਵਾਰਾਂ ਤੇ ਫਟੜਾਂ ਨਾਲ ਹਮਦਰਦੀ ਪ੍ਰਗਟ ਕੀਤੀ ਜਾਵੇ। ਜੋ ਕੁਝ ਰਕਮ ਇਕਠੀ ਹੋ ਜਾਵੇ ਤਾਂ ਉਹ ਇਨ੍ਹਾਂ ਦੇ ਸਹਾਇਤਾ-ਫੰਡ ਵਿਚ ਭੇਜ ਦਿਤੀ ਜਾਵੇ।



Digitized by Panjab Digital Library | www.panjabdigilib.org

ਪਿੰਡ ਦੇ ਗੁਰਦੁਆਰੇ ਦੇ ਇਕ ਹਾਲ ਕਮਰੇ ਵਿਚ ਅਖੰਡ ਪਾਠ ਰਖਿਆ ਗਿਆ। ਚਾਰ ਪ੍ਰੇਮੀ ਪਾਠੀ ਮਿਲ ਗਏ। ਮੈਂ ਵੀ ਪਾਠੀਆਂ ਵਿਚ ਸ਼ਾਮਲ ਸਾਂ। ਜਿਸ ਦਿਨ ਭੋਗ ਪੈਣਾ ਸੀ ਸਾਰਾ ਹਾਲ ਪਿੰਡ ਤੇ ਇਲਾਕੇ ਦੀ ਸੰਗਤ ਨਾਲ ਭਰ ਗਿਆ। ਵਖਿਆਨ ਦੇਣਾ ਤੇ ਬਜਬਜ ਘਾਟ ਦੇ ਖੂਨੀ ਸਾਕੇ ਦਾ ਹਾਲ ਦਸਨਾ ਤਾਂ ਬੰਦ ਸੀ। ਸੁ ਮੈਂ ਅਰਦਾਸਾ ਕੀਤਾ। ਪਰ ਅਰਦਾਸੇ ਵਿਚ ਹੀ ਦਿਲ ਦੀ ਸਾਰੀ ਭੜਾਸ ਕਢੀ। ਬਜ ਬਜ ਘਾਟ ਦੇ ਖੂਨੀ ਸਾਕੇ ਦੀ ਯਾਦ ਵਿਚ ਮੇਰੀਆਂ ਅਖੀਆਂ ਛਮ ਛਮ ਬਰਸ ਰਹੀਆਂ ਸਨ। ਸੁਣਨ ਵਾਲੇ ਰੋ ਰਹੇ ਸਨ। ਮੈਂ ਇਨ੍ਹਾਂ ਸ਼ਬਦਾਂ ਨਾਲ ਅਰਦਾਸਾ ਮੁਕਾਇਆ:—

"ਹੇ ਵਾਹਿਗੁਰੂ ਅਸੀ ਬੜੇ ਬੇਵਸ ਹਾਂ, ਗੁਲਾਮ ਹਾਂ, ਆਪਣੇ ਸ਼ਹੀਦ ਵਤਨੀ ਭਰਾਵਾਂ ਵਾਸਤੇ ਚਾਰ ਹੰਝੂ ਵੀ ਨਹੀਂ ਕੇਰ ਸਕਦੇ, ਹਮਦਰਦੀ ਨਹੀਂ ਪ੍ਰਗਟ ਕਰ ਸਕਦੇ ਤੂੰ ਹੀ ਉਨ੍ਹਾਂ ਦੀਆਂ ਆਤਮਾਵਾਂ ਨੂੰ ਆਪਣੇ ਚਰਨਾ ਵਿਚ ਵਾਸਾ ਦੇਹ ਅਤੇ ਸਾਨੂੰ ਬਲ ਬਖਸ਼ ਕਿ ਅਸੀਂ ਦੁਖੀ ਵਤਨੀ ਭਰਾਵਾਂ ਨਾਲ ਹਮਦਰਦੀ ਤੇ ਸਹਾਇਤਾ ਕਰ ਸਕੀਏ।"

ਚੜ੍ਹਾਵੇ ਦੇ ੩੦-੩੨ ਰੁਪਏ ਵੀ ਇਕਠੇ ਹੋ ਗਏ।ਮੈਂ ਅਖਬਾਰਾਂ ਨੂੰ ਅਖੰਡ ਪਾਠ ਦੀ ਕਾਰਵਾਈ ਲਿਖ ਘਲੀ ਅਤੇ ਇਹ ਵੀ ਲਿਖ ਦਿਤਾ ਕਿ ਇਨ੍ਹਾਂ ਦੁਖੀਆਂ ਦੇ ਸਹਾਇਤਾ ਲਈ ਜਾਂ ਮਦਦ ਲਈ ਕੋਈ ਫੰਡ ਕਾਇਮ ਹੋਵੇ ਤਾਂ ਉਸ ਵਿਚ ਸਾਡੀ ਵੀ ਇਹ ਤੁਛ ਰਕਮ ਸ਼ਾਮਲ ਕਰ ਲਈ ਜਾਵੇ। ਇਹ ਖਬਰ ਲਾਹੌਰ ਦੇ ਕੇਵਲ ਇਕ ਅਖਬਾਰ ਵਿਚ ਛਪੀ। ਇਸਦਾ ਨਾਂ "ਹਿੰਦੂ" ਸੀ ਤੇ ਇਨ੍ਹਾਂ ਦਿਨਾਂ ਵਿਚ ਇਹ ਰਾਜਸੀ ਖਬਰਾਂ ਚੰਗੀਆਂ ਛਾਪਦਾ ਸੀ। ਇਤਨਾ ਕੁਝ ਕਰਨ ਨਾਲ ਮੇਰੇ ਦਿਲ ਦਾ ਭਾਰ ਕਾਫੀ ਹੌਲਾ ਹੋ ਗਿਆ ਭਾਵੇਂ ਇਨ੍ਹਾਂ ਵਤਨੀ ਵੀਰਾਂ ਤੇ ਸ਼ਹੀਦਾਂ ਸਬੰਧੀ ਜੋ



Digitized by Panjab Digital Library | www.panjabdigilib.org

ਕੁਝ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਸਕਿਆ । ਇਹ ਤਾਂ ਇਕ ਮਾਮੂਲੀ ਰਸਮੀ ਜਿਹੀ ਗਲ ਹੋ ਸਕਦੀ ਸੀ ਪਰ ਮੇਰੇ ਦਿਲ ਨੂੰ ਅਤੇ ਹੋਰ ਲੋਕਾਂ ਨੂੰ ਕੁਝ ਤਸੱਲੀ ਸੀ ਕਿ ਅਸਾਂ ਕੁਝ ਨਾ ਕੁਝ ਤਾਂ ਕੀਤਾ ਹੈ !

ਦੂਜੇ ਤੀਜੇ ਦਿਨ ਠੀਕਰੀ ਵਾਲੇ ਦਾ ਉਹੀ ਥਾਣੇਦਾਰ ਕੁਝ ਸਪਾਹੀ ਲੈ ਕੇ ਪਿੰਡ ਵਿਚ ਆ ਧਮਕਿਆ । ਉਹ ਲਾਲੋ ਲਾਲ ਹੋਇਆ ਹੋਇਆ ਸੀ । ਉਸ ਦੀਆਂ ਅਖਾਂ ਵਿਚ ਅਗ ਨਿਕਲ ਰਹੀ ਸੀ । ਪਿੰਡ ਦੇ ਨੰਬਰਦਾਰਾਂ ਨੂੰ ਅਤੇ ਮੈਨੂੰ ਸਦਕੇ ਉਸ ਨੇ ਕਿਹਾ—"ਤੁਸੀ ਤਾਂ ਮੇਰਾ ਬੇੜਾ ਗਰਕ ਕਰ ਦਿਤਾ । ਮੈਂ ਰਪੋਟ ਭੇਜ ਚੁਕਾ ਸਾਂ ਕਿ ਮੇਰੇ ਇਲਾਕੇ ਵਿਚ ਬਿਲਕੁਲ ਸ਼ਾਂਤੀ ਹੈ । ਬਾਗੀਆਂ ਨਾਲ ਕਿਸੇ ਨੂੰ ਹਮਦਰਦੀ ਨਹੀਂ । ਤੁਸੀ ਇਹ ਕੀ ਅਨਰਥ ਮਾਰਿਆ ? ਸਰਕਾਰ ਦੇ ਬਾਗੀਆਂ ਲਈ ਅਖੰਡ ਪਾਠ ਕਿਉਂ ਕੀਤਾ ਹੈ ?"

ਉਤਰ ਵਿਚ ਮੈਂ ਕਿਹਾ—"ਮੈਨੂੰ ਤਾਂ ਇਸ ਵਿਚ ਕੋਈ ਮਾੜੀ ਗਲ ਨਜ਼ਰ ਨਹੀਂ ਆਉਂਦੀ ਥਾਣੇਦਾਰ ਜੀ ! ਕਾਤਲਾਂ ਤੇ ਖੂਨੀਆਂ ਵਾਸਤੇ ਵੀ ਅਸੀ ਪਾਠ ਕਰ ਸਕਦੇ ਹਾਂ ਤੇ ਵਾਹਿਗੁਰੂ ਅਗੇ ਅਰਦਾਸੇ ਕਰ ਸਕਦੇ ਹਾਂ ਪਰ ਬਜਬਜ ਘਾਟ ਤੇ ਸ਼ਹੀਦ ਹੋਏ ਸਾਡੇ ਭਰਾ ਤਾਂ ਮੈਨੂੰ ਬਿਲਕੁਲ ਨਿਰਦੋਸ਼ ਦਿਸਦੇ ਹਨ । ਉਨ੍ਹਾਂ ਪੁਰ ਕੋਈ ਦੋਸ਼ ਸਾਬਤ ਨਹੀਂ ਹੋਇਆ । ਐਵੇਂ ਗੋਲੀਆਂ ਨਾਲ ਭੁੰਨ ਦਿਤੇ ਗਏ ਹਨ ।"

ਇਹ ਸੁਣ ਕੇ ਥਾਣੇਦਾਰ ਦੇ ਗੁਸੇ ਦਾ ਪਾਰਾ ੧੦੦ ਡਿਗਰੀ ਤੋਂ ਵੀ ਉਪਰ ਚੜ੍ਹ ਗਿਆ । ਪੁਲਸੀ ਡੰਡੇ ਨੂੰ ਆਪਣੇ ਪਟਾਂ ਪੁਰ ਮਾਰਦਾ ਹੋਇਆ । ਬੋਲਿਆ—"ਬਹੁਤਾ ਬੋਲ ਨਹੀਂ



Digitized by Panjab Digital Library | www.panjabdigilib.org

ਚਲ ਅਗੇ ਲਗ, ਥਾਣੇ ਨੂੰ। ਲਾਇਲਪੁਰ ਤੈਨੂੰ ਸੁਪਰੰਡੰਟ ਦੇ ਪੇਸ਼ ਕਰਾਂਗੇ। ਆਪੇ ਤੈਨੂੰ ਪਤਾ ਲਗ ਜਾਏਗਾ ਕਿ ਬਾਗੀਆਂ ਵਾਸਤੇ ਪਾਠ ਕਰਨ ਦਾ ਕੀ ਨਤੀਜਾ ਨਿਕਲਦਾ ਹੈ'' । ਲੋਕ ਵੀ ਹੈਰਾਨ ਸਨ। ਮੈਂ ਵੀ ਹੈਰਾਨ ਸਾਂ । ਕਿਡਾ ਹਨੇਰ ਹੈ ਕਿ ਅਖੰਡ ਪਾਠ ਕਰਨਾ ਵੀ ਅਪਰਾਧ ਬਣ ਗਿਆ ਹੈ।

ਖੈਰ ਰਾਤ ਨੂੰ ਮੈਨੂੰ ਠੀਕਰੀ ਵਾਲੇ ਥਾਣੇ ਦੀ ਹਵਾਲਾਤ ਵਿਚ ਡਕਿਆ ਗਿਆ। ਸਵੇਰੇ ਲਾਇਲ ਪੁਰ ਲੈ ਜਾ ਕੇ ਗੋਰੇ ਪੁਲਸ ਸੁਪਰੰਡੰਟ ਦੇ ਪੇਸ਼ ਕੀਤਾ ਗਿਆ। ਉਹ ਇਕ ਉਚੀ ਥਾਂ ਕੁਰਸੀ ਪੁਰ ਨਵਾਬ ਬਣ ਕੇ ਬੈਠਾ ਸੀ । ਸਾਹਮਣੇ ਖੜਾ ਕਰਕੇ ਉਸ ਨੇ ਮੈਨੂੰ ਕੜਕ ਦੇ ਆਖਿਆ : "ਤੇਰੀਆਂ ਬਹੁਤ ਰਪੋਟਾਂ ਆ ਚੁਕੀਆਂ ਹਨ । ਤੂੰ ਬਗ਼ਾਵਤ ਫੈਲਾ ਰਿਹਾ ਏਂ। ਤੂੰ ਬੜਾ ਸ਼ਰਾਰਤੀ ਏਂ, ਫਿਤਨਾ ਪੈਦਾ ਕਰਨ ਵਾਲਾ ਏਂ । ਯਾਦ ਰਖ ਜੇ ਤੂੰ ਟਲੇਂਗਾ ਨਹੀਂ ਤਾਂ ਜੇਹਲ ਵਿਚ ਪਾ ਦਿਆਂਗੇ। ਤੈਨੂੰ ਪਤਾ ਨਹੀਂ ਕੋਮਾ ਗਾਟਾ ਮਾਰੂ ਦੇ ਸਿਖ ਪਤਤਿ ਹਨ ਸਿਖਾਂ ਦੇ "ਕੁਦਰਤੀ ਲੀਡਰਾਂ" ਨੇ ਇਨ੍ਹਾਂ ਨੂੰ ਪਤਤਿ ਤੇ ਬਾਗ਼ੀ ਆਖਿਆ ਹੈ । ਇਨ੍ਹਾਂ ਨਾਲ ਜੋ ਹਮਦਰਦੀ ਕਰਦਾ ਹੈ ਅਸੀਂ ਉਸ ਨੂੰ ਵੀ ਬਾਗ਼ੀ ਸਮਝਦੇ ਹਾਂ। ਮੈਂ ਹੁਣੇ ਹੀ ਤੇਰੀ ਰਪੋਟ ਕਰਕੇ ਤੈਨੂੰ ਨੌਕਰੀ ਤੋਂ ਮੌਕੂਫ ਕਰਵਾ ਦਿਆਂਗਾ।"

ਮੈਂ ਉਤਰ ਦੇਣ ਦਾ ਜਤਨ ਕੀਤਾ । ਮੈਂ ਆਖਿਆ, ਅਸਾਂ ਕੋਈ ਲੈਕਚਰ ਨਹੀਂ ਦਿੱਤਾ ਕੇਵਲ ਮਾਰੇ ਗਏ ਭਰਾਵਾਂ ਦੀ ਆਤਮਕ ਸ਼ਾਂਤੀ ਲਈ ਆਖੰਡ ਪਾਠ ਹੀ ਕੀਤਾ ਹੈ, ਪਰ ਮੇਰੀ ਗੱਲ ਉਸ ਨੇ ਇਕ ਨਾ ਸੁਣੀ। ਉਹ ਗੁਸੇ ਵਿਚ ਲਾਲ ਪੀਲਾ ਹੋਇਆ ਹੋਇਆ ਸੀ। ਜੋ ਮੂੰਹ ਵਿਚ ਆਉਂਦਾ ਸੀ ਬੋਲੀ ਜਾਂਦਾ ਸੀ। ਮੈਂ ਚੁਪ ਕਰ ਕੇ ਸੁਣਦਾ ਗਿਆ ਅਤੇ ਦਿਲ ਵਿਚ ਆਖਿਆ ਕਿ



Digitized by Panjab Digital Library | www.panjabdigilib.org

ਜੋ ਇਸ ਨੇ ਕਰਨਾ ਹੈ, ਕਰ ਲਵੇ। ਮੁਕਦਮਾ ਚਲੇਗਾ ਤਾਂ ਉਥੇ ਪੂਰਾ ਬਿਆਨ ਦੇ ਦਿਆਂਗੇ।ਫਿਰ ਥਾਣੇਦਾਰ ਮੈਨੂੰ ਬਾਹਰ ਲੈ ਗਿਆ ਤੇ ਆਖਿਆ : "ਮਾਫੀ ਮੰਗ ਲੈ, ਅਤੇ ਲਿਖ ਕੇ ਦੇ ਦੇ ਕਿ ਅਗੋਂ ਨੂੰ ਮੈਂ ਅਜਿਹੀ ਹਰਕਤ ਨਹੀਂ ਕਰੇਗਾ। ਸਰਕਾਰ ਦਾ ਪੱਕਾ ਵਫ਼ਾਦਾਰ ਰਹਾਂਗਾ। ਨਹੀਂ ਤਾਂ ਨੌਕਰੀ ਤੋਂ ਮੌਕੂਫ ਹੋ ਜਾਏਂਗਾ ਤੇ ਜਿਹਲ ਦੀ ਹਵਾ ਖਾਣੀ ਪਏਗੀ।"

ਮੈਂ ਆਖਿਆ :–"ਥਾਣੇਦਾਰ ਸਾਹਿਬ ਮੈਂ ਬਥੇਰਾ ਸੋਚਿਆ ਹੈ, ਪਰ ਮੇਰਾ ਦਿਲ ਉੱਕਾ ਨਹੀਂ ਮੰਨਦਾ ਕਿ ਮੈਂ ਕੋਈ ਕਸੂਰ ਕੀਤਾ ਹੈ। ਇਸ ਵਾਸਤੇ ਮਾਫੀ ਮੰਗਣ ਦਾ ਕੋਈ ਸੁਆਲ ਹੀ ਨਹੀਂ ਉਠਦਾ। ਜੇ ਭਰਾਵਾਂ ਨਾਲ ਹਮਦਰਦੀ ਕਰਨ ਤੇ ਆਖੰਡ ਪਾਠ ਬਦਲੇ ਕੈਦ ਮਿਲਦੀ ਹੈ ਤਾਂ ਮਿਲੇ। ਸਾਰਾ ਦਿਨ ਥਾਣੇ ਵਿਚ ਰੱਖ ਕੇ ਸ਼ਾਮ ਨੂੰ ਥਾਣੇਦਾਰ ਨੇ ਆਖਿਆ, "ਮੈਂ ਸਾਹਿਬ ਨੂੰ ਆਖ ਕੇ ਇਸ ਵੇਰਾਂ ਮਾਫ਼ ਕਰਵਾ ਦਿੱਤਾ ਹੈ। ਮੈਂ ਉਸ ਨੂੰ ਯਕੀਨ ਦਵਾ ਦਿੱਤਾ ਹੈ ਕਿ ਹੀਰਾ ਸਿੰਘ ਬੜਾ ਸ਼ਰੀਫ਼ ਆਦਮੀ ਹੈ। ਹੁਣ ਅਗੋਂ ਨੂੰ ਖਿਆਲ ਰੱਖਣਾ।" ਇਹ ਆਖ ਕੇ ਉਸ ਮੈਨੂੰ ਜਾਣ ਦੀ ਆਗਿਆ ਦੇ ਦਿਤੀ। ਮੈਂ ਵਾਪਸ ਆ ਗਿਆ। ਥਾਣੇ ਵਿਚ ਰਾਤ ਰਹਿਣ ਤੇ ਗੋਰੇ ਪੁਲਸ ਸੁਪ੍ਰੰਡੰਟ ਦੇ ਪੇਸ਼ ਹੋਣ ਦਾ ਮੇਰਾ ਇਹ ਦੂਜਾ ਮੌਕਾ ਸੀ।

ਮੈਂ ਵਾਪਸ ਘਰ ਆ ਕੇ ਸੋਚਿਆ ਕਿ ਸਰਕਾਰੀ ਜਾਂ ਅਧ-ਸਰਕਾਰੀ ਨੌਕਰੀ ਨਿਰੀ ਗ਼ੁਲਾਮੀ ਹੈ। ਪੁਲਸ ਨੇ ਮੇਰੀ ਰਪੋਟ ਕਰ ਕੇ ਮੌਕੂਫ਼ ਤਾਂ ਕਰਵਾ ਹੀ ਦੇਣਾ ਹੈ, ਇਸ ਵਾਸਤੇ ਕਿਉਂ ਨ ਆਪ ਹੀ ਅਸਤੀਫ਼ਾ ਦੇ ਕੇ ਕੋਈ ਹੋਰ ਸਵਤੰਤਰ ਕੰਮ ਕਰ ਲਵਾਂ। ਸੋ ਮੈਂ ਕੁਝ ਚਿਰ ਮਗਰੋਂ ਡਿਸਟ੍ਰਿਕਟ ਬੋਰਡ ਦੀ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿਤਾ ਤੇ ਕਲਰ



Digitized by Panjab Digital Library | www.panjabdigilib.org

ਖਾਲਸਾ ਹਾਈ ਸਕੂਲ ਵਿਚ ਪੰਜਾਬੀ ਟੀਚਰ ਲਗ ਗਿਆ। ਜਿਥੇ ਕਿ ਮਾਸਟਰ ਤਾਰਾ ਸਿੰਘ ਜੀ ਹੈਡਮਾਸਟਰ ਸਨ ਤੇ ਸੰਤ ਤੇਜਾ ਸਿੰਘ ਜੀ ਪ੍ਰਿੰਸੀਪਲ ਸਨ ਅਤੇ ਦਿਲ ਵਿਚ ਇਹ ਪੱਕਾ ਫ਼ੈਸਲਾ ਕਰ ਲਿਆ ਕਿ ਮਜ਼ਦੂਰੀ ਕਰ ਲੈਣੀ ਚੰਗੀ ਹੈ, ਪਰ ਸਰਕਾਰੀ ਨੌਕਰੀ ਨਹੀਂ ਕਰਨੀ ਤੇ ਨਾ ਹੀ ਅੰਗਰੇਜ਼ਾਂ ਦੀ ਈਨ ਮੰਨਣੀ ਹੈ।

———



Digitized by Panjab Digital Library | www.panjabdigilib.org

# ਕੋਮਾਗਾਟਾ ਮਾਰੂ ਜਹਾਜ ਦੀ ਦੁਖਾਂਤ-ਕਹਾਣੀ

ਕੋਮਾਗਾਟਾ ਮਾਰੂ ਜਹਾਜ ਦੀ ਬਜਬਜ ਘਾਟ ਪੁਰ ਵਰਤੀ ਦੁਖਾਂਤ ਘਟਨਾ ਦਾ ਜੋ ਅਸਰ ਮੇਰੇ ਦਿਲ ਪੁਰ ਪਿਆ ਉਸ ਦਾ ਪਿਛੇ ਵਰਨਣ ਹੋ ਚੁਕਾ ਹੈ ਪਰ ਇਹ ਸਾਰੀ ਦਰਦ-ਕਹਾਣੀ ਸਾਡੇ ਕੌਮੀ ਆਜ਼ਾਦੀ ਦੇ ਘੋਲ ਦੀ ਇਕ ਅਭੁਲ ਯਾਦ ਬਣ ਗਈ ਹੈ। ਇਹ ਕਹਾਣੀ ਸਾਡੀ ਆਰਥਕ ਤੇ ਰਾਜਸੀ ਗ਼ੁਲਾਮੀ ਦਾ ਹੂ ਬਹੂ ਚਿਤਰ ਪੇਸ਼ ਕਰਦਿਆਂ ਹੋਇਆਂ ਇਹ ਵੀ ਦਸਦੀ ਹੈ ਕਿ ਪੰਜਾਬੀ ਸਿੱਖ ਸੂਰਬੀਰਾਂ ਨੇ ਇਸ ਦੇ ਵਿਰੁਧ ਕਿਸ ਕਿਸ ਢੰਗ ਨਾਲ ਘੋਲ ਕੀਤਾ ਤੇ ਬਹੁਮੁਲੀਆਂ ਕੁਰਬਾਨੀਆਂ ਦੇ ਕੇ ਆਪਣੀ ਅਦੁਤੀ ਸੂਰਬੀਰਤਾ ਦਾ ਸਬੂਤ ਦਿਤਾ। ਇਸ ਕਰ ਕੇ ਮੇਰਾ ਜੀ ਕਰਦਾ ਹੈ ਕਿ ਇਸ ਕਹਾਣੀ ਨੂੰ ਵਿਸਥਾਰ ਨਾਲ ਇਥੇ ਦਰਜ ਕਰ ਦਿਆਂ, ਕਿਉਂਕਿ ਇਹ ਕਹਾਣੀ ਹਿੰਦ ਦੀ ਨਵੀਂ ਸੰਤਾਨ ਲਈ ਅਗਾਂਹ-ਵਧੂ ਜੀਵਨ ਘੋਲ ਕਰਨ ਲਈ ਚਾਨਣ ਮੁਨਾਰੇ ਦਾ ਕੰਮ ਦੇਣ ਵਾਲੀ ਹੈ।

ਮੇਰੇ ਜੀਵਨ ਨਾਲ ਵੀ ਇਸ ਕਹਾਣੀ ਦਾ ਮੁਢ ਤੋਂ ਹੀ ਸੰਬੰਧ ਬਣ ਗਿਆ ਸੀ। ਪਹਿਲਾਂ ੧੯੧੪ ਵਿਚ ਬਜਬਜ ਘਾਟ ਦੇ ਖੂਨੀ ਸਾਕੇ ਨੇ ਮੈਨੂੰ ਝੰਝੋੜਿਆ। ਇਥੋਂ ਦੇ ਸ਼ਹੀਦੀ ਖੂਨ ਦੀ ਧਾਰਾ ਮੇਰੇ ਖੂਨ ਨੂੰ ਗਰਮਾਉਣ ਦਾ ਕਾਰਨ ਬਣੀ।



Digitized by Panjab Digital Library | www.panjabdigilib.org

ਓਦੋਂ ਮੇਰਾ ਖਿਆਲ ਸੀ ਕਿ ਇਸ ਸਾਕੇ ਵਿਚ ਬਾਬਾ ਗੁਰਦਿਤ ਸਿੰਘ ਜੀ ਵੀ ਸ਼ਹੀਦ ਹੋ ਚੁਕੇ ਹਨ । ਜਦੋਂ ੧੯੨੦ ਵਿਚ 'ਅਕਾਲੀ' ਅਖਬਾਰ ਦੇ ਐਡੀਟਰ ਦੀ ਹੈਸੀਅਤ ਵਿਚ ਮੈਂ ਲਾਹੌਰ ਆ ਗਿਆ ਤਾਂ ਕੁਝ ਆਦਮੀਆਂ ਦੀ ਜ਼ਬਾਨੀ ਸੁਣਿਆ ਕਿ ਬਾਬਾ ਗੁਰਦਿਤ ਸਿੰਘ ਅਜੇ ਜੀਉਂਦੇ ਹਨ ਤੇ ਗੁਪਤਵਾਸ ਕਰਦੇ ਹਨ । ਇਹ ਜਾਣ ਕੇ ਮੇਰੇ ਦਿਲ ਵਿਚ ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਦੀ ਜ਼ਬਾਨੀ ਕੋਮਾਗਾਟਾ ਮਾਰੂ ਦੀ ਦਰਦਨਾਕ ਕਹਾਣੀ ਸੁਣਨ ਦੀ ਪ੍ਰਬਲ ਇੱਛਾ ਪੈਦਾ ਹੋ ਗਈ ਪਰ ਮੈਨੂੰ ਅਜੇ ਪੂਰਾ ਯਕੀਨ ਨ ਆਇਆ ਕਿ ਬਾਬਾ ਜੀ ਸਚ ਮੁਚ ਜੀਉਂਦੇ ਹੋਣਗੇ ।

ਇਕ ਦਿਨ ਸ: ਸਰਦੂਲ ਸਿੰਘ ਜੀ ਕਵੀਸ਼ਰ 'ਅਕਾਲੀ' ਦੇ ਦਫ਼ਤਰ ਵਿਚ ਆਏ ਤੇ ਮੈਨੂੰ ਕਹਿਣ ਲਗੇ : "ਚਲੋ ਗਿਆਨੀ ਜੀ ਤੁਹਾਨੂੰ ਇਕ ਬਹੁਤ ਵਡੇ ਨੇਤਾ ਨਾਲ ਮੁਲਾਕਾਤ ਕਰਾਈਏ" । ਮੈਂ ਖਿਆਲ ਕੀਤਾ ਪੰਜਾਬ ਤੋਂ ਬਾਹਰੋਂ ਕੋਈ ਰਾਜਸੀ ਨੇਤਾ ਆਇਆ ਹੋਵੇਗਾ । ਮੈਂ ਬੜੇ ਚਾਉ ਨਾਲ ਤਿਆਰ ਹੋ ਪਿਆ ।

ਉਹ ਰਾਮ ਗਲੀ ਦੇ ਇਕ ਚੁਬਾਰੇ ਵਿਚ ਮੈਨੂੰ ਨਾਲ ਲੈ ਗਏ । ਕਮਰੇ ਅੰਦਰ ਵਡੇ ਰਾਜਸੀ ਲੀਡਰਾਂ ਦੀ ਸ਼ਾਨ ਮੁਤਾਬਿਕ ਕੋਈ ਸਾਮਾਨ ਨਹੀਂ ਸੀ । ਨਾ ਕੋਈ ਦਰੀ, ਨਾ ਕਊਚ, ਨਾ ਕੁਰਸੀਆਂ । ਸ਼ੈਦ ਦੋ ਮੰਜੇ ਪਏ ਸਨ । ਇਕ ਮੰਜੇ ਪੁਰ ਦਰੀ ਉਪਰ ਇਕ ਸਫੈਦ ਦਾਹੜੇ ਤੇ ਚੌੜੇ ਨੂਰਾਨੀ ਮੁਖੜੇ ਵਾਲਾ, ਮੱਧਰੇ ਕਦ ਦਾ ਸਿਖ ਬਾਬਾ ਬੈਠਾ ਸੀ । ਸਾਦੇ ਬਸਤਰ ਪਹਿਨੇ ਹੋਏ ਸਨ । ਮੈਨੂੰ ਵੇਖਦਿਆਂ ਹੀ ਉਹ ਮੈਨੂੰ ਮਿਲਣ ਲਈ ਇਸ ਤਰ੍ਹਾਂ ਚਾਉ ਨਾਲ ਉਠਿਆ ਜਿਵੇਂ ਮੈਂ ਉਸ ਦਾ ਚਿਰ ਦਾ ਮਹਿਰਮ ਸਾਂ । "ਆਓ ਗਿਆਨੀ ਜੀ, ਸਤਿ ਸ੍ਰੀ ਅਕਾਲ" ਕਹਿੰਦਿਆਂ



Digitized by Panjab Digital Library | www.panjabdigilib.org

ਹੋਇਆਂ ਉਸ ਨੇ ਮੈਨੂੰ ਘੁਟ ਕੇ ਗਲੇ ਨਾਲ ਲਾ ਲਿਆ । ਨਿੱਘੀ ਪਿਆਰ ਭਰੀ ਗਲਵੱਕੜੀ ਨਾਲ ਮੈਨੂੰ ਹੈਰਾਨੀ ਭਰੀ ਖੁਸ਼ੀ ਵਿਚ ਗੜੂੰਦ ਕਰ ਦਿਤਾ।

ਕਵੀਸ਼ਰ ਜੀ ਕਹਿਣ ਲਗੇ, "ਜਾਣਦੇ ਹੋ, ਇਹ ਕੌਣ ਹਨ? ਇਹ ਹਨ ਕੌਮਾਗਾਟਾ ਮਾਰੂ ਦੇ ਹੀਰੋ, ਬਾਬਾ ਗੁਰਦਿਤ ਸਿੰਘ ਜੀ ਜ਼ਿੰਦਾ ਸ਼ਹੀਦ !"

ਬਾਬਾ ਜੀ ਦੀ ਪਹਿਲੀ ਅਚਣ ਚੇਤੀ ਇਸ ਮਿਲਣੀ ਨੇ ਮੈਨੂੰ ਅਥਾਹ ਖੁਸ਼ੀ ਦੇ ਸਰੋਵਰ ਵਿਚ ਡੋਬ ਦਿਤਾ । ਮੈਂ ਇਉਂ ਮਹਿਸੂਸ ਕੀਤਾ ਜਿਵੇਂ ਮੈਨੂੰ ਇਕ ਗੁਆਚਿਆ ਹੋਇਆ ਲਾਲ ਲਭ ਪਿਆ ਹੈ। ਬਾਬਾ ਜੀ ਸਤ ਸਾਲ ਤੋਂ ਗੁਪਤ ਵਿਚਰਦੇ ਰਹੇ ਸਨ। ਹਕੂਮਤ ਵਲੋਂ ਉਨ੍ਹਾਂ ਦੇ ਵਾਰੰਟ ਗ੍ਰਿਫਤਾਰੀ ਨਿਕਲੇ ਹੋਏ ਸਨ ਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਸ਼ੈਦ ਪੰਜ ਕੁ ਹਜ਼ਾਰ ਰੁਪਿਆ ਇਨਾਮ ਵੀ ਰਖਿਆ ਹੋਇਆ ਸੀ। ਮੈਨੂੰ ਇਸ ਗਲ ਦੀ ਵੀ ਖੁਸ਼ੀ ਤੇ ਮਾਣ ਮਹਿਸੂਸ ਹੋਇਆ ਕਿ ਮੈਂ ਇਤਨੇ ਵਿਸ਼ਵਾਸ਼ ਤੇ ਭਰੋਸੇ ਦਾ ਪਾਤਰ ਸਮਝਿਆ ਗਿਆ ਹਾਂ।

ਕੁਝ ਦਿਨ ਬਾਬਾ ਜੀ ਉਥੇ ਹੀ ਰਹੇ ਤੇ ਮੈਂ ਉਨ੍ਹਾਂ ਨੂੰ ਹਰ ਰੋਜ਼ ਮਿਲਣ ਦੀ ਖੁਸ਼ੀ ਪ੍ਰਾਪਤ ਕਰਕੇ ਉਨ੍ਹਾਂ ਤੋਂ ਕੋਮਾਗਾਟਾ ਮਾਰੂ ਦੀ ਦਰਦਨਾਕ ਤੇ ਦਿਲ ਚਸਪ ਕਹਾਣੀ ਸੁਣਦਾ ਰਿਹਾ। ਪਰ ਉਨ੍ਹਾਂ ਨੇ ਕਿਹਾ ਕਿ ਇਹ ਸਾਰੀ ਵਾਰਤਾ ਉਨ੍ਹਾਂ ਨੇ ਲਿਖੀ ਹੋਈ ਹੈ ਤੇ ਉਹ ਕਿਸਤਾਂ ਨਾਲ "ਆਕਾਲੀ" ਅਖਬਾਰ ਵਿਚ ਛਪਣ ਲਈ ਦੇ ਦੇਣਗੇ। ਕੁਝ ਚਿਰ ਮਗਰੋਂ ਜਦੋਂ ਕੋਮਾਗਾਟਾ ਮਾਰੂ ਤੇ ਬਾਬਾ ਗੁਦਿਤ ਸਿੰਘ ਜੀ ਦੀ ਦਰਦ ਕਥਾ "ਅਕਾਲੀ" ਅਖਬਾਰ ਵਿਚ ਛਪਣੀ ਅਰੰਭ ਹੋਈ ਤਾਂ ਲੋਕਾਂ ਦੇ ਧਿਆਨ ਨੂੰ ਇਸਨੇ



Digitized by Panjab Digital Library | www.panjabdigilib.org

ਚੁੰਬਕ ਪਥਰ ਖਿਚ ਲਿਆ ਤੇ ਲੋਕਾਂ ਦੀ ਬਾਬਾ ਜੀ ਦੇ ਦਰਸ਼ਨਾਂ ਲਈ ਹਦੋਂ ਵਧ ਦਿਲ ਚਸਪੀ ਪੈਦਾ ਹੋ ਗਈ।

ਫਰਵਰੀ ੧੯੨੧ ਵਿਚ ਨਨਕਾਣਾ ਸਾਹਿਬ ਦੇ ਸਾਕੇ ਦੇ ਮਗਰੋਂ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਹੋਰ ਸਿਖ ਆਗੂਆਂ ਦੇ ਸਲਾਹ ਮਸ਼ਵਰੇ ਨਾਲ ੧੫ ਨਵੰਬਰ ੧੯੨੧ ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਉਤਸ਼ਵ ਦੇ ਗੁਰ ਪੁਰਬ ਸਮੇਂ ਨਨਕਾਣੇ ਸਾਹਿਬ ਦੇ ਭਰੇ ਸਮਾਗਮ ਵਿਚ ਪ੍ਰਗਟ ਹੋਏ । ਅਤੇ ਸੱਤ ਸਾਲ ਤੋਂ ਹਜ਼ਾਰਾਂ ਤਾਂਘਦੀਆਂ ਅੱਖਾਂ ਨੂੰ ਦਰਸ਼ਨ ਦੇ ਕੇ ਠੰਢ ਪਾਈ ।

ਪਰ ਦੀਵਾਨ ਤੋਂ ਬਾਹਰ ਪੁਲਸ ਵਾਲੇ ਹਥਕੜੀਆਂ ਛਣਕਾ ਰਹੇ ਸਨ ਅਤੇ ਇਸ ਖ਼ੁਸ਼ੀ ਦੇ ਬਾਗ਼ ਪੁਰ ਬਿਜਲੀ ਕੜਕਦੀ ਦਿਸ ਰਹੀ ਸੀ । ਬਾਬਾ ਜੀ ਨੂੰ ਕੁਝ ਇਨਕਲਾਬੀਆਂ ਨੇ ਫਿਰ ਗੁਪਤ ਹੋ ਜਾਣ ਦੀ ਸਲਾਹ ਦਿਤੀ ਪਰ ਬਾਬਾ ਜੀ ਨਾ ਮੰਨੇ ਉਹ ਮਹਾਤਮਾ ਗਾਂਧੀ ਜੀ ਨਾਲ ਪੁਲਸ ਦੇ ਪੇਸ਼ ਹੋਣ ਦਾ ਫ਼ੈਸਲਾ ਕਰ ਆਏ ਸਨ ਅਤੇ ਗਾਂਧੀ ਵਾਦਕ ਨੀਤੀ ਨੂੰ ਅਪਣਾ ਚੁਕੇ ਸਨ। ਦੂਜੇ ਦਿਨ ਉਹ ਆਪ ਥਾਣੇ ਵਿਚ ਜਾ ਕੇ ਆਪਣੇ ਆਪ ਨੂੰ ਪੇਸ਼ ਕਰ ਕੇ ਗ੍ਰਿਫ਼ਤਾਰ ਹੋ ਗਏ ਅਤੇ ਗੁਪਤ ਵਾਸ ਦੀ ਜਿਹਲ ਵਿਚੋਂ ਨਿਕਲ ਕੇ ਪ੍ਰਗਟ ਬਰਤਾਨਵੀ ਜਿਹਲ ਵਿਚ ਪੈ ਗਏ ।

ਕੌਮਾ ਗਾਟਾ ਮਾਰੂ ਜਹਾਜ਼ ਦੀ ਜਿਹੜੀ ਕਹਾਣੀ ਮੈਂ ਬਾਬਾ ਜੀ ਤੋਂ ਸੁਣੀ ਅਤੇ ਉਨ੍ਹਾਂ ਦੀਆਂ ਲਿਖਤਾਂ ਵਿਚ ਪੜ੍ਹੀ ਉਸ ਨੂੰ ਮੈਂ ਪਾਠਕਾਂ ਦੀ ਦਿਲਚਸਪੀ ਲਈ ਅਗੇ ਦਰਜ ਕਰ ਰਿਹਾ ਹਾਂ :-

ਬਾਬਾ ਗੁਰਦਿਤ ਸਿੰਘ ਜੀ ਸਰਹਾਲੀ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਇਕ ਉਤਸ਼ਾਹੀ ਤੇ ਉਦਮੀ ਵਪਾਰੀ ਤੇ ਠੇਕੇਦਾਰ ਬਣ ਕੇ ਇਹ ੧੯੧੪ ਵਿਚ ਮਲਾਇਆ ਵਿਚ ਕੰਮ



Digitized by Panjab Digital Library | www.panjabdigilib.org

ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਹਜ਼ਾਰਾਂ ਪੰਜਾਬੀ ਜਿਨ੍ਹਾਂ ਵਿਚ ਸਿਖਾਂ ਦੀ ਬਹੁ ਗਿਣਤੀ ਸੀ, ਹਾਂਗਕਾਂਗ, ਸ਼ੰਘਾਈ ਤੇ ਸਿੰਘਾ ਪੁਰ ਆਦਿਕ ਬੰਦਰਗਾਹਾਂ ਪੁਰ ਧਕੇ ਖਾ ਰਹੇ ਸਨ। ਉਹ ਘਰੋਂ ਜ਼ਮੀਨਾਂ ਵੇਚ ਕੇ ਜਾਂ ਕਰਜ਼ੇ ਚੁਕ ਕੇ ਕੈਨੇਡਾ-ਅਮਰੀਕਾ ਜਾਣ ਲਈ ਆਏ ਸਨ, ਪਰ ਜਹਾਜ਼ੀ ਕੰਪਨੀਆਂ ਟਿਕਟ ਨਹੀਂ ਦੇਂਦੀਆਂ ਸਨ। ਬਾਬਾ ਗੁਰਦਿਤ ਸਿੰਘ ਜੀ ਦੇ ਵਪਾਰੀ ਦਿਮਾਗ਼ ਵਿਚ ਇਕ ਹਿੰਦੀ ਜਹਾਜ਼ੀ ਕੰਪਨੀ ਬਣਾ ਕੇ ਵਪਾਰ ਕਰਨ ਤੇ ਨਾਲ ਹੀ ਆਪਣੇ ਪੰਜਾਬੀ ਵੀਰਾਂ ਦੀ ਸਹਾਇਤਾ ਕਰਨ ਦੇ ਵਿਚਾਰ ਪੈਦਾ ਹੋਏ ਪਰ ਇਹ ਹਾਲਤ ਪੈਦਾ ਕਰਨ ਵਾਲਾ ਪਿਛਲੇ ਅੱਠ ਦਸ ਸਾਲ ਦਾ ਰਾਜਸੀ ਆਰਥਕ ਪਿਛਵਾੜਾ ਹੈ।

ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਕਿਸਾਨਾਂ ਦੀ ਹਾਲਤ ਬਹੁਤ ਭੈੜੀ ਹੋ ਗਈ ਸੀ। ਬਰਤਾਨਵੀ ਸਾਮਰਾਜ ਦੀ ਲੋਟੂ ਪਾਲਿਸੀ ਮੁਤਾਬਕ ਰਾਜਸੀ ਪ੍ਰਬੰਧ ਤੇ ਨਵੇਂ ਕਾਨੂੰਨਾਂ ਨੇ ਲੋਕਾਂ ਦਾ ਕਚੂਮਰ ਕੱਢ ਦਿੱਤਾ ਸੀ। ਪੇਂਡੂ ਲੋਕ ਕਰਜ਼ੇ ਦੇ ਭਾਰ ਹੇਠਾਂ ਪੀਠੇ ਜਾ ਰਹੇ ਸਨ। ਜ਼ਮੀਨਾਂ ਵਿਕਦੀਆਂ ਜਾ ਰਹੀਆਂ ਜਾਂ ਗਹਿਣੇ ਪੈਂਦੀਆਂ ਜਾ ਰਹੀਆਂ ਸਨ। ਕਈ ਲੋਕ ਪੁਲਸ ਜਾਂ ਫ਼ੌਜ ਵਿਚ ਜਾ ਕੇ ਨੌਕਰੀਆਂ ਕਰਨ ਲੱਗ ਪਏ ਸਨ। ਬਰਤਾਨਵੀ ਸਾਮਰਾਜ ਦੀ ਖਾਤਰ ਉਹ ਬਰਮਾ, ਮਲਾਇਆ ਜਾਂ ਚੀਨ ਆਦਿਕ ਦੇਸਾਂ, ਪਰਦੇਸਾਂ ਵਿਚ ਜਾਂਦੇ ਸਨ, ਪਰ ਇਨ੍ਹਾਂ ਨੌਕਰੀਆਂ ਦੀ ਤਨਖ਼ਾਹ ਵੀ ਮਸਾਂ ਗੁਜ਼ਾਰੇ ਜੋਗੀ ਹੁੰਦੀ ਸੀ। ਉਹ ਕਰਜ਼ੇ ਨਹੀਂ ਉਤਾਰ ਸਕਦੇ ਸਨ। ਫ਼ੌਜੀ ਸਪਾਹੀ ਦੀ ੭-੮ ਰੁਪਏ ਮਹੀਨਾ ਤਨਖ਼ਾਹ ਹੁੰਦੀ ਸੀ ਅਤੇ ਰਸਾਲੇ ਦੇ ਸੁਆਰ ਨੂੰ ੩੧ ਰੁਪਏ ਮਿਲਦੇ ਸਨ। ਸੁਆਰ ਨੂੰ ਘੋੜੇ ਤੇ ਸਾਈਸ ਦਾ ਖ਼ਰਚ ਦੇ ਕੇ ਬਾਕੀ ਕੁਝ ਵੀ ਨਹੀਂ ਸੀ ਬਚਦਾ। ਕਈ ਲੋਕ ਸ਼ਹਿਰਾਂ ਵਿਚ ਮਜ਼ਦੂਰੀ ਕਰਨ ਜਾਂਦੇ।



Digitized by Panjab Digital Library | www.panjabdigilib.org

ਤਿੰਨ ਚਾਰ ਆਨੇ ਦਿਹਾੜੀ ਦੀ ਮਜ਼ਦੂਰੀ ਮਿਲਦੀ ਸੀ । ਬੇਕਾਰੀ, ਭੁਖ ਨੰਗ ਤੇ ਗ਼ਰੀਬੀ ਵਧ ਰਹੀ ਸੀ । ਜਿਸ ਪਾਸੇ ਭੀ ਕਿਸੇ ਨੂੰ ਨੌਕਰੀ ਜਾਂ ਰੁਜ਼ਗਾਰ ਦੀ ਸਰੋਤ ਪੈਂਦੀ ਝਟ ਉਧਰ ਨੂੰ ਭੱਜ ਉਠਦਾ।

੧੯੦੫ ਵਿਚ ਲੋਕੀਂ ਮਲਾਇਆ, ਚੀਨ, ਕੈਨੇਡਾ ਤੇ ਅਮਰੀਕਾ ਵਲ ਜਾਣੇ ਸ਼ੁਰੂ ਹੋ ਗਏ ਸਨ । ਅਮਰੀਕਾ ਵਲ ਪਹਿਲਾਂ ਚੀਨੇ, ਜਾਪਾਨੀ ਤੇ ਫਿਲਪਾਨੀ ਗਏ। ਕੈਨੇਡਾ ਤੇ ਅਮਰੀਕਾ ਵਿਚ ਉਦੋਂ ਕੁਝ ਨਵੇਂ ਇਲਾਕੇ ਆਬਾਦ ਹੋ ਰਹੇ ਸਨ। ਕੈਨੇਡਾ ਵਿਚ ਵੈਨਕੋਵਰ ਤੇ ਅਮਰੀਕਾ ਦੇ ਕੈਲੇਫ਼ੋਰਨੀਆਂ ਸ਼ਹਿਰਾਂ ਵਿਚ ਤੇ ਆਲੇ ਦੁਆਲੇ ਕਾਰਖ਼ਾਨੇ ਲੱਗ ਰਹੇ ਸਨ। ਖੇਤੀ ਬਾੜੀ ਦੀਆਂ ਫਾਰਮਾਂ ਬਣ ਰਹੀਆਂ ਸਨ । ਰੇਲਾਂ ਦੀਆਂ ਸੜਕਾਂ ਉਸਰ ਰਹੀਆਂ ਸਨ। ਦਿਹਾੜੀ ਦੀ ਮਜ਼ਦੂਰੀ ਸਵਾ ਡਾਲਰ, ਡੇਢ ਡਾਲਰ ਤੇ ਕਿਤੇ ਕਿਤੇ ਦੋ ਡਾਲਰ ਵੀ ਮਿਲਦੀ ਸੀ । ਇਕ ਡਾਲਰ ਉਦੋਂ ਚਾਰ, ਸਾਢੇ ਚਾਰ ਰੁਪਏ ਦਾ ਹੁੰਦਾ ਸੀ। ਸਸਤੀ ਮਜ਼ਦੂਰੀ ਦੀ ਬਹੁਤ ਮੰਗ ਸੀ। ਉਥੇ ਜਾਣ ਉਪਰ ਕੋਈ ਪਾਬੰਦੀ ਨਹੀਂ ਸੀ। ਜਹਾਜ਼ ਦੇ ਕਰਾਏ ਲਈ ਚਾਰ ਪੰਜ ਸੌ ਰੁਪਏ ਦਾ ਪ੍ਰਬੰਧ ਕਰ ਕੇ ਹਰ ਕੋਈ ਜਾ ਸਕਦਾ ਸੀ। ਜਹਾਜ਼ੀ ਕੰਪਣੀਆਂ ਆਪਣੇ ਨਫੇ ਦੀ ਖ਼ਾਤਰ ਵੀ ਹਿੰਦੀ ਮੁਸਾਫ਼ਰਾਂ ਨੂੰ ਦਬਾ ਦਬ ਢੋ ਰਹੀਆਂ ਸਨ।

੧੯੦੬-੭-੮ ਵਿਚ ਕੈਨੇਡਾ ਤੇ ਅਮਰੀਕਾ ਵਲ ਪੰਜਾਬੀ ਕਿਸਾਨਾਂ ਨੇ ਵਹੀਰਾਂ ਘੱਤ ਦਿਤੀਆਂ । ਪੁਲਸ ਤੇ ਫ਼ੌਜ ਦੀਆਂ ਨੌਕਰੀਆਂ ਛੱਡ ਛੱਡ ਕੇ ਵੀ ਜਾਣ ਲੱਗ ਪਏ । ਜ਼ਮੀਨਾਂ ਗਹਿਣੇ ਰੱਖ ਕੇ, ਰੁਪਿਆ ਕਰਜ਼ਾ ਲੈ ਕੇ ਜਦੋਂ ਮਿਹਨਤੀ ਕਿਸਾਨ ਕੈਨੇਡਾ ਜਾਂ ਅਮਰੀਕਾ ਪਹੁੰਚਦਾ ਤਾਂ ਢਾਈ ਤਿੰਨ ਸੌ ਰੁਪਏ



Digitized by Panjab Digital Library | www.panjabdigilib.org

ਮਹੀਨਾ ਕਮਾਉਣ ਲੱਗ ਪੈਂਦਾ। ਇਹ ਖੱਟੀ ਗ਼ਰੀਬ ਪੰਜਾਬੀਆਂ ਨੂੰ ਬੜੀ ਖਿੱਚ ਪਾਉਣ ਵਾਲੀ ਸੀ। ਕੁਝ ਮਹੀਨਿਆਂ ਵਿਚ ਹੀ ਕਰਜ਼ਾ ਮੁਕਾ ਕੇ ਬੈਂਕ ਵਿਚ ਵੀ ਰੁਪਏ ਵੀ ਜਮ੍ਹਾਂ ਹੋ ਜਾਂਦੇ ਸਨ। ਕੈਨੇਡਾ ਅਮਰੀਕਾ ਵਿਚ ਪੰਜਾਬੀ ਸਿਖ ਸਭ ਤੋਂ ਜ਼ਿਆਦਾ ਗਏ। ਅੰਦਾਜ਼ਾ ਲਾਇਆ ਗਿਆ ਹੈ ਕਿ ੧੯੧੦ ਤਕ ਕੈਨੇਡਾ ਤੇ ਅਮਰੀਕਾ ਵਿਚ ੧੦ ਹਜ਼ਾਰ ਤੋਂ ਉਪਰ ਹਿੰਦੀ ਚਲੇ ਗਏ ਸਨ। ਇਨ੍ਹਾਂ ਵਿਚ ੯੦ ਫ਼ੀ ਸਦੀ ਪੰਜਾਬੀ ਸਿਖ ਸਨ ਤੇ ਜਿਨ੍ਹਾਂ ਵਿਚ ੮੦ ਫ਼ੀ ਸਦੀ ਫ਼ੌਜੀ ਨੌਕਰੀਆਂ ਛੱਡ ਕੇ ਗਏ ਸਨ।

ਕੈਨੇਡਾ ਬਰਤਾਨਵੀ ਸਾਮਰਾਜ ਦੀ ਬਸਤੀ ਸੀ। ਹਿੰਦੀ ਬਰਤਾਨਵੀ ਰਾਜ ਦੀ ਪਰਜਾ ਹੋਣ ਕਰ ਕੇ ਮਾਣ ਵੀ ਰੱਖਦੇ ਸਨ ਕਿ ਕੈਨੇਡਾ ਵਿਚ ਉਨ੍ਹਾਂ ਨੂੰ ਵਧਣ ਫੁਲਣ ਦੀ ਖੁਲ੍ਹ ਮਿਲੇਗੀ। ਪਰ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਨੇ ਅਮਰੀਕਾ ਨਾਲੋਂ ਵੀ ਪਹਿਲਾਂ ਹਿੰਦੀਆਂ ਪੁਰ ਪਾਬੰਦੀਆਂ ਲਾ ਦਿੱਤੀਆਂ ਤੇ ਹਿੰਦੀਆਂ ਨੂੰ ਬੜੇ ਕੋਝੇ ਤੇ ਅਨਿਆਂਈ ਢੰਗਾਂ ਨਾਲ ਕੈਨੇਡਾ ਤੋਂ ਬਾਹਰ ਕੱਢਣ ਤੇ ਕੁਚਲਣ ਦੇ ਜਤਨ ਸ਼ੁਰੂ ਕਰ ਦਿਤੇ।

ਕੈਨੇਡਾ ਉਤਰੀ ਅਮਰੀਕਾ ਵਿਚ ਬਰਤਾਨਵੀ ਸਾਮਰਾਜ ਦੇ ਨੌਂ ਪ੍ਰਾਂਤਾਂ ਦੀ ਇਕ ਫੈਡਰੇਸ਼ਨ ਹੈ। ਇਸ ਦਾ ਰਕਬਾ ੩੬੯੫੦੦੦ ਵਰਗ ਮੀਲ ਅਰਥਾਤ ਹਿੰਦੁਸਤਾਨ ਤੋਂ ਲਗ ਬਗ ਦੂਣਾ ਹੈ। ਕੈਨੇਡਾ ਦੀ ਵਸੋਂ ਉਦੋਂ ਇਕ ਕਰੋੜ ਤੋਂ ਘਟ ਹੀ ਹੋਵੇਗੀ। ਜਿਸ ਵਿਚ ਬਾਹਲੇ ਅੰਗਰੇਜ਼ ਤੇ ਬਾਕੀ ਹੋਰ ਯੂਰਪੀ ਕੌਮਾਂ ਦੇ ਲੋਕ ਸਨ। ਭਾਰਤ ਦੀ ਵਸੋਂ ਉਦੋਂ ੨੧ ਕਰੋੜ ਸੀ।

ਪੰਜਾਬੀ ਹਿੰਦੀਆਂ ਨੇ ਉਥੇ ਜਾ ਕੇ ਥੋਹੜੇ ਚਿਰ ਵਿਚ



Digitized by Panjab Digital Library | www.panjabdigilib.org

ਹੀ ਆਪਣੀ ਹਿੰਮਤ, ਮਿਹਨਤ ਤੇ ਸੰਜਮ ਨਾਲ ਕਈ ਇਲਾਕੇ ਆਬਾਦ ਕਰ ਦਿਤੇ। ਜਾਇਦਾਦਾਂ ਵੀ ਖ਼ਰੀਦ ਲਈਆਂ।

ਲਗ ਬਗ ੭੦ ਹਜ਼ਾਰ ਰੁਪਿਆ ਖ਼ਰਚ ਕਰ ਕੇ ਵੈਨਕੋਵਰ ਵਿਚ ਸਿਖਾਂ ਨੇ ਇਕ ਸ਼ਾਨਦਾਰ ਗੁਰਦੁਆਰਾ ਬਣਾ ਲਿਆ, ਜਿਹੜਾ ਸਭ ਹਿੰਦੀਆਂ ਲਈ ਸਮਾਜਕ ਤੇ ਰਾਜਸੀ ਵਿਚਾਰਾਂ ਦਾ ਕੇਂਦਰ ਬਣ ਗਿਆ। ਗੁਰਦੁਆਰਾ ਕਮੇਟੀ ਬਣ ਗਈ। ਇਕ ਵਪਾਰਕ ਕੰਪਨੀ ਵੀ ਬਣਾ ਲਈ। ੧੯੧੪ ਵਿਚ ਇਥੇ ਪੰਜਾਬੀਆਂ ਦੀ ਜਾਇਦਾਦ ਦਾ ਅੰਦਾਜ਼ਾ ੨ ਕਰੋੜ ੧੫ ਲੱਖ ਰੁਪਏ ਦੇ ਕਰੀਬ ਸੀ।

ਮਾਲੂਮ ਹੁੰਦਾ ਹੈ ਕਿ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਪੰਜਾਬੀਆਂ ਦੀ ਇਹ ਆਰਥਕ ਤਰੱਕੀ ਤੇ ਖ਼ੁਸ਼ਹਾਲੀ ਨੂੰ ਵੇਖ ਕੇ ਜਰ ਨਾ ਸਕੀ। ਇਕ ਗ਼ੁਲਾਮ ਕੌਮ ਦੇ ਲੋਕਾਂ ਨੂੰ ਆਜ਼ਾਦੀ ਤੇ ਬਰਾਬਰੀ ਦੇ ਵਾਯੂ-ਮੰਡਲ ਵਿਚ ਉੱਨਤੀ ਕਰਦਾ ਵੇਖ ਕੇ ਉਸ ਦੇ ਸੀਨੇ ਉਪਰ ਸਪ ਲੇਟਣ ਲੱਗ ਪਏ। ਉਸ ਨੂੰ ਇਹ ਖ਼ਤਰਾ ਭਾਸਿਆ ਕਿ ਕੈਨੇਡਾ ਵਿਚ ਬਰਾਬਰੀ ਤੇ ਆਜ਼ਾਦੀ ਦੀ ਹਵਾ ਖਾ ਕੇ ਅਤੇ ਆਰਥਕ ਉੱਨਤੀ ਕਰ ਕੇ ਇਹ ਲੋਕ ਭਾਰਤ ਦੀ ਆਜ਼ਾਦੀ ਲਈ ਵੀ ਜੁਟ ਪੈਣਗੇ। ਇਸ ਕਰ ਕੇ ਪਹਿਲਾਂ ਕੈਨੇਡੀਅਨ ਸਰਕਾਰ ਨੇ ਹਿੰਦੀਆਂ ਨੂੰ ਕੈਨੇਡਾ ਵਿਚੋਂ ਕੱਢ ਕੇ ਹੰਡੋਰਾਸ ਵਰਗੇ ਨਰਕ ਸਮਾਨ ਗੰਦੇ ਟਾਪੂ ਵਿਚ ਭੇਜਣ ਦੀਆਂ ਸਾਜ਼ਸ਼ਾਂ ਕੀਤੀਆਂ। ਜਦ ਉਹ ਫੇਹਲ ਹੋ ਗਈਆਂ ਤਾਂ ੯ ਮਈ ੧੯੧੦ ਵਿਚ ਇਕ ਕਾਲਾ ਕਾਨੂੰਨ ਪਾਸ ਕਰ ਕੇ ਹਿੰਦੀਆਂ ਲਈ ਕੈਨੇਡਾ ਦੇ ਦਰਵਾਜ਼ੇ ਬਿਲਕੁਲ ਬੰਦ ਕਰ ਦਿਤੇ। ਇਸ ਕਾਨੂੰਨ ਅਨੁਸਾਰ ਕੈਨੇਡਾ ਵਿਚ ਏਸ਼ਿਆਈ ਦੇਸਾਂ ਤੋਂ ਕੇਵਲ ਉਹ ਆਦਮੀ ਆ ਸਕਦੇ ਸਨ, ਜਿਹੜੇ ਆਪਣੇ ਦੇਸ ਦੀ ਕਿਸੇ ਬੰਦਰਗਾਹ ਤੋਂ



Digitized by Panjab Digital Library | www.panjabdigilib.org

ਚਲੇ ਹੋਏ ਸਿਧੇ ਜਹਾਜ਼ ਵਿਚ ਬੈਠ ਕੇ ਕੈਨੇਡਾ ਆਉਣ, ਅਤੇ ਉਨ੍ਹਾਂ ਕੋਲ ੨੦੦ ਡਾਲਰ (੮ ਸੌ ਰੁਪਿਆ) ਨਕਦ ਵੀ ਹੋਵੇ । ਕੈਨੇਡਾ ਵਿਚ ਵਸੇ ਹੋਏ ਹਿੰਦੀਆਂ ਤੇ ਪੰਜਾਬੀਆਂ ਨੂੰ ਆਪਣੀਆਂ ਇਸਤ੍ਰੀਆ ਤੇ ਬੱਚੇ ਲਿਆਉਣ ਤੇ ਰੋਕਾਂ ਲਾ ਦਿੱਤੀਆਂ ਗਈਆਂ ਸਨ । ਇਸ ਤਰ੍ਹਾਂ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਕਿ ਉਹ ਕੈਨੇਡਾ ਛੱਡ ਕੇ ਚਲੇ ਜਾਣ ।

ਅਸਲ ਵਿਚ ਇਹ ਪਾਬੰਦੀ ਹਿੰਦੀਆਂ ਪੁਰ ਹੀ ਸੀ । ਕਿਉਂਕਿ ਜਾਪਾਨ ਚੀਨ ਆਦਿ ਦੇਸਾਂ ਤੋਂ ਸਿਧੇ ਜਹਾਜ਼ ਕੈਨੇਡਾ ਨੂੰ ਜਾਂਦੇ ਸਨ । ਨਾਲੇ ਉਨ੍ਹਾਂ ਦੀਆਂ ਆਪਣੀਆਂ ਹਕੂਮਤਾਂ ਆਪਣੇ ਦੇਸ ਵਾਸੀਆਂ ਨਾਲ ਹੋਈ ਬੇ-ਇਨਸਾਫੀ ਨੂੰ ਦੂਰ ਕਰਨ ਦੀ ਸ਼ਕਤੀ ਰੱਖਦੀਆਂ ਸਨ । ਪਰ ਹਿੰਦੀ ਗ਼ੁਲਾਮ ਸਨ ।

ਕੈਨੇਡਾ ਵਾਸੀ ਪੰਜਾਬੀਆਂ ਨੇ ਜ਼ੋਰਦਾਰ ਕਾਨੂੰਨੀ ਜਦੋ-ਜਹਿਦ ਕੀਤੀ । ਹਜ਼ਾਰਾਂ ਰੁਪਏ ਖ਼ਰਚੇ । ਕੈਨੇਡਾ ਵਿਚ ਅਦਾਲਤ ਦੇ ਦਰਵਾਜ਼ੇ ਖਟਕਾਏ। ਇੰਗਲੈਂਡ ਨੂੰ ਡੈਪੂਟੇਸ਼ਨ ਭੇਜਿਆ । ਵਜ਼ੀਰ ਹਿੰਦ ਦੇ ਪਾਰਲੀਮੈਂਟ ਦੇ ਮੈਂਬਰਾਂ ਅਗੇ ਆਪਣੇ ਦੁਖੜੇ ਫੋਲੇ । ਸ਼ਹਿਨਸ਼ਾਹ ਜਾਰਜ ਪੰਜਵੇਂ ਨੂੰ ਮੈਮੋਰੰਡਮ ਭੇਜਿਆ । ਫਿਰ ਹਿੰਦ ਵਿਚ ਡੈਪੂਟੇਸ਼ਨ ਭੇਜਿਆ । ਕਾਂਗਰਸ ਤੇ ਹਿੰਦੂ-ਸਭਾ ਦੇ ਲੀਡਰਾਂ, ਚੀਫ਼ ਖ਼ਾਲਸਾ ਦੀਵਾਨ ਦੇ ਆਗੂਆਂ ਅਤੇ ਸਰਕਾਰ ਹਿੰਦ ਦੇ ਜ਼ਿਮੇਂਵਾਰ ਹਾਕਮਾਂ ਨੂੰ ਮਿਲ ਕੇ ਆਪਣੀ ਦਰਦ ਕਹਾਣੀ ਦਸੀ ਪਰ ਸਭ ਪਾਸੋਂ ਨਿਰਾਸਤਾ ਦਾ ਹੀ ਮੂੰਹ ਦੇਖਣਾ ਪਿਆ । ਹਾਂ ਆਮ ਹਿੰਦੀ ਜਨਤਾ ਤੇ ਕਈ ਆਗੂਆਂ ਨੇ ਹਮਦਰਦੀ ਕੀਤੀ । ਕੁਝ ਸ਼ਹਿਰਾਂ ਵਿਚ ਜਲਸੇ ਕੀਤੇ ਗਏ । ਕੁਝ ਅਖ਼ਬਾਰਾਂ ਨੇ ਵੀ ਲੇਖ ਲਿਖੇ ਪਰ ਹਿੰਦ ਦੀ ਅੰਗਰੇਜ਼ੀ ਸਰਕਾਰ ਨੇ ਟਾਲ ਮਟੌਲਾ ਹੀ ਕੀਤਾ । ਰਾਜਸੀ ਦਬਾ ਤੋਂ ਬਿਨਾਂ



Digitized by Panjab Digital Library | www.panjabdigilib.org

ਕੌਣ ਕਿਸੇ ਦੀ ਗੱਲ ਮੰਨ ਸਕਦਾ ਹੈ।

ਉਧਰ ਕੈਨੇਡਾ ਵਿਚ ਮੁਕਦਮਾ ਹਾਈਕੋਰਟ ਵਿਚ ਚਲ ਰਿਹਾ ਸੀ। ੨੪ ਨਵੰਬਰ ੧੯੧੩ ਨੂੰ ਚੀਫ਼ ਜਸਟਸ ਮਿ: ਹੰਟਰ ਨੇ ਪਾਬੰਦੀਆਂ ਵਾਲਾ ਇਹ ਕਾਨੂੰਨ ਰੱਦ ਕਰ ਦਿੱਤਾ। ਜਦ ਇਹ ਖ਼ਬਰ ਪੰਜਾਬ ਦੀਆਂ ਅਖਬਾਰਾਂ ਵਿਚ ਛਪੀ ਤਾਂ ਪੰਜਾਬੀਆਂ ਨੇ ਕਲਕੱਤਾ, ਸਿੰਘਾਪੁਰ ਤੇ ਹਾਂਗਕਾਂਗ ਦੀਆਂ ਬੰਦਰਗਾਹਾਂ ਵਲ ਵਹੀਰਾਂ ਪਾ ਦਿੱਤੀਆਂ। ਪਰ ਕੈਨੇਡਾ ਸਰਕਾਰ ਹਾਈਕੋਰਟ ਦੇ ਉਪਰੋਕਤ ਫੈਸਲੇ ਦੇ ਬਾਵਜੂਦ ਹਿੰਦੀਆਂ ਪੁਰ ਰੋਕਾਂ ਕਾਇਮ ਰੱਖਣ ਪੁਰ ਡਟੀ ਹੋਈ ਸੀ। ਇਸ ਕਰ ਕੇ ਜਹਾਜ਼ੀ ਕੰਪਨੀਆਂ ਵਧ ਕਰਾਇਆ ਲੈ ਕੇ ਵੀ ਟਿਕਟ ਨਹੀਂ ਦਿੰਦੀਆਂ ਸਨ। ਉਹ ਮੁਸਾਫ਼ਰਾਂ ਨੂੰ ਕੈਨੇਡਾ ਵਿਚ ਉਤਾਰਨ ਦੀ ਜ਼ਿਮੇਂਵਾਰੀ ਨਹੀਂ ਲੈਂਦੀਆਂ ਸਨ। ਪੰਜਾਬੀ ਮੁਸਾਫ਼ਰ ਡਾਢੇ ਲਾਚਾਰ ਸਨ। ਕੈਨੇਡਾ ਜਾਣ ਦਾ ਟਿਕਟ ਨਹੀਂ ਮਿਲਦਾ ਸੀ ਅਤੇ ਪਿਛੇ ਜਾਣ ਜੋਗੇ ਨਹੀਂ ਰਹੇ ਸਨ। ਕਿਉਂਕਿ ਜ਼ਮੀਨਾਂ ਗਹਿਣੇ ਰੱਖ ਜਾਂ ਵੇਚ ਆਏ ਸਨ। ਵਾਪਸ ਘਰ ਜਾ ਕੇ ਕੀ ਕਰਨ।

ਬਾਬਾ ਗੁਰਦਿਤ ਸਿੰਘ ਨੂੰ ਜਦੋਂ ਪਤਾ ਲੱਗਾ ਕਿ ਹਾਈ-ਕੋਰਟ ਕੈਨੇਡਾ ਨੇ ਪਾਬੰਦੀਆਂ ਵਾਲਾ ਕਾਨੂੰਨ ਵੀ ਰਦ ਕਰ ਦਿਤਾ ਹੈ ਅਤੇ ਹਜ਼ਾਰਾਂ ਪੰਜਾਬੀ ਮੁਸਾਫ਼ਰ ਹਾਂਗਕਾਂਗ ਵਿਚ ਧੱਕੇ ਖਾ ਰਹੇ ਹਨ ਪਰ ਉਨ੍ਹਾਂ ਨੂੰ ਟਿਕਟ ਨਹੀਂ ਮਿਲਦੇ ਤਾਂ ਉਹ ਆਪ ਨਵੰਬਰ ੧੯੧੩ ਵਿਚ ਹੀ ਹਾਂਗਕਾਂਗ ਗਏ। ਇਕ ਵੱਡਾ ਦੀਵਾਨ ਕੀਤਾ ਗਿਆ। ਬਾਬਾ ਗੁਰਦਿਤ ਸਿੰਘ ਨੇ ਲੈਕਚਰ ਕੀਤਾ ਅਤੇ ਲੋਕਾਂ ਨੂੰ ਦਸਿਆ ਕਿ ਹਜ਼ਾਰਾਂ ਡੈਪੂਟੇਸ਼ਨਾਂ ਤੇ ਮਿੰਨਤਾਂ ਤਰਲਿਆਂ ਨਾਲ ਕੁਝ ਨਹੀਂ ਬਣੇਗਾ। ਸਾਨੂੰ ਆਪਣੇ ਪੈਰਾਂ ਪੁਰ ਆਪ ਖੜੇ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਵਿਚ ਦਾਖ਼ਲ ਹੋਣ



Digitized by Panjab Digital Library | www.panjabdigilib.org

ਦੇ ਆਪਣੇ ਅਧਿਕਾਰ ਪ੍ਰਾਪਤ ਕਰਨ ਦਾ ਸੌਖਾ ਢੰਗ ਇਹ ਹੈ ਕਿ ਅਸੀਂ ਆਪਣੀ ਜਹਾਜ਼ੀ ਕੰਪਨੀ ਬਣਾਈਏ ਤੇ ਆਪਣੇ ਜਹਾਜ਼ ਚਲਾਈਏ । ਜੋ ਹਕੂਮਤ ਕੈਨੇਡਾ ਪੁਰਾਣੇ ਰਦੇ ਹੋਏ ਕਾਨੂੰਨ ਨੂੰ ਫਿਰ ਕਿਸੇ ਤਰ੍ਹਾਂ ਲਾਗੂ ਕਰ ਦੇਵੇ ਜਾਂ ਹੋਰ ਕੋਈ ਅੜਿੱਚਣ ਖੜੀ ਕਰੇ ਤਾਂ ਉਸ ਨੂੰ ਵੀ ਕਾਨੂੰਨੀ ਢੰਗ ਨਾਲ ਦੂਰ ਕਰਨਾ ਚਾਹੀਦਾ ਹੈ।

ਆਪਣੀ ਜਹਾਜ਼ੀ ਕੰਪਨੀ ਬਣਾ ਕੇ ਅਸੀ ਆਪਣਾ ਸਿੱਧਾ ਜਹਾਜ਼ ਕਲਕੱਤੇ ਤੋਂ ਕੈਨੇਡਾ ਲੈ ਜਾ ਸਕਾਂਗੇ । ਇਕ ਲਖ ਡਾਲਰ ਹਰ ਇਕ ਮੁਸਫ਼ਰ ਦੀ ਜ਼ਮਾਨਤ ਦੇ ਤੌਰ ਪੁਰ ਕੈਨੇਡੀਅਨ ਬੈਂਕ ਵਿਚ ਜਮ੍ਹਾਂ ਕਰਾ ਦਿਆਂਗੇ ਅਤੇ ਹਕੂਮਤ ਕੈਨੇਡਾ ਦੀ ਸਾਡੇ ਉਥੇ ਜਾਣ ਵਿਚ ਕੋਈ ਢੁਚਰ ਬਾਕੀ ਨਹੀਂ ਰਹੇਗੀ ।

ਇਸ ਤਜਵੀਜ਼ ਨੂੰ ਬੜਾ ਪਸੰਦ ਕੀਤਾ ਗਿਆ । ਬਾਬਾ ਜੀ ਦੇ ਕਥਨ ਮੂਜਬ ਜਹਾਜ਼ੀ ਕੰਪਣੀ ਚਲਾਣ ਵਾਸਤੇ ੮੦ ਲਖ ਰੁਪਏ ਦੇ ਇਕਰਾਰ ਹੋ ਗਏ ਅਤੇ ਮੁਸਾਫਰਾਂ ਵਿਚ ਜੋਸ਼ ਤੇ ਉਤਸ਼ਾਹ ਭਰਿਆ ਗਿਆ । ਬਾਬਾ ਜੀ ਨੇ ਇਸ ਸੁਆਲ ਨੂੰ ਬਿਲਕੁਲ ਆਰਥਕ ਤੇ ਵਪਾਰਕ ਪਖ ਤੋਂ ਸੋਚਿਆ । ਉਹ ਇਸ ਗਲ ਨੂੰ ਨਾ ਸੋਚ ਸਕੇ ਕਿ ਆਰਥਕ ਤੇ ਰਾਜਸੀ ਸੁਆਲ ਤਾਣੇ ਪੇਟੇ ਵਾਂਗ ਜੁੜੇ ਹੁੰਦੇ ਹਨ । ਜਿਹੜੀ ਕੌਮ ਗੁਲਾਮ ਹੈ, ਜਿਸ ਦੇ ਪਿਛੇ ਆਪਣੀ ਰਾਜਸੀ ਤਾਕਤ ਨਹੀਂ ਉਹ ਕਿਸੇ ਆਜ਼ਾਦ ਕੌਮ ਨਾਲ ਆਰਥਕ ਤੌਰ ਪੁਰ ਮੁਕਾਬਲਾ ਨਹੀਂ ਕਰ ਸਕਦੀ । ਜਿਥੇ ਕਿਸੇ ਆਜ਼ਾਦ ਕੌਮ ਨੂੰ ਆਪਣੇ ਆਰਥਕ ਤੇ ਵਪਾਰਕ ਲਾਭਾਂ ਨੂੰ ਸਟ ਵਜਦੀ ਹੋਵੇ, ਉਹ ਆਪਣੇ ਬਣਾਏ ਕਾਨੂੰਨਾਂ ਨੂੰ ਬਦਲ ਵੀ ਸਕਦੀ ਹੈ ਤੇ ਆਪਣੇ ਲਾਭਾਂ ਲਈ ਨਵੇਂ ਕਾਨੂੰਨ ਵੀ ਬਣਾ ਸਕਦੀ ਹੈ । ਇਹ ਗਲ ਕੋਮਾਗਾਟਾ ਮਾਰੂ ਜਹਾਜ ਦੇ ਕੈਨੇਡਾ ਦੇ ਸਫਰ ਨੇ ਚਿਟੇ ਦਿਹੁੰ ਵਾਂਗ ਰੋਸ਼ਨ ਕਰਕੇ ਦਸ ਦਿਤੀ ਹੈ ।



Digitized by Panjab Digital Library | www.panjabdigilib.org

ਖੈਰ ਬਾਬਾ ਗੁਰ ਦਿਤ ਸਿੰਘ ਜੀ ਦੀ ਹਿੰਮਤ, ਉਦਮ ਤੇ ਦਲੇਰੀ ਸ਼ਲਾਘਾ ਜੋਗ ਹੈ । ਉਨ੍ਹਾਂ ਨੇ ਗੁਰੂ ਨਾਨਕ ਨੈਵੀਗੇਸ਼ਨ ਕੰਪਨੀ ਬਣਾ ਲਈ। ਉਨ੍ਹਾਂ ਨੇ ਤਜਵੀਜ ਕੀਤੀ ਕਿ ਪਹਿਲਾਂ ਇਕ ਜਹਾਜ਼ ਕਰਾਏ ਪਰ ਲੈ ਕੇ ਅਜ਼ਮਾਇਸ਼ੀ ਤੌਰ ਪੁਰ ਕੈਨੇਡਾ ਦਾ ਸਫਰ ਕੀਤਾ ਜਾਵੇ। ਫਿਰ ਚਾਰ ਜਹਾਜ਼ ਹੋਰ ਬਣਾਏ ਜਾਣ। ਦੋ ਕਲਕਤੇ ਤੋਂ ਕੈਨੇਡਾ ਤੇ ਦੋ ਬੰਬਈ ਤੋਂ ਬਰਾਜ਼ੀਲ ਚਲਾਏ ਜਾਣ । ਗੁਰੂ ਨਾਨਕ ਨੈਵੀਗੇਸ਼ਨ ਕੰਪਣੀ, ਪਹਿਲੀ ਹਿੰਦੀ ਜਹਾਜ਼ੀ ਕੰਪਨੀ ਹੋਣ ਕਰਕੇ ਜਹਾਜ਼ੀ ਵਪਾਰ ਵਿਚ ਕੁਰਬਾਨੀਆਂ ਦੇ ਕੇ ਅਗਵਾਈ ਕਰਨ ਦੀ ਮਹਾਨਤਾ ਰਖਦੀ ਹੈ।

੨੪ ਮਾਰਚ ੧੯੧੪ ਨੂੰ ਬਾਬਾ ਜੀ ਨੇ ਹਾਂਗ ਕਾਂਗ ਵਿਚ "ਕੋਮਾਗਾਟਾ ਮਾਰੂ" ਨਾਂ ਦਾ ਇਕ ਜਾਪਾਨੀ ਜਹਾਜ ਕਰਾਏ ਪੁਰ ਲੈ ਲਿਆ ਬਾਕਾਇਦਾ ਹਾਂਗ ਕਾਂਗ ਦੀ ਹਕੂਮਤ ਦੇ ਕਾਨੂੰਨ ਮੁਤਾਬਕ ਸਟੈਂਪ ਡਿਉਟੀ ਲਗਾ ਕੇ ਲਿਖਤ ਪੜ੍ਹਤ ਕਰ ਲਈ ਗਈ ।

ਹਾਂਗ ਕਾਂਗ ਦੇ ਤ੍ਰੈ ਚੋਟੀ ਦੇ ਵਕੀਲਾਂ ਕੋਲੋਂ ਰਾਇ ਪੁਛੀ ਗਈ। ਉਨ੍ਹਾਂ ਨੇ ਕਿਹਾ "ਵਰਤਮਾਨ ਕਾਨੂੰਨ ਮੁਤਾਬਕ ਜਹਾਜ਼ ਨੂੰ ਕੈਨੇਡਾ ਲੈਜਾਣ ਪੁਰ ਕੋਈ ਰੋਕ ਨਹੀਂ ਹੈ ਤੁਸੀਂ ਲਿਜਾ ਸਕਦੇ ਹੋ।" ਜਹਾਜ਼ ਦਾ ਨਾਂ "ਗੁਰੂ ਨਾਨਕ ਜਹਾਜ਼" ਰਖਿਆ ਗਿਆ। ਤਿਆਰੀ ਆਰੰਭ ਹੋ ਗਈ। ਇਸ਼ਤਿਹਾਰ ਦਿਤਾ ਗਿਆ। ੫੦੦ ਤੋਂ ਉਪਰ ਮੁਸਾਫਰ ਹਾਂਗ ਕਾਂਗ ਤੋਂ ਹੀ ਮਿਲ ਗਏ। ਗੌਰਮਿੰਟ ਪੈਸਿਜ਼ ਆਫਸ ਤੋਂ ਇਮੀਗ੍ਰੇਸ਼ਨ ਐਕਟ ਮੁਤਾਬਕ ਹਾਂਗ ਕਾਂਗ ਤੋਂ ੧੨੫ ਡਾਲਰ ਦੇ ਕੇ ੫੦੦ ਟਿਕਟ ਖਰੀਦ ਲਏ ਗਏ ਪਰ ਅਚਣ ਚੇਤ ਹੀ ਹਾਂਗ ਕਾਂਗ ਦੀ ਹਕੂਮਤ ਨੇ ਬਾਬਾ ਗੁਰਦਿਤ ਸਿੰਘ ਨੂੰ ੨੫ ਮਾਰਚ ਨੂੰ ਗ੍ਰਿਫਤਾਰ ਕਰ ਲਿਆ। ਦਫਤਰ ਪੁਰ ਕਬਜ਼ਾ ਕਰ ਲਿਆ ਅਤੇ ਮੁਸਾਫਰਾਂ ਵਿਚ ਹਫੜਾ ਤਫੜੀ ਪੈਦਾ ਕਰ ਕੇ ਉਨ੍ਹਾਂ ਨੂੰ ਖਿੰਡਾ ਪੁੰਡਾ



Digitized by Panjab Digital Library | www.panjabdigilib.org

ਦਿਤਾ ਗਿਆ । ਬਾਬਾ ਜੀ ਪੁਰ ਕੋਈ ਇਲਜ਼ਾਮ ਵੀ ਨਾ ਲਾਇਆ ਗਿਆ ।

ਹਾਂਗ ਕਾਂਗ ਦੀ ਅੰਗਰੇਜ਼ੀ ਹਕੂਮਤ ਵਲੋਂ ਇਹ ਪਹਿਲਾ ਬੇਕਾਨੂੰਨਾਂ ਹਲਾ ਕੋਮਾਗਾਟਾ ਮਾਰੂ ਪੁਰ ਕੀਤਾ ਗਿਆ ।

ਦੂਜੇ ਦਿਨ ਬਾਬਾ ਜੀ ਨੂੰ ਜ਼ਮਾਨਤ ਪੁਰ ਛਡਿਆ ਗਿਆ । ੨੮ ਤਾਰੀਖ ਨੂੰ ਜਦ ਕੇਸ ਅਦਾਲਤ ਵਿਚ ਗਿਆ ਤਾਂ ਪੁਲਸ ਨੇ ਮੁਕਦਮਾ ਵਾਪਸ ਲੈ ਲਿਆ ਕਿਉਂਕਿ ਮੁਕਦਮੇ ਵਿਚ ਕੁਝ ਨਹੀਂ ਸੀ । ਇਹ ਤਾਂ ਕੇਵਲ ਮੁਸਾਫਰਾਂ ਵਿਚ ਘਬਰਾਹਟ ਪੈਦਾ ਕਰਨ ਤੇ ਗੁਰੂ ਨਾਨਕ ਜਹਾਜ ਬਾਰੇ ਬੇਇਤਬਾਰੀ ਪੈਦਾ ਕਰਨ ਵਾਸਤੇ ਡਰਾਮਾ ਰਚਿਆ ਗਿਆ ਸੀ । ਇਸ ਦਾ ਸਿਟਾ ਇਹ ਨਿਕਲਿਆ ਕਿ ਪੰਜ ਸੌ ਮੁਸਾਫਰਾਂ ਵਿਚ ਕੇਵਲ ੧੩੫ ਰਹਿ ਗਏ । ਬਾਕੀ ਖਿੰਡ ਪੁੰਡ ਗਏ ।

ਬਾਬਾ ਗੁਰਦਿਤ ਸਿੰਘ ਨੇ ਫਿਰ ਵੀ ਹੌਸਲਾ ਨਾ ਹਾਰਿਆ ਉਨ੍ਹਾਂ ਨੂੰ ਕਾਨੂੰਨੀ ਘੋਲ ਨਾਲ ਜਿਤ ਪਰਾਪਤ ਕਰਨ ਦਾ ਪੂਰਾ ਭਰੋਸਾ ਸੀ । ਭਾਵੇਂ ਬਾਬਾ ਜੀ ਬਰੀ ਹੋ ਗਏ ਸਨ ਪਰ ਜਹਾਜ ਨੂੰ ਅਜੇ ਵੀ ਬੰਦਰ ਗਾਹ ਤੋਂ ਚਲਣ ਦੀ ਆਗਿਆ ਨਹੀਂ ਸੀ ਮਿਲ ਰਹੀ । ਮੁਸਾਫਰ ਬੜੇ ਗੁਸੇ ਹੋ ਰਹੇ ਸਨ । ਇਕ ਦਿਨ ਅਚਣ ਚੇਤ ਬਾਬਾ ਜੀ ਦਾ ਮਲਾਇਆ ਦਾ ਇਕ ਚੰਗਾ ਜਾਣੂ ਅੰਗਰੇਜ਼ ਮਿ: ਸੈਵਰਨ ਮਿਲ ਪਿਆ, ਜਿਹੜਾ ਕਿ ਉਸ ਵੇਲੇ ਹਾਂਗ ਕਾਂਗ ਦਾ ਐਕਟਿੰਗ ਗਵਰਨਰ ਸੀ । ਉਸ ਨਾਲ ਮੁਲਾਕਾਤ ਹੋਈ । ਬਾਬਾ ਜੀ ਤੋਂ ਸਭ ਗਲ ਬਾਤ ਪੁਛ ਕੇ ਉਸ ਨੇ ਜਹਾਜ ਕਨੇਡਾ ਨੂੰ ਲਿਜਾਣ ਦੀ ਆਗਿਆ ਦੇ ਦਿਤੀ । ਮਲੂਮ ਹੁੰਦਾ ਹੈ, ਮਿ: ਸੈਵਰਨ ਨੇ ਹਕੂਮਤ ਹਿੰਦ ਤੇ ਕਨੇਡਾ ਪਾਸੋਂ ਪੁਛ ਲਿਆ ਸੀ । ਇਸ ਤੋਂ ਸਾਫ ਜ਼ਾਹਰ ਹੈ ਕਿ ਜੇ ਜਹਾਜ਼ ਦੇ ਚਲਾਣ ਵਿਚ ਕੋਈ ਬੇਕਾਇਦਗੀ ਜਾਂ



Digitized by Panjab Digital Library | www.panjabdigilib.org

ਬੇਕਾਨੂੰਨੀ ਗਲ ਹੋਂਦੀ ਤਾਂ ਹਾਂਗ ਕਾਂਗ ਦੀ ਹਕੂਮਤ ਜਹਾਜ ਨੂੰ ਕਦੀਂ ਨਾ ਚਲਣ ਦੇਂਦੀ । ਇਹੋ ਗਲ ਪੜਤਾਲੀ ਕਮੇਟੀ ਨੇ ਵੀ ਮੰਨੀ ਹੈ ।

ਬਾਬਾ ਜੀ ਨੇ ਜਹਾਜ ਵਿਚ ਕੋਲੇ ਵੀ ਭਰ ਲਏ ਅਤੇ ੪ ਅਪਰੈਲ ੧੯੧੪ ਨੂੰ ਗੁਰੂ ਨਾਨਕ ਜਹਾਜ ਹਾਂਗ ਕਾਂਗ ਦੀ ਬੰਦਰ-ਗਾਹ ਤੋਂ ਕੈਨੇਡਾ ਨੂੰ ਰਵਾਨਾ ਹੋ ਗਿਆ। ਮੁਸਾਫਰ ਪੂਰੇ ਕਰਨ ਲਈ ਜਹਾਜ ੬ ਦਿਨ ਸ਼ੰਘਾਈ ਤੇ ੫ ਦਿਨ ਕੋਬੇ ਬੰਦਰ ਗਾਹ ਪੁਰ ਠਹਿਰਿਆ। ਇਨ੍ਹਾਂ ਬੰਦਰ ਗਾਹ ਤੋਂ ੩੬੦ ਮੁਸਾਫਰ ਹੋ ਗਏ । ਡੇਢ ਮਹੀਨੇ ਦੇ ਲੰਮੇ ਸਮੁੰਦਰੀ ਸਫਰ ਤੋਂ ਬਾਦ ਗੁਰ ਨਾਨਕ ਜਹਾਜ ਕਨੇਡਾ ਦੀ ਬੰਦਰ ਗਾਹ ਵਿਕਟੋਰੀਆ ਦੀ ਗੋਦੀ ਵਿਚ ਪਹੁੰਚ ਗਿਆ । ਕਨੇਡਾ ਵਾਸੀ ਹਿੰਦੀਆਂ ਤੇ ਪੰਜਾਬੀਆਂ ਨੂੰ ਇਸ ਜਹਾਜ਼ ਦੇ ਚਲਣ ਦੀਆਂ ਖਬਰਾਂ ਪੁਜ ਚੁਕੀਆਂ ਸਨ ਅਤੇ ਉਹ ਬੜੀਆਂ ਤਾਂਘਾਂ ਨਾਲ ਕੰਢੇ ਪੁਰ ਅਖਾਂ ਵਿਛਾਈ ਆਪਣੇ ਵਤਣੀ ਭਰਾਵਾਂ ਦੀ ਉਡੀਕ ਕਰ ਰਹੇ ਸਨ ।

ਹੁਣ ਇਉਂ ਕਹਿਣਾ ਚਾਹੀਦਾ ਹੈ ਕਿ ੩੬੦ ਗ਼ੁਲਾਮ ਦੇਸ ਦੇ ਹਿੰਦੀ ਮੁਸਾਫ਼ਰਾਂ ਦਾ ਬੇੜਾ ਭਾਵੇਂ ਸਭ ਕਾਨੂੰਨੀ ਸ਼ਰਤਾਂ ਪੂਰੀਆਂ ਕਰਕੇ, ਮੁਸੀਬਤਾਂ ਦਾ ਸਮੁੰਦਰ ਚੀਰ ਕੇ ਕਨੇਡਾ ਦੇ ਕੰਢੇ ਆ ਲੱਗਾ ਸੀ ਪਰ ਅਜੇ ਉਸ ਦੇ ਸਾਹਮਣੇ ਕੈਨੇਡਾ ਹਕੂਮਤ ਦੇ ਹੱਠ ਦਾ ਪਹਾੜ ਖੜੋਤਾ ਸੀ। ਹੁਣ ਪਹਾੜ ਨਾਲ ਮੱਥਾ ਲਗ ਗਿਆ ਸੀ । ਕੈਨੇਡਾ ਸਰਕਾਰ ਹਰ ਜਾਇਜ਼ ਨਾਜਾਇਜ਼ ਢੰਗ ਨਾਲ ਹਿੰਦੀਆਂ ਨੂੰ ਕਨੇਡਾ ਦੀ ਧਰਤੀ ਪੁਰ ਪੈਰ ਧਰਨ ਤੋਂ ਰੋਕਣ ਪੁਰ ਡਟੀ ਹੋਈ ਸੀ। ਇਕ ਤਾਂ ਹੁਣ ਇਥੇ ਅੰਗਰੇਜ਼ੀ ਜਮਹੂਰੀਅਤ ਦਾ ਇਮਤਿਹਾਨ ਹੋਣਾ ਸੀ, ਦੂਜੇ ਪੰਜਾਬੀ ਸੂਰਬੀਰਾਂ ਦੀ ਅਣਖ ਤੇ ਆਪਣੇ ਹੱਕਾਂ ਲਈ ਕੁਰਬਾਨੀ ਦੀ ਪਰਖ ਹੋਣੀ ਸੀ।



Digitized by Panjab Digital Library | www.panjabdigilib.org

ਕੈਨੇਡਾ ਤੇ ਅਮਰੀਕਾ ਵਾਸੀਆਂ ਨੂੰ ਹਿੰਦੁਸਤਾਨ ਵਿਚ ਜਾਣ ਪੁਰ ਕੋਈ ਰੋਕ ਟੋਕ ਨਹੀਂ ਸੀ। ਇਨ੍ਹਾਂ ਦੇਸਾਂ ਦੇ ਜਿਤਨੇ ਬੰਦੇ ਜਦ ਚਾਹੁੰਣ, ਬਿਨਾ ਰੋਕ ਹਿੰਦੁਸਤਾਨ ਵਿਚ ਜਾ ਸਕਦੇ ਸਨ। ਪਰ ਹਿੰਦੀ ਕਾਨੂੰਨੀ ਸ਼ਰਤਾਂ ਪੂਰੀਆਂ ਕਰਕੇ ਵੀ ਕੈਨੇਡਾ ਦੀ ਧਰਤੀ ਨੂੰ ਨਹੀਂ ਛੋਹ ਸਕਦੇ ਸਨ। ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਕੈਨੇਡਾ ਸਰਕਾਰ ਦਾ ਸਲੂਕ ਇਸ ਗਲ ਨੂੰ ਚੰਗੀ ਤਰ੍ਹਾਂ ਪ੍ਰਗਟ ਕਰਕੇ ਦਸ ਦਏਗਾ ਕਿ ਗ਼ੁਲਾਮਾਂ ਨੂੰ ਜਮਹੂਰੀਅਤ ਤੇ ਬਰਾਬਰੀ ਦਾ ਕੋਈ ਹਕ ਨਹੀਂ ਹੁੰਦਾ। ਉਹ ਧੱਕੇ ਖਾਣ ਜੋਗੇ ਹੀ ਹੁੰਦੇ ਸਨ।

ਵਿਕਟੋਰੀਆ ਘਾਟ ਦੀ ਗੋਦੀ ਵਿਚ ਜਹਾਜ਼ ਦਾ ਡਾਕਟਰੀ ਮੁਆਇਨਾ ਹੋ ਕੇ ਸਰਟੀਫ਼ਿਕੇਟ ਮਿਲ ਗਿਆ। ਹੁਣ ਜਹਾਜ਼ ਵੈਨਕੋਵਰ ਨੂੰ ਚਾਲੇ ਪਾਉਣ ਦੀ ਤਿਆਰੀ ਕਰਨ ਲਗਾ। ਵਿਕਟੋਰੀਆ ਘਾਟ ਦੇ ਅਫ਼ਸਰਾਂ ਨੇ ਯੋਕੋਹਾਮਾ ਤੋਂ ਮਿਲਿਆ "ਰਵਾਨਗੀ-ਪੱਤਰ" ਵੇਖਣ ਲਈ ਮੰਗਿਆ। ਜਹਾਜ਼ ਦੇ ਕਪਤਾਨ ਯਾਮਾਮੋਟੋ ਨੇ ਪਤਾ ਨਹੀਂ ਕਿਉਂ, ਰਵਾਨਗੀ ਪੱਤਰ ਜਾਣ ਬੁਝ ਕੇ ਲਾਂਭੇ ਚਾਂਬੇ ਕਰ ਛਡਿਆ ਸੀ। ਉਸ ਨੇ ਆਖਿਆ ਰਵਾਨਗੀ-ਪੱਤਰ ਤਾਂ ਮੈਥੋਂ ਗੁੰਮ ਗਿਆ ਹੈ। ਬਸ ਹੁਣ ਕੀ ਸੀ, ਵਿਕਟੋਰੀਆ ਘਾਟ ਦੇ ਅਫ਼ਸਰਾਂ ਨੂੰ ਬਹਾਨਾ ਮਿਲ ਗਿਆ। ਉਨ੍ਹਾਂ ਨੇ ਜਹਾਜ਼ ਨੂੰ ਗੋਦੀਓਂ ਬਾਹਰ ਵਾਰ ਰੋਕ ਕੇ ਕਨੇਡਾ ਦੀ ਰਾਜਧਾਨੀ ਉਟਾਵਾ ਨੂੰ ਤਾਰ ਦੇ ਦਿਤੀ ਕਿ ਕੋਮਾਗਾਟਾ ਮਾਰੂ ਜਹਾਜ਼ ਪਾਸ ਰਵਾਨਗੀ-ਪੱਤਰ ਹੀ ਨਹੀਂ ਹੈ, ਇਸ ਜਹਾਜ਼ ਨੂੰ ਜਿਥੋਂ ਚਲਿਆ ਹੈ ਵਾਪਸ ਮੋੜ ਭੇਜਣ ਦਾ ਹੁਕਮ ਦਿਤਾ ਜਾਏ। ਗਲ ਮਾਮੂਲੀ ਸੀ। ਬਾਬਾ ਗੁਰਦਿਤ ਸਿੰਘ ਨੇ ਯੋਕੋਹਾਮਾ ਤਾਰ ਦੇ ਕੇ ਰਵਾਨਗੀ-ਪੱਤਰ ਦੀ ਕਾਪੀ ਮੰਗਾ ਦੇਣ ਦੀ ਜ਼ਿਮੇਵਾਰੀ



Digitized by Panjab Digital Library | www.panjabdigilib.org

ਲਈ ਸੀ ਪਰ ਅਫ਼ਸਰ ਆਖਣ ਨਹੀਂ, ਜਹਾਜ਼ ਨੂੰ ਵਾਪਸ ਮੋੜਨਾ ਹੀ ਪਏਗਾ ।

ਚੰਗੇ ਭਾਗਾਂ ਨੂੰ ਬਾਬਾ ਗੁਰਦਿਤ ਸਿੰਘ ਦੇ ਸਕੱਤਰ ਸ: ਦਲਜੀਤ ਸਿੰਘ ਨੇ ਕਪਤਾਨ ਦੇ ਕਮਰੇ ਵਿਚੋਂ ਦਫ਼ਤਰ ਦੀ ਫੋਲਾ ਫਾਲੀ ਕਰਕੇ ਰਵਾਨਗੀ-ਪੱਤਰ ਲਭ ਲਿਆ । ਇਸਤਰ੍ਹਾਂ ਹਿੰਦੀ ਮੁਸਾਫ਼ਰਾਂ ਪੁਰ ਕੀਤਾ ਗਿਆ ਪਹਿਲਾ ਵਾਰ ਖਾਲੀ ਗਿਆ। ਜਹਾਜ਼ ਵਿਕਟੋਰੀਆ ਘਾਟ ਤੋਂ ਰਵਾਨਾ ਹੋ ਕੇ ੨੨ ਮਈ ੧੯੧੪ ਨੂੰ ਵੈਨਕੋਵਰ ਦੇ ਘਾਟ ਪੁਜ ਗਿਆ ।

ਰਵਾਨਗੀ-ਪੱਤਰ ਪੇਸ਼ ਕਰਨ ਤੇ ਡਾਕਟਰੀ ਮੁਆਇਨੇ ਦਾ ਸਰਟੀਫ਼ਿਕੇਟ ਹਾਸਲ ਕਰ ਲੈਣ ਮਗਰੋਂ ਇਮੀਗ੍ਰੇਸ਼ਨ ਕਾਨੂੰਨ ਮੁਤਾਬਿਕ ਕੋਈ ਰੁਕਾਵਟ ਬਾਕੀ ਨਹੀਂ ਰਹਿੰਦੀ। ਮੁਸਾਫ਼ਰਾਂ ਨੂੰ ਜਹਾਜ਼ ਵਿਚੋਂ ਉਤਰ ਕੇ ਘਾਟ ਦੇ ਕੰਢੇ ਪੁਰ ਸਰਕਾਰੀ ਬਿਲਡਿੰਗ ਵਿਚ ਜਾ ਕੇ ਠਹਿਰਨ ਤੇ ਖਾਣ ਪੀਣ ਦੀਆਂ ਵਸਤਾਂ ਖਰੀਦਣ ਦੀ ਖੁਲ੍ਹ ਹੁੰਦੀ ਹੈ । ਖਾਸ ਕਰਕੇ ਪ੍ਰਚਾਰਕਾਂ, ਵਪਾਰੀਆਂ, ਵਿਦਿਆਰਥੀਆਂ, ਯਾਤਰੂਆਂ ਤੇ ਸਰਕਾਰੀ ਅਫ਼ਸਰਾਂ ਪੁਰ ਕੋਈ ਪਾਬੰਦੀ ਨਹੀਂ ਹੁੰਦੀ । ਇਹ ਆਪਣੇ ਕਾਗ਼ਜ਼ ਤੇ ਟਿਕਟ ਵਿਖਾ ਕੇ ਉਤਰ ਸਕਦੇ ਹਨ । ਪਰ ਕੈਨੇਡਾ ਸਰਕਾਰ ਨੇ ਸਾਰੇ ਕੜੇ ਕਾਨੂੰਨ ਛਿੱਕੇ ਪੁਰ ਟੰਗ ਕੇ ਕੋਈ ਕਾਰਨ ਦੱਸੇ ਬਗੈਰ ਜਹਾਜ਼ ਨੂੰ ਗੋਦੀ ਤੋਂ ਬਾਹਰ ਕੈਦੀ ਬਣਾ ਲਿਆ। ਪਹਿਰੇ ਲਾ ਦਿਤੇ ਗਏ । ਪਹਿਰੂਏ ਗੁਰੂ ਨਾਨਕ ਜਹਾਜ਼ ਦੇ ਆਲੇ ਦੁਆਲੇ ਚੱਕਰ ਲਾਉਣ ਲਗ ਪਏ । ਨਾ ਬਾਬਾ ਗੁਰਦਿਤ ਸਿੰਘ ਨੂੰ, ਨਾ ਜਹਾਜ਼ ਦੇ ਕਿਸੇ ਮੁਸਾਫ਼ਰ ਨੂੰ ਉਤਰਨ ਦੀ ਆਗਿਆ ਸੀ, ਨਾ ਹੀ ਵੈਨਕੋਵਰ ਦੇ ਕਿਸੇ ਹਿੰਦੀ ਭਾਈ ਨੂੰ ਇਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਸੀ ।



Digitized by Panjab Digital Library | www.panjabdigilib.org

ਕੇਵਲ ਡਾ: ਰਘੁਨਾਥ ਸਿੰਘ, ਉਸ ਦੀ ਤੀਵੀਂ ਤੇ ਪੁਤਰ ਅਤੇ ਭਾਨ ਸਿੰਘ ਵਿਦਿਆਰਥੀ ਨੂੰ ਉਤਰਨ ਦਿਤਾ ਗਿਆ। ਇਨ੍ਹਾਂ ਨਾਲ ਇਸ ਰਿਆਇਤੀ ਸਲੂਕ ਦਾ ਕਾਰਨ ਇਹ ਪਤਾ ਲਗਾ ਕਿ ਉਨ੍ਹਾਂ ਨੇ ਦੇਸ਼ ਪਿਆਰ ਤੇ ਆਪਣੀ ਅਣਖ ਨੂੰ ਆਪਣੇ ਸੁਆਰਥ ਉਪਰੋਂ ਕੁਰਬਾਨ ਕਰ ਦਿਤਾ ਸੀ। ਇਸ ਤੋਂ ਬਿਨਾ ਜਹਾਜ਼ ਦੇ ਜਾਪਾਨੀ ਅਫ਼ਸਰਾਂ ਤੇ ਖਲਾਸੀਆਂ ਨੂੰ ਵੀ ਸ਼ਹਿਰ ਵਿਚ ਜਾਣ ਆਉਣ ਦੀ ਹਰ ਤਰ੍ਹਾਂ ਖੁਲ੍ਹ ਸੀ।

ਇਸ ਬੇ-ਕਾਨੂੰਨੇ ਤੇ ਅਨੋਖੇ ਸਲੂਕ ਵਿਰੁਧ ਬਾਬਾ ਗੁਰਦਿਤ ਸਿੰਘ ਜੀ ਨੇ ਰੋਸ ਪ੍ਰਗਟ ਕੀਤਾ। ਚਿਠੀ ਪੱਤਰ ਸ਼ੁਰੂ ਹੋ ਗਈ। ਇਧਰ ਮੁਸਾਫ਼ਰਾਂ ਦਾ ਰਸਦ-ਪਾਣੀ ਮੁਕਣ ਲੱਗਾ। ਇਹ ਡੇਢ ਮਹੀਨੇ ਦੇ ਸਮੁੰਦਰੀ ਸਫ਼ਰ ਮਗਰੋਂ ਫਿਰ ਸਮੁੰਦਰ ਵਿਚ ਹੀ ਕੈਦੀ ਬਣ ਜਾਣ ਕਰਕੇ ਬੜੇ ਦੁਖੀ ਸਨ।

ਆਖਰ ਇਕ ਦਿਨ ਮਿ: ਹਾਪ ਕਿਨਸਨ–ਇਮੀਗ੍ਰੇਸ਼ਨ ਮਹਿਕਮੇ ਦਾ ਇਨਸਪੈਕਟਰ–ਬਾਬਾ ਗੁਰਦਿਤ ਸਿੰਘ ਜੀ ਨੂੰ ਮਿਲਣ ਲਈ ਜਹਾਜ਼ ਪੁਰ ਆਇਆ। ਇਹ ਹਿੰਦ ਵਿਚੋਂ ਗਿਆ ਸੀ ਤੇ ਹਿੰਦੀ ਬੋਲੀ ਜਾਣਦਾ ਸੀ। ਬਾਬਾ ਜੀ ਨੂੰ ਇਕਲਵੰਜੇ, ਜਹਾਜ਼ ਦੇ ਉਪਰਲੇ ਹਿੱਸੇ ਪੁਰ ਇਕੱਲਿਆਂ ਲਿਜਾ ਕੇ ਆਖਣ ਲਗਾ: "ਦੇਖੋ ਬਾਬਾ ਜੀ, ਮੈਂ ਆਪ ਨੂੰ ਸਾਫ਼ ਸਾਫ਼ ਗਲ ਦਸਦਾ ਹਾਂ, ਕਨੇਡੀਅਨ ਸਰਕਾਰ ਕਿਸੇ ਕੜੇ ਕਾਨੂੰਨ ਦੀ ਪਰਵਾਹ ਨਹੀਂ ਕਰੇਗੀ। ਮੈਨੂੰ ਮਹਿਕਮੇ ਨੇ ਤੁਹਾਡੇ ਨਾਲ ਗਲ ਬਾਤ ਕਰ ਕੇ ਸਮਝਾਉਣ ਲਈ ਭੇਜਿਆ ਹੈ। ਜੇ ਤੁਸੀਂ ਸੁਲਾਹ ਸਫ਼ਾਈ ਨਾਲ ਕੋਈ ਗਲ ਬਾਤ ਕਰੋ ਤਾਂ ਰਾਹ ਨਿਕਲ ਆਵੇਗਾ, ਨਹੀਂ ਤਾਂ ਤੁਹਾਡੀਆਂ ਕਾਨੂੰਨਦਾਨੀਆਂ ਕਿਸੇ ਕੰਮ ਨਹੀਂ ਔਣਗੀਆਂ ਤੇ ਤੁਹਾਨੂੰ ਇਥੋਂ ਬੇਰੰਗ ਵਾਪਸ ਹੋਣਾ ਪਏਗਾ।" ਆਖਰ ਗਲ



Digitized by Panjab Digital Library | www.panjabdigilib.org

ਇਹ ਖੁਲ੍ਹੀ ਕਿ ਦੋ ਹਜ਼ਾਰ ਪੌਂਡ ਹਾਪਕਿਨਸਨ ਨੂੰ ਚੜ੍ਹਾਵਾ ਚੜ੍ਹਾਇਆ ਜਾਵੇ ਤਾਂ ਮਨੋਰਥ ਸਿਧੀ ਸੰਭਵ ਹੋ ਸਕਦੀ ਹੈ। ਇਕ ਹਜ਼ਾਰ ਪੇਸ਼ਗੀ ਅਤੇ ਦੂਜਾ ਹਜ਼ਾਰ ਸਾਰੇ ਮੁਸਾਫ਼ਰਾਂ ਦੇ ਉਤਰ ਜਾਣ ਪੁਰ ਦੇਣਾ ਮਨਜ਼ੂਰ ਹੋਇਆ। ਹੁਣ ਹਾਪਕਿਨਸਨ ਨੇ ਮੰਗ ਕੀਤੀ ਕਿ ਬਾਬਾ ਜੀ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਚਲ ਕੇ ਪ੍ਰਣ ਕਰਨ ਕਿ ਉਹ ਇਹ ਗਲ ਕਿਸੇ ਨੂੰ ਦਸਣਗੇ ਨਹੀਂ। ਬਾਬਾ ਜੀ ਨੇ ਆਖਿਆ "ਇਹ ਗਲ ਮੁਸ਼ਕਲ ਹੈ। ਜਹਾਜ਼ੀ ਕੰਪਨੀ ਦੇ ਫੰਡ ਵਿਚੋਂ ਰੁਪਿਆ ਦੇਣਾ ਹੈ। ਕੁਝ ਸਜਨਾਂ ਨੂੰ ਤਾਂ ਦਸਣਾ ਹੀ ਪਵੇਗਾ। ਮੈਂ ਸਹੁੰ ਨਹੀਂ ਖਾ ਸਕਦਾ।" ਬਸ ਇਸ ਗਲ ਪੁਰ ਸੌਦਾ ਟੁਟ ਗਿਆ। ਹਾਪਕਿਨਸਨ ਸੜਦਾ ਬਲਦਾ ਵਾਪਸ ਚਲਾ ਗਿਆ ਅਤੇ ਜਾਂਦਾ ਹੋਇਆ ਧਮਕੀ ਦੇ ਗਿਆ "ਹਛਾ, ਮੈਂ ਹੁਣ ਵੇਖਾਗਾਂ ਤੁਸੀਂ ਕਿਵੇਂ ਮੁਸਾਫ਼ਰਾਂ ਨੂੰ ਉਤਾਰ ਸਕਦੇ ਹੋ।" ਭਾਵੇਂ ਕੈਨੇਡਾ ਸਰਕਾਰ ਤਾਂ ਅਗੇ ਹੀ ਤੁਲੀ ਹੋਈ ਸੀ ਕਿ ਇਨ੍ਹਾਂ ਹਿੰਦੀ ਮੁਸਾਫ਼ਰਾਂ ਨੂੰ ਉਤਰਨ ਨਹੀਂ ਦੇਣਾ, ਪਰ ਹੁਣ ਹਾਪਕਿਨਸਨ ਜ਼ਾਤੀ ਵੈਰ ਬਣਾ ਕੇ ਹੋਰ ਜ਼ੋਰ ਨਾਲ ਜੁਟ ਪਿਆ।

ਦਿਨ ਗੁਜ਼ਰਦੇ ਗਏ। ਜਹਾਜ਼ ਵਿਚ ਕੈਦੀ ਹਿੰਦੀ ਮੁਸਾਫਰ ਰਸਦ-ਪਾਣੀ ਦੀ ਥੁੜ੍ਹ ਨਾਲ ਵਿਆਕੁਲ ਹੋਣ ਲਗੇ, ਕਈ ਬੀਮਾਰ ਪੈ ਗਏ।

ਉਧਰੋਂ ਜਹਾਜ਼ ਦੇ ਕਰਾਏ ਦੀ ਦੂਜੀ ਕਿਸ਼ਤ ਤਾਰਨ ਦੀ ਤਾਰੀਖ ਪੁਗ ਗਈ। ੪ ਜੂਨ ੧੯੧੪ ਨੂੰ ੨੨ ਹਜ਼ਾਰ ਡਾਲਰ ਤਾਰਨਾ ਸੀ। ਭਾਈ ਬਲਵੰਤ ਸਿੰਘ ਖੁਰਦਪੁਰੀ ਨੇ ਉਦਮ ਕਰਕੇ ਕੈਨੇਡਾ ਵਾਸੀ ਹਿੰਦੀ ਭਰਾਵਾਂ ਦੀ "ਕੋਮਾਗਾਟਾ ਮਾਰੂ ਦੀ ਡੀਫੈਂਸ ਕਮੇਟੀ" ਬਣਾ ਲਈ। ਭਾਈ ਭਾਗ ਸਿੰਘ, ਭਾਈ



Digitized by Panjab Digital Library | www.panjabdigilib.org

ਮਿਤ ਸਿੰਘ, ਭਾਈ ਰਤਨ ਸਿੰਘ, ਮਿ: ਰਹੀਮ, ਭਗਵਾਨ ਸਿੰਘ ਦੁਸਾਂਝ, ਗੁਰਦਿਤ ਸਿੰਘ ਬਿਲਗਾ ਤੇ ਉਤਮ ਸਿੰਘ ਆਦਿ ਕੈਨੇਡੀਅਨ ਵੀਰ ਇਸ ਕਮੇਟੀ ਦੇ ਮੈਂਬਰ ਸਨ । ਭਾਈ ਬਲਵੰਤ ਸਿੰਘ ਹਿੰਦ ਤੋਂ ਕੋਮਾਗਾਟਾ ਮਾਰੂ ਤੋਂ ਕੁਝ ਦਿਨ ਪਹਿਲਾਂ ਹੀ ਕੈਨੇਡਾ ਪਹੁੰਚ ਗਿਆ ਸੀ ਤੇ ਉਸ ਨੇ ਕੈਨੇਡਾ-ਵਾਸੀ ਹਿੰਦੀਆਂ ਨੂੰ ਜਹਾਜ਼ ਦੀ ਹਰ ਤਰ੍ਹਾਂ ਸਹਾਇਤਾ ਕਰਨ ਲਈ ਤਿਆਰ ਕਰ ਛਡਿਆ ਸੀ । ਕੈਨੇਡਾ ਵਿਚ ਹਿੰਦੁਸਤਾਨੀਆਂ ਨੇ ਜੋ ਰਕਮ ਜਾਇਦਾਦ ਤੇ ਵਪਾਰ ਉਪਰ ਲਈ ਹੋਈ ਸੀ, ਉਸਦੀ ਕੀਮਤ ੬੦ ਲਖ ਡਾਲਰ (੨ ਕਰੋੜ ੧੫ ਲਖ ਰੁਪਏ) ਸੀ । ਬਾਬਾ ਗੁਰਦਿਤ ਸਿੰਘ ਨੂੰ ਉਤਰਨ ਦੀ ਆਗਿਆ ਹੁੰਦੀ ਤਾਂ ਉਹ ਸਾਰਾ ਪ੍ਰਬੰਧ ਕਰ ਸਕਦੇ ਸਨ । ਪੈਸੇ ਦੀ ਕੋਈ ਪਰਵਾਹ ਨਹੀਂ ਸੀ । ਕੈਨੇਡਾ-ਵਾਸੀ ਹਿੰਦੀ ਵੀਰ ਵੀ ਮੁਸਾਫ਼ਰਾਂ ਨੂੰ ਉਤਾਰਨ ਲਈ ਆਪਣਾ ਤਨ ਮਨ ਧਨ ਵਾਰਨ ਨੂੰ ਤਿਆਰ ਸਨ । ਇਹ ਇਕ ਕੌਮੀ ਅਣਖ ਦਾ ਸੁਆਲ ਬਣ ਚੁਕਾ ਸੀ । ਹੁਣ ਚੁਪ ਚੁਪੀਤੇ ਧੱਕੇ ਨਾਲ ਮੁਸਾਫ਼ਰਾਂ ਨੂੰ ਵਾਪਸ ਕਰਨ ਦੀ ਬੇਇਜ਼ਤੀ ਸਹਾਰਨੀ ਮੁਸ਼ਕਲ ਸੀ । ਪਰ ਕੈਨੇਡਾ ਸਰਕਾਰ ਨੇ ਬਾਬਾ ਗੁਰਦਿਤ ਸਿੰਘ ਨੂੰ ਬਿਲਾ ਵਜਾ ਕੈਦੀ ਬਣਾ ਦਿਤਾ ਸੀ । ਉਸ ਨੂੰ ਕਨੇਡਾ ਦੀ ਧਰਤੀ ਪੁਰ ਪੈਰ ਧਰਨ ਦੀ ਆਗਿਆ ਨਹੀਂ ਸੀ ਨਾ ਕਾਨੂੰਨੀ ਪੈਰਵੀ ਕਰਨ ਦੀ ।

ਆਖਰ ਨਤੀਜਾ ਇਹ ਨਿਕਲਿਆ ਕਿ ਕੈਨੇਡਾ-ਨਿਵਾਸੀ ਹਿੰਦੀਆਂ ਨੇ ਸਾਰੇ ਖਰਚ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਲਈ । ਜਹਾਜ਼ ਦੇ ਠੇਕੇ ਦੇ ਸਾਰੇ ਹਕ ਖਰੀਦ ਲਏ ਗਏ । ਜਹਾਜ਼ ਦਾ ਚਾਰਟਰ ਬਾਬਾ ਗੁਰਦਿਤ ਸਿੰਘ ਦੇ ਨਾਂ ਤੋਂ ਬਦਲ ਕੇ ਭਾਈ ਭਾਗ ਸਿੰਘ ਤੇ ਮਿ: ਰਹੀਮ ਦੇ ਨਾਂ ਕਰਵਾ ਲਿਆ



Digitized by Panjab Digital Library | www.panjabdigilib.org

ਗਿਆ। ਇੰਨੇ ਝੰਬੇਲੇ ਕਰਨ ਦੇ ਮਗਰੋਂ ਫਿਰ ਜਦੋਂ ਨਵੇਂ ਠੇਕੇ-ਦਾਰਾਂ ਨੇ ਜਹਾਜ਼ ਦੀ ਕਿਸ਼ਤ ਤਾਰਨੀ ਚਾਹੀ ਤਾਂ ਉਸ ਵਿਚ ਕਈ ਔਕੜਾਂ ਖੜੀਆਂ ਕਰ ਦਿਤੀਆਂ ਗਈਆਂ। ਜਹਾਜ਼ੀ ਕੰਪਨੀ ਦੇ ਏਜੰਟ ਮਿ: ਗੋਡਰਨ ਜਾਨਸਨ ਨੇ ਕੈਨੇਡਾ ਸਰਕਾਰ ਦੇ ਇਸ਼ਾਰੇ ਪੁਰ ਕਿਸ਼ਤ ਲੈਣ ਤੋਂ ਇਨਕਾਰ ਕਰ ਦਿਤਾ। ਭਾਈ ਭਾਗ ਸਿੰਘ ਨੂੰ ਕਿਸ਼ਤ ਤਾਰਨ ਵਾਸਤੇ ਵੀ ਅਦਾਲਤ ਦਾ ਬੂਹਾ ਖੜਕਾਣਾ ਪਿਆ। ਵਕੀਲ ਕੀਤੇ। ਹਜ਼ਾਰਾਂ ਡਾਲਰ ਹੋਰ ਖਰਚੇ। ਅਦਾਲਤ ਦੇ ਫੈਸਲੇ ਮੁਤਾਬਕ ਫਿਰ ਕੰਪਨੀ ਦੇ ਏਜੰਟ ਨੇ ਕਿਸ਼ਤ ਵਸੂਲ ਕੀਤੀ। ਦੂਜੀ ਵਡੀ ਔਕੜ ਇਸ ਤਰ੍ਹਾਂ ਹਲ ਹੋਈ ਪਰ ਕੈਨੇਡਾ ਸਰਕਾਰ ਆਪਣੇ ਕੁਟਲ ਇਰਾਦੇ ਪੁਰ ਡਟੀ ਹੋਈ ਸੀ। ਉਸ ਨੇ ਅਜੇ ਵੀ ਜਹਾਜ਼ ਦੇ ਮੁਸਾਫਰਾਂ ਨੂੰ ਉਤਰਨ ਨਾ ਦਿਤਾ।

ਜਹਾਜ਼ ਦੇ ਨਵੇਂ ਠੇਕੇਦਾਰਾਂ ਨੇ ੨੨ ਹਜ਼ਾਰ ਰੁਪਿਆ ਕਿਸ਼ਤ ਤਾਰ ਦਿਤੀ ਪਰ ਉਨ੍ਹਾਂ ਨੂੰ ਜਹਾਜ਼ ਦਾ ਕਬਜ਼ਾ ਨਹੀਂ ਮਿਲਦਾ। ਉਹ ਮੰਗ ਕਰਦੇ ਹਨ ਕਿ ਜਹਾਜ਼ ਖਾਲੀ ਕਰੋ ਤਾਂ ਜੋ ਅਸੀਂ ਇਸ ਪੁਰ ਇਧਰ ਤੋਂ ਹੋਰ ਮਾਲ ਲੱਦ ਕੇ ਵਾਪਸ ਭੇਜੀਏ ਪਰ ਕੋਈ ਸੁਣਾਈ ਨਹੀਂ ਹੁੰਦੀ। ਇਉਂ ਜਹਾਜ਼ ਦੇ ਨਵੇਂ ਠੇਕੇਦਾਰਾਂ ਨੂੰ ਵੀ ਜਹਾਜ਼ ਪੁਰ ਕਦਮ ਧਰਨ ਦੀ ਆਗਿਆ ਨਹੀਂ। ਕਿੰਨਾ ਹਨੇਰ ਹੈ! ਨਿਰੀ ਧੱਕੇਸ਼ਾਹੀ ਨਹੀਂ ਤਾਂ ਹੋਰ ਕੀ ਹੈ?

ਨਵੇਂ ਠੇਕੇਦਾਰਾਂ ਦੀ ਇਤਲਾਹ ਤੇ ਮਨਜ਼ੂਰੀ ਬਗ਼ੈਰ ਕਨੇਡਾ ਸਰਕਾਰ ਨੇ ਹੁਕਮ ਦੇ ਦਿਤਾ ਕਿ ਜਹਾਜ਼ ਨੂੰ ਵਾਪਸ ਹਾਂਗ ਕਾਂਗ ਭੇਜਿਆ ਜਾਵੇ। ਜਹਾਜ਼ ਨਾਲ ਬਾਬਾ ਗੁਰਦਿਤ ਸਿੰਘ ਦਾ ਹੁਣ ਕੋਈ ਤਅੱਲਕ ਨਹੀਂ ਸੀ। ਉਹ ਇਕ ਵਪਾਰੀ ਸਨ। ਉਨ੍ਹਾਂ ਨੂੰ ਹੁਣ ਕੈਨੇਡਾ ਵਿਚ ਵਪਾਰ ਲਈ ਉਤਰਨ ਪੁਰ



Digitized by Panjab Digital Library | www.panjabdigilib.org

ਕੋਈ ਰੋਕ ਨਹੀਂ ਚਾਹੀਦੀ ਸੀ ਪਰ ਉਹ ਅਜੇ ਕੈਦੀ ਬਣੇ ਬੈਠੇ ਸਨ।

ਬਾਬਾ ਜੀ ਤੇ ਜਹਾਜ ਦੇ ਨਵੇਂ ਠੇਕੇਦਾਰਾਂ ਨੇ ਦਰਖਾਸਤ ਕੀਤੀ ਕਿ ਉਹ ਪ੍ਰਿਵੀ ਕੌਂਸਲ ਵਿਚ ਅਪੀਲ ਕਰਨਾ ਚਾਹੁੰਦੇ ਹਨ। ਅਪੀਲਦੇ ਫ਼ੈਸਲੇ ਤਕ ਮੁਸਾਫ਼ਰਾਂ ਨੂੰ ਜ਼ਮਾਨਤ ਪੁਰ ਉਤਰਨ ਦੀ ਆਗਿਆ ਦਿਤੀ ਜਾਵੇ। ਜਿੰਨੀ ਜ਼ਮਾਨਤ ਚਾਹੋ ਉਹ ਦੇਣ ਨੂੰ ਤ੍ਰਿਆਰ ਹਨ।

ਦੂਜੇ ਜੇ ਜਹਾਜ਼ ਨੂੰ ਧਿੰਗੋ ਜ਼ੋਰੀ ਤੋਰ ਹੀ ਦੇਣਾ ਹੈ ਤਾਂ ਤੋਰਨ ਤੋਂ ਪਹਿਲਾਂ ਮੁਸਾਫ਼ਰਾਂ ਨੂੰ ਰਸਦ-ਪਾਣੀ ਤੇ ਸਫ਼ਰ ਖਰਚ ਦਿਤਾ ਜਾਵੇ, ਪਰ ਕਿਸੇ ਦਰਖਾਸਤ, ਕਿਸੇ ਅਪੀਲ ਦਾ ਉਤਰ ਨਹੀਂ ਸੀ ਮਿਲਦਾ।

ਇਧਰ ਮੁਸਾਫ਼ਰ ਭੁਖ ਤ੍ਰੇਹ ਨਾਲ ਵਿਆਕੁਲ ਹੋ ਕੇ ਤੜਫ ਰਹੇ ਸਨ। ਕਿਡੀ ਭਿਆਨਕ ਹਾਲਤ ਸੀ। ਜਹਾਜ਼ ਦੇ ਪਹਿਲੇ ਠੇਕੇਦਾਰ ਬਾਬਾ ਗੁਰਦਿਤ ਸਿੰਘ ਨੂੰ ਮੁਸਾਫ਼ਰਾਂ ਨੂੰ ਉਤਾਰਨ ਤੇ ਉਨ੍ਹਾਂ ਦੇ ਰਸਦ ਪਾਣੀ ਦਾ ਪ੍ਰਬੰਧ ਕਰਨ ਦੀ ਆਗਿਆ ਨ ਦਿਤੀ ਗਈ। ਨਵੇਂ ਠੇਕੇਦਾਰਾਂ ਨੂੰ ਜਹਾਜ਼ ਦਾ ਕਬਜ਼ਾ ਨਹੀਂ ਦਿਤਾ ਗਿਆ, ਨਾ ਜਹਾਜ਼ ਪੁਰ ਜਾ ਕੇ ਮੁਸਾਫ਼ਰਾਂ ਨੂੰ ਰਸਦ ਪਾਣੀ ਪਹੁੰਚਾਉਣ ਦੀ ਆਗਿਆ ਦਿਤੀ ਗਈ, ਨ ਹੀ ਕੈਨੇਡਾ ਸਰਕਾਰ ਨੇ ਕੈਦੀ ਜਹਾਜ਼ ਦੇ ਮੁਸਾਫ਼ਰਾਂ ਦੀ ਵਾਤ ਪੁਛੀ। ਕੋਈ ਜਮਹੂਰੀ ਹਕੂਮਤ ਇਸ ਤਰ੍ਹਾਂ ਕਾਨੂੰਨ ਤੇ ਇਨਸਾਫ਼ ਨੂੰ ਪੈਰਾਂ ਹੇਠਾਂ ਨਹੀਂ ਲਤਾੜ ਸਕਦੀ।

ਜਹਾਜ਼ ਵਿਚ ਕੋਲਾ ਭਰਿਆ ਸੀ। ਉਹ ਉਤਾਰ ਕੇ ਵੇਚ ਕੇ ਹੋਰ ਮਾਲ ਭਰਨਾ ਸੀ। ਇਸ ਦੀ ਵੀ ਇਜਾਜ਼ਤ ਨ ਮਿਲੀ। ਇਹ ਕੋਲਾ ਸ਼ੈਦ ਮਗਰੋਂ ਨਵੇਂ ਠੇਕੇਦਾਰਾਂ ਨੇ ਉਤਰਵਾ ਕੇ ਵੇਚ ਲਿਆ ਸੀ।



Digitized by Panjab Digital Library | www.panjabdigilib.org

ਹਿੰਦੁਸਤਾਨੀਆਂ ਨੇ ਕਈ ਤਜਵੀਜ਼ਾਂ ਪੇਸ਼ ਕੀਤੀਆਂ ਪਰ ਕੈਨੇਡਾ ਦੀ ਹੈਂਕੜੀ ਸਰਕਾਰ ਨੇ ਇਕ ਗਲ ਵੀ ਨ ਸੁਣੀ। ਉਹ ਇਸੇ ਗਲ ਪੁਰ ਅੜੀ ਰਹੀ ਕਿ ਭੁਖੇ ਤਿਹਾਏ ਮੁਸਾਫ਼ਰਾਂ ਨੂੰ ਇਸੇ ਤਰ੍ਹਾਂ ਵਾਪਸ ਕਰਨਾ ਹੈ। ਇਸ ਹਾਲਤ ਵਿਚ ਜਦੋਂ ਕਪਤਾਨ ਜਹਾਜ਼ ਨੂੰ ਤੋਰਨ ਦਾ ਜਤਨ ਕਰਦਾ ਸੀ ਤਾਂ ਜਹਾਜ਼ ਦੇ ਮੁਸਾਫ਼ਰ ਉਸ ਨੂੰ ਰੋਕ ਦੇਂਦੇ ਸਨ। ਇਸੇ ਤਰ੍ਹਾਂ ਸਤ ਦਿਨ ਬੀਤ ਗਏ। ਮੁਸਾਫ਼ਰਾਂ ਨੂੰ ਨਾ ਰੋਟੀ ਮਿਲੀ ਨਾ ਪਾਣੀ। ਕਈਆਂ ਨੂੰ ਗਸ਼ੀਆਂ ਆਉਣ ਲਗੀਆਂ। ਬੱਚੇ ਤੜਫਣ ਲੱਗੇ। ਇਕ ਦਿਨ ਇਕ ਬੱਚਾ ਫ਼ੌਜਾ ਸਿੰਘ ਬੇਹੋਸ਼ ਹੋ ਕੇ ਡਿਗ ਪਿਆ। ਉਸ ਦੀ ਮਾਂ ਰੋਣ ਕੁਰਲਾਣ ਲਗ ਪਈ। ਬਾਬਾ ਗੁਰਦਿਤ ਸਿੰਘ ਇਹ ਦਰਦਨਾਕ ਹਾਲਤ ਵੇਖ ਕੇ ਰਹਿ ਨਾ ਸਕੇ, ਭੱਜ ਕੇ ਕੈਪਟਨ ਦੇ ਕਮਰੇ ਵਿਚ ਜਾ ਵੜੇ ਤੇ ਉਥੋਂ ਬੀਰ ਦੀ ਬੋਤਲ ਚੁਕ ਲਿਆਏ ਤੇ ਬੱਚੇ ਦੇ ਮੂੰਹ ਵਿਚ ਦੋ ਘੁਟ ਪਾ ਕੇ ਉਸ ਨੂੰ ਹੋਸ਼ ਵਿਚ ਲਿਆਂਦਾ। ਪਰ ਇਸ ਪੁਰ ਕਪਤਾਨ ਬਾਬਾ ਜੀ ਨਾਲ ਲੜ ਪਿਆ ਤੇ ਬੜਾ ਗੁਸੇ ਹੋਇਆ।

ਇਸੇ ਦਿਨ ਇਕ ਹੋਰ ਬੜੀ ਦੁਖਦਾਈ ਘਟਨਾ ਵਾਪਰੀ। ਸ਼ਾਮ ਵੇਲੇ ਜਾਪਾਨੀ ਆਪਣੇ ਲਈ ਕੰਢੇ ਤੋਂ ਪਾਣੀ ਦੇ ਪੀਪੇ ਭਰ ਕੇ ਲੈ ਆਏ। ਮੁਸਾਫ਼ਰ ਕਈ ਦਿਨਾਂ ਦੀ ਤ੍ਰੇਹ ਦੇ ਕਾਰਨ ਝੱਲੇ ਤੇ ਆਪੇ ਤੋਂ ਬਾਹਰ ਹੋਏ ਹੋਏ ਸਨ। ਉਨ੍ਹਾਂ ਨੇ ਮਿੰਨਤ ਕਰ ਕੇ ਦੋ ਚਾਰ ਘੁਟ ਪਾਣੀ ਮੰਗਿਆ ਪਰ ਜਾਪਾਨੀਆਂ ਨੇ ਪੱਥਰ-ਦਿਲੀ ਨਾਲ ਨਾਂਹ ਕਰ ਦਿਤੀ। ਮੁਸਾਫ਼ਰ ਪਾਣੀ ਲਈ ਟੁਟ ਕੇ ਪੈ ਗਏ ਜਿਵੇਂ ਭੁਖਾ ਬਘਿਆੜ ਸ਼ਿਕਾਰ ਪੁਰ ਟੁਟ ਕੇ ਪੈਂਦਾ ਹੈ। ਕਿਸੇ ਨੇ ਕਪ ਭਰ ਕੇ ਮੂੰਹ ਨਾਲ ਲਾ ਲਿਆ, ਕਿਸੇ ਨੇ ਕਪੜਾ ਭਿਉਂ ਕੇ ਮੂੰਹ ਵਿਚ ਪਾ ਲਿਆ, ਕੋਈ ਡੁਲ੍ਹੇ ਹੋਏ ਪਾਣੀ ਨੂੰ ਚੱਟਣ ਲਗ ਪਿਆ, ਕਿਸੇ ਨੇ ਦੂਜੇ ਮੁਸਾਫ਼ਰ ਤੋਂ ਪਾਣੀ



Digitized by Panjab Digital Library | www.panjabdigilib.org

ਖੋਹ ਕੇ ਆਪਣਾ ਗਲਾ ਤਰ ਕੀਤਾ। ਇਹ ਡਾਢਾ ਹਫੜਾ ਦਫੜੀ ਦਾ ਦੁਖਦਾਈ ਸੀਨ ਸੀ, ਪਰ ਭੁਖੇ ਪਿਆਸਿਆਂ ਦੀ ਮਜਬੂਰੀ ਸੀ। ਉਹ ਇਸ ਹਾਲਤ ਵਿਚ ਹੋਰ ਕਰ ਵੀ ਕੀ ਸਕਦੇ ਸਨ। ਅਜਿਹੀ ਹਾਲਤ ਵਿਚ ਜਾਨ ਨੂੰ ਬਚਾਣਾ ਹੀ ਧਰਮ ਹੁੰਦਾ ਹੈ।

ਇਸ ਪਾਣੀ ਦੀ ਲੁਟ ਪੁਰ ਜਾਪਾਨੀ ਮਲਾਹ ਤੇ ਕਪਤਾਨ ਅਗ ਭਭੂਕਾ ਹੋ ਗਏ। ਉਨ੍ਹਾਂ ਨੇ ਤੁਰਤ ਮਿ: ਹੋਸੀ ਵੈਨਕੋਵਰ ਵਿਚ ਜਾਪਾਨੀ ਕੌਂਸਲ ਨੂੰ ਰਪੋਟ ਕਰ ਦਿਤੀ । ਜਪਾਨੀ ਕੌਂਸਲ ਨੇ ਤੁਰਤ ਬੇਤਾਰ ਨਾਲ ਸ਼ਾਂਤ ਸਾਗਰ ਵਿਚੋਂ ਆਪਣਾ ਜੰਗੀ ਜਹਾਜ ਬੁਲਾ ਲਿਆ। ਤੀਜੇ ਦਿਨ ਜਾਪਾਨੀ ਫੌਜੀਆਂ ਨੇ ਕੋਮਾ ਗਾਟਾ ਮਾਰੂ ਨੂੰ ਆ ਕੇ ਘੇਰ ਲਿਆ। ਇਧਰ ਕਨੇਡਾ ਸਰਕਾਰ ਨੂੰ ਵੀ ਜਾਪਾਨੀ ਕੌਂਸਲ ਨੇ ਮੁਸਾਫਰਾਂ ਵਲੋਂ ਜਾਪਾਨੀ ਮਲਾਹਾਂ ਪੁਰ ਹਮਲੇ ਦੀ ਰਪੋਟ ਕਰ ਕੇ ਧਮਕੀ ਦਿਤੀ । ਝਗੜਾ ਵਧ ਗਿਆ। ਅਖਬਾਰ ਵਿਚ ਰੌਲਾ ਪੈ ਗਿਆ ਕਿ ਕੋਮਾਗਾਟਾ ਮਾਰੂ ਦੇ ਮੁਸਾਫਰ ਬਾਗੀ ਹੋ ਗਏ ਹਨ। ਜਾਪਾਨੀ ਬੇੜੇ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ ਹੈ, ਵੈਨਕੋਵਰ ਦੇ ਹਿੰਦੀਆਂ ਦੀ ਕਮੇਟੀ ਨੇ ਮਿ: ਹੋਸੀ ਨੂੰ ਅਸਲੀਅਤ ਦਸੀ। ਉਹ ਆਪ ਜਹਾਜ ਪੁਰ ਗਿਆ। ਜਦੋਂ ਉਸ ਨੂੰ ਮੁਸਾਫਰਾਂ ਦੇ ਭੁਖੇ ਤਿਹਾਏ ਹੋਣ ਦੀ ਸਾਰੀ ਅਸਲੀਅਤ ਪਤਾ ਲਗੀ ਤੇ ਹਕੂਮਤ ਦੀ ਮਨਜ਼ੂਰੀ ਨਾਲ ੨੨ ਜੂਨ ਨੂੰ ੧੦੩ ਟਨ ਪਾਣੀ ਇਕ ਹਫਤੇ ਵਾਸਤੇ ਭੇਜਿਆ ਗਿਆ, ਪਰ ਇਸ ਦੇ ਬਾਦ ਫਿਰ ੧੯ ਜੁਲਾਈ ਤਕ ਮੁਸਾਫਰਾਂ ਨੂੰ ਪਾਣੀ ਨਾ ਮਿਲਿਆ।

## ਨਿਹਥੇ ਮੁਸਾਫਰਾਂ ਦੀ ਸ਼ਸਤ੍ਰਬਧ ਸਪਾਹੀਆਂ ਨਾਲ ਲੜਾਈ

ਕਪਤਾਨ ਜਹਾਜ ਨੇ ਕੈਨੇਡਾ ਸਰਕਾਰ ਦੇ ਹੁਕਮ ਨਾਲ



Digitized by Panjab Digital Library | www.panjabdigilib.org

ਜਹਾਜ਼ ਨੂੰ ਚਲਾਣ ਦੀ ਫਿਰ ਤਿਆਰੀ ਕੀਤੀ। ਮੁਸਾਫਰਾਂ ਨੇ ਫਿਰ ਰੋਕ ਦਿਤਾ। ਬਾਬਾ ਗੁਰਦਿਤ ਸਿੰਘ ਨੇ ਇਕ ਅਫਸਰ ਨਾਲ ਗਲ ਬਾਤ ਕਰਕੇ ਭੁਖੇ ਤਿਹਾਏ ਬਿਨਾ ਰਸਤ- ਪਾਣੀ ਦੇ ਜਾਣੋ ਬਿਲਕੁਲ ਨਾਂਹ ਕਰ ਦਿਤੀ। ਇਸ ਪੁਰ ਕੈਨੇਡਾ ਸਰਕਾਰ ਨੇ ੧੯ ਜੁਲਾਈ ਨੂੰ ਅਧੀ ਰਾਤ ਵੇਲੇ "ਸੀ ਲਾਇਅਨ" ਨਾਮੀ ਅਗਨ ਬੋਟ ਕੋਮਾ ਗਾਟਾ ਮਾਰੂ ਜਹਾਜ ਵਲ ਭੇਜ ਦਿਤਾ। ਇਸ ਅਗਨ ਬੋਟ ਵਿਚ ੧੦੦ ਦੇ ਕਰੀਬ ਸ਼ਸਤਰ ਬਸ ਕਨੇਡੀਅਨ ਸਪਾਹੀ ਸਨ। ਇਹ ਜਹਾਜ ਕੋਮਾਗਾਟਾ ਮਾਰੂ ਨੂੰ ਜਬਰ ਦਸਤੀ ਧਰੂ ਕੇ ਡੂੰਘੇ ਸਮੁੰਦਰ ਵਿਚ ਧਕਣ ਲਈ ਆਇਆ ਸੀ। ਕੈਨੇਡਾ ਸਰਕਾਰ ਦੀ ਪਥਰ ਦਿਲੀ ਵੇਖੋ, ਭੁਖੇ ਤਿਹਾਏ ੩੬੦ ਹਿੰਦੀ ਮੁਸਾਫਰਾਂ ਨੂੰ ਜੋਰੋ ਜੋਰੀ ਡੂੰਘੇ ਸਮੁੰਦਰ ਵਿਚ ਮਾਰਨ ਦਾ ਇਰਾਦਾ ਕਰ ਰਹੀ ਸੀ। ਅਗਨ ਬੋਟ ਜਹਾਜ ਕੋਮਾਗਾਟਾ ਮਾਰੂ ਦੀ ਵਖੀ ਵਿਚ ਲਿਆਕੇ ਖੜਾ ਕੀਤਾ ਗਿਆ। ਇਕ ਗੋਰੇ ਨੇ ਆਪਣੇ ਜਹਾਜ਼ ਦਾ ਰਸਾ ਕੋਮਾਗਾਟਾ ਮਾਰੂ ਨਾਲ ਬੰਨ੍ਹਣ ਦਾ ਜਤਨ ਕੀਤਾ ਪਰ ਹਿੰਦੀਆਂ ਨੇ ਰੋਕ ਦਿਤਾ। ਗੋਰੇ ਸਪਾਹੀਆਂ ਨੇ ਗੋਲੀ ਚਲਾ ਦਿਤੀ। ਮੁਸਾਫਰ ਵੀ ਜਵਾਬੀ ਕਾਰਵਾਈ ਕਰਨ ਪੁਰ ਮਜਬੂਰ ਹੋ ਗਏ।

ਮੁਸਾਫ਼ਰ ਦੌੜ ਕੇ ਜਹਾਜ਼ ਦੇ ਹੇਠਲੇ ਖ਼ਾਨੇ ਵਿਚੋਂ ਪੱਥਰ ਦੇ ਕੋਲੇ ਲਿਆਉਣ ਚਲੇ ਗਏ। ਏਨੇ ਨੂੰ ਗੋਰਿਆਂ ਨੇ ਰੱਸਾ ਜਹਾਜ਼ ਨਾਲ ਬੰਨ੍ਹ ਲਿਆ। ਮੁਸਾਫ਼ਰਾਂ ਨੇ ਬਹੁਤ ਸਾਰੇ ਕੋਲੇ ਹੇਠੋਂ ਲਿਆ ਕੇ ਉਪਰ ਛੱਤ ਤੇ ਇਕੱਠੇ ਕਰ ਲਏ। ਅਗਨਬੋਟ ਵਾਲਿਆਂ ਨੇ ਗਰਮ ਪਾਣੀ ਦੇ ਪੰਪ ਨਾਲ ਹਿੰਦੀ ਮੁਸਾਫ਼ਰਾਂ ਨੂੰ ਲੂਹਣਾ ਸ਼ੁਰੂ ਕਰ ਦਿਤਾ। ਨਾਲ ਹੀ ਹੇਠੋਂ ਬੰਦੂਕਾਂ ਪਸਤੌਲਾਂ ਨਾਲ ਗੋਲੀਆਂ ਦੀ ਬਰਖਾ ਸ਼ੁਰੂ ਕਰ ਦਿਤੀ। ਉਪਰੋਂ ਮੁਸਾਫ਼ਰਾਂ ਨੇ ਕੋਲਿਆਂ ਦਾ ਮੀਂਹ ਵਰ੍ਹਾਣਾ ਸ਼ੁਰੂ ਕਰ ਦਿਤਾ। ਹਿੰਦੀ



Digitized by Panjab Digital Library | www.panjabdigilib.org

ਮੁਸਾਫ਼ਰ ਉਪਰ ਜਹਾਜ਼ ਦੇ ਬਨੇਰੇ ਦੀ ਓਟ ਲੈ ਕੇ ਲੜਦੇ ਸਨ ਤੇ ਗੋਲੀ ਦੀ ਮਾਰ ਤੋਂ ਬਚ ਜਾਂਦੇ ਸਨ ਪਰ ਉਪਰੋਂ ਕੋਲਿਆਂ ਦੀ ਬਰਖਾ ਨੇ ਜਹਾਜ਼ ਦੇ ਸ਼ੀਸ਼ੇ ਚੂਰ ਕਰ ਦਿਤੇ, ਕਈ ਗੋਰੇ ਫਟੜ ਕਰ ਦਿਤੇ। ਘਬਰਾਏ ਹੋਏ ਗੋਰੇ ਹਿੰਦੀ ਬਹਾਦਰਾਂ ਦੇ ਕੋਲਿਆਂ ਦੀ ਗੋਲਾਬਾਰੀ ਦੀ ਤਾਬ ਨਾ ਲਿਆ ਸਕੇ। ਉਹ ਜਹਾਜ਼ ਦੇ ਇਕ ਕੰਢੇ ਪੁਰ ਇਕਠੇ ਹੋ ਗਏ। ਜਹਾਜ਼ ਇਕ ਪਾਸੇ ਹੋ ਕੇ ਡੁਬਣ ਵਾਲਾ ਬਣ ਗਿਆ। ਹੁਣ ਉਨ੍ਹਾਂ ਨੂੰ ਗੋਲੀ ਚਲਾਣੀ ਵੀ ਭੁਲ ਗਈ। ਉਨ੍ਹਾਂ ਨੂੰ ਮੌਤ ਸਾਹਮਣੇ ਦਿਸਣ ਲਗ ਪਈ। ਬੇਹਥਿਆਰ, ਭੁਖੇ ਤਿਹਾਏ ਹਿੰਦੀ ਮੁਸਾਫਰਾਂ ਨੂੰ ਮਾਰਨ ਆਏ ਸ਼ਸਤ੍ਰਬਧ ਸਪਾਹੀ ਸਮੁੰਦਰ ਵਿਚ ਡੁਬਣ ਵਾਲੇ ਬਣ ਗਏ। ਇਸ ਹਫੜਾ ਦਫੜੀ ਵਿਚ ਇਕ ਹਿੰਦੀ ਸਪਾਹੀ ਨੇ ਜਹਾਜ਼ ਨਾਲ ਬਧਾ ਰਸਾ ਕਟ ਦਿਤਾ। ਅਗਨ ਬੋਟ ਦੀ ਖਲਾਸੀ ਹੋਈ। ਉਹ ਪਧਰਾ ਹੋ ਕੇ ਜਿਧਰੋਂ ਆਇਆ ਸੀ ਦੂੰਮ ਦਬਾ ਕੇ ਓਧਰ ਹੀ ਨਸ ਗਿਆ।

ਇਕ ਦੋ ਮੁਸਾਫਰਾਂ ਨੂੰ ਭਜ ਦੌੜ ਕਰਦਿਆਂ ਸਟਾਂ ਲਗੀਆਂ। ਇਕ ਮੁਸਾਫਰ ਦਾ ਮਥਾ ਇਕ ਗੋਲੀ ਚੱਟ ਗਈ ਸੀ। ਗੋਰੇ ਵੀ ਕਈ ਫਟੜ ਹੋਏ ਪਰ ਪਤਾ ਨਹੀਂ ਕਿਤਨੇ।

ਇਸ ਸਾਕੇ ਮਗਰੋਂ ਦੋਹਾਂ ਧਿਰਾਂ ਵਲੋਂ ਸਭ ਪਾਸੇ ਤਾਰਾਂ ਦਿਤੀਆਂ ਗਈਆਂ। ਹਿੰਦੀਆਂ ਨੂੰ ਕਿਸੇ ਬੰਨਿਓਂ ਉਤਰ ਨਾ ਪੁਜਾ। ਮੁਸਾਫਰਾਂ ਮਹਿਸੂਸ ਕੀਤਾ ਕਿ ਗੁਲਾਮਾਂ ਦੀ ਸ਼ਨਵਾਈ ਨਹੀਂ ਹੁੰਦੀ। ਪਰ ਕਨੇਡੀਅਨ ਹਾਕਮਾਂ ਨੂੰ ਮਨਜ਼ੂਰੀ ਮਿਲ ਗਈ ਕਿ ਜੰਗੀ ਜਹਾਜ਼ਾਂ ਦੀ ਮਦਦ ਨਾਲ ਕੋਮਾਗਾਟਾ ਮਾਰੂ ਨੂੰ ਵਾਪਸ ਮੋੜਿਆ ਜਾਏ।

**ਬਸ ਫਿਰ ਕੀ ਸੀ ਦੋ ਕੇਨੇਡੀਅਨ ਜੰਗੀ ਜਹਾਜ਼, ਇਕ 'ਰੈਨਬੋ'**



Digitized by Panjab Digital Library | www.panjabdigilib.org

ਤੇ ਇਕਹੋਰ ਕੋਮਾ ਗਾਟਾ ਮਾਰੂ ਦੇ ਉਦਾਲੇ ਹੋ ਗਏ। ਉਨ੍ਹਾਂ ਨੇ ਤੋਪਾਂ ਦੇ ਮੂੰਹ ਜਹਾਜ਼ ਵਲ ਬੀੜ ਦਿਤੇ। ਦੂਜੇ ਬੰਨੇ ੩੦ ਹਜ਼ਾਰ ਕੈਨੇਡੀਅਨ ਮਿਲਿਸ਼ੀਆ ਫੌਜ ਤਿਆਰ ਕਰਕੇ ਕੰਢੇ ਪੁਰ ਖੜੀ ਕਰ ਦਿਤੀ। ਕੈਨੇਡਾ ਦੀਆਂ ਬਸਤੀਆਂ ਦੇ ਹਜ਼ਾਰਾਂ ਲੋਕ ਕੋਮਾ-ਗਾਟਾ ਮਾਰੂ ਦੇ ਪੁਰਜ਼ੇ ਉਡਦੇ ਦੇਖਣ ਲਈ ਕੰਢੇ ਪੁਰ ਆ ਖੜੋਤੇ।

### ਮੌਤ ਦੀ ਚੋਣ—

ਹੁਣ ਇਸ ਤਰ੍ਹਾਂ ਮਲੂਮ ਹੁੰਦਾ ਸੀ ਕਿ ਕੈਨੇਡਾ ਸਰਕਾਰ ਨੇ ਗ਼ਲਾਮ ਹਿੰਦੁਸਤਾਨ ਦੇ ੩੬੦ ਮੁਸਾਫਰਾਂ ਲਈ ਕੈਨੇਡਾ ਦੀ ਧਰਤੀ ਵਲ ਮੂੰਹ ਕਰਨ ਦੇ ਅਪਰਾਧ ਬਦਲੇ ਦੋ ਤਰ੍ਹਾਂ ਦੀ ਮੌਤ ਤਜਵੀਜ਼ ਕੀਤੀ ਸੀ। ਇਕ ਜੰਗੀ ਜਹਾਜ਼ ਦੀਆਂ ਤੋਪਾਂ ਦੇ ਗੋਲਿਆਂ ਨਾਲ ਉਡਾਣ ਦੀ ਅਤੇ ਦੂਜੀ ਡੂੰਘੇ ਸਮੁੰਦਰ ਵਿਚ ਭੁਖੇ ਤਿਹਾਏ ਮਾਰਨ ਦੀ। ਮੁਸਾਫਰਾਂ ਦੀ ਜਹਾਜ਼ੀ ਕਮੇਟੀ ਨੇ ਸਾਰੇ ਮੁਸਾਫਰਾਂ ਦੀ ਜਨਰਲ ਮੀਟਿੰਗ ਬੁਲਾਈ। ਸਾਰੀ ਹਾਲਤ ਪੁਰ ਡੂੰਘੀ ਵਿਚਾਰ ਮਗਰੋਂ ਫੈਸਲਾ ਕੀਤਾ ਗਿਆ ਕਿ ਜੇ ਮਰਨਾ ਹੀ ਹੈ ਤਾਂ ਕੈਨੇਡਾ ਦੇ ਬੂਹੇ ਉਪਰ ਬਹਾਦਰਾਂ ਦੀ ਮੌਤ ਮਰਾਂਗੇ। ਕਾਇਰਾਂ ਵਾਂਙ ਤੋਪਾਂ ਤੋਂ ਡਰ ਕੇ ਭੁਖ ਤ੍ਰੇਹ ਨਾਲ ਵਿਲਕ ਵਿਲਕ ਕੇ ਸਮੁੰਦਰੀ ਮੌਤ ਕਬੂਲ ਨਹੀਂ ਕਰਾਂਗੇ। ਇਹ ਠੀਕ ਹੈ ਕਿ ਤੋਪਾਂ ਪਸਤੌਲਾਂ ਦਾ ਅਸੀਂ ਬੇਹਥਿਆਰੇ ਟਾਕਰਾ ਨਹੀਂ ਕਰ ਸਕਦੇ ਪਰ ਲੜ ਕੇ ਸੂਰਬੀਰਾਂ ਵਾਂਙ ਮਰ ਸਕਦੇ ਹਾਂ। ਗੁਪਤ ਫੈਸਲਾ ਇਹ ਹੋਇਆ ਕਿ ਜਦੋਂ ਕੈਨੇਡੀਅਨ ਗੋਰੇ ਕੋਮਾ ਗਾਟਾ ਮਾਰੂ ਜਹਾਜ਼ ਵਿਚ ਚੜ੍ਹਨ ਤਾਂ ਪਹਿਲਾਂ ਉਨ੍ਹਾਂ ਨਾਲ ਸੋਟਿਆਂ. ਕੋਲਿਆਂ ਨਾਲ ਜਾਂ ਜੋ ਹਥ ਆਵੇ ਦੋ ਚਾਰ ਹਥ ਕੀਤੇ ਜਾਣ। ਲਾਲ ਮਰਚਾਂ ਪੀਹ ਕੇ ਉਨ੍ਹਾਂ ਪੁਰ ਸੁਟੀਆਂ ਜਾਣ। ਫਿਰ ਜਿਥੇ ਕੋਲਿਆਂ ਦਾ ਢੇਰ ਲਗਾ ਹੈ ਬਾਇਲਰ ਉਪਰ ਚੜ੍ਹ ਕੇ ਕੋਲਿਆਂ ਪੁਰ



Digitized by Panjab Digital Library | www.panjabdigilib.org

ਮਿਟੀ ਦਾ ਤੇਲ ਡੋਲ੍ਹ ਕੇ ਅਗ ਲਾ ਦਿਤੀ ਜਾਵੇ ਅਤੇ ਗੋਰਿਆਂ ਸਮੇਤ ਇਥੇ ਕੈਨੇਡਾ ਦੇ ਬੂਹੇ ਉਪਰ ਹੀ ਆਪਣਾ ਸਿਵਾ ਬਣਾ ਦਿਤਾ ਜਾਵੇ। ਜਿਸ ਦੀਆਂ ਲਾਟਾਂ ਬਰਤਾਨੀ ਸਾਮਰਾਜ ਨੂੰ ਫੂਕ ਕੇ ਖਤਮ ਕਰਨ ਤਕ ਮੱਘਦੀਆਂ ਰਹਿਣ ਅਤੇ ਜਿਨ੍ਹਾਂ ਵਿਚੋਂ ਪੰਜਾਬੀ ਸੂਰਬੀਰਾਂ ਦੀ ਕੁਰਬਾਨੀ ਤੇ ਦੇਸ਼ ਭਗਤੀ ਸਦਾ ਲਿਸ਼ਕਾਂ ਮਾਰਦੀ ਰਹੇ।

ਜੰਗੀ ਜਹਾਜ਼ ਦੇ ਕਮਾਂਡਰ ਵਲੋਂ ਹੁਕਮ ਸੁਣਾਇਆ ਗਿਆ ਕਿ "ਜਹਾਜ਼ ਨੂੰ ਫੌਰਨ ਇਥੋਂ ਲੈ ਜਾਓ ਨਹੀਂ ਤਾਂ ਤੋਪਾਂ ਨਾਲ ਉਡਾ ਦਿਤੇ ਜਾਓਗੇ"। ਅਸਾਂ ਉਤਰ ਦਿਤਾ, ਜਦ ਤੀਕਣ ਸਾਨੂੰ ਰਸਦ ਪਾਣੀ ਤੇ ਰਾਹ ਦਾ ਖਰਚ ਨਹੀਂ ਮਿਲਦਾ ਤਦ ਤੀਕਣ ਅਸੀਂ ਇਥੋਂ ਨਹੀਂ ਹਿਲਣਾ। ਮੌਤ ਸਾਹਮਣੇ ਦਿਸ ਰਹੀ ਸੀ ਪਰ ਮੁਸਾਫਰਾਂ ਨੇ ਹੁਣ—

"ਮਰਨੇ ਤੇ ਕਿਆ ਡਰਪਨਾ
ਜਉ ਹਾਥ ਸਿਧਉਰਾ ਲੀਨੁ"

ਅਨੁਸਾਰ ਮੌਤ ਦਾ ਡਰ ਦਿਲੋਂ ਬਿਲਕੁਲ ਕਢ ਦਿਤਾ ਸੀ। ਇਸ ਸਮੇਂ ਕੈਨੇਡਾ ਦੇ ਵਸਨੀਕ ਹਿੰਦੀ ਭਾਈਆਂ ਵਲੋਂ ਇਕ ਐਸੀ ਸੂਰਬੀਰਤਾ ਭਰੀ ਘਟਨਾ ਹੋਈ ਜਿਸ ਨੇ ਹਕੂਮਤ ਕੈਨੇਡਾ ਨੂੰ ਕੰਬਣੀ ਲਾ ਦਿਤੀ ਅਤੇ ਜਿਸ ਕਰਕੇ ਨਾ ਕੇਵਲ ਕੋਮਾ ਗਾਟਾ ਮਾਰੂ ਤੇ ਇਸ ਦੇ ਮੁਸਾਫਰ ਬਚ ਗਏ ਬਲਕੇ ਵੈਨਕੋਵਰ ਅਤੇ ਇਤਹਾਸ ਵਿਚ ਸਦੀਵੀ ਬਦਨਾਮੀ ਦੀ ਕਾਲਖ ਤੋਂ ਅੰਗਰੇਜ਼ੀ ਕੌਮ ਵੀ ਬਚ ਗਈ।

ਜਹਾਜ ਵਿਚੋਂ ਕੰਢੇ ਪੁਰ ਦੂਰ ਜਿਹੇ ਇਕ ਉਚਾ ਜਿਹਾ ਟਿਬਾ ਨਜ਼ਰ ਪਿਆ। ਉਸ ਉਚੀ ਥਾਂ ਤੋਂ ਇਕ ਸਿਖ ਭਾਈ ਝੰਡੀ ਹਿਲਾਂਦਾ ਨਜ਼ਰ ਆਇਆ। ਮੁਸਾਫਰਾਂ ਵਿਚੋਂ ਇਕ ਆਦਮੀ



Digitized by Panjab Digital Library | www.panjabdigilib.org

ਝੰਡੀ ਸ਼ੀਸ਼ੇ ਨਾਲ ਸਨੇਹੇ ਦੇਣੇ ਲੈਣੇ ਜਾਣਦਾ ਸੀ। ਉਸ ਨੇ ਝੰਡੀ ਦੇਣ ਵਾਲੇ ਨਾਲ ਇਸ਼ਾਰਿਆਂ ਨਾਲ ਗਲ ਬਾਤ ਕੀਤੀ। ਉਸ ਨੂੰ ਦਸਿਆ ਗਿਆ ਕਿ "ਸਾਡੇ ਵਲੋਂ ਹੁਣ ਅੰਤਮ ਵਿਦਾਇਗੀ ਹੈ। ਸਭ ਭਾਈਆਂ ਨੂੰ ਸਤਿ ਸ੍ਰੀ ਅਕਾਲ ਕਹਿ ਦੇਣਾ।" ਉਸ ਨੂੰ ਇਥੇ ਹੀ ਸ਼ਹੀਦੀਆਂ ਪਾ ਜਾਣ ਦਾ ਗੁਪਤ ਫੈਸਲਾ ਵੀ ਦਸ ਦਿਤਾ ਗਿਆ। ਇਹ ਗਲ ਸਮਝਦਿਆਂ ਹੀ ਉਸ ਨੇ ਝੰਡੀ ਨਾਲ ਦਸਿਆ: "ਠਹਿਰੋ, ਹੁਣੇ ਥੋੜੇ ਚਿਰ ਮਗਰੋਂ ਅਸੀਂ ਆਪਣਾ ਫੈਸਲਾ ਤੁਹਾਨੂੰ ਦਸਾਂਗੇ।" ਠੀਕ ਘੰਟੇ ਕੁ ਮਗਰੋਂ ਉਸ ਨੇ ਮੁੜ ਆਕੇ ਜੇਹੜਾ ਸੁਨੇਹਾ ਭੇਜਿਆ ਉਸ ਨੇ ਮੁਸਾਫਰਾਂ ਦੀ ਕਾਇਆਂ ਪਲਟ ਦਿਤੀ। ਉਨ੍ਹਾਂ ਨੂੰ ਹੁਣ ਆਪਣੀ ਮੌਤ ਵਿਚ ਜੀਵਨ ਦੀ ਕਿਰਨ ਲਿਸ਼ਕਦੀ ਦਿਸੀ ਕਿਉਂਕਿ ਉਨ੍ਹਾਂ ਨੂੰ ਤਸੱਲੀ ਹੋ ਗਈ ਕਿ ੩੬੦ ਹਿੰਦੁਸਤਾਨੀ ਮੁਸਾਫਰਾਂ ਦੀ ਮੌਤ ਬਿਰਥਾ ਨਹੀਂ ਜਾਏਗੀ। ਇਥੇ ਵੈਨਕੋਵਰ ਵਿਚ ਹੀ ਇਸ ਦਾ ਉਹ ਢੁਕਵਾਂ ਬਦਲਾ ਲਿਆ ਜਾਏਗਾ ਕਿ ਜਿਸ ਦਾ ਡੂੰਘਾ ਅਸਰ ਇੰਗਲੈਂਡ ਤੇ ਹਿੰਦੁਸਤਾਨ ਪੁਰ ਹੀ ਨਹੀਂ ਪਵੇਗਾ ਅਤੇ ਜਿਹੜਾ ਭਾਰਤ ਦੇ ਇਤਹਾਸ ਨੂੰ ਬਦਲਣ ਦਾ ਕਾਰਨ ਬਣੇਗਾ। ਉਸ ਦਾ ਸਨੇਹਾ ਏਹ ਸੀ:

"ਵੈਨਕੋਵਰ ਵਿਚ ਹਿੰਦੀਆਂ ਨੇ ਇਕਠੇ ਹੋਕੇ ਮਤਾ ਪਾਸ ਕੀਤਾ ਹੈ ਕਿ ਅਸੀਂ ਹੁਣ ਤੁਹਾਨੂੰ ਕਿਸੇ ਕਿਸਮ ਦੀ ਸਹੈਤਾ ਕਰਨ ਦੇ ਅਸਮਰਥ ਹਾਂ ਪਰ ੩੬੦ ਹਿੰਦੀ ਭਾਈਆਂ ਦੀ ਮੌਤ ਨੂੰ ਅਸੀਂ ਬਦਲਾ ਲਏ ਬਿਨਾ ਨਹੀਂ ਜਾਣ ਦੇਵਾਂਗੇ। ਸਭ ਦੀਆਂ ਡਿਉਟੀਆਂ ਥਾਂ ਪੁਰ ਥਾਂ ਲਾ ਦਿਤੀਆਂ ਗਈਆਂ ਹਨ। ਜਿਸ ਵੇਲੇ ਕੋਮਾ ਗਾਟਾ ਮਾਰੂ ਵਿਚ ਲਗੀ ਅਗ ਦੇ ਲੰਬੇ ਨਿਕਲਣਗੇ ਉਸੇ ਵੇਲੇ ਵੈਨਕੋਵਰ ਦਾ ਸਾਰਾ ਸ਼ਹਿਰ ਵੀ ਅਗਨੀ ਦੀ ਭੇਟ ਹੋ ਜਾਏਗਾ। ਸਭਨਾਂ ਵਲੋਂ ਅੰਤਮ ਵਿਦਾਇਗੀ।" ਇਹ ਦਸ ਕੇ



Digitized by Panjab Digital Library | www.panjabdigilib.org

ਉਹ ਕਨੇਡੀਅਨ ਸਿਖ ਚਲਾ ਗਿਆ। ਇਸ ਭਿਆਨਕ ਫੈਸਲੇ ਦੀ ਖਬਰ ਨੇ ਮੁਸਾਫਰਾਂ ਵਿਚ ਖੁਸ਼ੀ ਤੇ ਕੁਰਬਾਨੀ ਦੇ ਜੋਸ਼ ਨੂੰ ਦੁਗਣਾ ਵਧਾ ਦਿਤਾ। ਪਰ ਬਾਬਾ ਗੁਰਦਿਤ ਸਿੰਘ ਇਸ ਹੋਣ ਵਾਲੀ ਤਬਾਹੀ ਨੂੰ ਅਖਾਂ ਸਾਹਮਣੇ ਲਿਆ ਕੇ ਘਬਰਾ ਗਏ।

ਕਿਡੇ ਡਰਾਉਣੇ ਫੈਸਲੇ ਹੋ ਰਹੇ ਸਨ। ਜੀਵਨ ਤੇ ਮੌਤ ਦਾ ਪੰਧ ਕਿਤਨਾ ਖੌਫਨਾਕ ਹੈ। ਇਸ ਵੇਲੇ ਕੋਮਾਗਾਟਾ ਮਾਰੂ ਦੇ ੩੬੦ ਮੁਸਾਫਰ ਜਹਾਜ਼ ਤੇ ਡੈਕ ਤੇ ਨਹੀਂ ਸਗੋਂ ਮੌਤ ਦੀ ਗੋਦ ਵਿਚ ਬੈਠੇ ਉਸ ਨਾਲ ਮਜਾਖਾਂ ਕਰ ਰਹੇ ਸਨ।

ਪਰ ਅਜਿਹੇ ਭਿਆਨਕ ਫੈਸਲੇ ਗੁਝੇ ਨਹੀਂ ਰਹਿੰਦੇ। ਕਿਸੇ ਤਰ੍ਹਾਂ ਇਨ੍ਹਾਂ ਫੈਸਲਿਆਂ ਦੀ ਸਰੋਤ ਹਾਕਮਾਂ ਤਕ ਪਹੁੰਚ ਗਈ। ਉਨ੍ਹਾਂ ਦੀ ਅਕਲ ਕੁਝ ਟਿਕਾਣੇ ਆਉਣ ਲਗੀ। ਉਨ੍ਹਾਂ ਸਾਫ ਵੇਖ ਲਿਆ ਕਿ ਹਿੰਦੀ ਮੁਸਾਫਰਾਂ ਨੂੰ ਮਾਰ ਮੁਕਾਣਾ ਬੜਾ ਮਹਿੰਗਾ ਸੌਦਾ ਪਏਗਾ। ਖਬਰੇ ਇਸ ਦੇ ਬਦਲੇ ਸਣੇ ਵੈਨਕੋਵਰ ਸ਼ਹਿਰ ਦੇ ਕਿਤਨੀਆਂ ਜਾਨਾਂ ਦਾ ਮੁਲ ਵੀ ਤਾਰਨਾ ਪਵੇ। ਉਨ੍ਹਾਂ ਵਲੋਂ ਹੁਣ ਨਰਮੀ ਨਾਲ ਜਹਾਜ਼ ਦੇ ਮੁਸਾਫਰਾਂ ਨੂੰ ਪੁਛਿਆ ਗਿਆ "ਤੁਸੀਂ ਦਸੋ, ਸਾਡਾ ਹੁਕਮ ਮੰਨਕੇ ਤੁਸੀਂ ਕਿਵੇਂ ਇਥੋਂ ਜਾ ਸਕਦੇ ਹੋ।"

ਬਾਬਾ ਜੀ ਨੇ ਮੁਸਾਫਰਾਂ ਵਲੋਂ ਉਤਰ ਦਿਤਾ ਕਿ "ਸਾਡੀ ਮੰਗ ਤਾਂ ਏਹ ਹੈ ਕਿ ਸਾਨੂੰ ਵਾਪਸ ਜਾਣ ਦਾ ਖਰਚ ਪਰਚ ਤੇ ਰਸਦ ਪਾਣੀ ਮਿਲੇ ਅਤੇ ਜਹਾਜ ਦੇ ਨਵੇਂ ਠੇਕੇਦਾਰਾਂ ਤੋਂ ਆਗਿਆ ਪ੍ਰਾਪਤ ਕੀਤੀ ਜਾਵੇ ਪਰ ਹੁਣ ਅਸੀਂ ਚਾਹੁੰਦੇ ਹਾਂ ਕਿ ਵਾਪਸ ਜਾਣ ਤੋਂ ਪਹਿਲਾਂ ਵੈਨਕੋਵਰ ਦੀ ਹਿੰਦੀ ਕਮੇਟੀ ਦੇ ਮੈਂਬਰਾਂ ਨੂੰ ਜਹਾਜ ਪੁਰ ਆਉਣ, ਸਾਨੂੰ ਮਿਲਣ ਤੇ ਸਲਾਹ ਮਸ਼ਵਰਾ ਕਰਨ ਦੀ ਆਗਿਆ ਦਿਤੀ ਜਾਵੇ।"



Digitized by Panjab Digital Library | www.panjabdigilib.org

ਹਾਕਮਾਂ ਨੂੰ ਹੁਣ ਇਹ ਮੰਗ ਮੰਨਣੀ ਪਈ। ਉਨ੍ਹਾਂ ਨੇ ਹਿੰਦੀ ਕਮੇਟੀ ਦੇ ਮੈਂਬਰਾਂ ਨੂੰ ਜਹਾਜ ਪੁਰ ਜਾਣ ਦੀ ਆਗਿਆ ਦੇ ਦਿਤੀ। ਕਮੇਟੀ ਦੇ ਮੈਂਬਰਾਂ ਨੇ ਉਤਰ ਦਿਤਾ: "ਕਈ ਦਿਨਾਂ ਦੇ ਭੁਖੇ ਤਿਹਾਇਆਂ ਨੂੰ ਮਿਲਣ ਲਈ ਅਸੀਂ ਖਾਲੀ ਹਥੀਂ ਕਿਵੇਂ ਜਾਈਏ? ਸਾਨੂੰ ਰਸਦ ਪਾਣੀ ਪੁਚਾਉਣ ਦੀ ਵੀ ਆਗਿਆ ਦਿਤੀ ਜਾਵੇ।" ਹੁਣ ਹਾਕਮਾਂ ਨੇ ਇਹ ਮੰਗ ਵੀ ਪਰਵਾਨ ਕਰ ਲਈ। ਦੋ ਮਹੀਨੇ ਦੇ ਲੰਮੇ ਘੋਲ ਤੇ ਕਰੜੀਆਂ ਮੁਸੀਬਤਾਂ ਮਗਰੋਂ ਪਹਿਲੀ ਵੇਰ ਭਰਾਵਾਂ ਨਾਲ ਨਿਘੀਆਂ ਗਲਵਕੜੀਆਂ ਪਾਕੇ ਮੁਲਾਕਾਤਾਂ ਹੋਈਆਂ ਅਤੇ ਛੇ ਦਿਨ ਭੁਖੇ ਤਿਹਾਇਆਂ ਨੇ ਪ੍ਰਸੰਨਤਾ ਨਾਲ ਅੰਨ ਪਾਣੀ ਛਕਿਆ।

ਅੱਤ ਦੀ ਭੀੜ ਸਮੇਂ ਹਿੰਦੀ ਮੁਸਾਫਰਾਂ ਨੇ ਜਿਹੜੀ ਫੌਲਾਦੀ ਇਰਾਦਾ ਤੇ ਜ਼ਬਤ ਵਿਖਾਇਆ ਅਤੇ ਕੈਨੇਡਾ ਵਾਸਾ ਹਿੰਦੀਆਂ ਨੇ ਦੇਸ਼ ਵਾਸੀਆਂ ਦੇ ਖ਼ੂਨ ਦਾ ਬਦਲਾ ਲੈਣ ਲਈ ਜਿਹੜੀ ਮਰ-ਮਿਟਣ ਦੀ ਕੁਰਬਾਨੀ ਲਈ ਤਿਆਰੀ ਪੇਸ਼ ਕੀਤੀ ਇਸ ਨੇ ਹੀ ਇਹ ਜਿਤ ਦਵਾਈ। ਉਂਞ ਵੈਨਕੋਵਰ ਦਾ ਲੰਕਾ ਵਾਂਙ ਸੜ ਕੇ ਤਬਾਹ ਹੋਣਾ ਸੋਚ ਕੇ ਬਾਬਾ ਗੁਰਦਿਤ ਸਿੰਘ ਦੇ ਮਸ਼ਵਰੇ ਨਾਲ ਜਹਾਜ਼ ਨੂੰ ਅਗ ਲਾਣ ਦੀ ਤਜਵੀਜ਼ ਅੰਦਰੋਂ ਅੰਦਰ ਵਾਪਸ ਲੈ ਲਈ ਗਈ ਸੀ।

ਹੁਣ ਹੋਰ ਝਗੜਾ ਕਰਨਾ ਫਜ਼ੂਲ ਸੀ। ਅੰਗਰੇਜ਼ੀ ਇਨਸਾਫ ਤੇ ਜਮਹੂਰੀਅਤ ਦਾ ਦਵਾਲਾ ਨਿਕਲ ਚੁਕਾ ਸੀ। ਰਸਦ-ਪਾਣੀ ਮਿਲ ਚੁਕਾ ਸੀ। ਵਾਪਸੀ ਸਫਰ ਦੀਆਂ ਤਿਆਰੀਆਂ ਆਰੰਭ ਹੋ ਗਈਆਂ। ੨੩ ਜੁਲਾਈ ੧੯੧੪ ਨੂੰ ਕੋਮਾਗਾਟਾ ਮਾਰੂ ਨੇ ਵੈਨ ਕੋਵਰ ਦੇ ਪਾਣੀਆਂ ਵਿਚੋਂ ਲੰਗਰ ਚੁਕਿਆ ਤੇ ਵਾਪਸੀ ਦਾ ਸਫਰ ਸ਼ੁਰੂ ਕਰ ਦਿਤਾ। ਜਹਾਜ਼ ਦੀਆਂ ਦੋਹਾਂ ਵਖੀਆਂ ਪੁਰ



Digitized by Panjab Digital Library | www.panjabdigilib.org

ਦੋ ਜੰਗੀ ਜਹਾਜ਼ ਦੂਰ ਤਕ ਨਾਲ ਗਏ ਅਤੇ ਕਨੇਡਾ ਦੀ ਹਦੋਂ ਪਰ੍ਹੇ ਕਰਕੇ ਵਾਪਸ ਚਲੇ ਗਏ।

ਜਹਾਜ਼ ਨੂੰ ਕਲਕੱਤੇ ਦਾ 'ਰਵਾਨਗੀ ਪਤਰ' ਮਿਲਿਆ ਸੀ। ਜਦੋਂ ਕੋਮਾ ਗਾਟਾ ਮਾਰੂ ਜਹਾਜ਼ ਲੰਮਾ ਸਮੁੰਦਰੀ ਸਫਰ ਕਰਕੇ ਕੋਬੇ ਤੇ ਯੋਕੋ ਹਾਮਾ ਹੁੰਦਾ ਹੋਇਆ ਹਾਂਗਕਾਂਗ ਵਲ ਚਲਿਆ ਤਾਂ ਇਥੇ ਕੰਢੇ ਪੁਰ ਨਹੀਂ ਲਗਣ ਦਿਤਾ ਗਿਆ, ਅਗੇ ਤੋਰ ਦਿਤਾ। ਜੇ ਹਾਂਗ ਕਾਂਗ ਦੇ ਕੰਢੇ ਜਹਾਜ਼ ਨੂੰ ਲਗਣ ਦਿਤਾ ਜਾਂਦਾ ਤਾਂ ਕਈ ਮੁਸਾਫਰ ਉਤਰ ਕੇ ਚੀਨ ਵਿਚ ਕਾਰੋਬਾਰ ਕਰਨ ਲਗ ਪੈਂਦੇ। ਫਿਰ ਸਿੰਘਾਪੁਰ ਘਾਟ ਤੇ ਜਦੋਂ ਜਹਾਜ਼ ਪਹੁੰਚਿਆ ਤਾਂ ਇਥੇ ਵੀ ਅਗੇ ਜੰਗੀ ਜਹਾਜ਼ ਦਾ ਪਹਿਰਾ ਲਗਾ ਸੀ। ਚਿੜੀ ਨਹੀਂ ਫਟਕ ਸਕਦੀ ਸੀ। ਕਿਸੇ ਮੁਸਾਫਰ ਨੂੰ ਇਥੇ ਵੀ ਨਾ ਉਤਰਨ ਦਿਤਾ ਗਿਆ। ਬਾਬਾ ਗੁਰਦਿਤ ਸਿੰਘ ਅਗੇ ਮਲਾਇਆ ਵਿਚ ਹੀ ਕਾਰੋਬਾਰ ਕਰਦੇ ਸਨ। ਉਨ੍ਹਾਂ ਨੂੰ ਵੀ ਸਿੰਘਾਪੁਰ ਨਹੀਂ ਉਤਰਨ ਦਿਤਾ ਗਿਆ, ਨਿਰੀ ਧਕੇਸ਼ਾਹੀ ਵਰਤੀ ਗਈ। ਬਾਬਾ ਜੀ ਤੇ ਸਭ ਮੁਸਾਫਰ ਹੈਰਾਨ ਸਨ ਕਿ ਹਕੂਮਤ ਉਨ੍ਹਾਂ ਨੂੰ ਕਿਥੇ ਡੋਬਣਾ ਚਾਹੁੰਦੀ ਹੈ। ਉਨ੍ਹਾਂ ਨੂੰ ਕੁਝ ਵੀ ਦਸਿਆ ਨਹੀਂ ਸੀ ਜਾਂਦਾ। ਬਸ "ਹੁਕਮ ਬੰਦ ਹੈ, ਅਗੇ ਜਾਓ" ਆਖ ਕੇ ਅਗੇ ਧਕ ਦਿਤਾ ਜਾਂਦਾ ਸੀ।

ਹੁਣ ਜਹਾਜ਼ ਪੀਨਾਂਗ, ਬਰਮਾ ਲੰਘ ਕੇ ਬੰਗਾਲ ਖਾੜੀ ਦੇ ਪਾਣੀਆਂ ਵਿਚ ਪਹੁੰਚ ਗਿਆ। ੬ ਮਹੀਨੇ ਦੇ ਸਮੁੰਦਰੀ ਬਿਖੜੇ ਸਫਰ ਮਗਰੋਂ ਆਪਣਾ ਵਤਨ ਨੇੜੇ ਆਇਆ ਮਹਿਸੂਸ ਕਰਕੇ ਦਿਲ ਦੀਆਂ ਮੁਰਝਾਈਆਂ ਕਲੀਆਂ ਖਿੜ ਪਈਆਂ। ਉਹ ਸੋਚਣ ਲਗ ਪਏ, ਕੋਈ ਗਲ ਨਹੀਂ, ਕਲਕਤੇ ਸਾਨੂੰ ਉਤਾਰ



Digitized by Panjab Digital Library | www.panjabdigilib.org

ਦਿਤਾ ਜਾਏਗਾ। ਭਾਰਤ ਮਾਤਾ ਦੀ ਗੋਦੀ ਵਿਚ ਉਤਰ ਕੇ ਸਾਰੇ ਕਸ਼ਟ ਭੁਲ ਜਾਣਗੇ। ਆਪੋ ਆਪਣੇ ਘਰੀਂ ਪਹੁੰਚ ਕੇ ਜੋ ਕੰਮ ਮਿਲ ਗਿਆ ਕਰ ਲਵਾਂਗੇ। ਇਹੋ ਸਮਝਾਂਗੇ ਪਈ "ਬਾਹਰ ਦੀ ਸਾਰੀ ਨਾਲੋਂ ਘਰ ਦੀ ਅਧੀ ਚੰਗੀ"। ਉਨ੍ਹਾਂ ਨੂੰ ਕੀ ਪਤਾ ਸੀ ਕਿ ਆਪਣੇ ਵਤਨ ਪੁਰ ਰਾਜ ਕਰਨ ਵਾਲੀ ਬਦੇਸ਼ੀ ਹਕੂਮਤ ਵਲੋਂ ਇਨ੍ਹਾਂ ਦਾ ਗੋਲੀਆਂ ਨਾਲ ਸੁਆਗਤ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ।

ਜਹਾਜ਼ ਹੁਗਲੀ ਦਰਿਆ ਵਿਚ ਆ ਗਿਆ ਵੇਖ ਕੇ ਸੌਦਾ ਪਤਾ ਵੇਚਣ ਵਾਲੀਆਂ ਵਪਾਰੀ ਕਿਸ਼ਤੀਆਂ ਅਗੇ ਪਿਛੇ ਘੁਮਣ ਲਗ ਪਈਆਂ। ਮੁਸਾਫਰ ਇਨ੍ਹਾਂ ਤੋਂ ਕੁਝ ਚੀਜ਼ਾਂ-ਵਸਤਾਂ ਖਰੀਦਣ ਦਾ ਇਰਾਦਾ ਕਰ ਰਹੇ ਸਨ ਕਿ ਪਹਿਰੇਦਾਰਾਂ ਨੇ ਸਭ ਨੂੰ ਦੂਰ ਦੂਰ ਚਲੇ ਜਾਣ ਦਾ ਹੁਕਮ ਦੇ ਦਿਤਾ।

ਹੁਣ ਉਪਰ ਵਲੋਂ ਇਕ ਅਗਨ ਬੋਟ ਆਇਆ ਇਸ ਵਿਚ ਲਾਹੌਰ ਦਾ ਡਿਪਟੀ ਕਮਿਸ਼ਨਰ ਸੀ। ੨੭ ਸਤੰਬਰ ਨੂੰ ਉਪਰੋਂ ਇਕ ਲਾਂਚ (ਅਗਨ ਬੋਟ) ਹੇਠਾਂ ਨੂੰ ਆਉਂਦਾ ਦਿਸਿਆ ਜਿਸ ਵਿਚ ਕੁਝ ਅੰਗਰੇਜ਼ ਅਫਸਰ ਤੇ ੨੦ ਕੁ ਪੰਜਾਬੀ ਸਾਧਾਰਨ ਕਪੜਿਆਂ ਵਿਚ ਸਨ। ਪੰਜਾਬੀ ਭਰਾ ਸਮਝਕੇ ਮੁਸਾਫਰਾਂ ਨੇ ਖੁਸ਼ੀ ਵਿਚ ਉਛਲ ਕੇ ਫਤੇ ਬੁਲਾਈ ਪਰ ਉਨ੍ਹਾਂ ਅਗੋਂ ਸਗੋਂ ਤੀਊੜੀਆਂ ਪਾ ਲਈਆਂ, ਜਿਸ ਤੋਂ ਪਤਾ ਲਗਾ ਕਿ ਇਹ ਭਰਾ ਨਹੀਂ ਵੈਰੀ ਹਨ। ਉਹ ਪੁਲਸ ਦੇ ਸਿਪਾਹੀ ਸਨ। ਇਨ੍ਹਾਂ ਵਿਚ ਹੀ ਪ੍ਰਸਿਧ ਬਦਨਾਮ ਪੁਲਸ ਅਫਸਰ ਸੁਖਾ ਸਿੰਘ ਸੀ।

ਡਾਕਟਰੀ ਮੁਆਇਨਾ ਕੀਤਾ ਗਿਆ। ਫਿਰ ਸਭ ਮੁਸਾਫਰਾਂ ਦੀ ਇਕ ਇਕ ਕਰਕੇ ਤਲਾਸ਼ੀ ਲਈ ਗਈ। ਕੈਬਨਾਂ ਨੂੰ ਤਾਲੇ ਲਾ ਦਿਤੇ ਗਏ।



Digitized by Panjab Digital Library | www.panjabdigilib.org

੨੮ ਸਤੰਬਰ ਨੂੰ ਦੁਬਾਰਾ ਪੁਲਸ ਨੇ ਤਲਾਸ਼ੀ ਲਈ ਪਰ ਕੋਈ ਇਤਰਾਜ਼ ਜੋਗ ਚੀਜ਼ ਕਿਸੇ ਤੋਂ ਨਾ ਨਿਕਲੀ। ਇਕ ਵੇਰ ਫਿਰ ਤਲਾਸ਼ੀ ਲਈ ਗਈ। ੩ ਦਿਨ ਬਾਰ ਬਾਰ ਤਲਾਸ਼ੀਆਂ ਤੇ ਬਦਸਲੂਕੀਆਂ ਛੇ ਮਹੀਨੇ ਤੋਂ ਸਮੁੰਦਰ ਵਿਚ ਰੁਲ ਰਹੇ ਦੁਖੀ ਮੁਸਾਫਰਾਂ ਨੂੰ ਹੋਰ ਦੁਖੀ ਤੇ ਪਰੇਸ਼ਾਨ ਕਰ ਰਹੀਆਂ ਸਨ।

ਇਸ ਦੇ ਮਗਰੋਂ ਜਹਾਜ਼ ਦਾ ਲੰਗਰ ਉਠਾ ਕੇ ਹੁਗਲੀ ਦਰਿਆ ਵਿਚ ਜਹਾਜ਼ ਨੂੰ ਕਲਕਤੇ ਵਲ ਤੋਰਿਆ ਗਿਆ। ਸਵੇਰ ਵੇਲੇ ਮੁਸਾਫਰਾਂ ਨੂੰ ਚਾਹ ਵੀ ਤਿਆਰ ਨਹੀਂ ਸੀ ਕਰਨ ਦਿਤੀ ਗਈ ਤੇ ਆਖਿਆ ਗਿਆ ਸੀ ਕਿ ਤੁਹਾਡੇ ਲਈ ਚਾਹ ਤੇ ਰੋਟੀ ਕਲਕਤੇ ਵਿਚ ਤਿਆਰ ਹੈ। ਓਥੇ ਚਲ ਕੇ ਛਕ ਲੈਣਾ। ਜਹਾਜ਼ ਹੁਣ ਦਬਾ ਦਬ ਕਲਕਤੇ ਵਲ ਜਾ ਰਿਹਾ ਸੀ। ਅਚਨਚੇਤ ਕਲਕਤੇ ਤੋਂ ੧੭ ਮੀਲ ਹੇਠਾਂ ਬਜਬਜ ਘਾਟ ਪੁਰ ਜਹਾਜ਼ ਦੀ ਚਾਲ ਮਧਮ ਕਰਕੇ ਖੜਾ ਕਰ ਦਿਤਾ ਗਿਆ।

ਬਾਬਾ ਗੁਰਦਿਤ ਸਿੰਘ ਨੇ ਕੈਪਟਨ ਦੇ ਕਮਰੇ ਵਿਚ ਵਡੇ ਅਫਸਰ ਨੂੰ ਜਾਕੇ ਪੁਛਿਆ ਕਿ ਇਹ ਕੀ ਗਲ ਹੈ? ਤੁਸੀਂ ਸਾਰੀ ਗਲ ਸਾਫ ਸਾਫ ਦਸੋ ਕਿ ਤੁਸੀਂ ਕੀ ਚਾਹੁੰਦੇ ਹੋ? ਜਹਾਜ ਇਥੇ ਕਿਉਂ ਰੋਕਿਆ ਹੈ?

ਅਫਸਰ ਨੇ ਆਖਿਆ ਕਿ ਸਰਕਾਰ ਦੇ ਹੁਕਮ ਮੁਤਾਬਕ ਸਵੇਰੇ ਤੁਹਾਨੂੰ ਇਥੋਂ ਹੀ ਗਡੀ ਪੁਰ ਚੜ੍ਹਾ ਕੇ ਪੰਜਾਬ ਵਿਚ ਘਰੋ ਘਰੀ ਪੁਚਾਇਆ ਜਾਵੇਗਾ।

ਬਾਬਾ ਜੀ ਨੇ ਹੈਰਾਨ ਹੋਕੇ ਆਖਿਆ: "ਮੈਂ ਤਾਂ ਵਪਾਰੀ ਹਾਂ। ਕਲਕਤੇ ਜਾਕੇ ਜਹਾਜ ਖਰੀਦਨਾ ਹੈ। ਜਹਾਜੀ ਕੰਪਣੀ ਬਣਾਈ ਹੈ। ਜਾਪਾਨੀ ਕੰਪਣੀ ਨਾਲ ਲੈਣ ਦੇਣ ਦਾ ਝਗੜਾ ਨਿਬੇੜਨਾ ਹੈ। ਮੁਸਾਫਰਾਂ ਨਾਲ ਬੜਾ ਹਿਸਾਬ ਕਿਤਾਬ ਹੈ। ਗੁਰੂ



Digitized by Panjab Digital Library | www.panjabdigilib.org

ਗਰੰਥ ਸਾਹਿਬ ਹਾਵੜਾ ਗੁਰਦੁਆਰੇ ਵਿਚ ਪੁਚਾਉਣਾ ਹੈ। ਮੁਸਾਫਰ ਛੇ ਮਹੀਨੇ ਤੋਂ ਧਕੇ ਖਾ ਰਹੇ ਤੇ ਦੁਖੀ ਹੋ ਰਹੇ ਹਨ। ਉਨ੍ਹਾਂ ਵਿਚੋਂ ਕਈ ਕਲਕਤੇ ਨੌਕਰੀਆਂ ਕਰਨਾ ਚਾਹੁੰਦੇ ਹਨ, ਜਿਨ੍ਹਾਂ ਦੀ ਮਰਜੀ ਹੋਵੇਗੀ ਉਹ ਘਰ ਚਲੇ ਜਾਣਗੇ। ਹੁਣ ਅਸੀਂ ਆਪਣੇ ਵਤਨ ਵਿਚ ਆ ਗਏ। ਜੇ ਸਾਡੇ ਪੁਰ ਕੋਈ ਜੁਰਮ ਹੈ ਤਾਂ ਵਾਰੰਟ ਦਸੋ। ਗ੍ਰਿਫਤਾਰ ਕਰੋ ਤੇ ਜਿਥੇ ਮਰਜ਼ੀ ਹੈ ਲੈ ਚਲੋ। ਨਹੀਂ ਤਾਂ ਅਸੀਂ ਕਲਕਤੇ ਜਾਣਾ ਚਾਹੁੰਦੇ ਹਾਂ।

ਅਫਸਰ ਨੇ ਆਖਿਆ ਮੈਂ ਇਨ੍ਹਾਂ ਗਲਾਂ ਦਾ ਕੋਈ ਉਤਰ ਨਹੀਂ ਦੇ ਸਕਦਾ। ਮੈਂ ਤਾਂ ਸਰਕਾਰ ਦੇ ਹੁਕਮ ਮੁਤਾਬਕ ਤੁਹਾਨੂੰ ਜਹਾਜ ਤੋਂ ਉਤਾਰ ਕੇ ਗਡੀ ਵਿਚ ਬਿਠਾ ਕੇ ਪੰਜਾਬ ਪਹੁੰਚਾਣਾ ਹੈ।

ਜਦੋਂ ਅਫਸਰ ਨਾਲ ਸਾਰੀ ਗਲਬਾਤ ਮੁਸਾਫਰਾਂ ਨੂੰ ਪਤਾ ਲਗੀ ਤਾਂ ਉਹ ਬਹੁਤ ਘਬਰਾਏ। ਉਹ ਅਜੇ ਸਲਾਹ ਮਸ਼ਵਰਾ ਹੀ ਕਰ ਰਹੇ ਸਨ ਕਿ ਇਕ ਗੋਰੇ ਅਫਸਰ ਨੇ ਬੜੇ ਰੁਹਬ ਨਾਲ ਕੜਕ ਕੇ ਹੁਕਮ ਦਿਤਾ: "ਪੰਦਰਾਂ ਮਿੰਟ ਦੇ ਅੰਦਰ ਅੰਦਰ ਸਭ ਮੁਸਾਫਰ ਹੇਠਾਂ ਉਤਰ ਜਾਓ" ਮੁਸਾਫਰਾਂ ਵਿਚ ਗੜ ਬੜ ਤੇ ਆਪਾ ਧਾਪੀ ਮਚ ਗਈ। ਕੁਝ ਉਤਰ ਗਏ ਕੁਝ ਤਿਆਰੀ ਵਿਚ ਸਨ। ਉਧਰ ਜਹਾਜ ਨੇ ਸਟੀਮ ਛਡਿਆ ਤੇ ਪਿਛੇ ਵਲ ਚਾਲੇ ਪਾਣ ਦੀ ਤਿਆਰੀ ਕਰ ਦਿਤੀ। ਇਹ ਵੇਖ ਕੇ ਮਜਬੂਰ ਹੋਕੇ ਸਭ ਮੁਸਾਫਰ ਹੇਠਾਂ ਉਤਰ ਗਏ। ਅਸਬਾਬ ਤੇ ਸਾਮਾਨ ਜਹਾਜ ਵਿਚ ਹੀ ਰਹਿ ਗਿਆ। ਕੁਝ ਗਡੀ ਪੁਰ ਚੜ੍ਹ ਗਏ।

ਮੁਸਾਫਰ ਭੁਖੇ ਸਨ, ਥਕੇ ਸਨ, ਤੰਗ ਪਏ ਸਨ ਤੇ ਆਸ ਰਖਦੇ ਸਨ ਕਿ ਆਪਣੇ ਵਤਨ ਵਿਚ ਉਨ੍ਹਾਂ ਨਾਲ ਭਰਾਵਾਂ ਵਾਲਾ ਸਲੂਕ ਹੋਵੇਗਾ, ਸਾਫ ਸਾਫ ਗਲ ਬਾਤ ਦਸੀ ਜਾਏਗੀ, ਪਰ ਇਥੇ ਅੰਗਰੇਜ਼ ਹਾਕਮਾਂ ਤੇ ਉਨ੍ਹਾਂ ਦੇ ਗੋਲੇ ਪੁਲਸੀਆਂ ਨੇ



Digitized by Panjab Digital Library | www.panjabdigilib.org

ਵੈਰੀਆਂ ਨਾਲੋਂ ਵੀ ਭੈੜਾ ਸਲੂਕ ਕੀਤਾ। ਇਹ ਵੀ ਸ਼ਕ ਹੋਇਆ ਕਿ ਇਹ ਗਡੀ ਦੀ ਲੈਨ ਪੰਜਾਬ ਨੂੰ ਨਹੀਂ ਜਾਂਦੀ। ਕਿਤੇ ਹੋਰ ਪਾਸੇ ਜਾਂਦੀ ਹੈ ।

ਬਾਬਾ ਗੁਰਦਿਤ ਸਿੰਘ ਨੇ ਇਕ ਵੇਰ ਫਿਰ ਇਕ ਅਫਸਰ ਨੂੰ ਬੜੀ ਨਿਮ੍ਰਤਾ ਨਾਲ ਕਿਹਾ: "ਸਾਡੇ ਨਾਲ ਅਜਿਹਾ ਰੁਖਾ ਤੇ ਭੈੜਾ ਸਲੂਕ ਨਾ ਕਰੋ, ਅਸੀਂ ਹਿੰਦੀ ਹਾਂ, ਕੋਈ ਗੁਨਾਹ ਨਹੀਂ ਕੀਤਾ।ਗਲ ਸਾਫ ਦਸੋ ਤੇ ਸਾਨੂੰ ਗਡੀ ਪੁਰ ਚੜ੍ਹਨ ਪੁਰ ਮਜਬੂਰ ਨਾ ਕਰੋ। ਕਲਕਤੇ ਸਾਡਾ ਬੜਾ ਕੰਮ ਹੈ, ਜੇ ਨਹੀਂ ਤਾਂ ਘਟੋ ਘਟ ਸਾਨੂੰ ਕਲਕਤੇ ਤੋਂ ਸਾਡੇ ਖਰਚ ਪੁਰ ਇਕ ਵਕੀਲ ਹੀ ਮੰਗਾ ਦਿਓ" ਇਸ ਪੁਰ ਅੰਗਰੇਜ਼ ਅਫਸਰ ਨੇ ਕੜਕ ਕੇ ਆਖਿਆ: "ਮੈਂ ਸਰਕਾਰ ਦਾ ਹੁਕਮ ਮਨੌਣ ਆਇਆ ਨਾ ਕਿ ਤੇਰਾ ਹੁਕਮ ਮੰਨਣ ਆਇਆ ਹਾਂ।" ਬਾਬਾ ਜੀ ਨੇ ਕਿਹਾ ਹਛਾ ਫਿਰ ਘਟੋ ਘਟ ਪੰਜ ਸਿਖਾਂ ਨੂੰ ਆਗਿਆ ਦਿਓ ਕਿ ਉਹ ਗੁਰੂ ਗਰੰਥ ਸਾਹਿਬ ਹਾਵੜੇ ਗੁਰਦੁਆਰੇ ਵਿਚ ਪਹੁੰਚਾ ਦੇਣ। ਅਸੀਂ ਗਡੀ ਪੁਰ ਬੈਠ ਜਾਵਾਂਗੇ । ਇਹ ਦਰਖਾਸਤ ਵੀ ਰਦ ਕਰ ਦਿਤੀ ਗਈ ।

ਇਸ ਵਰਤਾਰੇ ਤੋਂ ਮੁਸਾਫਰਾਂ ਦੇ ਸ਼ਕ ਬਹੁਤ ਵਧ ਗਏ। ਉਨ੍ਹਾਂ ਸਮਝਿਆ ਉਨ੍ਹਾਂ ਨਾਲ ਕੋਈ ਧੋਖਾ ਹੋ ਰਿਹਾ ਹੈ। ਪਤਾ ਨਹੀਂ ਗਡੀ ਚੜ੍ਹਾ ਕੇ ਕਿਥੇ ਭਿਜਾ ਦੇਣ।

ਹੁਣ ਬਾਬਾ ਜੀ ਨੇ ਜਹਾਜ਼ ਕਮੇਟੀ ਨਾਲ ਸਲਾਹ ਕਰਕੇ ਅੰਗਰੇਜ਼ ਅਫਸਰ ਨੂੰ ਸਾਫ ਕਹਿ ਦਿਤਾ ਕਿ ਜੇ ਆਪ ਦੇ ਪਾਸ ਸਾਡੇ ਵਾਰੰਟ ਹਨ ਤਾਂ ਉਹ ਸਾਨੂੰ ਵਿਖਾਓ ਅਸੀਂ ਬੜੀ ਖੁਸ਼ੀ ਨਾਲ ਸਰਕਾਰ ਦਾ ਹੁਕਮ ਮੰਨ ਕੇ ਜਿਥੇ ਕਹੋਗੇ ਚਲੇ ਚਲਾਂਗੇ, ਨਹੀਂ ਤਾਂ ਅਸੀਂ ਗਡੀ ਵਿਚ ਨਹੀਂ ਬੈਠਦੇ, ਜੇ ਵਾਰੰਟ ਨਹੀਂ ਤਾਂ ਘੰਟੇ ਦੇ ਅੰਦਰ ਮੰਗਵਾ ਲਓ।"



Digitized by Panjab Digital Library | www.panjabdigilib.org

ਡੇਢ ਘੰਟਾ ਉਡੀਕ ਕੇ ਸਭ ਮੁਸਾਫਰ ਇਕ ਜਲੂਸ ਬਣਾ ਕੇ ਸ੍ਰੀ ਗੁਰੂ ਗਰੰਥ ਸਾਹਿਬ ਸਿਰ ਪੁਰ ਉਠਾ ਕੇ ਕਲਕਤੇ ਨੂੰ ਪੈਦਲ ਹੀ ਤੁਰ ਪਏ। ਫੈਸਲਾ ਇਹ ਹੋਇਆ ਕਿ ਕਲਕਤੇ ਪਹੁੰਚ ਕੇ ਗੁਰੂ ਗਰੰਥ ਸਾਹਿਬ ਗੁਰਦੁਆਰੇ ਵਿਚ ਬਿਰਾਜਮਾਨ ਕਰਾਂਗੇ ਅਤੇ ਸਰਕਾਰ ਨਾਲ ਜਹਾਜ਼ ਸਬੰਧੀ ਕਾਨੂੰਨੀ ਝਗੜਾ ਕਰਾਂਗੇ।

ਹੁਣ ਜਦ ਮੁਸਾਫਰ ਕਲਕਤੇ ਵਲ ਜਾ ਰਹੇ ਸਨ ਤਾਂ ਅਗੋਂ ਇਕ ਗੋਰਾ ਪਸਤੌਲ ਕਢ ਕੇ ਰਾਹ ਰੋਕ ਕੇ ਖੜੋ ਗਿਆ। ਇਸ ਪੁਰ ਸ: ਇੰਦਰ ਸਿੰਘ ਚੜਿਕ ਤੇ ਅਮਰ ਸਿੰਘ ਨੇ ਛਾਤੀਆਂ ਨੰਗੀਆਂ ਕਰਕੇ ਪਸਤੌਲ ਦੇ ਮੂੰਹ ਨਾਲ ਲਾ ਦਿਤੀਆਂ ਤੇ ਵੰਗਾਰ ਕੇ ਆਖਿਆ : "ਚਲਾ ਦੇ ਗੋਲੀ, ਅਸੀਂ ਹੁਣ ਮਰਨ ਨੂੰ ਤਿਆਰ ਹਾਂ"। ਗੋਰਾ ਝਿਝਕ ਕੇ ਅਗੋਂ ਹਟ ਗਿਆ। ਜਲੂਸ ਸ਼ਬਦ ਪੜ੍ਹਦਾ ਅਗੇ ਚਲਦਾ ਗਿਆ। ਲਗ ਭਗ ਚਾਰ ਮੀਲ ਪੰਧ ਕਰ ਲੈਣ ਪੁਰ ਅਗੋਂ ਇਕ ਮੋਟਰ ਕਾਰ ਆਈ, ਜਿਸ ਵਿਚ ਕੁਝ ਅਫ਼ਸਰ ਬੈਠੇ ਸਨ, ਇਕ ਅੰਗਰੇਜ਼ ਅਫਸਰ ਨੇ ਬਾਬਾ ਜੀ ਨਾਲ ਨਰਮੀ ਨਾਲ ਗਲ ਬਾਤ ਕਰਕੇ ਦਸਿਆ ਕਿ ਮੈਨੂੰ ਗਵਰਨਰ ਨੇ ਤੁਹਾਡੀਆਂ ਸ਼ਕੈਤਾਂ ਸੁਣਨ ਲਈ ਭੇਜਿਆ ਹੈ। ਤੁਸੀਂ ਵਾਪਸ ਬਜ ਬਜ ਘਾਟ ਤੇ ਚਲੋ ਉਥੇ ਆਰਾਮ ਨਾਲ ਤੁਹਾਡੀ ਗਲ ਬਾਤ ਸੁਣੀ ਜਾਏਗੀ ਤੇ ਮੁਨਾਸਬ ਕਾਰਵਾਈ ਕੀਤੀ ਜਾਏਗੀ।

ਮੁਸਾਫਰਾਂ ਨੂੰ ਇਤਬਾਰ ਤਾਂ ਨਾ ਆਇਆ ਪਰ ਕਲਕਤਾ ਵੀ ਇਥੋਂ ੧੨-੧੩ ਮੀਲ ਸੀ। ਭੁਖੇ ਭਾਣੇ ਤੁਰ ਕੇ ਪਹੁੰਚਣਾ ਮੁਸ਼ਕਲ ਨਜ਼ਰ ਆਉਂਦਾ ਸੀ। ਫੈਸਲਾ ਹੋਇਆ ਕਿ ਵਾਪਸ ਚਲੋ ਤੇ ਇਸ ਅੰਗਰੇਜ਼ ਦੇ ਇਕਰਾਰ ਨੂੰ ਵੀ ਅਜ਼ਮਾ ਲਓ ਕਿਉਂਕਿ ਪਸਤੌਲਾਂ, ਬੰਦੂਕਾਂ ਦੇ ਸਾਹਮਣੇ ਹੁਕਮ ਮੰਨਣ ਤੋਂ ਉਕਾ ਇਨਕਾਰ



Digitized by Panjab Digital Library | www.panjabdigilib.org

ਕਰਨਾ ਵੀ ਖਤਰੇ ਤੋਂ ਖਾਲੀ ਨਹੀਂ ਸੀ।

ਮੁਸਾਫਰ ਵਾਪਸ ਬਜਬਜ਼ ਘਾਟ ਵਲ ਰਵਾਨਾ ਹੋ ਗਏ ਪਰ ਹੁਣ ਨਾਲ ਚਲਣ ਵਾਲੇ ਪੁਲਸੀਆਂ ਦਾ ਰਵਈਆ ਹੋਰ ਵੀ ਰੁਖਾ ਤੇ ਭੜਕਾਊ ਹੋ ਗਿਆ। ਕਿਸੇ ਨੂੰ ਠੇਡਾ ਮਾਰਦੇ, ਕਿਸੇ ਪੁਰ ਡੰਡਾ ਚਲਾਂਦੇ, ਕਿਸੇ ਨੂੰ ਬੁਰਾ ਭਲਾ ਆਖ ਕੇ ਬੇਇਜ਼ਤੀ ਕਰਦੇ ਸ਼ੈਦ ਉਹ ਭੜਕਾ ਕੇ ਗੋਲੀ ਚਲਾਣ ਦਾ ਬਹਾਨਾ ਪੈਦਾ ਕਰਨਾ ਚਾਹੁੰਦੇ ਸਨ। ਇਸ ਸਭ ਭੜਕਾਉਟ ਨੂੰ ਜ਼ਬਤ ਕਰਕੇ ਮੁਸਾਫਰ ਬਜਬਜ ਸਟੇਸ਼ਨ ਤੇ ਪਹੁੰਚ ਗਏ। ਹੁਣ ਤਕ ਮੁਸਾਫਰਾਂ ਨੇ ਨਾ ਚਾਹ ਪੀਤੀ ਤੇ ਨਾ ਰੋਟੀ ਖਾਧੀ ਸੀ। ਅਠ ਮੀਲ ਪੈਂਡਾ ਕਰਕੇ ਥਕ ਕੇ ਚੂਰ ਹੋ ਗਏ ਸਨ।

ਇਥੇ ਹੁਣ ਸ਼ਕੈਤ ਸੁਣਨ ਵਾਲਾ ਉਹ ਬੜਾ ਸਾਹਿਬ ਨਜ਼ਰ ਨਹੀਂ ਸੀ ਆ ਰਿਹਾ। ਪੁਲਸ ਵਲੋਂ ਧਕ ਮਧੱਕਾ ਚਲ ਰਿਹਾ ਸੀ। ਹੁਕਮ ਹੋਇਆ ਸਭ ਮੁਸਾਫ਼ਰ ਜਹਾਜ ਵਿਚ ਚੜ੍ਹ ਜਾਓ। ਇਹ ਅਨੋਖਾ ਹੁਕਮ ਸੁਣ ਕੇ ਹੋਰ ਪਰੇਸ਼ਾਨੀ ਹੋਈ। ਮੁਸਾਫ਼ਰਾਂ ਨੂੰ ਸ਼ੱਕ ਪੈ ਗਿਆ ਕਿ ਕੀ ਜਹਾਜ਼ ਵਿਚ ਚੜ੍ਹਾ ਕੇ ਸਾਨੂੰ ਡੋਬਣਾ ਚਾਹੁੰਦੇ ਹਨ? ਇਸ ਵੇਲੇ ਲੋੜ ਸੀ ਕਿ ਮੁਸਾਫ਼ਰਾਂ ਦਾ ਹਮਦਰਦ ਕੋਈ ਪਬਲਿਕ ਲੀਡਰ ਨਾਲ ਲਿਆਂਦਾ ਜਾਂਦਾ ਤੇ ਸਾਰੀ ਗਲ ਮਿਠੀ ਤਰ੍ਹਾਂ ਸਮਝਾ ਦਿਤੀ ਜਾਂਦੀ ਕਿ ਸਰਕਾਰ ਨੂੰ ਤੁਹਾਡੇ ਪੁਰ ਸ਼ੱਕ ਹੈ। ਤੁਹਾਨੂੰ ਨਜ਼ਰਬੰਦ ਕੀਤਾ ਜਾਏਗਾ ਅਤੇ ਕਾਨੂੰਨੀ ਝਗੜਾ ਕਰਨ ਲਈ ਸਹੂਲਤਾਂ ਦਿਤੀਆਂ ਜਾਣਗੀਆਂ।

ਬਾਬਾ ਗੁਰਦਿਤ ਸਿੰਘ ਨੇ ਸਿੰਘਾਪੁਰ ਤੋਂ ਸਰਦਾਰ ਹਰਚੰਦ ਸਿੰਘ ਤੇ ਕਈ ਹੋਰ ਪਬਲਿਕ ਜਥੇਬੰਦੀਆਂ ਨੂੰ ਤਾਰਾਂ ਭੇਜਣ ਵਾਸਤੇ ੩੦ ਡਾਲਰ ਇਕ ਅੰਗਰੇਜ਼ ਅਫ਼ਸਰ ਨੂੰ ਦਿਤੇ ਸਨ। ਉਹ ਤਾਰਾਂ ਸ਼ਾਇਦ ਭੇਜੀਆਂ ਹੀ ਨਹੀਂ ਗਈਆਂ ਜਾਂ ਰਾਹ ਵਿਚ



Digitized by Panjab Digital Library | www.panjabdigilib.org

ਹੀ ਰੋਕ ਲਈਆਂ ਗਈਆਂ । ਜਦੋਂ ਸ਼ੱਕ ਤੇ ਬੇਇਤਬਾਰੀ ਇਤਨੀ ਵਧ ਜਾਵੇ ਤਾਂ ਭੈੜਾ ਨਤੀਜਾ ਨਿਕਲਣਾ ਲਾਜ਼ਮੀ ਹੈ । ਬਾਬਾ ਜੀ ਦੇ ਬਿਆਨ ਤੇ ਪੜਤਾਲੀ ਰਪੋਟ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਬਜ ਬਜ ਘਾਟ ਪੁਰ ਭੇਜੇ ਗਏ ਅੰਗਰੇਜ਼ ਅਫ਼ਸਰਾਂ ਤੇ ਪੁਲਸ ਨੇ ਭੈੜਾ ਤੇ ਭੜਕਾਊ ਵਰਤਾਉ ਕਰਕੇ ਗੋਲੀਆਂ ਚਲਾਉਣ ਦੇ ਦੁਖਾਂਤ ਡਰਾਮੇ ਦੇ ਹਾਲਾਤ ਪੈਦਾ ਕੀਤੇ ।

ਤ੍ਰਿਕਾਲਾਂ ਪੈ ਗਈਆਂ ਸਨ । ਪਲੇਟ ਫ਼ਾਰਮ ਤੇ ਬੈਠੇ ਮੁਸਾਫ਼ਰ ਰਹੁਰਾਸ ਦਾ ਪਾਠ ਕਰ ਚੁਕੇ ਸਨ । ਅਰਦਾਸ ਹੋ ਰਹੀ ਸੀ, ਪਰ ਅੰਗਰੇਜ਼ ਅਫ਼ਸਰ ਤੇ ਪੁਲਸ ਵਾਲੇ ਕੜਕ ਕੜਕ ਕੇ ਹੁਕਮ ਦੇ ਰਹੇ ਸਨ ਕਿ ਛੇਤੀ ਕਰੋ : "ਜਹਾਜ ਮੇਂ ਬੈਠੋ ।"

ਮੁਸਾਫਰ ਹੁਣ ਰੇਲ ਗਡੀ ਵਿਚ ਬੈਠਣ ਨੂੰ ਤਿਆਰ ਹੋ ਗਏ ਸਨ । ਜਹਾਜ ਵਿਚ ਬੈਠਣ ਤੋਂ ਡਰਦੇ ਸਨ । ਪਰ ਅਫਸਰ ਕਹਿੰਦੇ ਸਨ, ਗਾਡ਼ੀ ਕੋਈ ਨਹੀਂ ਹੈ । ਜਹਾਜ ਵਿਚ ਬੈਠੋ ਨਹੀਂ ਤਾਂ ਗੋਲੀ ਨਾਲ ਉਡਾ ਦਿਤੇ ਜਾਓਗੇ ।

ਪਹਿਲਾਂ ਬਾਬਾ ਜੀ ਦੇ ੭ ਸਾਲ ਦੇ ਬਚੇ ਨੂੰ ਧੂਹ ਕੇ ਇਕ ਸਪਾਹੀ ਲੈ ਗਿਆ । ਉਸ ਚੀਕਾਂ ਮਾਰੀਆਂ । ਫਿਰ ਬਾਬਾ ਗੁਰਦਿਤ ਸਿੰਘ ਨੂੰ ਆਵਾਜ਼ ਮਾਰੀ । ਇਨ੍ਹਾਂ ਕਿਹਾ, ਠਹਿਰੋ, ਆਉਂਦਾ ਹਾਂ । ਇਸ ਪੁਰ ਪੁਲਸ ਵਾਲੇ ਦਗੜ ਦਗੜ ਕਰਦੇ ਵਿਚ ਆ ਵੜੇ । ਪਹਿਲਾਂ ਇਕ ਪੁਲਸ ਵਾਲੇ ਨੇ ਲਾਠੀ ਚਲਾਈ ਉਹ ਇਕ ਮੁਸਾਫਰ ਨੇ ਖੋਹ ਲਈ । ਗੜ ਬੜ ਤੇ ਸ਼ੋਰ ਪੈ ਗਿਆ ਬਸ ਹੁਣ ਕੀ ਸੀ ਤਾੜ ਤਾੜ ਗੋਲੀਆਂ ਚਲਣ ਲਗ ਪਈਆਂ । ਪਲੋ ਪਲੀ ਵਿਚ ਬੇ-ਹਥਿਆਰ ਤੇ ਦੁਖੀ ਮੁਸਾਫਰਾਂ ਦੇ ਖ਼ੂਨ ਦੀ ਨਦੀ ਵਗਣ ਲਗ ਪਏ । ਕਈ ਜੰਗਲ ਵਿਚ ਨਸ ਗਏ । ੪੦ ਦੇ ਕਰੀਬ ਸ਼ਹੀਦ ਹੋ ਗਏ । ਕਈ ਫਟੜ ਹੋਏ । ਕਈ ਗ੍ਰਿਫਤਾਰ



Digitized by Panjab Digital Library | www.panjabdigilib.org

ਕਰਕੇ ਗਡੀ ਵਿਚ ਬਿਠਾ ਕੇ ਪੰਜਾਬ ਲਿਆਂਦੇ ਗਏ। ਬਾਬਾ ਗੁਰਦਿਤ ਸਿੰਘ ਵੀ ਕਿਸੇ ਤਰ੍ਹਾਂ ਜੰਗਲ ਵਲ ਨਿਕਲ ਗਏ ਤੇ ਅਲੋਪ ਹੋ ਗਏ। ਅਤੇ ਸਤ ਵਰ੍ਹੇ ਅਲੋਪ ਰਹਿਕੇ ਗੁਪਤ ਵਾਸ ਕਰਦੇ ਰਹੇ। ਆਖਰ ੧੯੨੦ ਵਿਚ ਪ੍ਰਗਟ ਹੋ ਕੇ ਗ੍ਰਿਫਤਾਰ ਹੋ ਗਏ। ਕੁਝ ਪੁਲਸ ਵਾਲੇ ਭੀ ਫੱਟੜ ਹੋਏ।

ਇਹ ਹੈ ਕੋਮਾ ਗਾਟਾ ਮਾਰੂ ਦੀ ਦਰਦਨਾਕ ਜ਼ੁਲਮੀ ਕਥਾ। ਅੰਗਰੇਜ਼ ਸਾਮਰਾਜੀਆਂ ਨੇ ਨਾਂ ਕੇਵਲ ਹਿੰਦੀਆਂ ਦੀ ਪਹਿਲੀ ਜਹਾਜ਼ੀ ਕੰਪਣੀ ਦੇ ਬਿਓਪਾਰ ਨੂੰ ਤਬਾਹ ਕੀਤਾ ਬਲ ਕਿ ੩੬੦ ਹਿੰਦੀਆਂ ਨੂੰ ੬ ਮਹੀਨੇ ਅਕਹਿ ਤੇ ਅਸਹਿ ਦੁਖੜਿਆਂ ਵਿਚ ਪਾ ਕੇ ਆਖਰ ਬਜਬਜ ਘਾਟ ਪੁਰ ਗੋਲੀਆਂ ਨਾਲ ਸੁਆਗਤ ਕੀਤਾ। ਇਹ ਕਹਾਣੀ ਭਾਰਤ ਦੀ ਗੁਲਾਮੀ ਦੇ ਦੁਖੜਿਆਂ ਦੀ ਅਤੇ ਅੰਗਰੇਜ਼ੀ ਸਾਮਰਾਜ ਦੀ ਧਕੇਸ਼ਾਹੀ ਤੇ ਜ਼ੁਲਮ ਦੀ ਕਹਾਣੀ ਹੈ, ਜਿਹੜੀ ਭਾਰਤ ਦੇ ਆਜ਼ਾਦੀ ਦੇ ਇਤਹਾਸ ਵਿਚ ਇਕ ਅਮਰ ਕਥਾ ਬਣਕੇ ਲਿਸ਼ਕਦੀ ਰਹੇਗੀ। ਜਦੋਂ ਜਹਾਜ਼ ਕੈਨੇਡਾ ਤੋਂ ਕਲਕੱਤਾ ਨੂੰ ਵਾਪਸ ਚਲਿਆ ਸੀ ਤਾਂ ਦੂਜਾ ਸੰਸਾਰ ਜੁਧ ਆਰੰਭ ਹੋ ਚੁਕਾ ਸੀ। ਸ਼ਾਂਤ ਸਾਗਰ ਵਿਚ ਜਰਮਨੀ ਦੇ ਐਮਡਨ ਜਹਾਜ਼ ਨੇ ਕਈ ਅੰਗਰੇਜ਼ੀ ਜਹਾਜ਼ ਡੋਬ ਦਿਤੇ ਸਨ। ਅੰਗਰੇਜ਼ਾਂ ਨੇ ਸੋਚਿਆ ਹੋਵੇਗਾ ਕਿ ਐਮਡਨ ਦੇ ਹਥੀਂ ਕੋਮਾ ਗਾਟਾ ਮਾਰੂ ਵੀ ਸਮੁੰਦਰ ਦੀ ਭੇਟ ਹੋ ਜਾਏਗਾ ਪਰ ਗ਼ਦਰ ਪਾਰਟੀ ਦੀ ਸੋਝੀ ਤੇ ਸਿਆਣਪ ਨਾਲ ਬਚਾ ਹੋ ਗਿਆ। ਬਾਬਾ ਸੋਹਣ ਸਿੰਘ ਭਕਨਾ ਨੇ ਜਾਪਾਨ ਵਿਚ ਜਰਮਨ ਕੌਂਸਲ ਨੂੰ ਮਿਲ ਕੇ ਕੋਮਾ ਗਾਟਾ ਮਾਰੂ ਨੂੰ ਬਚਾਉਣ ਦੀ ਗਰੰਟੀ ਲੈ ਲਈ ਸੀ। ਜਰਮਨ ਦੇ ਹਥੋਂ ਤਾਂ ਬਚ ਗਿਆ ਪਰ ਅੰਗਰੇਜ਼ਾਂ ਨੇ ਇਸ ਨੂੰ ਬਜ ਬਜ ਘਾਟ ਪੁਰ ਤਬਾਹ ਕਰਕੇ ਦਮ ਲਿਆ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ੧੯੨੦

# ਇਤਹਾਸਕ ਮੋੜ ਦਾ ਵਰ੍ਹਾ

ਭਾਰਤ ਦੇ ਇਤਿਹਾਸ ਵਿਚ ਸੰਨ ੧੯੨੦ ਦਾ ਵਰ੍ਹਾ ਬੜੀ ਮਹਾਨਤਾ ਰਖਦਾ ਹੈ। ਇਹ ਇਕ ਮਹਾਨ ਇਤਿਹਾਸਕ ਵਰ੍ਹਾ ਹੈ। ਇਸ ਵਰ੍ਹੇ ਵਿਚ ਨਾ ਕੇਵਲ ਭਾਰਤ ਦੀ ਕੌਮੀ ਆਜ਼ਾਦੀ ਦੇ ਇਤਹਾਸ ਵਿਚ ਇਕ ਨਵਾਂ ਮੋੜ ਆਇਆ ਬਲਕਿ ਭਾਰਤ ਦੇ ਕਈ ਪ੍ਰਾਂਤਾਂ ਤੇ ਵਿਅਕਤੀਆਂ ਦੇ ਜੀਵਨ ਵਿਚ ਵੀ ਨਵੇਂ ਮੋੜ ਆਏ। ਮੇਰਾ ਆਪਣਾ ਜੀਵਨ ਇਸ ਵਰ੍ਹੇ ਤੋਂ ਨਵੀਆਂ ਲੀਹਾਂ ਪੁਰ ਪੈ ਗਿਆ।

ਪੰਜਾਬ ਵਿਚ ਸਿਖਾਂ ਦੀ ਗਿਣਤੀ ਭਾਵੇਂ ਘਟ ਹੈ ਪਰ ਇਨ੍ਹਾਂ ਦੀ ਰਾਜਸੀ, ਆਰਥਕ ਤੇ ਫੌਜੀ ਤੌਰ ਪੁਰ ਬੜੀ ਮਹਾਨਤਾ ਹੈ। ਇਸ ਵਰ੍ਹੇ ਤੋਂ ਸਿਖ ਇਤਹਾਸ ਦਾ ਵੀ ਕਾਂਟਾ ਬਦਲ ਗਿਆ। ਇਸ ਦੀ ਗਡੀ ਦੇ ਇੰਜਣ ਤੇ ਲੈਨਾਂ ਬਦਲ ਗਈਆਂ।

੧੮੪੯ ਵਿਚ ਸਿਖ ਰਾਜ ਦੇ ਖਾਤਮੇਂ ਮਗਰੋਂ ਸਿਖਾਂ ਵਿਚ ਰਾਜਸੀ, ਆਰਥਕ ਤੇ ਧਾਰਮਕ ਤੌਰ ਪੁਰ ਗਿਰਾਵਟ ਸ਼ੁਰੂ ਹੋ ਗਈ ਸੀ। ਵੀਹ ਕੁ ਵਰ੍ਹੇ ਮਗਰੋਂ ਜਦੋਂ ਪੰਜਾਬ ਵਿਚ ਸੁਧਾਰਕ ਲਹਿਰਾਂ ਚਲੀਆਂ ਤਾਂ ਇਸ ਦਾ ਅਸਰ ਸਿਖਾਂ ਪੁਰ ਵੀ ਪਿਆ। ਪਰ ਅੰਗਰੇਜ਼ ਸਾਮਰਾਜੀਆਂ ਨੇ ਸਿਖਾਂ ਨੂੰ ਹੋਰ ਕੌਮਾਂ ਨਾਲੋਂ ਨਿਖੇੜ ਕੇ ਆਪਣੇ ਅਧੀਨ ਰਖਣ ਤੇ ਆਪਣੇ ਰਾਜਸੀ ਲਾਭਾਂ



Digitized by Panjab Digital Library | www.panjabdigilib.org

ਲਈ ਵਰਤਣ ਵਾਸਤੇ ਆਪਣੀ ਸਰਪਰਸਤੀ ਹੇਠਾਂ ਸਿਖ ਜਾਗੀਰਦਾਰਾਂ ਤੇ ਰਾਜਿਆਂ ਨੂੰ ਜਥੇਬੰਦ ਕੀਤਾ ਅਤੇ "ਕੁਦਰਤੀ ਲੀਡਰਾਂ" ਦੀ ਥੀਊਰੀ ਦਾ ਪਰਚਾਰ ਕਰਕੇ ਸਿਖ ਜਨਤਾ ਨੂੰ ਵੱਖਰੀ ਵਲਗਣ ਵਿਚ ਘੇਰ ਕੇ ਰਖਣ ਦਾ ਜਤਨ ਕੀਤਾ। ਸਿਖਾਂ ਵਿਚ ਮਜ਼ਹਬੀ ਤੇ ਵਿਦਿਅਕ ਲਹਿਰਾਂ ਚਲਾਉਣ ਤੇ ਉਨ੍ਹਾਂ ਦੀ ਲੀਡਰ-ਸ਼ਿਪ ਅਸਥਾਪਨ ਕਰਨ ਵਿਚ ਬੜੀ ਮਦਦ ਕੀਤੀ। ਲਗ ਪਗ ੭੦ ਵਰ੍ਹੇ ਇਹ ਲੀਡਰ-ਸ਼ਿਪ ਸਿਖਾਂ ਵਿਚ ਧਰਮ ਤੇ ਵਿਦਿਆ ਪ੍ਰਚਾਰ ਕਰਕੇ ਅਤੇ ਪੜ੍ਹੇ ਲਿਖੇ ਸਿਖਾਂ ਨੂੰ ਨੌਕਰੀਆਂ ਪ੍ਰਾਪਤ ਕਰਨ ਵਿਚ ਮਦਦ ਕਰਕੇ ਆਪਣਾ ਰਸੂਖ ਕਾਇਮ ਰੱਖਦੀ ਰਹੀ। ਆਪਣੇ ਆਰਥਕ ਤੇ ਰਾਜਸੀ ਲਾਭਾਂ ਦੀ ਪੂਰੀ ਤਰ੍ਹਾਂ ਰਖਿਆ ਕਰਦੀ ਰਹੀ ਅਤੇ ਅੰਗਰੇਜ਼ੀ ਰਾਜ ਦੀ ਰਾਜ-ਭਗਤੀ, ਵਫ਼ਾਦਾਰੀ ਤੇ ਨਿਮਕ ਹਲਾਲੀ ਦਾ ਝੰਡਾ ਝੁਲਾਂਦੀ ਰਹੀ।

ਸਿਖਾਂ ਵਿਚ ਕਿਧਰੇ ਵੀ ਕੋਈ ਆਜ਼ਾਦੀ ਜਾਂ ਇਨਕਲਾਬੀ ਲਹਿਰ ਦੀ ਸੂੰਧਕ ਪੈਣ ਤੇ ਉਸ ਨੂੰ ਕੁਚਲਨ ਲਈ ਪੂਰੀ ਵਾਹ ਲਗਾਂਦੀ ਰਹੀ। ੧੯੨੦ ਵਿਚ ਇਸ ਲੀਡਰ-ਸ਼ਿਪ ਦੇ ਵਿਰੁਧ ਸਿਖ ਜਨਤਾ ਵਿਚ ਇਕ ਤੂਫ਼ਾਨ ਪੈਦਾ ਹੋ ਗਿਆ ਅਤੇ ਇਸ ਦੇ ਪਾਏ ਰਸੇ-ਪੈੜੇ ਤੁੜਾ ਕੇ ਉਹ ਕੌਮੀ ਆਜ਼ਾਦੀ ਤੇ ਇਨਕਲਾਬੀ ਘੋਲ ਵਿਚ ਕੁਦ ਪਈ।

ਇਸੇ ਵਰ੍ਹੇ ਮੇਰੇ ਜੀਵਨ ਵਿਚ ਵੀ ਇਕ ਬਹੁਤ ਵੱਡਾ ਪਲਟਾ ਆਇਆ ਪਰ ਇਹ ਪਲਟਾ ਕੋਈ ਅਚਨ-ਚੇਤੀ ਨਹੀਂ ਸੀ। ਇਸ ਦਾ ਆਰਥਕ ਤੇ ਰਾਜਸੀ ਪਿਛੋਕੜ ਹੈ। ਮੇਰੀ ਉਮਰ ਇਸ ਸਮੇਂ ਲਗ ਬਗ ੨੯ ਵਰ੍ਹੇ ਸੀ। ਘਰੋਗੀ ਤੇ ਨਿਜੀ ਜੀਵਨ ਦੀਆਂ ਮਜਬੂਰੀਆਂ ਨੇ ਮੈਨੂੰ ੧੬ ਵਰ੍ਹੇ ਦੀ ਉਮਰ ਵਿਚ ਹੀ ਪੜ੍ਹਨਾ ਛੁਡਾ ਕੇ ਜੀਵਨ ਘੋਲ ਵਿਚ ਪਾ ਦਿਤਾ ਸੀ।



Digitized by Panjab Digital Library | www.panjabdigilib.org

ਦ ਕੁ ਵਰ੍ਹੇ ਮੈਂ ਨਿੱਕੀਆਂ ਮੋਟੀਆਂ ਪੇਟ ਪਾਲਣ ਜੋਗੀਆਂ ਨੌਕਰੀਆਂ ਕੀਤੀਆਂ ਤੇ ਕਦੀ ਬੇਕਾਰੀ ਦੇ ਧਕੇ ਖਾਂਦੇ ਰਿਹਾ। ੧੯੦੯ ਵਿਚ ਮੈਂ ਅਧਿਆਪਕੀ ਅਰਥਾਤ ਪੜ੍ਹਾਉਣ ਦੀ ਲਾਈਨ ਪਕੜ ਲਈ। ਬਾਰਾਂ ਵਰ੍ਹਿਆਂ ਤੋਂ ਮੈਂ ਕਈ ਵੱਖ ਵੱਖ ਸਕੂਲਾਂ ਵਿਚ ਪੜ੍ਹਾਂਦਾ ਤੇ ਪੜ੍ਹਦਾ ਚਲਾ ਆ ਰਿਹਾ ਸਾਂ। ਇਨ੍ਹਾਂ ਦਿਨਾਂ ਵਿਚ ਮੈਂ ਸ: ਸੁਜਾਨ ਸਿੰਘ ਦੇ ਬਾਗ਼ ਰਾਵਲਪਿੰਡੀ ਵਿਚ ਗਿਆਨੀ ਕਲਾਸ ਨੂੰ ਪੜ੍ਹਾਂਦਾ ਸਾਂ, ਨਾਲੇ ਹਰਦਿੱਤ ਸਿੰਘ ਲਾਇਬਰੇਰੀ ਦਾ ਲਾਇਬਰੇਰੀਅਨ ਸਾਂ। ਹੁਣ ਮੈਨੂੰ ਗੁਜ਼ਾਰੇ ਜੋਗੀ ਤਨਖ਼ਾਹ ਮਿਲ ਰਹੀ ਸੀ ਅਤੇ ਰਾਵਲਪਿੰਡੀ ਵਿਚ ਅਜਿਹੀਆਂ ਸਹੂਲਤਾਂ ਵੀ ਬਣ ਗਈਆਂ ਸਨ ਕਿ ਮੈਂ ਐਮ. ਏ., ਤਕ ਵਿਦਿਆ ਪ੍ਰਾਪਤ ਕਰਨ ਤੇ ਖ਼ੁਸ਼ਹਾਲ ਜੀਵਨ ਦੇ ਸੁਪਨੇ ਲੈਣ ਲੱਗ ਪਿਆ ਸਾਂ। ਪਰ ੧੯੧੯ ਵਿਚ ਪੰਜਾਬ ਵਿਚ ਵਰਤੀਆਂ ਕਹਿਰੀ ਘਟਨਾਵਾਂ ਮਗਰੋਂ ੧੯੨੦ ਵਿਚ ਰਾਜਸੀ ਲਹਿਰਾਂ ਦਾ ਅਜਿਹਾ ਹੜ੍ਹ ਆਇਆ ਕਿ ਉਹ ਮੈਨੂੰ ਵੀ ਰਾਵਲਪਿੰਡੀ ਤੋਂ ਉਖੇੜ ਕੇ ਲੈ ਆਇਆ ਅਤੇ ਮੇਰੀ ਵਿਦਿਆ ਪ੍ਰਾਪਤੀ ਦੀਆਂ ਖਾਹਸ਼ਾਂ ਲਈ ਬਾਹਰ ਦੀਆਂ ਸਰਕਾਰੀ ਯੂਨੀਵਰਸਟੀਆਂ ਦੀ ਬਜਾਏ ਜੇਹਲ-ਖ਼ਾਨਿਆਂ ਦੀਆਂ ਯੂਨੀਵਰਸਟੀਆਂ ਬਣ ਗਈਆਂ।

ਉਨੀ ਸੌ ਵੀਹਵੇਂ ਵਰ੍ਹੇ ਦੀ ਇਤਿਹਾਸਕ ਤੇ ਇਨਕਲਾਬੀ ਮਹਾਨਤਾ ਕਿਸੇ ਖਾਸ ਲੀਡਰ ਦੀ ਵਿਅਕਤੀ ਜਾਂ ਗ੍ਰਹਿ ਚੱਕਰਾਂ ਦਾ ਨਤੀਜਾ ਨਹੀਂ ਸੀ। ਇਸ ਦੀ ਆਰਥਕ ਤੇ ਰਾਜਸੀ ਪਿਛੋਕੜ ਨੂੰ ਸਾਹਮਣੇ ਰੱਖ ਕੇ ਹੀ ਇਸ ਦੀ ਠੀਕ ਮਹਾਨਤਾ ਪਰਖੀ ਜਾ ਸਕਦੀ ਹੈ।

ਪਹਿਲੇ ਸਾਮਰਾਜੀ ਸੰਸਾਰ ਯੁਧ ਦੇ ਬਾਅਦ ਦੁਨੀਆਂ ਦੇ ਕਈ ਦੇਸਾਂ ਵਿਚ ਬੜੀਆਂ ਭਾਰੀਆਂ ਤਬਦੀਲੀਆਂ ਹੋਈਆਂ।



Digitized by Panjab Digital Library | www.panjabdigilib.org

ਰੂਸ ਵਿਚ ਜ਼ਾਰ ਸ਼ਾਹੀ ਖ਼ਤਮ ਹੋ ਗਈ। ਉਸ ਦੀ ਥਾਂ ਸੋਵੀਅਟ ਯੂਨੀਅਨ ਕਾਇਮ ਹੋਈ, ਜਿਸ ਨੇ ਸਮਾਜ ਵਾਦਕ ਅਸੂਲਾਂ ਅਨੁਸਾਰ ਰਾਜਸੀ ਤੇ ਆਰਥਕ ਪ੍ਰਬੰਧ ਦੀ ਨੀਂਹ ਧਰ ਦਿਤੀ। ਇਸ ਦਾ ਅਸਰ ਦੂਰ ਦੂਰ ਤਕ ਫੈਲਿਆ। ਜਰਮਨੀ, ਇਟਲੀ ਤੇ ਜਾਪਾਨ ਆਦਿ ਕਈ ਦੇਸਾਂ ਵਿਚ ਸਾਮਰਾਜਵਾਦੀਆਂ ਨੇ ਲੋਕ-ਰਾਜ ਤੇ ਸਮਾਜਵਾਦ ਦੀਆਂ ਵਿਰੋਧੀ ਲਹਿਰਾਂ ਤੇਜ਼ ਕਰ ਦਿਤੀਆਂ, ਜਿਨ੍ਹਾਂ ਨੇ ਮਗਰੋਂ ਫਾਸ਼ੀ ਡਿਕਟੇਟਰੀ ਦਾ ਰੂਪ ਧਾਰਨ ਕਰ ਕੇ, ਦੂਜੇ ਸੰਸਾਰ ਜੁਧ ਦੀ ਬੁਨਿਆਦ ਰੱਖ ਦਿੱਤੀ, ਪਰ ਇਸ ਦੇ ਉਲਟ ਗ਼ੁਲਾਮ ਤੇ ਅੱਧ-ਗ਼ੁਲਾਮ ਦੇਸਾਂ ਵਿਚ ਜਮਹੂਰੀ ਆਜ਼ਾਦੀ ਦੀਆਂ ਕੌਮੀ ਲਹਿਰਾਂ ਤੇਜ਼ ਹੋ ਗਈਆਂ ਅਤੇ ਸਮਾਜਵਾਦਕ ਵਿਚਾਰਾਂ ਨੇ ਇਨ੍ਹਾਂ ਪੁਰ ਇਨਕਲਾਬੀ ਰੰਗ ਚੜ੍ਹਾ ਦਿੱਤਾ।

ਭਾਰਤ ਲਗ ਪਗ ਪੌਣੇ ਦੋ ਸੌ ਵਰ੍ਹੇ ਤੋਂ ਬਰਤਾਨਵੀ ਹਕੂਮਤ ਦੀ ਗ਼ੁਲਾਮੀ ਦੀਆਂ ਬੇੜੀਆਂ ਵਿਚ ਨੂੜਿਆ ਹੋਇਆ ਸੀ। ੧੮੫੭ ਤਕ ਇਸ ਪੁਰ ਈਸਟ ਇੰਡੀਆਂ ਕੰਪਨੀ ਦੇ ਰਾਹੀਂ ਬਰਤਾਨਵੀ ਵਪਾਰੀ ਤੇ ਕਾਰਖਾਨੇਦਾਰ ਪੂੰਜੀਪਤੀ ਰਾਜ ਕਰਦੇ ਤੇ ਇਥੋਂ ਦੀ ਆਰਥਕ ਲੁਟ ਖਸੁਟ ਨਾਲ ਆਪਣੇ ਖ਼ਜ਼ਾਨੇ ਭਰਦੇ ਰਹੇ। ੧੮੫੭ ਦੇ ਗ਼ਦਰ ਮਗਰੋਂ ਇਸ ਪੁਰ ਸਿਧੀ ਬਰਤਾਨਵੀ ਸਾਮਰਾਜ ਦੀ ਹਕੂਮਤ ਕਾਇਮ ਹੋ ਗਈ, ਜਿਸ ਨੇ ਇਥੋਂ ਦੀ ਆਰਥਕ ਲੁਟ-ਖਸੁਟ ਤੋਂ ਇਲਾਵਾ ਆਪਣਾ ਸਾਮਰਾਜ ਏਸ਼ੀਆ ਵਿਚ ਫੈਲਾਉਣ ਲਈ ਭਾਰਤਵਾਸੀਆਂ ਨੂੰ ਫ਼ੌਜਾਂ ਵਿਚ ਭਰਤੀ ਕਰ ਕੇ ਦੂਜਿਆਂ ਨੂੰ ਗ਼ੁਲਾਮ ਬਣਾਉਣ ਲਈ ਰੱਜ ਕੇ ਵਰਤਿਆਂ।

ਭਾਰਤ ਵਿਚ ਬਰਤਾਨਵੀ ਰਾਜ ਦਾ ਇਕ ਪੱਖ ਤਾਂ ਭਾਰਤ ਵਾਸੀਆਂ ਦੀ ਗ਼ੁਲਾਮੀ, ਦੇਸਾਂ ਪਰਦੇਸਾਂ ਵਿਚ ਇਨ੍ਹਾਂ ਦੀ ਬੇ-



Digitized by Panjab Digital Library | www.panjabdigilib.org

ਇਜ਼ਤੀ ਅਤੇ ਆਰਥਕ ਲੁਟ-ਖਸੁਟ ਦੇ ਕਾਰਨ ਭੁਖ ਨੰਗ; ਬੇਕਾਰੀ ਤੇ ਦੁਖ ਭਰੀ ਕੰਗਾਲੀ ਦਾ ਹੈ, ਪਰ ਦੂਜਾ ਪਖ ਨਵੀਂ ਪੱਛਮੀ ਸਭਿਅਤਾ ਤੇ ਕਲਚਰ ਨਾਲ ਮੇਲ ਜੋਲ ਵਧਣ ਕਰ ਕੇ ਸੁਧਾਰਕ ਲਹਿਰਾਂ, ਕੌਮੀ ਜਾਗਰਤੀ ਤੇ ਕੌਮੀ ਆਜ਼ਾਦੀ ਦੀਆਂ ਲਹਿਰਾਂ ਦਾ ਪੈਦਾ ਹੋਣਾ ਵੀ ਹੈ।

ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਪਹਿਲਾਂ ਭਾਰਤ ਵਿਚ ਵਿਦਿਅਕ ਤੇ ਮਜ਼ਹਬੀ ਸੁਧਾਰਕ ਲਹਿਰਾਂ ਚਲੀਆਂ। ਇਨ੍ਹਾਂ ਲਹਿਰਾਂ ਦੇ ਆਗੂ ਵਧੇਰੇ ਮਧ ਸ਼ਰੇਣੀ ਜਾਂ ਜਗੀਰਦਾਰਾਂ ਵਿਚੋਂ ਪੜ੍ਹੇ ਲਿਖੇ ਲੋਕ ਸਨ, ਜਿਨ੍ਹਾਂ ਦਾ ਅੰਗਰੇਜ਼ੀ ਰਾਜ ਤੇ ਇਸ ਦੇ ਨਿਆਂ ਪੁਰ ਭਰੋਸਾ ਸੀ। ਉਹ ਅੰਗਰੇਜ਼ੀ ਰਾਜ ਦੀ ਵਫ਼ਾਦਾਰੀ ਦੀ ਸਹੁੰ ਚੁਕ ਕੇ ਹਰ ਕੰਮ ਨੂੰ ਆਰੰਭ ਕਰਦੇ ਤੇ ਇਸ ਦੀ ਅਟੱਲਤਾ ਲਈ ਅਰਦਾਸੇ ਤੇ ਪ੍ਰਾਰਥਨਾਵਾਂ ਕਰਦੇ ਹੁੰਦੇ ਸਨ।

੧੮੮੫ ਵਿਚ ਕੌਮੀ ਰਾਜਸੀ ਜਥੇਬੰਦੀ ਸਰਬਹਿੰਦ ਕਾਂਗਰਸ ਦਾ ਜਨਮ ਹੋਇਆ। ਇਹ ਰਾਜਸੀ ਸੁਧਾਰਕ ਲਹਿਰ ਸੀ। ਨਵੀਂ ਪੜ੍ਹੀ ਲਿਖੀ ਮਧ ਸ਼ਰੇਣੀ ਦੇ ਲੋਕ ਇਸ ਦੇ ਆਗੂ ਸਨ। ਪੱਛਮੀ ਸਭਿਅਤਾ ਦੀ ਉੱਚਤਾ ਤੇ ਅੰਗਰੇਜ਼ੀ ਰਾਜ ਦੇ ਨਿਆਂ ਪੁਰ ਭਰੋਸਾ ਰੱਖ ਕੇ ਇਹ ਲੋਕ ਮਤਿਆਂ, ਡੈਪੂਟੇਸ਼ਨਾਂ ਤੇ ਬੇਨਤੀਆਂ ਨਾਲ ਕੁਝ ਰਾਜਸੀ ਸੁਧਾਰ ਤੇ ਰਿਆਇਤਾਂ ਮੰਗਦੇ ਰਹਿੰਦੇ ਸਨ। ਪਹਿਲੇ ਸੰਸਾਰ ਯੁਧ ਵਿਚ ਕਾਂਗਰਸ ਨੇ ਹਰ ਤਰ੍ਹਾਂ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ। ਬਰਤਾਨਵੀ ਰਾਜ ਦੇ ਜ਼ਿਮੇਂਵਾਰ ਆਗੂਆਂ ਨੇ ਭਾਰਤ ਨੂੰ ਜੰਗ ਦੇ ਖਾਤਮੇ ਮਗਰੋਂ ਆਜ਼ਾਦੀ ਦੇਣ ਦੇ ਵੀ ਲਾਰੇ ਦਿਤੇ ਸਨ। ਭਾਵੇਂ ਕਾਂਗਰਸ ਤੇ ਮਜ਼ਹਬੀ ਸੁਧਾਰਕ ਜਥੇਬੰਦੀਆਂ ਦੇ ਆਗੂਆਂ ਦਾ ਲੋਕਾਂ ਪੁਰ



Digitized by Panjab Digital Library | www.panjabdigilib.org

ਕਾਫ਼ੀ ਪ੍ਰਭਾਵ ਸੀ, ਪਰ ਰਾਜਸੀ ਜਬਰਾਂ, ਆਰਥਕ ਤੰਗੀਆਂ ਅਤੇ ਅਫ਼ਰੀਕਾ, ਕੈਨੇਡਾ ਤੇ ਅਮਰੀਕਾ ਆਦਿ ਦੇਸਾਂ ਵਿਚ ਭਾਰਤ-ਵਾਸੀਆਂ ਨੂੰ ਕਾਲੇ ਕੁਲੀ ਸਮਝ ਕੇ ਨਸਲੀ ਵਿਤਕਰੇ ਵਾਲੇ ਭੈੜੇ ਸਲੂਕਾਂ ਨੇ ਇਨਕਲਾਬੀ ਲਹਿਰਾਂ ਨੂੰ ਵੀ ਜਨਮ ਦੇ ਦਿਤਾ ਸੀ। ਕੁਝ ਮਧ ਸ਼ਰੇਣੀ ਦੇ ਪੜ੍ਹੇ ਲਿਖਿਆਂ ਨੇ ਭਾਰਤ ਵਿਚ ਖੁਫ਼ੀਆ ਸੁਸਾਇਟੀਆਂ ਬਣਾ ਕੇ ਬੰਬਾਂ ਪਸਤੌਲਾਂ ਦੀ ਵਰਤੋਂ ਸ਼ੁਰੂ ਕਰ ਦਿਤੀ ਸੀ। ਅਮਰੀਕਾ ਵਿਚ ਇਕ ਬੜੀ ਇਨਕਲਾਬੀ ਜਥੇਬੰਦੀ ਗ਼ਦਰ ਪਾਰਟੀ ਬਣ ਗਈ ਸੀ ਜਿਸ ਦੇ ਆਗੂ ਕਿਰਤੀ ਤੇ ਕਿਸਾਨ ਸ਼ਰੇਣੀ ਵਿਚੋਂ ਨਿਕਲੇ ਸਨ ਤੇ ਜਿਸ ਨੇ ਪਹਿਲੇ ਸੰਸਾਰ ਜੁਧ ਦੇ ਸਮੇਂ, ਭਾਰਤੀ ਫ਼ੌਜਾਂ ਨੂੰ ਨਾਲ ਲੈ ਕੇ ਫਰਵਰੀ ੧੯੧੫ ਈ: ਵਿਚ ਅੰਗਰੇਜ਼ੀ ਰਾਜ ਦਾ ਤਖ਼ਤਾ ਉਲਟਾਉਣ ਲਈ ਬੜੀ ਭਾਰੀ ਗੋਂਦੇ ਗੁੰਦੀ ਸੀ। ਕਈ ਕਾਰਨਾ ਕਰ ਕੇ ਭਾਵੇਂ ਇਹ ਕੋਸ਼ਿਸ਼ ਨਿਸਫ਼ਲ ਰਹੀ ਪਰ ਇਨ੍ਹਾਂ ਇਨਕਲਾਬੀ ਜਤਨਾ ਦਾ ਅਸਰ ਭਾਰਤ ਅਤੇ ਖਾਸ ਕਰ ਕੇ ਪੰਜਾਬ ਪੁਰ ਬੜਾ ਡੂੰਘਾ ਪਿਆ।

੧੯੧੮ ਵਿਚ ਪਹਿਲੇ ਸੰਸਾਰ ਜੁਧ ਦੇ ਖਤਮ ਹੋਣ ਮਗਰੋਂ ਅੰਗਰੇਜ਼ਾਂ ਵਲੋਂ ਆਪਣੇ ਕੀਤੇ ਇਕਰਾਰ ਭੁਲਾ ਕੇ ਆਜ਼ਾਦੀ ਦੀ ਥਾਂ ਰੋਲਟ ਐਕਟ ਦੇਣ, ਲੋਕਾਂ ਦੇ ਰੋਸ ਤੇ ਵਿਰੋਧਤਾ ਨੂੰ ਮਾਰਸ਼ਲ-ਲਾਅ ਦੇ ਅਤਿਆਚਾਰਾਂ ਨਾਲ ਦਬਾਉਣ ਅਤੇ ਜਲ੍ਹਿਆਂਵਾਲੇ ਬਾਗ਼ ਵਰਗੇ ਖੂਨੀ ਸਾਕੇ ਬਣਾਉਣ ਨੇ ਅਤੇ ਜੁਧ ਮਗਰਲੇ ਆਰਥਕ ਮੰਦਵਾੜੇ ਤੇ ਕੌਮੀ ਤੇ ਕੌਮਾਂਤਰੀ ਅਸਰਾਂ ਨੇ ਭਾਰਤ ਵਿਚ ਅਜਿਹੇ ਹਾਲਾਤ ਤੇ ਸਾਮਾਨ ਪੈਦਾ ਕਰ ਦਿਤੇ ਕਿ ਇਥੇ ਦੇਸ਼ ਦੀ ਆਜ਼ਾਦੀ ਲਈ ਨਵੀਆਂ ਲੀਹਾਂ ਪੁਰ ਅੰਦੋਲਣ ਚਲਾਏ ਜਾਣ।



Digitized by Panjab Digital Library | www.panjabdigilib.org

੧੯੨੦ ਵਿਚ ਹੇਠਾਂ ਲਿਖੀਆਂ ਮਹਾਨ ਘਟਨਾਵਾਂ ਹੋਈਆਂ ਜਿਹੜੀਆਂ ਇਸ ਵਰ੍ਹੇ ਨੂੰ ਇਤਿਹਾਸ ਵਿਚ ਇਤਿਹਾਸਕ ਮੋੜ ਦਾ ਦਰਜਾ ਬਣਾਉਂਦੀਆਂ ਹਨ :–

(੧) ੧੯੨੦ ਦਾ ਸੰਨ ਚੜ੍ਹਨ ਤੋਂ ਕੇਵਲ ਚਾਰ ਪੰਜ ਦਿਨ ਪਹਿਲਾਂ ਅੰਮ੍ਰਿਤਸਰ ਵਿਚ ਕਾਂਗਰਸ ਦਾ ਮਹਾਨ ਸਮਾਗਮ ਹੋਇਆ। ਮਾਡਰੇਟ (ਨਰਮ ਖ਼ਿਆਲੀਏ) ਕਾਂਗਰਸੀ ਵੱਖਰੇ ਹੋ ਗਏ। ਉਨ੍ਹਾਂ ਵਖਰੀ ਲਿਬਰਲ ਲੀਗ ਬਣਾ ਲਈ। ਕੌਮੀ ਲਹਿਰ ਦੇ ਮੁਖੀ ਆਗੂ ਮਹਾਤਮਾ ਗਾਂਧੀ ਜੀ ਬਣ ਗਏ। ਜਿਨ੍ਹਾਂ ਨੇ ਕਾਂਗਰਸ ਨੂੰ ਇਕ ਜਨਤਕ ਕੌਮੀ ਲਹਿਰ ਵਿਚ ਬਦਲ ਦੇਣ ਦਾ ਮੁਢ ਬੰਨ੍ਹ ਦਿਤਾ। 'ਸਭ ਗਰਮ ਖਿਆਲੀਏ ਕਾਂਗਰਸ ਵਿਚ ਆ ਗਏ।'

(੨) ਇਨ੍ਹਾਂ ਹੀ ਦਿਨਾਂ ਵਿਚ ਸਿਖ ਲੀਗ ਦਾ ਪਹਿਲਾ ਰਾਜਸੀ ਸਮਾਗਮ ਅੰਮ੍ਰਿਤਸਰ ਵਿਚ ਹੋਇਆ ਜਿਸ ਵਿਚ ਕਾਂਗਰਸੀ ਆਗੂ ਵੀ ਸ਼ਾਮਲ ਹੋਏ। ਜਿਸ ਤੋਂ ਸਿਖਾਂ ਨੂੰ ਰਾਜਸੀ ਤੇ ਕੌਮੀ ਲਹਿਰ ਵਿਚ ਹਿੱਸਾ ਲੈਣ ਦੀ ਜ਼ੋਰਦਾਰ ਪਰੇਰਨਾ ਮਿਲੀ।

(੩) ਮਈ ੧੯੨੦ ਵਿਚ ਸਿਖਾਂ ਦਾ ਪਹਿਲਾ ਰਾਜਸੀ ਰੋਜ਼ਾਨਾ ਅਖ਼ਬਾਰ 'ਅਕਾਲੀ' ਲਾਹੌਰ ਤੋਂ ਜਾਰੀ ਹੋਇਆ। ਜਿਸ ਨੇ ਨਾ ਕੇਵਲ ਅਕਾਲੀ ਲਹਿਰ ਦੀ ਅਗਵਾਈ ਕੀਤੀ, ਬਲਕੇ ਸਿਖ ਜਨਤਾ ਨੂੰ ਪੁਰਾਣੀ ਪਿਛਾਂਹ ਖਿਚੂ ਲੀਡਰ ਸ਼ਿਪ ਤੋਂ ਛੁਟਕਾਰਾ ਦੁਆ ਕੇ ਕੌਮੀ ਆਜ਼ਾਦੀ ਦੇ ਘੋਲ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹ ਦਿੱਤਾ।

(੪) ਸਤੰਬਰ ੧੯੨੦ ਵਿਚ ਕਾਂਗਰਸ ਦਾ ਉਚੇਚਾ ਸਮਾਗਮ ਕਲਕਤੇ ਵਿਚ ਲਾਲਾ ਲਾਜਪਤ ਰਾਇ ਦੇ ਪਰਧਾਨਗੀ



Digitized by Panjab Digital Library | www.panjabdigilib.org

ਹੇਠਾਂ ਹੋਇਆ, ਜਿਸ ਵਿਚ ਨਾ ਮਿਲ ਵਰਤਨ ਦਾ ਮਹਾਨ ਮਤਾ ਪਾਸ ਕੀਤਾ ਗਿਆ। ਇਸੇ ਵਰ੍ਹੇ ਦਸੰਬਰ ਵਿਚ ਕਾਂਗਰਸ ਦੇ ਸਾਲਾਨਾ ਸਮਾਗਮ ਨਾਗਪੁਰ ਵਿਚ ਇਹ ਮਤਾ ਭਾਰੀ ਬਹੁ-ਸੰਮਤੀ ਨਾਲ ਪਾਸ ਹੋਇਆ, ਜਿਸ ਤੋਂ ਕੌਮੀ ਆਜ਼ਾਦੀ ਦੀ ਲਹਿਰ ਬਿਲਕੁਲ ਨਵੇਂ ਰਾਹ ਪੁਰ ਚਲ ਪਈ।

(੫) ਅਕਤੂਬਰ ਵਿਚ ਸਿਖ ਲੀਗ ਦਾ ਦੂਜਾ ਸਾਲਾਨਾ ਸਮਾਗਮ ਸਰਦਾਰ ਖੜਕ ਸਿੰਘ ਜੀ ਦੀ ਪਰਧਾਨਗੀ ਹੇਠਾਂ ਲਾਹੌਰ ਵਿਚ ਹੋਇਆ, ਜਿਸ ਵਿਚ ਕਾਂਗਰਸੀ ਲੀਡਰ ਵੀ ਸ਼ਾਮਲ ਹੋਏ। ਨਾ ਮਿਲਵਰਤਨ ਦਾ ਮਤਾ ਬੜੇ ਜੋਸ਼ ਖਰੋਸ਼ ਨਾਲ ਪਾਸ ਕੀਤਾ ਗਿਆ। ਸਿਖਾਂ ਦੀ ਪਿਛਾਂਹ ਖਿਚੂ ਲੀਡਰ-ਸ਼ਿਪ ਨੂੰ ਲੱਕ ਤੋੜਵੀਂ ਹਾਰ ਹੋ ਗਈ। ਇਹ ਸਮਾਗਮ ਸਿਖਾਂ ਵਿਚ ਰਾਜਸੀ ਮੋੜ ਦਾ ਮੀਲ-ਪੱਥਰ ਸੀ।

(੬) ਨਵੰਬਰ ੧੯੨੦ ਵਿਚ ਸ਼੍ਰੋ: ਗੁ: ਕਮੇਟੀ ਤੇ ਦਸੰਬਰ ੧੯੨੦ ਵਿਚ ਸ਼੍ਰੋਮਣੀ ਅਕਾਲੀਦਲ ਦੋਆਂ ਪ੍ਰਤੀਨਿਧ ਜਥੇਬੰਦੀਆਂ ਬਣੀਆਂ ਜਿਨ੍ਹਾਂ ਨੇ ਇਕ ਪਾਸੇ ਗੁਰਦੁਆਰਾ ਸੁਧਾਰ ਲਹਿਰ ਨੂੰ ਲੜਾਕੂ ਪੈਂਤੜੇ ਪੁਰ ਚਲਾਇਆ ਦੂਜੇ ਪਾਸੇ ਸਿਖ ਜਨਤਾ ਨੂੰ ਆਜ਼ਾਦੀ ਦੇ ਘੋਲ ਵਿਚ ਹਿੱਸਾ ਪਾਉਣ ਲਈ ਉਤਸ਼ਾਹ ਦਿਤਾ।

(੭) ਇਸੇ ਵਰ੍ਹੇ ਵਿਚ ਅਕਾਲੀ ਲਹਿਰ ਤੇ ਕੌਮੀ ਲਹਿਰ ਦੇ ਉਭਾਰ ਨੂੰ ਵੇਖ ਕੇ ਹਕੂਮਤ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਆਪ ਹੀ ਚੜ੍ਹਾ ਦਿਤੀ, ਦਰਬਾਰ ਸਾਹਿਬ ਤੇ ਇਸ ਨਾਲ ਸਬੰਧਤ ਗੁਰਦੁਆਰਿਆਂ ਦੀ ਕਮੇਟੀ ਬਣਾ ਦਿਤੀ। ਖ਼ਾਲਸਾ ਕਾਲਜ ਸਿਖਾਂ ਦੇ ਹਵਾਲੇ ਕਰ ਦਿਤਾ ਤੇ ਕੁਝ ਹੋਰ ਗੁਰਦੁਅਰਿਆਂ ਪੁਰ ਭੀ ਸਿਖਾਂ ਦਾ ਕਬਜ਼ਾ ਹੋ ਗਿਆ।



Digitized by Panjab Digital Library | www.panjabdigilib.org

ਇਨ੍ਹਾਂ ਮਹਾਨ ਘਟਨਾਵਾਂ ਨੇ ਜਿਥੇ ਭਾਰਤ ਦੀ ਕੌਮੀ ਆਜ਼ਾਦੀ ਦੀ ਲਹਿਰ ਵਿਚ ਅਤੇ ਸਿਖ ਪੰਥ ਵਿਚ ਨਵਾਂ ਮੋੜ ਪੈਦਾ ਕੀਤਾ ਉਥੇ ਮੇਰੇ ਜੀਵਨ ਵਿਚ ਬਹੁਤ ਵੱਡਾ ਪਲਟਾ ਲੈ ਆਂਦਾ। ਇਸੇ ਕਰ ਕੇ ਮੈਂ ਇਸ ਨੂੰ ਇਤਿਹਾਸਕ ਮੋੜ ਦਾ ਵਰ੍ਹਾ ਕਹਿੰਦਾ ਹਾਂ ਅਤੇ ਇਸ ਵਰ੍ਹੇ ਦੀਆਂ ਕੁਝ ਘਟਨਾਵਾਂ ਜਿਨ੍ਹਾਂ ਨਾਲ ਮੇਰੇ ਜੀਵਨ ਦਾ ਖ਼ਾਸ ਸੰਬੰਧ ਹੈ ਅਗੇ ਵਰਣਨ ਕਰਦਾ ਹਾਂ।



Digitized by Panjab Digital Library | www.panjabdigilib.org

Panjab Digital Library | www.pa

## "ਅਕਾਲੀ" ਅਖਬਾਰ

ਮੇਰੇ ਸੁਧਾਰਕ ਤੇ ਰਾਜਸੀ ਕਾਰਜ ਦਾ ਘੇਰਾ ਪਹਿਲਾਂ ਸਿਖਾਂ ਤਕ ਹੀ ਸੀਮਿਤ ਸੀ। ਕਾਂਗ੍ਰਸ ਦੇ ਆਸ਼ੇ ਤੇ ਕੰਮ ਦੇ ਪਰੋਗਰਾਮ ਦਾ ਮੈਨੂੰ ਕੋਈ ਵਧੇਰੇ ਪਤਾ ਨਹੀਂ ਸੀ। ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸ਼ਾਦ ਦੀਆਂ ਇਨਕਲਾਬੀ ਕਿਤਾਬਾਂ ਅਤੇ ਗ਼ਦਰ ਪਾਰਟੀ ਦਾ ਕੁਝ ਸਾਹਿਤ ਪੜ੍ਹ ਕੇ ਮੇਰੇ ਦਿਲ ਵਿਚ ਇਨਕਲਾਬੀ ਵਲਵਲੇ ਉਛਲ ਰਹੇ ਸਨ ਪਰ ਸਹੀ ਪਰੋਗਰਾਮ ਦੀ ਸੂਝ ਕੁਝ ਨਹੀਂ ਸੀ।

ਬਰਤਾਨਵੀ ਸਾਮਰਾਜ ਦੀਆਂ ਸਿਖਾਂ ਨਾਲ ਕਈ ਬੇ ਇਨ-ਸਾਫੀਆਂ ਦੇ ਤੀਰ ਮੇਰੇ ਸੀਨੇ ਵਿਚ ਹਰ ਵੇਲੇ ਰੜਕਦੇ ਰਹਿੰਦੇ ਸਨ ਜਿਹਾ ਕਿ ਸਿਖ ਰਾਜ ਨੂੰ ਖੋਹ ਕੇ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਉਣਾ, ਕਈ ਨਾਮਧਾਰੀ ਸਿਖਾਂ ਨੂੰ ਤੋਪਾਂ ਅਗੇ ਉਡਾਉਣਾ ਤੇ ਬਾਬਾ ਰਾਮ ਸਿੰਘ ਨੂੰ ਜਲਾ ਵਤਨ ਕਰਨਾ, ਖਾਲਸਾ ਕਾਲਜ ਪੁਰ ਸਰਕਾਰੀ ਕਬਜ਼ਾ ਜਮਾਉਣਾ ਅਤੇ ਦਿਲੀ ਵਿਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣਾ ਆਦਿ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਬਾਬੇ ਦੀ ਬੇਰ ਆਦਿ ਕੁਝ ਮੁਖੀ ਸਿਖ ਗੁਰਦੁਆਰਿਆਂ ਪੁਰ ਸਰਬਰਾਹਾਂ ਰਾਹੀਂ ਸਰਕਾਰੀ ਕਬਜ਼ੇ ਹੋਏ ਹੋਏ ਸਨ। ਕਈ ਗੁਰਦੁਆਰਿਆਂ ਦੇ ਮਹੰਤ ਅਯਾਸ਼ੀਆਂ ਤੇ ਦੁਰਾਚਾਰਾਂ ਵਿਚ ਮਸਤ ਹੋ ਕੇ ਸਿਖ ਗੁਰੂਆਂ ਦੀਆਂ ਪਵਿਤਰ ਰਵਾਇਤਾਂ ਨੂੰ ਪੈਰਾਂ ਹੇਠ ਲਤਾੜ ਰਹੇ ਸਨ। ਦੇਸ਼ ਭਗਤਾਂ ਤੇ ਆਜ਼ਾਦੀ ਦੇ ਪਰਵਾਨਿਆਂ ਵਿਰੁਧ ਸਿਖ ਤਖਤਾਂ ਤੇ ਸ਼ਰੋਮਣੀ



Digitized by Panjab Digital Library | www.panjabdigilib.org

ਗੁਰਦੁਆਰਿਆਂ ਵਲੋਂ ਪਤਤਿ ਹੋਣ ਦੇ ਫਤਵੇ ਕਢੇ ਜਾਂਦੇ ਸਨ ਅਤੇ ਜਲ੍ਹਿਆਂ ਵਾਲਾ ਬਾਗ ਦੇ ਕਾਤਲ ਓ ਡਵਾਇਰ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਸਰੋਪਾ ਦੇ ਕੇ ਸਨਮਾਨਿਆ ਗਿਆ ਸੀ। ਇਨ੍ਹਾਂ ਸਾਰੀਆਂ ਗਲਾਂ ਦਾ ਜ਼ਿਮੇਵਾਰ ਮੈਂ ਅੰਗਰੇਜ਼ੀ ਰਾਜ ਨੂੰ ਹੀ ਸਮਝਦਾ ਸਾਂ ਪਰ ਦੇਸ਼ ਨੂੰ ਆਜ਼ਾਦ ਕਰਾਉਣ ਤੇ ਗੁਰਧਾਮਾਂ ਦਾ ਮਹੰਤੀ ਤੇ ਸਰਬਰਾਹੀ ਪ੍ਰਬੰਧ ਖਤਮ ਕਰਕੇ ਇਨ੍ਹਾਂ ਨੂੰ ਸਿਖ ਸੰਗਤਾਂ ਦੇ ਪ੍ਰਬੰਧ ਵਿਚ ਲਿਆਉਣ ਦਾ ਪਰੋਗਰਾਮ ਮੈਨੂੰ ਪਤਾ ਨਹੀਂ ਸੀ। ਮੇਰੀ ਇਸ ਸਮੇਂ ਰਾਜਸੀ ਤੇ ਆਰਥਕ ਸਿਧਾਂਤਾਂ ਦੀ ਸੂਝ ਵੀ ਬੜੀ ਕਚੀ ਸੀ ਪਰ ਇਸ ਹਾਲਤ ਨੂੰ ਬਦਲਣ ਵਾਸਤੇ ਕੁਝ ਕਰਨ ਲਈ ਦਿਲ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ। ਮੈਂ ਰਾਜਸੀ ਆਗੂਆਂ ਨੂੰ ਮਿਲ ਕੇ ਗਲਾਂ ਬਾਤਾਂ ਕਰਨ ਵਿਚ ਬੜੀ ਖੁਸ਼ੀ ਮਹਿਸੂਸ ਕਰਦਾ ਸਾਂ।

ਮਾਰਸ਼ਲ ਲਾਅ ਦੇ ਮਗਰੋਂ ਜਦੋਂ ਅੰਮ੍ਰਿਤਸਰ ਵਿਚ ਕਾਂਗਰਸ ਦਾ ਇਤਹਾਸਕ ਸਮਾਗਮ ਹੋਇਆ ਅਤੇ ਇਸ ਦੇ ਨਾਲ ਹੀ ਪਹਿਲਾ ਸਿਖ ਲੀਗ ਦਾ ਜਲਸਾਂ ਹੋਇਆ ਤਾਂ ਉਸ ਵਿਚ ਮੈਂ ਬੜੇ ਉਤਸ਼ਾਹ ਨਾਲ ਸ਼ਾਮਲ ਹੋਇਆ। ਸਿਖ ਲੀਗ ਦੇ ਸਮਾਗਮ ਵਿਚ ਮੈਂ ਇਕ ਕਵਿਤਾ ਵੀ ਪੜ੍ਹੀ ਸੀ। ਇਨ੍ਹਾਂ ਸਮਾਗਮਾਂ ਵਿਚ ਮਹਾਤਮਾਂ ਗਾਂਧੀ, ਸ੍ਰੀ ਤਿਲਕ, ਪੰਡਤ ਮੋਤੀ ਲਾਲ, ਮਦਨ ਮੋਹਨ ਮਾਲਵੀ, ਮੌਲਾਨਾ ਮੁਹੰਦ ਅਲੀ ਤੇ ਸ਼ੌਕਤ ਅਲੀ ਆਦਿ ਆਗੂਆਂ ਦੇ ਪਹਿਲੀ ਵੇਰ ਦਰਸ਼ਨ ਕਰਕੇ ਅਤੇ ਉਨ੍ਹਾਂ ਦੇ ਲੈਕਚਰ ਸੁਣ ਕੇ ਮੈਂ ਦਿਲ ਵਿਚ ਬੜਾ ਉਤਸ਼ਾਹ ਭਰ ਕੇ ਲੈ ਆਇਆ ਸੀ।

ਮੌਲਾਨਾ ਮੁਹੰਮਦ ਦੇ ਹੇਠਾਂ ਲਿਖੇ ਇਤਹਾਸਕ ਸ਼ਬਦ ਜਿਹੜੇ ਉਸਨੇ ਸਿਖ ਲੀਗ ਦੇ ਸਮਾਗਮ ਵਿਚ ਕਹੇ ਸਨ, ਮੇਰੇ



Digitized by Panjab Digital Library | www.panjabdigilib.org

ਦਿਲ ਉਪਰ ਅਜੇ ਤਕ ਉਕਰੇ ਹੋਏ ਹਨ :—

"ਖਾਲਸਾ ਜੀ ਆਓ, ਅਸੀਂ ਹਿੰਦੂ, ਮੁਸਲਮਾਣ ਤੇ ਸਿਖ ਇਕ ਮੁਠ ਹੋਕੇ ਭਾਰਤ ਮਾਤਾ ਨੂੰ ਅੰਗਰੇਜ਼ ਤੋਂ ਆਜ਼ਾਦ ਕਰ ਲਈਏ। ਮੈਂ ਜਾਣਦਾ ਹਾਂ ਤੁਹਾਡੇ ਦਿਲ ਵਿਚ ਮੇਰੀ ਕੌਮ ਦੇ ਪਿਛਲੇ ਕੁਝ ਹਾਕਮਾਂ ਦੀਆਂ ਜ਼ਿਆਦਤੀਆਂ ਦੀਆਂ ਸਚੀਆਂ ਨਾਰਾਜ਼ਗੀਆਂ ਹਨ ਪਰ ਪਿਛਲੀਆਂ ਨਾਰਾਜ਼ਗੀਆਂ ਦੇ ਕਾਰਨ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੇ ਹਵਾਲੇ ਕਰੀ ਰਖਣਾ ਕੋਈ ਸਿਆਣਪ ਨਹੀਂ। ਆਹ ਲੌ (ਆਪਣੀ ਧੌਣ ਨੀਵੀਂ ਕਰਕੇ) ਮੇਰੀ ਗਰਦਨ ਤੇ ਮੇਰੇ ਭਰਾ ਸ਼ੌਕਤ ਦੀ ਗਰਦਨ ਤੁਹਾਡੇ ਹਵਾਲੇ ਹੈ, ਤੁਸੀਂ ਬੇਸ਼ਕ ਇਨ੍ਹਾਂ ਨੂੰ ਕਟ ਕੇ ਆਪਣੇ ਦਿਲ ਠੰਢੇ ਕਰ ਲੌ ਪਰ ਪਿਛਲੀਆਂ ਨਾਰਾਜ਼ਗੀਆਂ ਨੂੰ ਹੁਣ ਜਾਣ ਦਿਓ। ਆਓ, ਖੁਦਾ ਦੇ ਵਾਸਤੇ ਆਓ, ਭਰਾ ਭਰਾ ਬਣਕੇ, ਦੇਸ਼ ਭਗਤ ਹਿੰਦੀ ਬਣ ਕੇ ਅੰਗਰੇਜ਼ ਦੀ ਸ਼ੈਤਾਨੀ ਹਕੂਮਤ ਤੋਂ ਆਪਣੇ ਵਤਨ ਤੇ ਆਪੋ ਆਪਣੇ ਮਹਜ਼ਬ ਨੂੰ ਆਜ਼ਾਦ ਕਰਾ ਲਈਏ। ਅੰਗਰੇਜ਼ ਸਾਡੇ ਸਾਰਿਆਂ ਦੇ ਸਾਂਝੇ ਦੁਸ਼ਮਨ ਹੈ।

ਉਹ ਗੁਰਦੁਆਰਿਆਂ ਦੇ ਦੁਸ਼ਮਨ ਹਨ ਤੇ ਸਾਡੀ ਖਲਾਫਤ ਦੇ ਦੁਸ਼ਮਨ ਹਨ। ਉਨ੍ਹਾਂ ਤੋਂ ਭਾਰਤ ਨੂੰ ਆਜ਼ਾਦ ਕਰਾਣਾ ਸਾਡਾ ਸਾਂਝਾ ਈਮਾਨ ਹੈ।"

ਇਸ ਤਰ੍ਹਾਂ ਸਿਖ ਲੀਗ ਦੇ ਸਮਾਗਮ ਵਿਚ ਹੋਰ ਕਾਂਗਰਸੀ ਲੀਡਰਾਂ ਨੇ ਵੀ ਜੋਸ਼ ਪੈਦਾ ਕਰਨ ਵਾਲੇ ਲੈਕਚਰ ਕੀਤੇ ਸਨ। ਜਿਨ੍ਹਾਂ ਦਾ ਮੇਰੇ ਦਿਲ ਪੁਰ ਡੂੰਘਾ ਅਸਰ ਪਿਆ।

ਇਥੇ ਹੀ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਮਾਰਸ਼ਲ ਲਾਅ ਦੀ ਕੈਦ ਵਿਚੋਂ ਰਿਹਾਈ ਪਾਣ ਮਗਰੋਂ ਮੈਨੂੰ ਮਿਲੇ ਸਿਖ ਵਿਚ ਰਾਜਸੀ ਕੰਮ ਕਰਨ ਬਾਰੇ ਕੁਝ ਗਲਾਂ ਬਾਤਾਂ ਕੀਤੀਆਂ।



Digitized by Panjab Digital Library | www.panjabdigilib.org

ਸ਼ੈਦ ਮਾਰਚ ਦਾ ਮਹੀਨਾ ਸੀ। ਸਵੇਰ ਦਾ ਵੇਲਾ ਸੀ। ਮੈਂ ਸ: ਬ: ਸੁਜਾਨ ਸਿੰਘ ਦੇ ਬਾਗ ਦੇ ਗੁਰਦੁਆਰੇ ਦੇ ਚੁਬਾਰੇ ਵਿਚ ਇਕ ਦਰੀ ਪੁਰ ਬੈਠਾ ਸਾਂ। ਇਥੇ ਹੀ ਮੈਂ ਗਿਆਨੀ ਕਲਾਸ ਨੂੰ ਪੜ੍ਹਾਂਦਾ ਹੁੰਦਾ ਸਾਂ। ਅਚਨ ਚੇਤ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ਦਰਸ਼ਨ ਦਿਤੇ। ਬੜੇ ਪ੍ਰੇਮ ਨਾਲ ਗਲਵਕੜੀ ਪਾਕੇ ਮੈਂ ਉਨ੍ਹਾਂ ਨੂੰ ਮਿਲਿਆ।

ਮਾਸਟਰ ਸੁੰਦਰ ਸਿੰਘ ਉਤਸ਼ਾਹ, ਕੁਰਬਾਨੀ ਤੇ ਚੜ੍ਹਦੀ ਕਲਾ ਦੀ ਮੂਰਤ ਸਨ। ਜਦੋਂ ੧੯੦੯-੧੦ ਵਿਚ ਚਕ ਨੰ: ੭੩ ਝਬਾਲ ਭਕਨਾ ਵਿਚ ਮੈਂ ਪੜ੍ਹਾਂਦਾ ਸਾਂ,ਓਦੋਂ ਮੇਰਾ ਇਨ੍ਹਾਂ ਨਾਲ ਮੇਲ-ਮਿਲਾਪ ਹੋਇਆ, ਜਿਹੜਾ ਮਗਰੋਂ ਗੂੜ੍ਹੀ ਮਿਤ੍ਰਤਾ ਤਕ ਵਧ ਗਿਆ। ਇਹ ਖਾਲਸਾ ਹਾਈ ਸਕੂਲ ੪੧ ਨੂੰ ਬਣਾਉਣ ਵਿਚ ਜੁਟੇ ਹੋਏ ਸਨ। ਪਹਿਲੇ ਪਹਿਲ ਇਨ੍ਹਾਂ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਬਿਸ਼ਨ ਸਿੰਘ ਨਾਲ ੧੫ ਰੁਪਏ ਮਹੀਨਾ ਲੈ ਕੇ ਇਕ ਸਾਲ ਵਾਸਤੇ ਆਪਣੀ ਸੇਵਾ ਖਾਲਸਾ ਹਾਈ ਸਕੂਲ ਲਾਇਲਪੁਰ ਨੂੰ ਅਰਪਣ ਕੀਤੀ ਸੀ। ਇਸ ਦੇ ਮਗਰੋਂ ਕੁਝ ਹੋਰ ਸਕੂਲਾਂ ਵਿਚ ਵੀ ਇਹ ਕੇਵਲ ਰੋਟੀ ਕਪੜਾ ਲੈ ਕੇ ਸੇਵਾ ਕਰਦੇ ਰਹੇ ਸਨ। ਅਰੰਭ ਵਿਚ ਇਨ੍ਹਾਂ ਦੇ ਦਿਲ ਵਿਚ ਧਰਮ ਤੇ ਵਿਦਿਆ ਪ੍ਰਚਾਰ ਦਾ ਬੜਾ ਸ਼ੌਕ ਸੀ। ਸਹਿਜੇ ਸਹਿਜੇ ਇਨ੍ਹਾਂ ਦੇ ਦਿਲ ਵਿਚ ਦੇਸ਼ ਦੀ ਆਜ਼ਾਦੀ ਦੀ ਲਗਨ ਲਗ ਗਈ ਸੀ। ਖਾਲਸਾ ਕਾਲਜ ਪੁਰ ਸਰਕਾਰੀ ਕਬਜ਼ੇ ਵਿਰੁਧ ਮਾਸਟਰ ਸੁੰਦਰ ਸਿੰਘ ਲਗਾਤਾਰ ਜ਼ੋਰਦਾਰ ਆਵਾਜ਼ ਉਠਾਂਦਾ ਰਿਹਾ ਸੀ। ਅਤੇ ਮੈਂ ਇਸ ਦੀਆਂ ਲਿਖਤਾਂ ਤੇ ਕਵਿਤਾਵਾਂ ਬੜੇ ਪ੍ਰੇਮ ਨਾਲ ਪੜ੍ਹਦਾ ਹੁੰਦਾ ਸਾਂ।

ਅਜ ਮਾਸਟਰ ਜੀ ਨੂੰ ਚਿਰ ਪਿਛੋਂ ਅਚਨਚੇਤ ਮਿਲ ਕੇ ਮੈਨੂੰ



Digitized by Panjab Digital Library | www.panjabdigilib.org

ਬੜੀ ਖੁਸ਼ੀ ਹੋਈ। ਦੁਖ ਸੁਖ ਤੇ ਵਿਛੋੜੇ ਦੀਆਂ ਗਲਾਂ ਬਾਤਾਂ ਮਗਰੋਂ ਮਾਸਟਰ ਜੀ ਬੋਲੇ :—

"ਗਿਆਨੀ ਜੀ, ਮੈਂ ਤੁਹਾਨੂੰ ਲੈਣ ਆਇਆ ਹਾਂ, ਘਰ ਬਾਰ ਬਾਲ ਬਚੇ ਸਭ ਰਬ ਦੇ ਹਵਾਲੇ ਛਡ ਕੇ ਹੁਣ ਮੇਰੇ ਨਾਲ ਚਲਣ ਲਈ ਤਿਆਰ ਹੋ ਜਾਵੋ।"

"ਕੁਝ ਗਲ ਤਾਂ ਦਸੋ ਮਾਸਟਰ ਜੀ, ਕਿਥੇ ਤੇ ਕਾਹਦੇ ਲਈ ਮੈਨੂੰ ਲਿਜਾਣਾ ਚਾਹੁੰਦੇ ਹੋ?" ਮੈਂ ਕੁਝ ਹੈਰਾਨੀ ਤੇ ਘਬਰਾਹਟ ਨਾਲ ਪੁਛਿਆ। ਕਾਰਨ ਇਹ ਸੀ ਕਿ ਜ਼ਿੰਦਗੀ ਵਿਚ ਰਾਵਲਪਿੰਡੀ ਆ ਕੇ ਪਹਿਲੀ ਵੇਰ ਮੈਨੂੰ ਆਪਣੇ ਗੁਜ਼ਾਰੇ ਵਲੋਂ ਬੇਫਿਕਰੀ ਹੋਈ ਸੀ। ਉਸ ਤੋਂ ਪਹਿਲਾਂ ੧੦, ੧੨ ਵਰ੍ਹੇ ਮੈਨੂੰ ਆਪਣੇ ਜੀਵਨ ਘੋਲ ਵਿਚ ਕਾਫੀ ਕਸ਼ਟ ਝਲਣੇ ਪਏ ਸਨ। ਪਰ ਮਾਸਟਰ ਹੁਰਾਂ ਨਾਲ ਵੀ ਮੈਂ ਇਕਰਾਰ ਕੀਤਾ ਹੋਇਆ ਸੀ ਕਿ ਜਦ ਕਦੀ ਵੀ ਉਹ ਪੰਥ ਤੇ ਦੇਸ਼ ਸੇਵਾ ਲਈ ਕੋਈ ਮਹਾਨ ਕੰਮ ਕਰਨ ਲਈ ਮੈਨੂੰ ਵੰਗਾਰਨਗੇ ਮੈਂ ਉਨ੍ਹਾਂ ਦੇ ਨਾਲ ਹੋਵਾਂਗਾ।

ਉਹ ਹਾਉਕਾ ਭਰ ਕੇ ਬੋਲੇ : "ਗਿਆਨੀ ਜੀ ਲੋਕੀ ਸਾਨੂੰ ਬੜੇ ਤਾਹਣੇ ਮਾਰਦੇ ਹਨ। ਇਹ ਤਾਹਣੇ ਦੇ ਮਿਹਣਿਆਂ ਦੇ ਤੀਰ ਹੁਣ ਸਹੇ ਨਹੀਂ ਜਾ ਸਕਦੇ।"

"ਸਿਖ ਆਗੂਆਂ, ਗੁਰਦੁਆਰਿਆਂ ਦੇ ਮਹੰਤਾਂ ਤੇ ਰਾਜਿਆਂ ਨੇ ਅੰਗਰੇਜ਼ੀ ਰਾਜ ਦੀ ਵਫਾਦਾਰੀ ਤੇ ਰਾਜ ਭਗਤੀ ਨੂੰ ਧਰਮ ਬਣਾ ਕੇ ਸਿਖ ਕੌਮ ਨੂੰ ਦੁਨੀਆਂ ਵਿਚ ਬਦਨਾਮ ਕਰਕੇ ਰਖ ਦਿਤਾ ਹੈ। ਹੁਣ ਸਾਨੂੰ ਮੈਦਾਨ ਵਿਚ ਨਿਤਰ ਕੇ ਕੁਝ ਕਰਨਾ ਹੀ ਪਏਗਾ।"

"ਕੀ ਕੋਈ ਤਾਜ਼ੀ ਖਾਸ ਗਲ ਹੋਈ ਹੈ?" ਮੈਂ ਗੰਭੀਰਤਾ ਨਾਲ ਪੁਛਿਆ।



Digitized by Panjab Digital Library | www.panjabdigilib.org

ਮਾਸਟਰ ਜੀ ਨੇ ਆਰਾਮ ਨਾਲ ਚੌਕੜੀ ਮਾਰ ਕੇ ਬੈਠ ਕੇ ਇਸ ਤਰ੍ਹਾਂ ਦਸਣਾ ਆਰੰਭਿਆ :—

"ਤੁਹਾਨੂੰ ਪਤਾ ਹੈ ਕਿ ਮਾਰਸ਼ਲ ਲਾਅ ਦੀ ਕੈਦ ਵਿਚੋਂ ਰਿਹਾ ਹੁੰਦਿਆਂ ਹੀ ਮੈਂ ਮਾਰਸ਼ਲ ਲਾਅ ਦੇ ਅਤਿਆਚਾਰਾਂ ਸਬੰਧੀ ਕਾਂਗਰਸ ਪੜਤਾਲੀ ਕਮੇਟੀ ਨਾਲ ਕੰਮ ਕਰਨ ਲਗ ਪਿਆ ਸਾਂ। ਆਮ ਸਿਖ ਜਨਤਾ ਨੇ ਤਾਂ ਨਿਡਰ ਹੋ ਕੇ ਗਵਾਹੀਆਂ ਦਿਤੀਆਂ ਪਰ ਮੰਨੇ ਪ੍ਰਮੰਨੇ ਸਿਖ ਆਗੂ ਸਾਥੋਂ ਇਸ ਤਰ੍ਹਾਂ ਦੂਰ ਦੂਰ ਦੂਰ ਨਸਦੇ ਰਹੇ ਜਿਵੇਂ ਗੁਲੇਲੇ ਤੋਂ ਕਾਂ। ਮਾਰਸ਼ਲ ਲਾਅ ਦੇ ਦਿਨਾਂ ਵਿਚ ਇਕ ਸਿਖ ਆਸ਼ਰਮ ਦੀਆਂ ਵਿਦਆਰਥਣਾ ਦੀ ਅੰਮ੍ਰਿਤਸਰ ਸਟੇਸ਼ਨ ਪੁਰ ਬੜੀ ਬੇਇਜ਼ਤੀ ਕੀਤੀ ਗਈ ਸੀ। ਮੈਂ ਉਸ ਆਸ਼ਰਮ ਦੇ ਪ੍ਰਬੰਧਕ ਪਾਸ ਹਾਜ਼ਰ ਹੋ ਕੇ ਬੇਨਤੀ ਕੀਤੀ ਕਿ ਤੁਸੀਂ ਆਪਣੀ ਤੇ ਵਿਦਆਰਥਣਾਂ ਦੀ ਉਸ ਬੇਇਜ਼ਤੀ ਬਾਰੇ ਗਵਾਹੀ ਲਿਖਾਓ। ਉਸ ਨੇ ਸਾਫ ਇਨਕਾਰ ਕਰ ਦਿਤਾ, ਅਤੇ ਬਹਾਨਾ ਏਹ ਕੀਤਾ ਕਿ "ਅਸੀਂ ਤਿਆਰ ਬਰ ਤਿਆਰ ਸਿਖ ਹੋ ਕੇ ਅਨਮਤੀਆਂ ਪਾਸ ਗਵਾਹੀ ਨਹੀਂ ਦੇ ਸਕਦੇ।" ਅਸਲ ਗਲ ਇਹ ਸੀ ਕਿ ਇਹੋ ਜਿਹੇ ਸਿਖ ਆਗੂ ਸਰਕਾਰ ਅੰਗਰੇਜ਼ੀ ਦੀ ਵਫਾਦਾਰੀ ਨੂੰ ਹੀ ਧਰਮ ਸਮਝਦੇ ਸਨ। ਅਨਮਤੀਆਂ ਦੇ ਪਰਦੇ ਹੇਠਾਂ ਆਪਣੀ ਰਾਜ ਭਗਤੀ ਨੂੰ ਲੁਕਾਉਂਦੇ ਹਨ। ਪੰਡਤ ਮਦਨ ਮੋਹਨ ਮਾਲਵੀ ਪਾਸ ਜਦੋਂ ਇਹੋ ਜਿਹੀਆਂ ਕਈ ਰਪੋਟਾਂ ਪੁਜੀਆਂ ਤਾਂ ਉਹਨਾਂ ਨੇ ਮੈਨੂੰ ਤਾਹਣਾ ਮਾਰ ਕੇ ਆਖਿਆ : "ਮਾਸਟਰ ਜੀ, ਸਿਖ ਇਤਹਾਸ ਵਾਲੇ ਸ਼ਹੀਦ ਸਿਖਾਂ ਦੇ ਨਮੂਨੇ ਕਿਥੇ ਚਲੇ ਗਏ? ਬੰਦ ਬੰਦ ਕਟਾਣ ਤੇ ਖੋਪਰੀਆਂ ਉਤਰਵਾਣ ਵਾਲੇ ਸ਼ਹੀਦਾਂ ਦੀਆਂ ਸਾਖੀਆਂ ਤਾਂ ਗੁਰਦੁਆਰਿਆਂ ਵਿਚ ਹੰਝੂ ਕੇਰ ਕੇਰ ਕੇ ਸੁਣਾਈਆਂ ਜਾਂਦੀਆਂ ਹਨ ਪਰ ਤੁਹਾਡੇ ਸਿਖ ਆਗੂ ਤਾਂ ਸਚੀ ਗਲ ਦੀ ਗਵਾਹੀ ਦੇਣ ਤੋਂ ਵੀ ਥਰ ਥਰ ਕੰਬਦੇ ਹਨ।"



Digitized by Panjab Digital Library | www.panjabdigilib.org

ਇਹ ਤਾਹਣੇ ਸੁਣ ਕੇ ਮੈਂ ਦਿਲ ਵਿਚ ਬੜਾ ਸ਼ਰਮਿੰਦਾ ਹੋਇਆ ਕਿਉਂਕਿ ਮੈਂ ਜਾਣਦਾ ਸਾਂ ਕਿ ਸਿਖਾਂ ਦੀ ਅਗਵਾਈ ਇਸ ਸਮੇਂ ਜਗੀਰਦਾਰਾਂ ਤੇ ਰਾਜਿਆਂ ਨੇ ਸੰਭਾਲੀ ਹੋਈ ਸੀ। ਜਿਹੜੇ ਸਿਖ ਕੌਮ ਨੂੰ ਅੰਗਰੇਜ਼ੀ ਰਾਜ ਦੀ ਵਫ਼ਾਦਾਰੀ ਤੇ ਨਿਮਕ ਹਲਾਲੀ ਦਾ ਹੀ ਉਪਦੇਸ਼ ਦੇਂਦੇ ਰਹਿੰਦੇ ਸਨ। ਅਤੇ ਮਾਲਵੀ ਜੀ ਦਾ ਕਥਨ ਕਾਫੀ ਸਚਾ ਸੀ ਪਰ ਮੈਂ ਉਤਰ ਵਿਚ ਉਨ੍ਹਾਂ ਨੂੰ ਇਸ ਤਰ੍ਹਾਂ ਆਖਿਆ : "ਪੰਡਤ ਜੀ ਸਿਖ ਜਨਤਾ ਵਿਚ ਧਰਮ ਤੇ ਦੇਸ਼ ਲਈ ਕੁਰਬਾਨੀਆਂ ਦੀ ਹੁਣ ਵੀ ਕਮੀਂ ਨਹੀਂ। ਗ਼ਦਰ ਪਾਰਟੀ ਦੇ ਸੂਰਬੀਰਾਂ ਨੇ ਜਿਸ ਤਰ੍ਹਾਂ ਹਸ ਹਸ ਕੇ ਫਾਂਸੀਆਂ ਤੇ ਉਮਰ ਕੈਦਾਂ ਕਬੂਲੀਆਂ ਕੀ ਤੁਸੀਂ ਭੁਲ ਗਏ ਹੋ? ਫਿਕਰ ਨਾ ਕਰੋ ਅਸੀਂ ਹੁਣ ਸਿਖਾਂ ਦੇ ਇਨ੍ਹਾਂ ਜੀ ਹਜ਼ੂਰੀ ਲੀਡਰਾਂ ਨੂੰ ਬਦਲ ਕੇ ਮਨੀ ਸਿੰਘ ਤੇ ਤਾਰੂ ਸਿੰਘ ਵਰਗੇ ਲੀਡਰ ਪੈਦਾ ਕਰਕੇ ਵਿਖਾਵਾਂਗੇ ਅਤੇ ਸਿਖ ਕੌਮ ਨੂੰ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਮੁਹਰਲੀ ਕਤਾਰ ਵਿਚ ਖੜਾ ਕਰ ਕੇ ਰਖ ਦਿਆਂਗੇ।"

ਇਹ ਸੁਣ ਕੇ ਮਾਲਵੀ ਜੀ ਪ੍ਰਸੰਨ ਹੋ ਕੇ ਬੋਲੇ "ਹਾਂ ਮੈਨੂੰ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਤੋਂ ਈਹੋ ਆਸ ਹੈ, ਪਰ ਇਹ ਕੰਮ ਤੁਸੀਂ ਕਦੋਂ ਕਰੋਗੇ? ਵੇਲਾ ਤਾਂ ਹੁਣ ਹੈ" ਸੁ ਮੈਂ ਇਸ ਵਾਸਤੇ ਆਇਆ ਹਾਂ ਕਿ ਪੰਡਤ ਮਾਲਵੀ ਜੀ ਨਾਲ ਕੀਤੇ ਇਸ ਇਕਰਾਰ ਨੂੰ ਹੁਣ ਅਸਾਂ ਪੂਰਾ ਕਰਨ ਦਾ ਬਾਨ੍ਹਣੂ ਬੰਨ੍ਹਿਆ ਹੈ। ਪ੍ਰੋਫੈਸਰ ਨਰਿੰਜਣ ਸਿੰਘ, ਸਰਦਾਰ ਹਰਚੰਦ ਸਿੰਘ, ਤੇਜਾ ਸਿੰਘ ਸਮੁੰਦਰੀ, ਤੇ ਕੁਝ ਹੋਰ ਦੇਸ ਤੇ ਪੰਥ ਦਰਦੀਆਂ ਦੀ ਸਲਾਹ ਨਾਲ ਅਸਾਂ ਇਕ ਰੋਜ਼ਾਨਾ ਅਖ਼ਬਾਰ ਕਢਣ ਦਾ ਵਿਚਾਰ ਕੀਤਾ ਹੈ। ਤੁਹਾਨੂੰ ਅਖਬਾਰ ਦੀ ਪ੍ਰਬੰਧਕ ਕਮੇਟੀ ਤੇ ਸੰਪਾਦਕੀ ਬੋਰਡ ਵਿਚ ਰਖਣਾ ਹੈ।"



Digitized by Panjab Digital Library | www.panjabdigilib.org

Rs 50

ਮਾਸਟਰ ਜੀ ਨੇ ਇਹ ਵੀ ਦਸਿਆ ਕਿ ਰੋਜ਼ਾਨਾ ਅਖ਼ਬਾਰ ਲਈ ਘਟੋ ਘਟ ਪੰਜਾਹ ਹਜ਼ਾਰ ਰੁਪਏ ਦੀ ਲੋੜ ਹੈ ਪਰ ਉਨ੍ਹਾਂ ਪਾਸ ਇਸ ਸਮੇਂ ਕੇਵਲ ਪੰਜਾਹ ਕੁ ਦਮੜੇ ਹਨ। ਇਸ ਰਕਮ ਨਾਲ ਉਹ ਇਸ਼ਤਿਹਾਰ ਕਢ ਦੇਣਗੇ। ਉਨ੍ਹਾਂ ਦੇ ਦਿਲ ਵਿਚ ਪੂਰਾ ਭਰੋਸਾ ਸੀ ਕਿ ਰੁਪਏ ਦੀ ਕੋਈ ਘਾਟ ਨਹੀਂ ਰਹੇਗੀ ਪਰ ਆਰੰਭ ਵਿਚ ਅਖਬਾਰ ਦੇ ਸਟਾਫ ਦੇ ਕਿਸੇ ਮੈਂਬਰ ਨੂੰ ਤਨਖਾਹ ਨਹੀਂ ਮਿਲੇਗੀ। ਸਾਂਝਾ ਲੰਗਰ ਚਲੇਗਾ। ਸਭ ਨੂੰ ਇਕੋ ਜਿਹਾ ਪ੍ਰਸ਼ਾਦਾ ਮਿਲੇਗਾ। ਲੋੜ ਅਨੁਸਾਰ ਕਪੜਾ ਵੀ ਮਿਲੇਗਾ ਅਤੇ ਜਦੋਂ ਅਖਬਾਰ ਚਲ ਨਿਕਲਿਆ ਫਿਰ ਖਰਚ ਦੀ ਲੋੜ ਮੁਤਾਬਕ ਤਨਖਾਹਾਂ ਮੁਕਰਰ ਕਰ ਦਿਤੀਆਂ ਜਾਣਗੀਆਂ।

ਭਾਵੇਂ ਮਾਸਟਰ ਜੀ ਦੀ ਜੇਬ ਵਿਚ ਪੰਜਾਹ ਰੁਪਏ ਹੀ ਸਨ ਪਰ ਗਲਾਂ ਉਹ ਇਸ ਉਤਸ਼ਾਹ ਨਾਲ ਕਰ ਰਹੇ ਸਨ, ਜਾਣੀਦਾ ਲਖ ਰੁਪਿਆ ਉਨ੍ਹਾਂ ਦਾ ਬੈਂਕ ਵਿਚ ਜਮਾ ਹੈ। ਉਨ੍ਹਾਂ ਦੀਆਂ ਉਤਸ਼ਾਹ ਭਰਪੂਰ ਗਲਾਂ ਸੁਣ ਕੇ ਮੇਰੇ ਦਿਲ ਵਿਚ ਹਿਲ-ਜੁਲ ਮਚ ਉਠੀ। ਇਕ ਨਵੇਂ ਅਗਾਂਹ ਵਧੂ ਰੋਜ਼ਾਨਾ ਅਖ਼ਬਾਰ ਦੇ ਸੰਪਾਦਕੀ ਸਟਾਫ ਵਿਚ ਲੇਖ ਤੇ ਕਵਿਤਾਵਾਂ ਲਿਖਣ ਦਾ ਮੌਕਾ ਮਿਲਣਾ ਇਕ ਵਡੇ ਮਾਣ ਦੀ ਗਲ ਸੀ। ਮੈਂ ਪੰਜਾਬ ਵਿਚ ਉਠ ਰਹੇ ਆਜ਼ਾਦੀ ਦੇ ਉਭਾਰ ਅਤੇ ਸਿਖਾਂ ਵਿਚ ਗੁਰਦੁਆਰਾ ਸੁਧਾਰ ਤੇ ਦੇਸ਼ ਪਿਆਰ ਦੇ ਜੋਸ਼ ਦੇ ਉਬਾਲੇ ਵੀ ਵੇਖ ਰਿਹਾ ਸਾਂ। ਮੈਂ ਵੀ ਇਸ ਸਾਂਝੀ ਜਨਤਕ ਜੋਸ਼ ਦੀ ਲਹਿਰ ਨਾਲ ਲਹਿਰ ਬਣ ਰਿਹਾ ਸਾਂ। ਪਰ ਇਸ ਦੇ ਨਾਲ ਹੀ ਜਦੋਂ ਮੈਨੂੰ ਬਿਰਧ ਪਿਤਾ, ਦੋ ਛੋਟੇ ਬੱਚਿਆਂ ਅਤੇ ਆਪਣੀ ਇਸਤ੍ਰੀ ਦੇ ਗੁਜ਼ਾਰੇ ਦਾ ਧਿਆਨ ਆਉਂਦਾ ਤਾਂ ਠਠੰਬਰ ਜਾਂਦਾ। ਮੇਰੀ ਤਨਖਾਹ ਤੋਂ ਬਗੈਰ ਸਾਡੇ ਗੁਜ਼ਾਰੇ ਦਾ ਹੋਰ ਕੋਈ ਸਾਧਨ ਨਹੀਂ ਸੀ। ਮੈਨੂੰ ਕਈ ਗੁਰਮੁਖੀ ਅਖ਼ਬਾਰਾਂ ਬਾਰੇ ਇਹ ਵੀ ਪਤਾ ਸੀ,



Digitized by Panjab Digital Library | www.panjabdigilib.org

ਜੋ ਰੁਪਏ ਦੀ ਤੰਗੀ ਕਰਕੇ ਜਨਮ ਲੈਂਦਿਆਂ ਹੀ ਸਦਾ ਦੀ ਨੀਂਦਰ ਸੌਂ ਗਈਆਂ ਸਨ ਜਾਂ ਸਿਸਕ ਸਿਸਕ ਕੇ ਦਿਨ ਗੁਜ਼ਾਰ ਰਹੀਆਂ ਸਨ।

ਪਰ ਮਾਸਟਰ ਸੁੰਦਰ ਸਿੰਘ ਜੀ ਇਕ ਕੁਰਬਾਨੀ ਦੇ ਪੁੰਜ ਦੇਸ਼ ਸੇਵਕ ਸਨ। ਉਤਸ਼ਾਹ ਤੇ ਚੜ੍ਹਦੀਆਂ ਕਲਾਂ ਦੇ ਉਹ ਪੁਤਲੇ ਸਨ। ਅਤੇ ਉਹ ਹੁਣ ਮੈਨੂੰ ਦੇਸ਼ ਤੇ ਪੰਥ ਸੇਵਾ ਲਈ ਵੰਗਾਰ ਰਹੇ ਸਨ। ਮੇਰੇ ਵਿਚ ਉਸ ਸਮੇਂ ਜਵਾਨੀ ਦਾ ਜੋਸ਼ ਵੀ ਸੀ ਤੇ ਅਜਿਹੀ ਵੰਗਾਰ ਸਮੇਂ ਆਮ ਤੌਰ ਪੁਰ ਮੈਂ ਨਿਜੀ ਤੇ ਪ੍ਰਵਾਰਕ ਸੁਖ ਤੇ ਆਰਾਮ ਭੁਲਕੇ ਖਤਰਿਆਂ ਭਰਪੂਰ ਮੈਦਾਨ ਵਿਚ ਕੁਦ ਪਿਆ ਕਰਦਾ ਸਾਂ। ਮੈਂ ਥੋੜਾ ਚਿਰ ਚੁਪ ਰਹਿਕੇ ਸੋਚਕੇ ਦਿਲ ਵਿਚ ਦੋ ਟੂਕ ਫੈਸਲਾ ਕਰ ਲਿਆ :

"ਮਾਸਟਰ ਜੀ ਜੋ ਹੋਵੇ ਸੁ ਹੋਵੇ, ਮੈਂ ਹਾਜ਼ਰ ਹਾਂ, ਤੁਹਾਡੀ ਵੰਗਾਰ ਤੋਂ ਮੈਂ ਹੁਣ ਪਿਛੇ ਨਹੀਂ ਰਹਿ ਸਕਦਾ, ਜਿਸ ਸਮੇਂ ਮੈਨੂੰ ਹੁਕਮ ਭੇਜੋਗੇ ਮੈਂ ਆਪਣੇ ਪਰਵਾਰ ਨੂੰ ਆਪਣੇ ਪਿੰਡ ਛਡਕੇ ਆਪ ਪਾਸ ਲਾਹੌਰ ਪਹੁੰਚ ਜਾਵਾਂਗਾ, ਮੈਂ ਆਪਣੇ ਜੀਵਨ ਨੂੰ ਹੁਣ ਤੁਹਾਡੇ ਉਪਕਾਰੀ ਜੀਵਨ ਨਾਲ ਜੋੜਨ ਦਾ ਪ੍ਰਣ ਕਰਦਾ ਹਾਂ।"

ਥੋੜੇ ਦਿਨਾਂ ਮਗਰੋਂ ਹੀ 'ਅਕਾਲੀ ਰੋਜ਼ਾਨਾ' ਦਾ ਇਸ਼ਤਿਹਾਰ ਮੈਨੂੰ ਪੁਜ ਗਿਆ। ੨੧ ਮਈ ੧੯੨੦ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਨ ਪਹਿਲਾ ਪਰਚਾ ਕਢਣ ਦਾ ਐਲਾਨ ਕੀਤਾ ਗਿਆ ਅਤੇ ਮੈਨੂੰ ਤੁਰਤ ਪਹੁੰਚਣ ਦਾ ਸਦਾ ਆ ਗਿਆ। ਮੈਂ ਨੌਕਰੀ ਤੋਂ ਅਸਤੀਫਾ ਦੇ ਦਿਤਾ। ਪਰਵਾਰ ਨੂੰ ਆਪਣੇ ਪਿੰਡ ਘਘਰੋਟ ਪਿਤਾ ਜੀ ਪਾਸ ਪਹੁੰਚਾ ਦਿਤਾ ਤੇ ਆਪ ਲਹੌਰ ਪਹੁੰਚ ਗਿਆ।

ਰਾਮ ਗਲੀ ਦੇ ਸਿਰੇ ਪੁਰ ਬ੍ਰਾਂਡਰਥ ਰੋਡ ਪੁਰ ਇਕ ਚੁਬਾਰਾ ਕਰਾਏ ਪੁਰ ਲਿਆ ਗਿਆ। ਕਮਯੂਨ (ਸਟਾਫ ਦਾ ਸਾਂਝਾ



Digitized by Panjab Digital Library | www.panjabdigilib.org

ਲੰਗਰ) ਜਾਰੀ ਕੀਤਾ ਗਿਆ। ਮੂਲਾ ਸਿੰਘ ਲਾਂਗਰੀ ਸੀ। ਮਾਸਟਰ ਨਰਿੰਦਰ ਸਿੰਘ ਤੇ ਮਾਸਟਰ ਜੀ ਦਾ ਇਕ ਨੌਜਵਾਨ ਸ਼ਗਿਰਦ ਕਾਜ਼ੀ ਅਬਦੁਲ ਰਹਿਮਾਨ ਮੈਨੇਜਿੰਗ ਸਟਾਫ ਵਿਚ ਸਨ। ਮਾਸਟਰ ਸੁੰਦਰ ਸਿੰਘ ਜੀ ਅੰਮ੍ਰਿਤ ਵੇਲੇ ਉਠਕੇ ਨਾ ਕੇਵਲ ਦਫਤਰ ਦੀ ਸਫਾਈ ਕਰਕੇ ਪਾਣੀ ਨਾਲ ਦਫਤਰ ਧੋ ਦੇਂਦੇ, ਬਲਕੇ ਕਈ ਵੇਰ ਟਟੀਆਂ ਵੀ ਧੋ ਦੇਂਦੇ। ਉਨ੍ਹਾਂ ਦੀ ਇਹ ਉਦਮੀ ਅਗਵਾਈ ਸਭ ਨੂੰ ਹਰ ਕੰਮ ਹਥੀਂ ਕਰਨ ਦਾ ਉਤਸ਼ਾਹ ਦੇਂਦੀ ਸੀ। ਡਾਢੇ ਪਿਆਰ, ਜੋਸ਼ ਤੇ ਉਤਸ਼ਾਹ ਨਾਲ ਅਸੀਂ ਜੁਟ ਪਏ। ਮੰਗਲ ਸਿੰਘ ਅਜੇ ਨਹੀਂ ਆਇਆ ਸੀ। ਉਸ ਨੇ ਤਸੀਲਦਾਰੀ ਤੋਂ ਅਸਤੀਫਾ ਦੇ ਕੇ ਆਉਣ ਦਾ ਇਕਰਾਰ ਕੀਤਾ ਹੋਇਆ ਸੀ, ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਦੇ ਛਾਪੇ ਖਾਨੇ 'ਪੀਪਲਜ਼ ਪ੍ਰੈਸ' ਰਾਮ ਗਲੀ ਵਿਚ ਅਖਬਾਰ ਦੇ ਛਪਵਾਣ ਦਾ ਪ੍ਰਬੰਧ ਕੀਤਾ ਗਿਆ।

ਮਾਸਟਰ ਜੀ ਨੇ ਅਜੇ ਪੰਜ ਸਤ ਸੌ ਰੁਪਿਆ ਹੀ ਇਕਠਾ ਕੀਤਾ ਸੀ। ਮੈਨੂੰ ਉਨ੍ਹਾਂ ਦੇ ਉਦਮ ਤੇ ਉਤਸ਼ਾਹ ਪੁਰ ਅਤੇ ਸਿਖਾਂ ਵਿਚ ਉਠ ਰਹੇ ਇਨਕਲਾਬੀ ਉਭਾਰ ਪੁਰ ਭਰੋਸਾ ਸੀ ਕਿ ਅਖਬਾਰ ਜਰੂਰ ਚਲ ਨਿਕਲੇਗਾ ਪਰ ਇਸ ਗਲ ਦਾ ਮੇਰੇ ਦਿਮਾਗ ਵਿਚ ਸੁਪਨਾ ਵੀ ਨਹੀਂ ਸੀ ਕਿ "ਅਕਾਲੀ" ਅਖਬਾਰ ਅਕਾਲੀ ਲਹਿਰ ਦੀ ਅਗਵਾਈ ਕਰਨ ਅਤੇ ਸਿਖ ਜਨਤਾ ਨੂੰ ਕੌਮੀ ਅਜ਼ਾਦੀ ਦੇ ਘੋਲ ਵਿਚ ਹਿਸਾ ਪਾਣ ਦਾ ਇਤਹਾਸਕ ਤੇ ਮਹਾਨਤਾ ਭਰਪੂਰ ਕਾਰਨਾਮਾ ਕਰ ਵਿਖਾਏਗਾ ਅਤੇ ਇਸ ਇਤਹਾਸਕ ਮਹਾਨਤਾ ਵਿਚ ਮੈਂ ਵੀ ਹਿਸੇਦਾਰ ਗਿਣਿਆ ਜਾਵਾਂਗਾ। ਜ਼ਿਥੋਂ ਤਕ ਮੈਨੂੰ ਯਾਦ ਹੈ, ਇਸ ਵੇਲੇ ਸਿਖਾਂ ਦਾ ਕੋਈ ਰੋਜ਼ਾਨਾ ਰਾਜਸੀ ਅਖਬਾਰ ਨਹੀਂ ਸੀ। ਕੁਝ ਹਫਤੇਵਾਰ ਗੁਰਮੁਖੀ ਤੇ ਉਰਦੂ ਅਖਬਾਰ ਸਨ। ਉਹ ਨਰਮ ਖਿਆਲੀਏ ਸਨ। ਉਹ ਵਧੇਰੇ ਮਜ਼ਹਬੀ ਜਾਂ ਵਿਦਅਕ



Digitized by Panjab Digital Library | www.panjabdigilib.org

ਲੇਖ ਲਿਖਦੇ ਸਨ। ਦੇਸ਼ ਦੀ ਆਜ਼ਾਦੀ ਲਈ ਸਾਂਝੇ ਕੌਮ ਘੋਲ ਵਿਚ ਹਿਸਾ ਲੈਣ ਲਈ ਪ੍ਰੇਰਨਾ ਕਰਨ ਵਾਲਾ ਕੋਈ ਅਖਬਾਰ ਨਹੀਂ ਸੀ। ਉਨ੍ਹਾਂ ਦਾ ਦਾਇਰਾ ਤੰਗ ਸੀ। ੧੯੧੪ ਵਿਚ ਇਕ "ਸਚਾ ਢੰਢੋਰਾ" ਹਫਤੇ ਵਿਚ ਦੋ ਵੇਰ ਛਪਣ ਵਾਲਾ ਕੜਾਕੇਦਾਰ ਰਾਜਸੀ ਅਖਬਾਰ ਲਾਇਲਪੁਰ ਤੋਂ ਜਾਰੀ ਕੀਤਾ ਗਿਆ ਸੀ। ਉਸ ਨੂੰ ਜਾਰੀ ਕਰਨ ਵਿਚ ਵੀ ਮਾਸਟਰ ਸੁੰਦਰ ਸਿੰਘ ਦਾ ਹਿਸਾ ਸੀ। ਪਰ ਹਕੂਮਤ ਨੇ ਉਸ ਨੂੰ ਛੇ ਮਹੀਨੇ ਵੀ ਨਹੀਂ ਸੀ ਚਲਣ ਦਿਤਾ।

ਅਕਾਲੀ ਅਖਬਾਰ ਦਾ ਪਹਿਲਾ ਪਰਚਾ ਤਿਆਰ ਕੀਤਾ ਗਿਆ ਜਿਥੋਂ ਤਕ ਮੈਨੂੰ ਯਾਦ ਹੈ ਇਸ ਦੇ ਮੁਖ ਲੇਖ ਵਿਚ ਇਸ ਦੀ ਲੋੜ ਤੇ ਮਹਾਨਤਾ ਦਸਦਿਆਂ ਹੋਇਆਂ ਇਸ ਦੇ ਸਾਮ੍ਹਣੇ ਹੇਠਾਂ ਲਿਖੇ ਪੰਜ ਮੁਖ ਆਸ਼ੇ ਰਖੇ ਗਏ:—

੧. ਗੁਰਦੁਆਰਿਆਂ ਦਾ ਮਹੰਤੀ ਤੇ ਸਰਬਰਾਹੀ ਪ੍ਰਬੰਧ ਖਤਮ ਕਰਕੇ ਇਨ੍ਹਾਂ ਨੂੰ ਸਿਖ ਸੰਗਤਾ ਦੇ ਜਮਹੂਰੀ ਪ੍ਰਬੰਧ ਵਿਚ ਲਿਆਉਣਾ।

੨. ਖਾਲਸਾ ਕਾਲਜ ਨੂੰ ਸਰਕਾਰੀ ਪ੍ਰਬੰਧ ਵਿਚੋਂ ਕਢਕੇ ਖਾਲਸ ਸਿਖਾਂ ਦੇ ਜਮਹੂਰੀ ਪ੍ਰਬੰਧ ਵਿਚ ਲਿਆਉਣਾ।

੩. ਸਰਕਾਰ ਦੇ ਹਥੋਂ ੧੯੧੩ ਵਿਚ ਢਾਹੀ ਗਈ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਪਹਿਲਾਂ ਵਾਂਗ ਹੀ ਉਸਰਵਾਣਾ।

੪. ਸਿਖ ਜਨਤਾ ਵਿਚ ਰਾਜਸੀ ਤੇ ਕੌਮੀ ਜਾਗਰਤੀ ਪੈਦਾ ਕਰਕੇ ਉਸ ਨੂੰ ਦੇਸ਼ ਦੇ ਸਾਂਝੇ ਆਜ਼ਾਦੀ ਦੇ ਘੋਲ ਵਿਚ ਸ਼ਾਮਲ ਹੋਕੇ ਵਧ ਚੜ੍ਹਕੇ ਹਿਸਾ ਲੈਣ ਲਈ ਉਤਸ਼ਾਹ ਦੇਣਾ।

੫. ਪੰਚੈਤੀ ਅਸੂਲਾਂ ਮੁਤਾਬਕ ਸਿਖਾਂ ਦੀ ਪ੍ਰਤਿਨਿਧ ਜਥੇਬੰਦੀ ਬਣਵਾਉਣੀ। (ਚੀਫ ਖਾਲਸਾ ਦੀਵਾਨ ਵਿਚ



Digitized by Panjab Digital Library | www.panjabdigilib.org

ਨਾਮਜ਼ਦਗੀ ਵਧੇਰੇ ਸੀ, ਚੋਣ ਦਾ ਅੰਸ਼ ਘਟ ਸੀ ਤੇ ਇਸ ਦੇ ਮੁਖੀਆਂ ਦੀ ਸਰਕਾਰ-ਪੂਜ ਨੀਤੀ ਦੇ ਕਾਰਨ ਇਸ ਵਲੋਂ ਸਿਖ ਜਨਤਾ ਬਹੁਤ ਅਸੰਤੁਸ਼ਟ ਸੀ)।

ਅਕਾਲੀ ਅਖਬਾਰ ਦਾ ਪਹਿਲਾ ਪਰਚਾ ਮੇਰੇ ਪਾਸ ਨਹੀਂ। ਏਹ ਮੈਂ ਆਪਣੀ ਚੇਤਾ-ਸ਼ਕਤੀ ਉਪਰ-ਜ਼ੋਰ ਪਾ ਕੇ ਹੀ ਲਿਖ ਰਿਹਾ ਹਾਂ। ਜਿਥੋਂ ਤਕ ਮੈਨੂੰ ਯਾਦ ਹੈ ਈਹੋ ਉਪਰ ਲਿਖੇ ਪੰਜ ਆਸ਼ੇ ਹੀ ਉਸ ਵੇਲੇ ਸਾਮ੍ਹਣੇ ਰਖੇ ਗਏ ਸਨ। ਲਿਖੇ ਭਾਵੇਂ ਹੋਰ ਸ਼ਬਦਾਂ ਵਿਚ ਗਏ ਹੋਣਗੇ।

ਉਸ ਵੇਲੇ ਸੁਧਾਰਵਾਦ ਤੇ ਇਨਕਲਾਬੀ ਸਿਧਾਂਤਾਂ ਦਾ ਸਪਸ਼ਟ ਨਿਰਣਾ ਸਾਡੇ ਸਾਹਮਣੇ ਨਹੀਂ ਸੀ। ਅਸੀਂ ਜਮਹੂਰੀਅਤ ਤੇ ਕੌਮੀ ਆਜ਼ਾਦੀ ਦੇ ਜ਼ਬਰਦਸਤ ਹਾਮੀ ਸਾਂ। ਇਸੇ ਵਾਸਤੇ ਇਕੋ ਤਾਂ ਗੁਰਦੁਆਰਿਆਂ ਦਾ ਪ੍ਰਬੰਧ ਤੇ ਸਿਖਾਂ ਦੀ ਇਕ ਪ੍ਰਤਿਨਿਧ ਜਥੇਬੰਦੀ ਨੂੰ ਜਮਹੂਰੀ ਅਸੂਲਾਂ ਮੁਤਾਬਕ ਬਣਾਉਣ ਪੁਰ ਜ਼ੋਰ ਦੇਂਦੇ ਸਾਂ। ਦੂਜੇ ਕੌਮੀ ਆਜ਼ਾਦੀ ਦੇ ਸਾਂਝੇ ਘੋਲ ਵਿਚ ਸ਼ਾਮਲ ਹੋ ਕੇ ਵਧ ਚੜ੍ਹ ਕੇ ਕੁਰਬਾਨੀਆਂ ਕਰਨ ਲਈ ਸਿਖਾਂ ਨੂੰ ਪ੍ਰੇਰਦੇ ਸਾਂ ਅਤੇ ਪੁਰਾਣੀਆਂ ਇਤਹਾਸਕ ਤੇ ਨਵੀਆਂ ਇਨਕਲਾਬੀ ਸਰਗਰਮੀਆਂ ਦੀ ਹਮਾਇਤ ਕਰਦੇ ਸਾਂ। ਈਹੋ ਨਵੀਂ ਪਾਲਸੀ ਅਕਾਲੀ ਨੂੰ ਪੰਜਾਬ ਦੇ ਪਹਿਲੇ ਸਿਖ ਤੇ ਹੋਰ ਅਖਬਾਰਾਂ ਨਾਲੋਂ ਨਿਖੇੜਦੀ ਸੀ। ਅਕਾਲੀ ਦੇ ਨਵੇਂ ਰੰਗ ਵਿਚ ਰੰਗੇ ਹੋਏ ਲੇਖ ਤੇ ਕਵਿਤਾਵਾਂ ਨੇ ਇਸ ਨੂੰ ਬਹੁਤ ਛੇਤੀ ਲੋਕਾਂ ਵਿਚ ਹਰਮਨ ਪਿਆਰਾ ਬਣਾ ਦਿਤਾ। ਇਸ ਦੇ ਪਹਿਲੇ ਪਰਚੇ ਵਿਚ ਮੈਂ ਇਕ ਕਵਿਤਾ ਵੀ ਲਿਖੀ ਸੀ। ਜਿਸ ਦਾ ਸਿਰਲੇਖ ਸੀ:-

"ਆ ਗਿਆ ਫੇਰ ਅਕਾਲੀ ਜੇ"



Digitized by Panjab Digital Library | www.panjabdigilib.org

ਅਕਾਲੀ ਫੂਲਾ ਸਿੰਘ ਜੀ ਦੀ ਕੁਰਬਾਨੀ, ਨਿਡਰਤਾ, ਸੂਰਬੀਰਤਾ, ਤੇ ਨਿਰਭੈਤਾ ਦੇ ਵਿਰਸੇ ਨੂੰ ਅਖਬਾਰ ਰਾਹੀਂ ਸਿਖ ਜਨਤਾ ਵਿਚ ਭਰਨ ਲਈ ਹੀ ਇਸ ਦਾ ਨਾਂ 'ਅਕਾਲੀ' ਰਖਿਆ ਗਿਆ ਸੀ। ਉਹ ਕਵਿਤਾ ਮੈਂ ਹੇਠਾਂ ਦਰਜ ਕਰਦਾ ਹਾਂ ਜਿਸ ਤੋਂ ਅਜ ਤੋਂ ੩੫ ਸਾਲ ਪਹਿਲਾਂ ਦੇ ਮੇਰੇ ਵਿਚਾਰਾਂ ਪੁਰ ਅਤੇ "ਅਕਾਲੀ" ਦੀ ਨੀਤੀ ਪੁਰ ਕੁਝ ਚਾਨਣਾ ਪਏਗਾ :-

## ਆ ਗਿਆ ਫੇਰ ਅਕਾਲੀ ਜੇ

ਅਖਾਂ ਖੋਲ੍ਹੋ ਢਿਲੜ ਵੀਰੋ,
ਆ ਗਿਆ ਫੇਰ ਅਕਾਲੀ ਜੇ।
ਝੰਡਾ ਫੜਿਆ ਹਥ ਸਚ ਦਾ,
ਜੋਤ ਮਾਰਦੀ ਲਾਲੀ ਜੇ।

———

ਜਿਸ ਦੇ ਹੁੰਦੇ ਕੌਮ ਸਾਡੀ ਵਲ,
ਅੱਖ ਨਾ ਕੋਈ ਉਠਾਂਦਾ ਸੀ।
ਸੁਣ ਕੇ ਨਾ ਅਕਾਲੀ ਜੀ ਦਾ,
ਕੰਨਾਂ ਨੂੰ ਹਥ ਲਾਂਦਾ ਸੀ।
ਰਾਜਾ ਸ਼ੇਰ ਪੰਜਾਬ ਜਿਹਾ ਵੀ,
ਉਸ ਕੋਲੋਂ ਭੈ ਖਾਂਦਾ ਸੀ।
ਸੱਚਾ ਪਹਿਰੇਦਾਰ ਕੌਮ ਦਾ,
ਫੂਲਾ ਸਿੰਘ ਸਦਾਂਦਾ ਸੀ।
ਕਿਤਨਾ ਪਿਆ ਹਨੇਰ ਭਰਾਵੋ,
ਬਾਗ ਉਜਾੜੇ ਮਾਲੀ ਜੇ।
ਅਖਾਂ ਖੋਲ੍ਹੋ..................

———



Digitized by Panjab Digital Library | www.panjabdigilib.org

ਅਖੀਂ ਵੇਖ ਬੇਅਦਬੀ ਹੁੰਦੀ,
ਬੀਰ ਨ ਕਦੀ ਸਹਾਰ ਸਕੇ।
ਜਿਸ ਨੇ ਸੀਸ ਤਲੀ ਤੇ ਧਰਿਆ,
ਉਸ ਨੂੰ ਕੋਈ ਨਾ ਮਾਰ ਸਕੇ।
ਜੀਉਂਦੇ ਹੋਣ ਅਕਾਲੀ ਵਰਗੇ,
ਕੌਮ ਕਦੀ ਨਾ ਹਾਰ ਸਕੇ।
ਨਾ ਕੋਈ ਉਸ ਦਾ ਕਾਲਜ ਖੋਹੇ,
ਨਾ ਕੋਈ ਖੋਹ ਦਰਬਾਰ ਸਕੇ।

ਇਕ ਅਕਾਲੀ ਬਾਝੋਂ ਯਾਰੋ,
ਬਣ ਗਈ ਕੌਮ ਪ ਾਲੀ ਜੇ।
ਅਖਾਂ ਖੋਲ੍ਹੋ ਵਿਲੜ ਵੀਰੋ...........

---

ਮਸੇ ਨਾਲੋਂ ਵਧ ਮਸਿਆ,
ਪੈ ਗਈ ਵਿਚ ਦਰਬਾਰ ਤਕੋ।
ਸੁਚਾ ਖੂਨ ਸ਼ਹੀਦਾਂ ਦਾ ਪਈ,
ਹੁੰਦਾ ਪਿਆ ਖਵਾਰ ਤਕੋ।
ਪਿਆਰੇ ਮਨੀ ਸਿੰਘ ਦੀ ਰੂਹ ਨੂੰ,
ਪੁਛ ਕੇ ਅਜ ਇਕ ਵਾਰ ਤਕੋ।
ਨੌਕਰੀਆਂ ਤੇ ਜਗੀਰਾਂ ਬਦਲੇ,
ਵਿਕਦੀ ਕੌਮ ਬਾਜ਼ਾਰ ਤਕੋ।
ਉਫ ਤੇ ਹਾਇ ਨਾ ਮੂੰਹ ਤੋਂ ਨਿਕਲੇ,
ਸੀਨਾ ਦਰਦੋਂ ਖਾਲੀ ਜੇ।
ਅਖਾਂ ਖੋਲ੍ਹੋ.......................

---



Digitized by Panjab Digital Library | www.panjabdigilib.org

ਹੁਣ ਤਾਂ ਫੇਰ ਅਕਾਲੀ ਆ ਗਿਆ,
ਡੰਕਾ ਸਚ ਵਜਾਏਗਾ।
ਦੇਸ਼ ਦੇਸ਼ਾਂਤਰ ਫਿਰਕੇ ਸਾਰੇ,
ਨਿਰਭੈ ਗੀਤ ਸੁਣਾਏਗਾ।
ਵਿਚ ਗੁਲਾਮੀ ਬਧਿਆਂ ਤਾਈ,
ਈਹੋ ਵੀਰ ਛੁਡਾਏਗਾ।
ਡਿਗਿਆਂ ਢਠਿਆਂ, ਫਟਿਆਂ ਤਾਈਂ,
ਛਾਤੀ ਨਾਲ ਲਗਾਏਗਾ।
ਸੁਕਾ ਹੋਇਆ ਬਾਗ਼ ਸਿੰਜਸੀ,
ਭਾਰਤ ਦਾ ਬਣ ਮਾਲੀ ਜੇ।
ਅਖਾਂ ਖੋਲੋ.......................

———

ਇਕ ਪਿਤਾ ਦੇ ਪੁੱਤਰ ਸਾਰੇ,
ਈਹੋ ਪਾਠ ਪੜ੍ਹਾਵੇਗਾ।
ਕਾਲਾ ਚਿੱਟਾ ਰੰਗ ਕੁਦਰਤੀ,
ਭੇਦ ਭਾਵ ਕੂੰ ਮਿਟਾਵੇਗਾ।
ਰਾਜਾ ਪਰਜਾ ਦੋਹਾਂ ਤਾਈਂ,
ਸਚਾ ਪ੍ਰੇਮ ਸਿਖਾਵੇਗਾ।
ਖ਼ੁਦਗਰਜ਼ੀ ਦੀ ਫਾਹੀ ਵਿਚੋਂ,
ਕੌਮੀ ਜਿੰਦ ਛੁਡਾਵੇਗਾ।
ਧਰਮੀ, ਜੋਧੇ, ਕੌਮੀ ਰਾਖੇ,
ਦਿਤੀ ਆਣ ਦਿਖਾਲੀ ਜੇ।

———



Digitized by Panjab Digital Library | www.panjabdigilib.org

ਕੁਰਬਾਨੀ ਦਾ ਅੰਮ੍ਰਿਤ ਪਾ ਕੇ,
ਗੈਰਤ ਮੋਈ ਜਿਵਾਏਗਾ।
ਠੂਠਾ ਫੜ ਕੇ ਦਰ ਦਰ ਮੰਗਣ–
ਵਾਦੀ ਦੂਰ ਹਟਾਵੇਗਾ।
ਆਪਣੇ ਉਤੇ ਭਰੋਸਾ ਰਖਣਾ,
ਐਸਾ ਯਾਦ ਕਰਾਏਗਾ।
ਅਸੀਂ ਹਿੰਦ ਦੇ ਹਿੰਦ ਅਸਾਡਾ,
ਬੱਚਾ ਬੱਚਾ ਗਾਵੇਗਾ।

---

ਦੂਰ ਹੋਣਗੇ ਸਾਰੇ ਦੁਖੜੇ,
ਵਰਤੇਗੀ ਖੁਸ਼ਹਾਲੀ ਜੇ।
ਅਖਾਂ ਖੋਲ੍ਹੋ........................

---

ਜ਼ਾਹਰ ਹੈ ਕਿ ਇਹ ਕਵਿਤਾ ਬੜੀ ਸਰਲ ਤੇ ਸਾਦੀ ਹੈ ਵਿਚਾਰਾਂ ਵਿਚ ਕਚਿਆਈ ਹੈ ਪਰ ਦੇਸ਼ ਤੇ ਪੰਥ ਦੀ ਸੇਵਾ ਦੇ ਜੋਸ਼ ਨਾਲ ਭਰਪੂਰ ਹੈ। ਇਸ ਨੂੰ ਲੋਕਾਂ ਨੇ ਬੜਾ ਪਸੰਦ ਕੀਤਾ ਅਤੇ ਮੈਨੂੰ ਹਰ ਪਰਚੇ ਵਿਚ ਕਵਿਤਾ ਲਿਖਣ ਲਈ ਚਿਠੀਆਂ ਆਉਣ ਲਗ ਪਈਆਂ। ਇਸ ਤੋਂ ਮਗਰੋਂ ਰਾਜਸੀ ਘੋਲਾਂ ਦੇ ਤਜਰਬਿਆਂ ਅਤੇ ਵਿਗਆਨਕ ਸਮਾਜਵਾਦ ਦੇ ਵਿਚਾਰਾਂ ਨੇ ਮੇਰੇ ਖਿਆਲਾਂ ਵਿਚ ਬਹੁਤੀ ਤਬਦੀਲੀ ਪੈਦਾ ਕਰ ਦਿਤੀ।

'ਅਕਾਲੀ' ਦੇ ਜਾਰੀ ਹੋਣ ਦੀ ਢਿਲ ਸੀ ਕਿ ਦੇਸ਼ ਪਰਦੇਸ ਵਿਚੋਂ ਉਤਸ਼ਾਹ ਭਰਪੂਰ ਚਿਠੀਆਂ ਆਉਣ ਲਗ ਪਈਆਂ। ਰੁਪਿਆ ਦੀ ਬਰਖਾ ਹੋਣ ਲਗ ਪਈ। ਸ਼ਹਿਰਾਂ ਤੇ ਪਿੰਡਾਂ ਵਿਚ ਸਵੇਰ ਵੇਲੇ ਈਦ ਦੇ ਚੰਨ ਵਾਂਙ ਅਕਾਲੀ ਦੀ ਉਡੀਕ ਹੋਣ ਲਗੀ।



Digitized by Panjab Digital Library | www.panjabdigilib.org

ਜਿਥੇ ਪਰਚਾ ਜਾਂਦਾ, ਗੁਰਦੁਆਰਿਆਂ ਜਾਂ ਪਰ੍ਹਿਆਂ ਵਿਚ ਲੋਕੀ ਬਹਿ ਜਾਂਦੇ ਅਤੇ ਅਖੰਡ ਪਾਠ ਵਾਂਙ ਸ਼ੁਰੂ ਤੋਂ ਲੈਕੇ ਅਖੀਰ ਤਕ ਇਸ ਨੂੰ ਪੜ੍ਹਿਆ ਤੇ ਸੁਣਿਆ ਜਾਂਦਾ। ਇਸ ਦੀਆਂ ਕਵਿਤਾਵਾਂ ਯਾਦ ਕਰਕੇ ਦੀਵਾਨਾਂ ਵਿਚ ਪੜ੍ਹੀਆਂ ਜਾਂਦੀਆਂ। ਅਕਾਲੀ ਦੇ ਪਹਿਲੇ ਪਰਚੇ ਵਿਚ ਦਰਜ ਪੰਜ ਆਸ਼ੇ ਸਿਖ ਜਨਤਾ ਨੂੰ ਜਗਾਉਣ ਤੇ ਜਥੇ-ਬੰਦ ਹੋਣ ਦੇ ਨਾਹਰੇ ਬਣ ਗਏ। ਜਿਸ ਦਲੇਰੀ ਤੇ ਨਿਰਭੈਤਾ ਨਾਲ "ਅਕਾਲੀ" ਵਿਚ ਅੰਗਰੇਜ਼ੀ ਰਾਜ ਤੇ ਅਤਿਆਚਾਰ ਨੰਗੇ ਕੀਤੇ ਜਾਂਦੇ ਤੇ ਹਿੰਦੂ-ਮੁਸਲਮ-ਸਿਖ ਏਕਤਾ ਤੇ ਦੇਸ਼ ਦੀ ਆਜ਼ਾਦੀ ਲਈ ਕੜਾਕੇ ਦਾਰ ਪਰਚਾਰ ਕੀਤਾ ਜਾਂਦਾ, ਹੋਰ ਉਰਦੂ ਅਖਬਾਰਾਂ ਵਿਚ ਵੀ ਘਟ ਵਧ ਹੁੰਦਾ, ਇਸੇ ਕਰ ਕੇ ਕਈ ਹਿੰਦੂਆਂ ਤੇ ਮੁਸਲਮਾਣਾਂ ਨੇ ਅਕਾਲੀ ਅਖਬਾਰ ਪੜ੍ਹਨ ਦੀ ਖਾਤਰ ਓਦੋਂ ਗੁਰਮੁਖੀ ਪੜ੍ਹੀ ਸੀ।

ਪਰ ਇਹ ਵੇਖਕੇ ਹਕੂਮਤ ਤੇ ਸਿਖਾਂ ਦੀ ਪੁਰਾਣੀ ਲੀਡਰ-ਸ਼ਿਪ ਘਬਰਾ ਉਠੀ। ਅਕਾਲੀ ਦੀ ਵਿਰੋਧਤਾ ਕਰਨ ਤੇ ਹਕੂਮਤ ਨਾਲ ਮਿਲ ਵਰਤਨ ਕਰਨ ਦਾ ਉਪਦੇਸ਼ ਦੇਣ ਵਾਲੇ ਹੋਰ ਰੋਜ਼ਾਨਾ ਅਖਬਾਰ ਜਾਰੀ ਕਰਾਏ ਗਏ। ਇਸ ਪਰਚਾਰ ਲਈ ਹਕੂਮਤ ਵਲੋਂ ਤੇ ਸਿਖ ਸਰਦਾਰਾਂ ਵਲੋਂ ਪਾਣੀ ਵਾਂਗ ਧਨ ਖਰਚਿਆ ਜਾਣ ਲਗਾ ਪਰ ਇਨ੍ਹਾਂ ਅਖਬਾਰਾਂ ਨੂੰ ਹੁਣ ਪੜ੍ਹੇ ਕੌਣ ? ਮੁਫਤ ਭੇਜੇ ਹੋਏ ਪਰਚੇ ਵੀ ਲੋਕੀ ਧੰਨਵਾਦ ਸਾਹਿਤ ਵਾਪਸ ਭੇਜ ਦੇਂਦੇ। ਕਈ ਜੋਸ਼ੀਲੇ ਨੌਜਵਾਨ ਉਨ੍ਹਾਂ ਨੂੰ ਮਸਾਲੇਦਾਰ ਖਤ ਲਿਖ ਭੇਜਦੇ।

ਹਕੂਮਤ ਨੇ ਹੁਣ ਅਕਾਲੀ ਦੇ ਐਡੀਟਰਾਂ ਦੀਆਂ ਗ੍ਰਿਫਤਾ-ਰੀਆਂ, ਪ੍ਰੈਸ ਦੀਆਂ ਜਮਾਨਤਾਂ ਦੀਆਂ ਜਬਤੀਆਂ ਤੇ ਮੁਕਦਮਿਆਂ ਦੇ ਹਥਿਆਰ "ਅਕਾਲੀ" ਵਿਰੁਧ ਵਰਤ ਕੇ ਇਸ ਨੂੰ ਕੁਚਲ ਦੇਣ ਦਾ ਜ਼ੋਰਦਾਰ ਜਤਨ ਅਰੰਭ ਦਿਤਾ। ਮੈਨੂੰ ਠੀਕ ਯਾਦ ਨਹੀਂ ਪਰ ਮੇਰਾ ਖਿਆਲ ਹੈ ਕਿ ਲਾਹੌਰ ਦੇ "ਅਕਾਲੀ" ਦੇ ਢਾਈ ਸਾਲ ਦੇ



Digitized by Panjab Digital Library | www.panjabdigilib.org

ਸਮੇਂ ਵਿਚ ਇਸ ਦੇ ਲਗ ਪਗ ੧੦-੧੨ ਐਡੀਟਰ ਕੈਦ ਹੋਏ ਕਈ ਹਜ਼ਾਰ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ। ੪੦ ਹਜ਼ਾਰ ਦੇ ਹਤਕ ਇਜ਼ਤ ਦੇ ਮੁਕਦਮੇ ਚਲੇ ਤੇ ਡਿਗਰੀਆਂ ਹੋਈਆਂ। ਲਾਹੌਰ ਵਿਚ ਅਕਾਲੀ ਨੂੰ ਛਾਪਣ ਵਾਸਤੇ ਪ੍ਰੈਸ ਦਾ ਮਿਲਣਾ ਮੁਸ਼ਕਲ ਹੋ ਗਿਆ।

੧੯੨੨ ਵਿਚ ਜਦੋਂ ਮੈਂ, ਮੰਗਲ ਸਿੰਘ, ਮਾਸਟਰ ਸੁੰਦਰ ਸਿੰਘ ਤੇ ਕੌਮੀ ਗੁਪਾਲ ਸਿੰਘ ਵੀ ਕੈਦ ਹੋ ਗਏ। ਲਾਹੌਰ ਵਿਚ ਅਕਾਲੀ ਨੂੰ ਚਲੌਣ ਵਾਲਾ ਕੋਈ ਜ਼ਿਮੇਵਾਰ ਨਾ ਰਿਹਾ ਤਾਂ ਪ੍ਰੋ: ਨਰਿੰਜਣ ਸਿੰਘ ਤੇ ਮਾਸਟਰ ਤਾਰਾ ਸਿੰਘ ਜੀ ਅਕਾਲੀ ਕਮੇਟੀ ਦੇ ਹੋਰ ਮੈਂਬਰਾਂ ਨਾਲ ਸਲਾਹ ਕਰਕੇ ਇਸ ਨੂੰ ਅਮ੍ਰਿਤਸਰ ਲੈ ਗਏ। "ਪ੍ਰਦੇਸੀ ਖਾਲਸਾ" ਅਖਬਾਰ ਨਾਲ ਰਲਾਕੇ ਇਸ ਦਾ ਨਾਂ "ਅਕਾਲੀ ਤੇ ਪ੍ਰਦੇਸੀ" ਰਖਕੇ ਜਾਰੀ ਕੀਤਾ। ਹੁਣ ਅਕਾਲੀ ਇਕ ਤਰ੍ਹਾਂ ਦਾ ਅਕਾਲੀ ਲਹਿਰ ਦਾ ਹੀ ਪਰਚਾ ਬਣ ਗਿਆ। ਇਸ ਵਿਚ ਅਕਾਲੀ ਮੋਰਚਿਆਂ ਦੀਆਂ ਖਬਰਾਂ ਤੇ ਮਜ਼ਮੂਨ ਵਧੇਰੇ ਛਪਦੇ। ਲਾਹੌਰ ਦੇ "ਅਕਾਲੀ" ਵਾਲੀ ਕੌਮੀ ਆਜ਼ਾਦੀ ਦੀ ਸਵਤੰਤਰ ਪਾਲਸੀ ਖਤਮ ਹੋ ਗਈ।

"ਅਕਾਲੀ" ਦੀ ਪਾਲਸੀ ਤੇ ਇਸ ਦੇ ਪ੍ਰਬੰਧ ਵਿਚ ਮਗਰੋਂ ਕਈ ਤਬਦੀਲੀਆਂ ਹੋਂਦੀਆਂ ਰਹੀਆਂ। ਮੈਂ ਵੀ ੧੯੨੪ ਵਿਚ ਰਿਹਾ ਹੋਕੇ ਦੋ ਕੁ ਵਰ੍ਹੇ ਹੋਰ ਅਕਾਲੀ ਵਿਚ ਕੰਮ ਕੀਤਾ ਪਰ ਮੈਂ ਸਮਝਦਾ ਹਾਂ ਲਹੌਰ ਵਾਲੇ "ਅਕਾਲੀ" ਦੀ ਦੋ ਢਾਈ ਵਰ੍ਹੇ ਦੀ ਸੇਵਾ ਕਾਂਗਰਸ ਤੇ ਅਕਾਲੀ ਲਹਿਰ ਦੇ ਇਤਹਾਸ ਵਿਚ ਖਾਸ ਮਹਾਨਤਾ ਰਖਦੀ ਹੈ। ਅਤੇ ਸਿਖ ਜਨਤਾ ਵਿਚ ਗੁਰਦੁਆਰਾ ਸੁਧਾਰ, ਦੇਸ਼ ਪਿਆਰ ਤੇ ਕੌਮੀ ਆਜ਼ਾਦੀ ਦਾ ਜੋਸ਼ ਭਰਕੇ ਮੈਦਾਨ ਵਿਚ ਲਿਆਉਣ ਵਿਚ ਇਸ ਨੇ ਖਾਸ ਹਿਸਾ ਪਾਇਆ ਹੈ। ਇਸ



Digitized by Panjab Digital Library | www.panjabdigilib.org

ਤੋਂ ਮਗਰੋਂ ਦਾ "ਅਕਾਲੀ" ਮੁਕੰਮਲ ਤੌਰ ਪੁਰ ਸ਼੍ਰੋ: ਗੁ: ਕਮੇਟੀ ਤੇ ਅਕਾਲੀ ਪਾਰਟੀ ਦੀ ਪਾਲਸੀ ਪੁਰ ਚਲਦਾ ਰਿਹਾ । ੧੯੨੬ ਵਿਚ ਮੈਂ "ਅਕਾਲੀ" ਤੋਂ ਅੱਡ ਹੋ ਕੇ "ਫੁਲਵਾੜੀ" ਰਾਹੀਂ ਸਵਤੰਤਰ ਸਾਹਿਤਕ ਤੇ ਰਾਜਸੀ ਸੇਵਾ ਕਰਨ ਲਗ ਪਿਆ ।

Dard dissociation with Akali in 1926 & started his monthly Phulwari

---



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਗੁਰਦੁਆਰਾ ਰਕਾਬ ਗੰਜ
# ਅਕਾਲੀ ਲਹਿਰ ਦੀ ਪਹਿਲੀ ਸ਼ਾਨਦਾਰ ਜਿੱਤ

## ੧.

੧੯੨੦ ਵਿਚ 'ਅਕਾਲੀ' ਅਖਬਾਰ ਜਾਰੀ ਹੋਣ ਮਗਰੋਂ ਗੁਰਦੁਆਰਾ ਰਕਾਬ ਗੰਜ ਦਾ ਸੁਆਲ ਅਕਾਲੀ ਲਹਿਰ ਦੇ ਅੰਦੋਲਨ ਦਾ ਧੁਰਾ ਬਣ ਗਿਆ ਸੀ। ਇਹ ਪ੍ਰਸ਼ਨ ਕਿਸ ਤਰ੍ਹਾਂ ਖੜਾ ਹੋਇਆ ਤੇ ਇਸ ਨੇ ਅਕਾਲੀ ਲਹਿਰ ਦੇ ਅੰਦੋਲਨ ਨੂੰ ਤੇਜ਼ ਕਰਨ ਵਿਚ ਕਿਤਨਾ ਸਟੀਮ ਭਰਿਆ ? ਇਸ ਨੂੰ ਵਿਸਥਾਰ ਨਾਲ ਦਸਣ ਤੋਂ ਪਹਿਲਾਂ ਜਰੂਰੀ ਮਲੂਮ ਹੋਂਦਾ ਹੈ ਕਿ ਇਸ ਦੇ ਆਰੰਭਕ ਇਤਹਾਸ ਦੇ ਕੁਝ ਇਸ਼ਾਰੇ ਵੀ ਦਸ ਦਿਤੇ ਜਾਣ।

ਗੁਰਦੁਆਰਾ ਰਕਾਬ ਗੰਜ ਦੀ ਨੀਂਹ ਵਿਚ ਉਸ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਲਹੂ ਡੁਲ੍ਹਿਆ ਹੋਇਆ ਹੈ, ਜਿਨ੍ਹਾਂ ਨੇ ਭਾਰਤ ਦੀ ਦੁਖੀ ਜਨਤਾ ਨੂੰ ਬਚਾਉਣ ਲਈ, ਔਰੰਗਜ਼ੇਬੀ ਅਨਿਆਂਇ ਤੇ ਜ਼ੁਲਮ ਦੇ ਵਿਰੁਧ ਰੋਸ ਪ੍ਰਗਟ ਕਰਦਿਆਂ ਹੋਇਆ ਚਾਂਦਨੀ ਚੌਕ ਵਿਚ ਆਪਣਾ ਸੀਸ ਬਲੀਦਾਨ ਕੀਤਾ ਸੀ।

ਔਰੰਗਜ਼ੇਬ ਨੂੰ ਆਪਣੇ ਰਾਜਸੀ ਬਲ—ਫੌਜਾਂ ਤੇ ਸ਼ਹਿਨ ਸ਼ਾਹੀ ਪੁਰ ਬੜਾ ਮਾਣ ਸੀ। ਉਸ ਨੇ ਖਿਆਲ ਕੀਤਾ ਸੀ ਕਿ ਉਸ ਦੀ ਜ਼ੁਲਮੀ ਰਾਜਨੀਤੀ ਦਾ ਵਿਰੋਧ ਕਰਨ ਵਾਲੇ ਗੁਰੂ ਤੇਗ ਬਹਾਦਰ ਨੂੰ ਖੁਲ੍ਹੇ ਮੈਦਾਨ ਚਾਂਦਨੀ ਚੌਕ ਵਿਚ ਹਜ਼ਾਰਾਂ ਲੋਕਾਂ ਦੇ



Digitized by Panjab Digital Library | www.panjabdigilib.org

ਸਾਮ੍ਹਣੇ ਕਤਲ ਕਰਕੇ ਲੋਕਾਂ ਨੂੰ ਭੈ ਭੀਤ ਕਰ ਦਏਗਾ ਤੇ ਆਪਣੀ ਵਿਰੋਧਤਾ ਨੂੰ ਕੁਚਲ ਦਏਗਾ ਪਰ ਉਹ ਬਹੁਤ ਭੁਲੇਖੇ ਵਿਚ ਸੀ। ਉਸ ਨੂੰ ਪਵਿਤ੍ਰ ਸ਼ਹੀਦੀ ਖ਼ੂਨ ਦੀ ਅਮਰ ਸ਼ਕਤੀ ਦਾ ਕੋਈ ਅਨੁਮਾਨ ਨਹੀਂ ਸੀ। ਉਸ ਦੇ ਫੌਜੀ ਪਹਿਰਿਆਂ ਦੀਆਂ ਲਿਸ਼ਕਦੀਆਂ ਤਲਵਾਰਾਂ ਤੇ ਬੀੜੀਆਂ ਹੋਈਆਂ ਬੰਦੂਕਾਂ ਵਿਚੋਂ ਹੀ ਸ਼ਹੀਦੀ ਖ਼ੂਨ ਦੇ ਪੈਦਾ ਕੀਤੇ ਹੋਏ ਜੋਧੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਅਤੇ ਧੜ ਸਤਿਕਾਰ ਨਾਲ ਸਸਕਾਰ ਕਰਨ ਵਾਸਤੇ ਉਠਾਕੇ ਲੈ ਗਏ! ਭਾਈ ਜੀਵਨ ਸਿੰਘ ਰੰਗਰੇਟੇ ਗੁਰੂ ਕੇ ਬੇਟੇ ਨੇ ਗੁਰੂ ਜੀ ਦਾ ਸੀਸ ਕੀਰਤ ਪੁਰ ਵਿਚ ਗੁਰੂ ਗੋਬਿੰਦ ਸਿੰਘ ਪਾਸ ਜਾ ਪਹੁੰਚਾਂਇਆ ਸੀ ਅਤੇ ਪਿੰਡ ਰਕਾਬ ਗੰਜ ਦੇ ਰਹਿਣ ਵਾਲੇ ਇਕ ਗਰੀਬ ਸਿਖ ਲਖੀ ਵਣਜਾਰੇ ਨੇ ਪਹਿਰੇਦਾਰਾਂ ਦੀ ਅਖੀਂ ਘਟਾ ਪਾ ਕੇ ਗੁਰੂ ਸਾਹਿਬ ਦੀ ਲੋਥ ਉਠਾ ਲਿਆਂਦੀ ਸੀ ਅਤੇ ਆਪਣੇ ਮਕਾਨ ਅੰਦਰ ਰੂੰ ਦੇ ਬੋਰਿਆਂ ਵਿਚ ਰਖ ਕੇ ਅਰਦਾਸਾ ਕਰਕੇ ਸਾਰੇ ਮਕਾਨ ਨੂੰ ਅਗ ਲਾ ਦਿਤੀ ਸੀ। ਜਿਸ ਗਲ ਦਾ ਭੇਦ ਬਹੁਤ ਚਿਰ ਮਗਰੋਂ ਖੁਲ੍ਹਿਆ। ਇਹ ਦਲੇਰੀ ਤੇ ਅਦੁਤੀ ਕੁਰਬਾਨੀ ਸ਼ਹੀਦੀ ਲਹੂ ਦੀ ਹੀ ਬਰਕਤ ਸੀ।

੧੭੦੭ ਵਿਚ ਔਰੰਗ ਜ਼ੇਬ ਦੀ ਮੌਤ ਮਗਰੋਂ ਬਹਾਦਰ ਸ਼ਾਹ ਦੀ ਜਿਤ ਸਮੇਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਿਲੀ ਪਧਾਰੇ ਤਾਂ ਆਪਣੇ ਸ਼ਹੀਦ ਪਿਤਾ ਦਾ ਅੰਤਮ ਸਸਕਾਰ-ਅਸਥਾਨ ਪਿੰਡ ਰਕਾਬ ਗੰਜ ਵਿਚ ਲਭ ਕੇ ਮੰਜੀ ਸਾਹਿਖ ਬਣਵਾ ਦਿਤੀ।

ਮਗਰੋਂ ਫਰੁਖਸੀਅਰ ਵਰਗੇ ਅਤਿਆਚਾਰੀ ਪਾਤਸ਼ਾਹਾਂ ਦੇ ਵੇਲੇ ਜਦੋਂ ਸਿਖਾਂ ਦਾ ਖੁਰਾ ਖੋਜ ਮੁਕਾਣ ਦੀ ਮੁਹਿੰਮ ਚਲੀ ਤਾਂ ਇਸ ਸਥਾਨ ਪੁਰ ਵੀ ਮਸੀਤ ਬਣਾ ਦਿਤੀ ਗਈ।

ਸ਼ਾਹ ਆਲਮ ਸਾਨੀ ਦੇ ਸਮੇਂ ਇਕ ਵੇਰਾਂ ਸਿਖ ਮਿਸਲਾਂ



Digitized by Panjab Digital Library | www.panjabdigilib.org

ਨੇ ਅਪਣੀ ਚੜ੍ਹਦੀ ਕਲਾ ਸਮੇਂ ਦਿਲੀ ਨੂੰ ਜਾ ਘੇਰਿਆ ਸੀ। ਉਸ ਸਮੇਂ ਇਕ ਪਾਸੇ ਅੰਗਰੇਜ਼ ਤਾਕਤ ਪਕੜ ਰਹੇ ਸਨ ਦੂਜੇ ਪਾਸੇ ਮਰਹਟੇ ਦਿਲੀ ਪੁਰ ਅਖ ਰਖਦੇ ਸਨ। ਸਾਰੀ ਰਾਜਨੀਤਕ ਅਵਸਥਾ ਨੂੰ ਸਾਮ੍ਹਣੇ ਰਖ ਕੇ ਸਿਖ ਸਰਦਾਰਾਂ ਨੇ ਪਾਤਸ਼ਾਹ ਨਾਲ ਇਸ ਗਲ ਪੁਰ ਸਮਝੌਤਾ ਕਰ ਲਿਆ ਕਿ ਦਿਲੀ ਵਿਚ ਸਿਖ ਇਤਿਹਾਸਕ ਗੁਰਦੁਆਰਿਆਂ ਨੂੰ ਲਭ ਕੇ ਉਥੇ ਇਮਾਰਤਾਂ ਬਨਾਣ ਦੀ ਖੁਲ੍ਹ ਦਿਤੀ ਜਾਵੇ। ਸਰਦਾਰ ਬਘੇਲ ਸਿੰਘ ਕਰੋੜੀਆ ਮਿਸਲ ਦੇ ਸਰਦਾਰ ਨੂੰ ਇਹ ਕੰਮ ਸਪੁਰਦ ਕੀਤਾ ਗਿਆ। ਉਸ ਨੇ ਗੁਰੂ ਤੇਗ ਬਹਾਦਰ ਜੀ ਦਾ ਸਸਕਾਰ-ਅਸਥਾਨ ਲਭ ਕੇ ਮਸੀਤ ਗਿਰਵਾ ਦਿਤੀ ਤੇ ਗੁਰਦੁਆਰਾ ਬਣਵਾ ਦਿਤਾ। ਗੁਰਦੁਆਰੇ ਦੇ ਉਦਾਲੇ ਇਕ ਉੱਚੀ ਕੰਧ ਉਸਾਰ ਦਿਤੀ। ਸ਼ਹੀਦ ਗੁਰੂ ਜੀ ਦੇ ਸਰੀਰ ਦੇ ਸਿਵੇ ਪੁਰ ਉਸਰਿਆ ਹੋਇਆ ਗੁਰਦੁਆਰਾ ਰਕਾਬ ਗੰਜ ਸਿਖ ਜਨਤਾ ਨੂੰ ਸਦਾ ਇਨਕਲਾਬੀ ਇਸ਼ਾਰੇ ਦੇਣ ਵਾਲਾ ਅਸਥਾਨ ਬਣ ਗਿਆ।ਅਜੇਹੇ ਅਸਥਾਨ ਤੋਂ ਹਾਕਮ ਜਮਾਤਾਂ ਸਦਾ ਡਰਦੀਆਂ ਰਹਿੰਦੀਆਂ ਹਨ, ਇਸੇ ਵਾਸਤੇ ਇਨ੍ਹਾਂ ਨੂੰ ਆਪਣੇ ਅਧੀਨ ਰਖਣ ਜਾਂ ਇਨ੍ਹਾਂ ਦੀ ਮਹਾਨਤਾ ਘਟਾਉਣ ਦੇ ਜਤਨ ਕਰਦੀਆਂ ਰਹਿੰਦੀਆਂ ਹਨ।

੧੯੧੧ ਈ: ਵਿਚ ਬਰਤਾਨੀ ਹਕੂਮਤ ਨੇ ਫੈਸਲਾ ਕੀਤਾ ਕਿ ਹਿੰਦ ਦੀ ਰਾਜਧਾਨੀ ਕਲਕਤੇ ਦੀ ਥਾਂ ਦਿਲੀ ਵਿਚ ਬਣਾਈ ਜਾਵੇ। ਨਵੀਂ ਦਿਲੀ ਵਿਚ ਸੈਕੇਰਟ੍ਰੀਏਟ ਤੇ ਅਸੰਬਲੀ ਹਾਲ ਦੇ ਨਾਲ ਹੀ ਜਿਥੇ ਵਾਇਸਰਾਇ ਵਾਸਤੇ ਕੋਠੀ ਬਣਾਉਣ ਦੀ ਥਾਂ ਤਜਵੀਜ ਕੀਤੀ ਗਈ, ਉਥੇ ਬਿਲਕੁਲ ਥੋੜ੍ਹੀ ਵਿਥ ਪੁਰ ਗੁਰਦੁਆਰਾ ਰਕਾਬ ਗੰਜ ਸੀ। ਇਹ ਗਲ ਹਕੂਮਤ ਨੂੰ ਬੜੀ ਚੁਭਦੀ ਸੀ।

ਸਰਕਾਰ ਨੇ ਦਿਲੀ ਦੇ ਠੇਕੇਦਾਰਾਂ ਤੇ ਮਹੰਤ ਨੂੰ ਕਿਹਾ



Digitized by Panjab Digital Library | www.panjabdigilib.org

ਕਿ ਦੇਖੋ ਸੁੰਦਰ ਸਰਕਾਰੀ ਇਮਾਰਤਾਂ ਦੇ ਕੋਲ ਇਹ ਪੁਰਾਣੇ ਨਮੂਨੇ ਦੀ ਕੰਧ ਬੜੀ ਕੋਝੀ ਲਗਦੀ ਹੈ। ਅਸੀਂ ਆਪਣੇ ਖ਼ਰਚ ਪੁਰ ਇਹ ਕੰਧ ਗਿਰਾ ਕੇ ਸੁੰਦਰ ਨਮੂਨੇ ਦੀ ਕੰਧ ਬਣਾ ਦਿਆਂਗਾ ਤੇ ਅੰਦਰ ਬਾਗ਼ ਲਗਵਾ ਦਿਆਂਗਾ। ਉਹ ਰਾਜ਼ੀ ਹੋ ਗਏ। ਉਨ੍ਹਾਂ ਦੇ ਲਾਭ ਅੰਗਰੇਜ਼ੀ ਸਰਕਾਰ ਨਾਲ ਜੁੜੇ ਹੋਏ ਸਨ। ੧੯੧੨ ਈ: ਵਿਚ ਸਰਕਾਰ ਨੇ ਲੈਂਡ ਐਕਵੀਜ਼ੇਸ਼ਨ ਐਕਟ (ਜ਼ਮੀਨਾਂ ਪਰਾਪਤ ਕਰਨ ਦੇ ਕਾਨੂੰਨ) ਅਨੁਸਾਰ ਗੁਰਦੁਆਰੇ ਦੇ ਮਹੰਤ ਪਾਸੋਂ ਬਾਹਰਲੀ ਕੰਧ ਤੇ ਗੁਰਦੁਆਰੇ ਵਿਚਕਾਰਲੀ ਵਿਹੜੇ ਦੀ ਸਾਰੀ ਜ਼ਮੀਨ ਪਰਾਪਤ ਕਰ ਲਈ। ਇਉਂ ਸਮਝੋ ਕਿ ਗੁਰਦੁਆਰੇ ਨੂੰ ਇਕ ਤਰ੍ਹਾਂ ਸਰਕਾਰੀ ਘੇਰੇ ਵਿਚ ਲੈ ਲਿਆ। ੧੯੧੪ ਦੇ ਆਰੰਭ ਵਿਚ ਸਰਕਾਰ ਨੇ ਆਪਣੇ ਨਕਸ਼ੇ ਮੁਤਾਬਕ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣੀ ਸ਼ੁਰੂ ਕਰ ਦਿਤੀ। ਇਹ ਖਬਰ ਅਖਬਾਰਾਂ ਵਿਚ ਛਪ ਗਈ। ਮਾਨੋ ਬਰੂਦ ਵਿਚ ਚੰਗਿਆੜੀ ਡਿਗ ਪਈ। ਸਿਖ ਜਨਤਾ ਦੇ ਦਿਲ ਵਿਚ ਇਕ ਤਾਂ ਅੰਗਰੇਜ਼ਾਂ ਵਿਰੁਧ ਸਿਖ ਰਾਜ ਦੇ ਖੋਹਣ ਦੀ ਪੁਰਾਣੀ ਦਬੀ ਹੋਈ ਅਗ ਸੀ, ਦੂਜੇ ਖਾਲਸਾ ਕਾਲਜ ਤੇ ਗੁਰਦੁਆਰਿਆਂ ਦੇ ਪਰਬੰਧ ਉਪਰ ਸਰਕਾਰੀ ਕਬਜ਼ੇ ਦੀ ਤਾਜ਼ੀ ਨਾਰਾਜ਼ਗੀ ਸੀ।

ਸਰਦਾਰ ਹਰ ਚੰਦ ਸਿੰਘ ਜੀ ਲਾਇਲਪੁਰੀ ਦਿਲੀ ਗਏ। ਆਪਣੀ ਅਖੀਂ ਢਠੀ ਹੋਈ ਕੰਧ ਵੇਖੀ। ਇਕ ਉਰਦੂ ਪੈਂਫਲਟ ਵਿਚ ਸਾਰਾ ਹਾਲ ਲਿਖਿਆ ਕਿ "ਸਰਕਾਰ ਨੇ ਇਹ ਕੰਧ ਤੇ ਕੁਝ ਗੁਰਦੁਆਰੇ ਦੀ ਜ਼ਮੀਨ ਮਹੰਤ ਤੋਂ ਲੈ ਲਈ ਹੈ। ਗੁਰਦੁਆਰੇ ਦੀ ਢਠੀ ਕੰਧ ਦਾ ਤੇ ਸਰਕਾਰੀ ਤਜਵੀਜ਼ ਦਾ ਨਕਸ਼ਾ ਵੀ ਦਰਜ ਕੀਤਾ ਤੇ ਸਿਖਾਂ ਨੂੰ ਵੰਗਾਰ ਕੇ ਆਖਿਆ, ਇਹ ਸਾਡੇ ਧਰਮ ਵਿਚ ਨਾਜਾਇਜ਼ ਸਰਕਾਰੀ ਦਖਲ ਅੰਦਾਜ਼ੀ ਹੈ। ਇਹ ਅਸੀ ਬਰਦਾਸ਼ਤ ਨਹੀਂ ਕਰ ਸਕਦੇ। ਇਹ ਸਿਖ ਪੰਥ ਦਾ ਆਪਣਾ



Digitized by Panjab Digital Library | www.panjabdigilib.org

ਅਧਿਕਾਰ ਹੈ ਕਿ ਉਹ ਗੁਰਦੁਆਰੇ ਦਾ ਨਵਾਂ ਨਕਸ਼ਾ ਬਣਾਵੇ, ਉਸ ਵਿਚ ਅਦਲਾ ਬਦਲੀ ਕਰੇ । ਹਕੂਮਤ ਦਾ ਜਾਂ ਕਿਸੇ ਹੋਰ ਦਾ ਕੋਈ ਹਕ ਨਹੀਂ । ਜੇ ਹਕੂਮਤ ਅਜ ਸਿਖ ਪੰਥ ਦੀ ਰਾਇ ਤੋਂ ਬਿਨਾਂ ਇਕ ਇਤਹਾਸਕ ਗੁਰਦੁਆਰੇ ਦੀ ਕੰਧ ਢਾਹ ਸਕਦੀ ਹੈ, ਜ਼ਮੀਨ ਕਬਜ਼ੇ ਵਿਚ ਲੈ ਸਕਦੀ ਹੈ ਤਾਂ ਕਲ ਨੂੰ ਗੁਰਦੁਆਰਾ ਵੀ ਢਾਹ ਸਕੇਗੀ । ਸੁਆਲ ਸਹੇ ਦਾ ਨਹੀਂ ਪਹੇ ਦਾ ਹੈ । ਇਸ ਲਈ ਮੰਗ ਕੀਤੀ ਕਿ ਸਰਕਾਰ ਕੰਧ ਨਾ ਢਾਹੇ ਬਲਕੇ ਢਾਹੀ ਹੋਈ ਕੰਧ ਉਸੇ ਤਰ੍ਹਾਂ ਉਸਾਰ ਦੇਵੇ ।"

ਇਸ ਪੈਂਫਲਟ ਦੇ ਨਿਕਲਨ ਮਗਰੋਂ ਸਿਖ ਅਖਬਾਰਾਂ ਵਿਚ ਅੰਦੋਲਨ ਛਿੜ ਪਿਆ । ਸਿਖ ਜਨਤਾ ਨੇ ਮਹਿਸੂਸ ਕੀਤਾ ਕਿ ਦਰਬਾਰ ਸਾਹਿਬ ਤੇ ਕੁਝ ਹੋਰ ਗੁਰਦੁਆਰਿਆਂ ਵਾਂਗ ਇਸ ਸ਼ਹੀਦੀ ਅਸਥਾਨ ਪੁਰ ਵੀ ਸਰਕਾਰ ਆਪਣਾ ਅਧਿਕਾਰ ਜਮਾਣਾ ਚਾਹੁੰਦੀ ਹੈ । ਮਹੰਤ ਨੂੰ ਉਸ ਨੇ ਕਾਬੂ ਕਰ ਹੀ ਲਿਆ ਹੈ । ਸਿਖ ਜਨਤਾ ਨੇ ਅਖਬਾਰਾਂ ਵਿਚ ਤੇ ਜਲਸਿਆਂ ਵਿਚ ਆਪਣਾ ਰੋਸ ਪ੍ਰਗਟ ਕਰਨਾ ਸ਼ੁਰੂ ਕਰ ਦਿਤਾ ਉਨ੍ਹਾਂ ਦਿਨਾਂ ਵਿਚ ਮੈਂ ਰਾਵਲ ਪਿੰਡੀ ਵਿਚ ਸੀ ।

ਮੈਨੂੰ ਯਾਦ ਹੈ ਇਕ ਗੁਰਦੁਆਰੇ ਵਿਚ ਮੈਂ,ਮਾ:ਹਰਨਾਮ ਸਿੰਘ ਐਮ.ਏ. (ਹੁਣ ਰੀਟਾਇਰਡ ਸਬ ਜਜ) ਭਾ: ਜਗਤ ਸਿੰਘ ਪਰਦੇਸੀ ਸ: ਜਵੰਦ ਸਿੰਘ ਤੇ ਕੁਝ ਹੋਰ ਸਜਨ ਗੁਰਦੁਆਰਾ ਰਕਾਬ ਗੰਜ ਦੀ ਕੰਧ ਸਬੰਧੀ ਹਕੂਮਤ ਵਿਰੁਧ ਰੋਸ ਪ੍ਰਗਟ ਕਰਨ ਲਈ ਦੀਵਾਨ ਕਰਨ ਵਾਸਤੇ ਇਕਠੇ ਹੋਏ ਸਾਂ । ਇਕ ਸਥਾਨਕ ਸਰਕਾਰ ਭਗਤ ਸਿਖ ਸਰਦਾਰ ਨੇ ਆਕੇ ਰੌਲਾ ਪਾ ਦਿਤਾ ਕਿ ਅਜਿਹਾ ਜਲਸਾ ਕਰਨਾ ਸਰਕਾਰ ਵਿਰੁਧ ਬਗਾਵਤ ਹੈ ! ਇਹ ਸਰਕਾਰ ਦੇ ਬਾਗ਼ੀਆਂ ਦਾ ਕੰਮ ਹੈ । ਸਿਖ ਸਰਕਾਰ ਦੇ ਵਫਾਦਾਰ ਹਨ । ਉਹ ਇਸ ਤਰ੍ਹਾਂ ਨਹੀਂ ਕਰਦੇ ਹੁੰਦੇ । ਅਸਾਂ ਉਸ ਦੀ ਗਲ ਦੀ ਪਰਵਾਹ ਨਾ ਕੀਤੀ ।



Digitized by Panjab Digital Library | www.panjabdigilib.org

ਉਹ ਗੁਰਦੁਆਰੇ ਦੇ ਪ੍ਰਬੰਧਕ ਨੂੰਵਰਗਲਾਉਣ ਲਈ ਬਾਹਰ ਲੈ ਗਿਆ। ਅਸਾਂ ਤੁਰਤ ਸੰਖੇਪ ਜਿਹਾ ਦੀਵਾਨ ਕਰਕੇ ਮਤਾ ਪਾਸ ਕਰ ਕੇ ਅਖਬਾਰਾਂ ਨੂੰ ਤੇ ਸਰਕਾਰ ਨੂੰ ਭੇਜ ਦਿਤਾ।

ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਇਹ ਸੁਆਲ ਸਰਕਾਰ ਅਤੇ ਸਰਕਾਰ ਭਗਤ ਸਿਖ ਆਗੂਆਂ ਦੀ ਵਿਰੋਧਤਾ ਦਾ ਸੁਆਲ ਬਣਦਾ ਗਿਆ। ਕਾਰਨ ਇਹ ਸੀ ਕਿ ਜਿਥੇ ਵੀ ਕੋਈ ਜਲਸਾ ਇਸ ਸਬੰਧੀ ਹੁੰਦਾ, ਉਥੇ ਹੀ ਚੀਫ ਖਾਲਸਾ ਦੀਵਾਨ ਦੇ ਆਗੂ ਤੇ ਪਖੀ ਸਰਕਾਰ ਵਿਰੋਧਤਾ ਕਰਦੇ। ਉਹ ਕਹਿੰਦੇ, ਇਸਤਰ੍ਹਾਂ ਅੰਦੋਲਨ ਕਰਕੇ ਸਰਕਾਰ ਨੂੰ ਨਰਾਜ਼ ਨਾ ਕਰੋ, ਅਸੀਂ ਮਿਲ ਕੇ ਗਲ ਬਾਤ ਨਾਲ ਕੋਈ ਸਮਝੌਤੇ ਦਾ ਰਾਹ ਕਢ ਲਵਾਂਗੇ ਪਰ ਆਮ ਸਿਖਾਂ ਵਿਚ ਵਿਰੋਧਤਾ ਤੇ ਅੰਦੋਲਨ ਤੇਜ਼ ਹੁੰਦਾ ਗਿਆ।

ਮਾਰਚ ੧੯੧੪ ਵਿਚ ਸਿਖ ਵਿਦਅਕ ਕਾਨਫਰੰਸ ਦਾ ਸਮਾਗਮ ਜਾਲੰਧਰ ਵਿਚ ਹੋਇਆ। ਇਨ੍ਹਾਂ ਦਿਨਾਂ ਵਿਚ ਸਿਖ ਵਿਦਅਕ ਕਾਨਫਰੰਸ ਦਾ ਸਮਾਗਮ ਸਿਖਾਂ ਦਾ ਸਭ ਤੋਂ ਵਡਾ ਇਕਠ ਹੋਂਦਾ ਸੀ। ਇਸ ਵਿਚ ਹਜ਼ਾਰਾਂ ਸਿਖ ਸ਼ਾਮਲ ਹੋਂਦੇ ਸਨ। ਧਾਰਮਕ ਸਮਾਗਮ ਦਾ ਪੰਡਾਲ ਕਾਨਫਰੰਸ ਤੋਂ ਵਖਰਾ ਬਣਾਇਆ ਜਾਂਦਾ ਸੀ ਪਰ ਕੋਈ ਰਾਜਸੀ ਜਲਸਾ ਕਾਨਫਰੰਸ ਦੇ ਨੇੜੇ ਤੇੜੇ ਨਹੀਂ ਸੀ ਹੋ ਸਕਦਾ। ਰਾਜਸੀ ਜਲਸਾ ਤਾਂ ਕਿਤੇ ਰਿਹਾ ਹਕੂਮਤ ਦੀ ਕਿਸੇ ਕਾਰਵਾਈ ਵਿਰੁਧ ਆਵਾਜ਼ ਉਠਾਣ ਦੀ ਵੀ ਆਗਿਆ ਨਹੀਂ ਸੀ ਹੁੰਦੀ।

ਇਸ ਕਾਨਫਰੰਸ ਦੇ ਪੰਡਾਲ ਵਿਚ ਸਰਦਾਰ ਹਰਚੰਦ ਸਿੰਘ ਜੀ ਨੇ ਖੜੇ ਹੋ ਕੇ ਬੜੇ ਜੋਸ਼ ਨਾਲ ਗੁਰਦੁਆਰਾ ਰਕਾਬ ਗੰਜ ਦਾ ਸੁਆਲ ਛੇੜਿਆ ਤੇ ਮਤਾ ਪੇਸ਼ ਕਰਨ ਦੀ ਆਗਿਆ ਮੰਗੀ। ਪ੍ਰਧਾਨ ਵਲੋਂ ਉਨ੍ਹਾਂ ਨੂੰ ਬੋਲਣ ਤੋਂ ਰੋਕਿਆ ਗਿਆ। ਸਰਦਾਰ ਜੀ



Digitized by Panjab Digital Library | www.panjabdigilib.org

ਨੇ ਫਿਰ ਕਿਹਾ ਕਿ ਇਹ ਜ਼ਰੂਰੀ ਪੰਥਕ ਸੁਆਲ ਹੈ ਅਤੇ ਇਸ ਪੰਥਕ ਇਕਠ ਵਿਚ ਪੇਸ਼ ਕਰਕੇ ਇਸ ਬਾਰੇ ਪੰਥ ਦਾ ਫੈਸਲਾ ਲੈਣਾ ਚਾਹੀਦਾ ਹੈ। ਪਰ ਉਨ੍ਹਾਂ ਦੀ ਕਿਸੇ ਨਾ ਸੁਣੀ। ਜ਼ਬਰ ਦਸਤੀ ਬੋਲਣ ਤੋਂ ਰੋਕ ਕੇ ਬਿਠਾਣ ਦਾ ਜਤਨ ਕੀਤਾ ਗਿਆ। ਸਰਦਾਰ ਹਰਚੰਦ ਸਿੰਘ ਜੀ ਰੋਸ ਵਲੋਂ ਉਠ ਕੇ ਸਣੇ ਆਪਣੇ ਬਹੁਤ ਸਾਰੇ ਸਾਥੀਆਂ ਦੇ ਬਾਹਰ ਆ ਗਏ। ਉਨ੍ਹਾਂ ਨੇ ਬਾਹਰ ਆ ਕੇ ਕਿਸੇ ਹੋਰ ਜਗਾ ਖੁਲ੍ਹਾ ਸਮਾਗਮ ਲਾ ਦਿਤਾ, ਜਿਥੇ ਹਜ਼ਾਰਾਂ ਦਰਸ਼ਕ ਇਕਠੇ ਹੋ ਗਏ। ਜੋਸ਼ ਭਰੇ ਲੈਕਚਰਾਂ ਮਗਰੋਂ ਸਰਕਾਰ ਤੇ ਚੀਫ ਖਾਲਸਾ ਦੀਵਾਨ ਵਿਰੁਧ ਰੋਸ ਦੇ ਮਤੇ ਪਾਸ ਕਰ ਕੇ ਪੰਥਕ ਇਕੱਠ ਕਰਨ ਦੀ ਮੰਗ ਕੀਤੀ ਗਈ। ਇਸ ਤਰ੍ਹਾਂ ਇਸ ਸੁਆਲ ਪੁਰ ਸਿੱਖਾਂ ਵਿਚ ਮਤਿ ਭੇਦ ਵਧਦਾ ਗਿਆ। ਜਿਸ ਤੋਂ ਪ੍ਰਗਟ ਹੁੰਦਾ ਸੀ ਕਿ ਸਿੱਖ ਜਨਤਾ ਹੁਣ ਅੰਧਾ ਧੁੰਧ ਉਸ ਸਮੇਂ ਦੇ "ਕੁਦਰਤੀ ਆਗੂਆਂ" ਮਗਰ ਨਹੀਂ ਲਗਣਾ ਚਾਹੁੰਦੀ। ਜਿਥੋਂ ਤਕ ਮੈਨੂੰ ਯਾਦ ਹੈ ਸ: ਹਰ ਚੰਦ ਸਿੰਘ ਜੀ ਮੁੜ ਸਿਖ ਵਿਦਅਕ ਕਾਨਫਰੰਸ ਵਿਚ ਸ਼ਾਮਲ ਨਹੀਂ ਹੋਏ।

ਹਕੂਮਤ ਲਈ ਹੁਣ ਜ਼ਰੂਰੀ ਬਣ ਗਿਆ ਕਿ ਉਹ ਗੁਰ-ਦੁਆਰਾ ਰਕਾਬ ਗੰਜ ਦੀ ਕੰਧ ਢਾਹ ਕੇ ਆਪਣੇ ਨਕਸ਼ੇ ਮੁਤਾਬਕ ਬਨਾਉਣ ਲਈ ਸਿਖ ਪ੍ਰਤੀਨਿਧਾਂ ਦੀ ਪ੍ਰਵਾਨਗੀ ਪ੍ਰਾਪਤ ਕਰੇ। ਉਸ ਨੇ ਚੀਫ ਖਾਲਸਾ ਦੀਵਾਨ ਨੂੰ ਲਿਖਿਆ। ਚੀਫ ਖਾਲਸਾ ਦੀਵਾਨ ਲਈ ਵੀ ਔਖਾ ਹੋ ਗਿਆ ਕਿ ਉਹ ਕੋਈ ਪ੍ਰਤੀਨਿਤ ਇਕੱਠ ਕਰ ਕੇ ਆਪ ਸਿਖਾਂ ਦੀ ਪਰਧਾਨਗੀ ਪ੍ਰਾਪਤ ਕੀਤੇ ਬਗੈਰ ਆਪਣੇ ਵਲੋਂ ਹੀ ਪਰਧਾਨਗੀ ਭੇਜ ਦੇਵੇ। ਸਿਖ ਜਨਤਾ ਦੀ ਆਵਾਜ਼ ਦਾ ਪਰਤੱਖ ਅਸਰ ਦਿਸ ਰਿਹਾ ਸੀ।

ਚੀਫ ਖਾਲਸਾ ਦੀਵਾਨ ਨੇ ੩ ਮਈ ੧੯੧੪ ਨੂੰ ਟਾਊਨ



Digitized by Panjab Digital Library | www.panjabdigilib.org

ਹਾਲ ਅੰਮ੍ਰਿਤਸਰ ਵਿਚ ਇਕ ਪੰਥਕ ਇਕਠ ਬੁਲਾਣ ਦਾ ਐਲਾਨ ਕੀਤਾ। ਸਿੰਘ ਸਭਾਵਾਂ ਤੇ ਜਥਿਆਂ ਦੇ ਪ੍ਰਤੀਨਿਧ ਸਦੇ ਗਏ। ਸਿਖ ਸਕੂਲਾਂ ਤੇ ਆਸ਼ਰਮਾਂ ਦੇ ਪ੍ਰਬੰਧਕ ਬੁਲਾਏ ਗਏ। ਫ਼ੌਜੀ, ਗੁਰਦੁਆਰਿਆਂ ਦੇ ਗਰੰਥੀ ਤੇ ਬਹੁਤ ਸਾਰੇ ਹੋਰ ਪ੍ਰਤਿਸ਼ਟਤ ਸਰਦਾਰ ਵੀ ਬੁਲਾਏ ਗਏ। ਇਹ ਪੰਥ ਦੀ ਸਹੀ ਪ੍ਰਤੀਨਿਧਤਾ ਦਾ ਢੰਗ ਮਲੂਮ ਨਹੀਂ ਸੀ ਹੁੰਦਾ ਪਰ ਉਸ ਸਮੇਂ ਹੋਰ ਕੁਝ ਹੋ ਵੀ ਨਹੀਂ ਸਕਦਾ ਸੀ। ੩ ਮਈ ਨੂੰ ਸਾਰਾ ਹਾਲ ਭਰਿਆ ਗਿਆ। ਬਾਹਰ ਵੀ ਭੀੜ ਭੜਕਾ ਲਗ ਗਿਆ। ਸਮਾਗਮ ਵਿਚ ਬੜੇ ਇਤਰਾਜ਼ ਹੋਣ ਲਗ ਪਏ ਕਿ ਅੰਦਰ ਬਹੁਤ ਸਾਰੇ ਨਾਜਾਇਜ਼ ਆਦਮੀ ਦਾਖਲ ਹੋ ਗਏ ਹਨ। ਚੀਫ਼ ਖ਼ਾਲਸਾ ਦੀਵਾਨ ਨੇ ਇਕ ਸਮਝੌਤੂ ਤੇ ਨਰਮ ਜਿਹਾ ਮਤਾ ਪੇਸ਼ ਕੀਤਾ। ਜਿਸਦੀ ਵਿਰੋਧਤਾ ਤੇ ਹਮਾਇਤ ਵੀ ਹੋਈ। ਰੌਲੇ ਰਪੇ ਵਿਚ ਸਮਾਗਮ ਖਤਮ ਹੋ ਗਿਆ। ਚੀ: ਖਾ: ਦੀ: ਦੇ ਮੁਖੀਆਂ ਦਾ ਕਹਿਣਾ ਸੀ ਕਿ ਮਤਾ ਪਾਸ ਹੋ ਗਿਆ। ਸਰਦਾਰ ਹਰਚੰਦ ਸਿੰਘ ਜੀ ਦੇ ਧੜੇ ਦੇ ਪ੍ਰਤੀਨਿਧਾਂ ਦਾ ਕਹਿਣਾ ਸੀ ਕਿ ਮਤਾ ਪਾਸ ਨਹੀਂ ਹੋਇਆ। ਝਗੜਾ ਖਤਮ ਨਾ ਹੋਇਆ। ਇਸ ਸਮਾਗਮ ਦੇ ਮਗਰੋਂ ਅਖ਼ਬਾਰਾਂ ਵਿਚ ਤੇ ਜਲਸਿਆਂ ਵਿਚ ਇਹ ਝਗੜਾ ਹੋਰ ਤੇਜ਼ ਹੋ ਗਿਆ। ਸਰਦਾਰ ਹਰਚੰਦ ਸਿੰਘ ਜੀ ਨੇ ਆਪਣੇ ਹਕ ਵਿਚ ਪਰਚਾਰ ਲਈ ਉਰਦੂ ਵਿਚ ਹਫ਼ਤੇਵਾਰ "ਖ਼ਾਲਸਾ ਅਖਬਾਰ" ਵੀ ਜਾਰੀ ਕਰ ਦਿਤਾ। ਮੈਨੂੰ ਯਾਦ ਹੈ ਇਸ ਦੇ ਪਹਿਲੇ ਐਡੀਟਰ ਸ: ਲਾਲ ਸਿੰਘ ਕਮਲਾ ਅਕਾਲੀ ਬਣੇ। ਇਹ ਇਕ ਗਰਮ ਖਿਆਲੀਆ ਅਖ਼ਬਾਰ ਸਮਝਿਆ ਜਾਣ ਲਗਾ। ਇਸ ਸੁਆਲ ਨੇ ਆਮ ਸਿਖਾਂ ਵਿਚ ਹਕੂਮਤ ਤੇ ਚੀ: ਖਾ: ਦੀਵਾਨ ਵਿਰੁਧ ਬੜੀ ਨਾਰਾਜ਼ਗੀ ਵਧਾ ਦਿਤੀ ਪਰ ਸਰਕਾਰ ਨੇ ਚੀਫ਼ ਖਾਲਸਾ ਦੀਵਾਨ ਵਾਲਾ ਨਰਮ ਮਤਾ ਵੀ ਪਰਵਾਨ ਨਾ ਕੀਤਾ।



Digitized by Panjab Digital Library | www.panjabdigilib.org

ਕਈ ਜਗ੍ਹਾ ਬੜੇ ਜੋਸ਼ ਭਰੇ ਜਲਸੇ ਹੋਏ। ੩੧ ਮਈ ਨੂੰ ਲਾਹੌਰ ਦਾ ਜਲਸਾ ਖ਼ਾਸ ਤੌਰ ਤੇ ਬੜੀ ਮਹਾਨਤਾ ਰਖਦਾ ਹੈ। ਇਸ ਵਿਚ ਸੰਤ ਭਾਈ ਰਣਧੀਰ ਸਿੰਘ ਜੀ ਅਤੇ ਉਨ੍ਹਾਂ ਦਾ ਜਥਾ, ਨਾਮਧਾਰੀ ਆਗੂ ਮੰਗਲ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲ ਪੁਰੀ, ਮਾਸਟਰ ਮੋਤਾ ਸਿੰਘ, ਸਰਦਾਰ ਹਰਚੰਦ ਸਿੰਘ ਜੀ ਅਤੇ ਹੋਰ ਕਈ ਉਸ ਵੇਲੇ ਦੇ ਪ੍ਰਸਿਧ ਆਗੂ ਸ਼ਾਮਲ ਹੋਏ। ਮੈਂ ਕੁਝ ਹੋਰ ਸਜਣਾਂ ਨਾਲ ਉਚੇਚਾ ਰਾਵਲ ਪਿੰਡੀ ਤੋਂ ਇਸ ਜਲਸੇ ਵਿਚ ਸ਼ਾਮਲ ਹੋਣ ਲਈ ਗਿਆ। ਇਹ ਜਲਸਾ ਸ਼ਹਿਰ ਵਿਚ ਲੰਡ ਮੰਡੀ ਵਿਚ ਵਾਟਰ ਵਰਕਸ ਦੇ ਕੋਲ ਖਾਲੀ ਜਗਾ ਵਿਚ ਹੋਇਆ ਸੀ। ਇਸਦੇ ਮਗਰੋਂ ਪਟੀ, ਰੋਪੜ, ਗੋਜਰਾ ਆਦਿ ਕਈ ਜਗ੍ਹਾ ਸਰਕਾਰ ਤੇ ਚੀ: ਖਾ: ਦੀਵਾਨ ਦੇ ਰਵਈਏ ਦੇ ਵਿਰੁਧ ਜਲਸੇ ਹੋਏ। ਇਸ ਤਰ੍ਹਾਂ ਥਾਂ ਥਾਂ ਜਲਸਿਆਂ ਦੀ ਭਰਮਾਰ ਲਗ ਗਈ। ਪਰਦੇਸਾਂ ਵਲੋਂ ਵੀ ਰੋਸ ਦੇ ਮਤੇ ਤੇ ਤਾਰਾਂ ਆਉਣ ਲਗੀਆਂ। ਖ਼ਾਲਸਾ ਦੀਵਾਨ ਹਾਂਗ ਕਾਂਗ ਨੇ ਵਾਇਸਰਾਏ ਨੂੰ ਤਾਰ ਭੇਜੀ ਕਿ "ਸਰਕਾਰ ਗੁਰਦੁਆਰਾ ਰਕਾਬ ਗੰਜ ਦੀ ਕੰਧ ਤੁਰਤ ਉਸਾਰ ਦੇਵੇ ਨਹੀਂ ਤਾਂ ਸਿੰਘ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਮਜਬੂਰ ਹੋਣਗੇ।

ਏਹਵੇਖਕੇ ਸ੍ਰਕਾਰ ਘਬਰਾ ਉਠੀ ਦੂਜੇ ਪਾਸੇ ਅਗਸਤ੧੯੧੪ ਨੂੰ ਪਹਿਲਾ ਸੰਸਾਰ ਯੁਧ ਅਰੰਭ ਹੋ ਗਿਆ। ਲਾਇਲਪੁਰ ਦੇ ਡੀ. ਸੀ. ਨੇ ਸਰਦਾਰ ਹਰਚੰਦ ਸਿੰਘ ਨੂੰ ਬੁਲਾ ਕੇ ਆਖਿਆ: "ਹੁਣ ਜੰਗ ਸ਼ੁਰੂ ਹੋ ਗਿਆ ਹੈ, ਹਕੂਮਤ ਨੂੰ ਤੁਹਾਡੀ ਸਹਾਇਤਾ ਦੀ ਲੋੜ ਪੈ ਗਈ ਹੈ। ਤੁਸੀਂ ਰਕਾਬ ਗੰਜ ਦਾ ਅੰਦੋਲਣ ਹੁਣ ਬੰਦ ਕਰ ਦਿਓ। ਸਰਕਾਰ ਨੇ ਕੰਧ ਢਾਹੁਣੀ ਬੰਦ ਕਰ ਦਿਤੀ ਹੈ। ਇਸ ਨੂੰ ਮੁੜ ਕੇ ਕਿਵੇਂ ਚੜ੍ਹਾਉਣਾ ਹੈ? ਇਹ ਗਲ ਜੰਗ ਦੇ



Digitized by Panjab Digital Library | www.panjabdigilib.org

ਖ਼ਾਤਮੇ ਮਗਰੋਂ ਸਿਖ ਪ੍ਰਤੀਨਿਧਾਂ ਦੀ ਸਲਾਹ ਨਾਲ ਫ਼ੈਸਲਾ ਕਰ ਦਿਤੀ ਜਾਏ ।"

ਸਰਦਾਰ ਹਰਚੰਦ ਸਿੰਘ ਜੀ ਮੰਨ ਗਏ । ਉਨ੍ਹਾਂ ਨੇ ਆਪਣੇ ਸਭ ਸਾਥੀਆਂ ਨੂੰ ਇਹ ਅੰਦੋਲਣ ਬੰਦ ਕਰ ਦੇਣ ਦੀ ਸਲਾਹ ਦਿਤੀ ਅਤੇ ਅਗੋਂ ਨੂੰ ਗੁਰਦੁਆਰਾ ਰਕਾਬ ਗੰਜ ਬਾਰੇ ਜਲਸਿਆਂ ਤੇ ਅਖ਼ਬਾਰਾਂ ਰਾਹੀਂ ਅੰਦੋਲਨ ਬੰਦ ਕਰ ਦਿਤਾ। ਆਮ ਸਿਖਾਂ ਦੀ ਇਸ ਗਲ ਨਾਲ ਤਸੱਲੀ ਨਾ ਹੋਈ ਪਰ ਅੰਦੋਲਨ ਹੁਣ ਬੰਦ ਹੋ ਗਿਆ ਸੀ।

੩.

ਹੁਣ ਜਦ 'ਅਕਾਲੀ' ਅਖ਼ਬਾਰ ਦੇ ਪਹਿਲੇ ਪਰਚੇ ਵਿਚ ਹੀ ਸਿਖਾਂ ਦੀਆਂ ਜ਼ਰੂਰੀ ਪੰਜਾਂ ਮੰਗਾਂ ਵਿਚੋਂ ਇਕ ਮੰਗ ਗੁਰਦੁਆਰਾ ਰਕਾਬ ਗੰਜ ਦੀ ਕੰਧ ਚੜ੍ਹਾਉਣ ਦੀ ਰੱਖੀ ਗਈ ਤਾਂ ਸਿਖ ਜਨਤਾ ਦੇ ਦਿਲਾਂ ਵਿਚ ੧੯੧੪ ਤੋਂ ਸਤ ਵਰ੍ਹੇ ਦੀ ਹਕੂਮਤ ਵਿਰੁਧ ਦਬੀ ਹੋਈ ਨਾਰਾਜ਼ਗੀ ਦੀ ਅੱਗ ਫ਼ਿਰ ਮੱਘ ਪਈ। ਬੁਨਿਆਦੀ ਪ੍ਰਸ਼ਨ ਇਹ ਸੀ ਕਿ ਇਸ ਇਤਿਹਾਸਕ ਗੁਰਦੁਆਰੇ ਪੁਰ ਤੇ ਇਸ ਦੀ ਜ਼ਮੀਨ ਪੁਰ ਅਧਿਕਾਰ ਕਿਸਦਾ ਹੈ? ਇਸ ਵਿਚ ਅਦਲਾ ਬਦਲਾ ਕਰਨ ਤੇ ਪ੍ਰਬੰਧ ਕਰਨ ਦਾ ਕੌਣ ਜ਼ਿਮੇਂਵਾਰ ਹੈ? ਸਰਕਾਰ ਦਾ ਕੀ ਹਕ ਹੈ ਕਿ ਗੁਰਦੁਆਰੇ ਦੀ ਕੰਧ ਤੇ ਜ਼ਮੀਨ ਪੁਰ ਕਬਜ਼ਾ ਕਰ ਕੇ ਇਸ ਵਿਚ ਮਨ ਮਰਜ਼ੀ ਦੀ ਤਬਦੀਲੀ ਕਰੇ? ਸਿਖ ਜਨਤਾ ਦੀ ਖ਼ਾਹਸ਼ ਸੀ ਕਿ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੇ ਕਿਸੇ ਪ੍ਰਤਨਿਧ ਜਥੇ ਦੇ ਹੱਥ ਵਿਚ ਹੋਣਾ ਚਾਹੀਦਾ ਹੈ ਤੇ ਉਸ ਨੂੰ ਗੁਰਦੁਆਰੇ ਦੀ ਸ਼ੋਭਾ ਵਧਾਉਣ ਦੇ ਆਸ਼ੇ ਨਾਲ ਇਸ ਵਿਚ ਕੋਈ ਅਦਲਾ ਬਦਲੀ ਕਰਨੀ ਚਾਹੀਦੀ ਹੈ।



Digitized by Panjab Digital Library | www.panjabdigilib.org

ਜੁਧ ਖ਼ਤਮ ਹੋਏ ਨੂੰ ਦੋ ਢਾਈ ਵਰ੍ਹੇ ਹੋ ਗਏ ਸਨ। ਸਰਕਾਰ ੧੯੧੪ ਵਿਚ ਕੀਤੇ ਇਕਰਾਰ ਮੂਜਬ ਅਜੇ ਕੰਧ ਨੂੰ ਮੁੜ ਉਸਾਰਨ ਦੇ ਸੁਆਲ ਨੂੰ ਨਹੀਂ ਛੇੜਿਆ ਸੀ।

ਸਰਦਾਰ ਸਰਦੂਲ ਸਿੰਘ ਕਵੀਸ਼ਰ ਨੇ ਜੂਨ ਜਾਂ ਜੁਲਾਈ ਮਹੀਨੇ ਦੇ 'ਅਕਾਲੀ ਦੇ' ਕਿਸੇ ਪਰਚੇ ਵਿਚ ਇਕ ਚਿੱਠੀ ਛਪਵਾਈ ਜਿਸ ਦਾ ਮਜ਼ਮੂਨ ਇਸ ਕਿਸਮ ਦਾ ਸੀ :–

"ਅਗਸਤ ੧੯੧੪ ਵਿਚ ਜਰਮਨੀ ਨਾਲ ਜੁਧ ਸ਼ੁਰੂ ਹੋ ਜਾਣ ਕਰ ਕੇ ਸਰਕਾਰ ਅੰਗਰੇਜ਼ੀ ਨੇ ਇਹ ਇਕਰਾਰ ਕਰ ਕੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਸਬੰਧੀ ਅੰਦੋਲਨ ਮੁਲਤਵੀ ਕਰਵਾ ਦਿਤਾ ਸੀ ਕਿ ਹੁਣ ਸਾਡੇ ਸਿਰ ਪੁਰ ਬੜੀ ਮੁਸੀਬਤ ਆ ਪਈ ਹੈ, ਜੁਧ ਦੇ ਖ਼ਾਤਮੇ ਪੁਰ ਸਿਖ ਪ੍ਰਤਿਨਿਧਾਂ ਨਾਲ ਸਲਾਹ ਮਸ਼ਵਰਾ ਕਰ ਕੇ ਕੰਧ ਚੜ੍ਹਾ ਦਿਤੀ ਜਾਏਗੀ ਪਰ ਸਰਕਾਰ ਨੇ ਇਹ ਇਕਰਾਰ ਪੂਰਾ ਨਹੀਂ ਕੀਤਾ। ਮੌਜੂਦਾ ਨੌਕਰ ਸ਼ਾਹੀ ਸਰਕਾਰ ਪੁਰ ਸਾਨੂੰ ਕੋਈ ਇਤਬਾਰ ਵੀ ਨਹੀਂ। ਇਹ ਆਪਣੇ ਕੀਤੇ ਕਈ ਇਕਰਾਰਾਂ ਤੋਂ ਫਿਰ ਜਾਂਦੀ ਹੈ।

ਹੁਣ ਇਹ ਕਾਰਜ ਅਸਾਂ ਆਪ ਹੀ ਕਰਨਾ ਹੈ। "ਆਪਣ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ"। ਲੋੜ ਪੈਣ ਪੁਰ ਸਾਨੂੰ ਸੀਸ ਭੇਟ ਕਰਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਵੀ ਹੋ ਸਕੇ ਏਹ ਕਾਰਜ ਹੁਣ ਅਸਾਂ ਨੇ ਹੀ ਕੁਰਬਾਨੀਆਂ ਕਰ ਕੇ ਸਿਰੇ ਚੜ੍ਹਾਉਣਾ ਹੈ।

ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪਵਿੱਤਰ ਗੁਰਦੁਆਰੇ ਦੀ ਸਰਕਾਰੀ ਜਬਰ ਨਾਲ ਢਾਹੀ ਗਈ ਕੰਧ ਨੂੰ ਮੁੜ ਚੜ੍ਹਾਉਣ ਲਈ ਸਾਨੂੰ ਸੀਸ ਭੇਟ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।



Digitized by Panjab Digital Library | www.panjabdigilib.org

ਇਕ ਸੌ ਅਜਿਹੇ ਸੂਰਬੀਰ ਸਿਖਾਂ ਦੀ ਲੋੜ ਹੈ ਜੋ ਇਸ ਪਵਿੱਤਰ ਕੰਮ ਲਈ ਸੀਸ ਭੇਟ ਕਰਨ ਲਈ ਤਿਆਰ ਹੋਣ। ਜਿਹੜੇ ਸਜਨ ਇਸ ਕੰਮ ਵਿਚ ਹਿੱਸਾ ਲੈਣਾ ਚਾਹੁੰਦੇ ਹੋਣ, ਉਹ ਗੁਰੂ ਦੇ ਹਜ਼ੂਰ ਸੀਸ ਭੇਟ ਦਾ ਪ੍ਰਣ ਕਰ ਕੇ ਆਪੋ ਆਪਣੇ ਨਾਂ ਸਾਨੂੰ ਭੇਜ ਦੇਣ। ੧੦੦ ਨਾਂ ਪੂਰੇ ਹੋਣ ਤੇ ਮੀਟਿੰਗ ਕਰ ਕੇ ਸਰਕਾਰ ਨੂੰ ਨੋਟਸ ਦਿੱਤਾ ਜਾਏਗਾ ਕਿ ਇਤਨੇ ਦਿਨਾਂ ਦੇ ਅੰਦਰ ਪਹਿਲੇ ਦੀ ਤਰ੍ਹਾਂ ਕੰਧ ਚੜ੍ਹਾ ਦਿਤੀ ਜਾਵੇ, ਨਹੀਂ ਤਾਂ ਇਹ ਸ਼ਹੀਦੀ ਜਥਾ ਦਿੱਲੀ ਪਹੁੰਚ ਕੇ ਆਪ ਕੰਧ ਦੀ ਉਸਾਰੀ ਸ਼ੁਰੂ ਕਰ ਦਏਗਾ ਅਤੇ ਜੇ ਹਕੂਮਤ ਰੋਕੇਗੀ ਤਾਂ ਛਾਤੀਆਂ ਤਾਣ ਕੇ ਗੋਲੀਆਂ ਖਾਣ ਲਈ ਤਿਆਰ ਰਹੇਗਾ, ਪਰ ਪਿਛੇ ਨਹੀਂ ਮੁੜੇਗਾ।"

ਇਸ ਚਿੱਠੀ ਦੇ ਆਧਾਰ ਪੁਰ 'ਅਕਾਲੀ' ਵਿਚ ਲੇਖ ਤੇ ਕਵਿਤਾਵਾਂ ਛਪਣੀਆਂ ਸ਼ੁਰੂ ਹੋ ਗਈਆਂ। ਪਹਿਲੇ ਕਵੀਸ਼ਰ ਜੀ ਨੇ ਤੇ ਅਸਾਂ 'ਅਕਾਲੀ' ਦੇ ਸਟਾਫ਼ ਵਾਲਿਆਂ ਨੇ ਨਾਂ ਲਿਖਾਏ ਫਿਰ ਸਿਖ ਜਨਤਾ ਵਲੋਂ ਸ਼ਹੀਦੀ ਜਥੇ ਵਾਸਤੇ ਦਬਾ ਦਬ ਨਾਂ ਆਉਣੇ ਸ਼ੁਰੂ ਹੋ ਗਏ। ਕਈਆਂ ਨੇ ਤਾਂ ਆਪਣੇ ਲਹੂ ਨਾਲ ਸੀਸ ਭੇਟ ਕਰਨ ਲਈ ਚਿੱਠੀਆਂ ਭੇਜੀਆਂ। ਗੁਰਦੁਆਰਾ ਰਕਾਬ ਗੰਜ ਦੀ ਕੰਧ ਚੜ੍ਹਾਉਣ ਦਾ ਸੁਆਲ ਸਭ ਤੋਂ ਮੂਹਰੇ ਆ ਗਿਆ ਤੇ ਇਸ ਦੇ ਸਿਰੇ ਚੜ੍ਹਾਉਣ ਦਾ ਇਕ ਪਰੋਗਰਾਮ ਵੀ ਬਣ ਗਿਆ। ਮੇਰਾ ਖਿਆਲ ਹੈ ਮਹੀਨੇ ਦੇ ਅੰਦਰ ਅੰਦਰ ਇਕ ਸੌ ਦੀ ਥਾਂ ਇਕ ਹਜ਼ਾਰ ਤੋਂ ਉਪਰ ਨਾਂ ਆ ਗਏ। ਅਸਾਂ ਨੇ ਹੋਰ ਨਾਂ ਲਿਖਣੇ ਬੰਦ ਕਰ ਦਿਤੇ। ਕੁਰਬਾਨੀ ਲਈ ਇਹ ਠਾਠਾਂ ਮਾਰਦਾ ਜੋਸ਼ ਵੇਖ ਕੇ ਸਾਨੂੰ ਨਿਸਚਾ ਹੋ ਗਿਆ ਕਿ ਸਿੱਖ ਜਨਤਾ ਹੁਣ ਜਾਗ ਪਈ ਹੈ ਅਤੇ ਇਹ ਮੋਰਚਾ ਅਸੀਂ ਜ਼ਰੂਰ ਜਿਤ ਲਵਾਂਗੇ ਕਿਉਂਕਿ ਗੁਰਦੁਆਰੇ ਦੀ ਕੰਧ ਚੜ੍ਹਾਉਣ ਤੋਂ ਸਰਕਾਰ



Digitized by Panjab Digital Library | www.panjabdigilib.org

ਸਾਨੂੰ ਕਿਵੇਂ ਰੋਕ ਸਕੇਗੀ ?

ਅਸਾਂ ਐਲਾਨ ਕੀਤਾ ਕਿ ਅਕਤੂਬਰ ਵਿਚ ਦੂਜੀ ਸਿਖ ਲੀਗ ਦੇ ਸਾਲਾਨਾ ਸਮਾਗਮ ਸਮੇਂ ਏਸ ਸ਼ਹੀਦੀ ਜਥੇ ਦੀ ਮੀਟਿੰਗ ਹੋਵੇਗੀ ਅਤੇ ਹਕੂਮਤ ਨੂੰ ਕੰਧ ਚੜ੍ਹਾਉਣ ਲਈ ਕੁਝ ਦਿਨਾਂ ਦਾ ਨੋਟਸ ਦਿੱਤਾ ਜਾਏਗਾ ।

ਅਕਤੂਬਰ ਵਿਚ ਸਿਖ ਲੀਗ ਦਾ ਦੂਜਾ ਸਮਾਗਮ ਬਾਬਾ ਖੜਕ ਸਿੰਘ ਦੀ ਪਰਧਾਨਗੀ ਹੇਠਾਂ ਬੜੀ ਧੂਮ ਧਾਮ ਨਾਲ ਹੋਇਆ ਹਕੂਮਤ ਤੇ ਹਕੂਮਤ ਦੇ ਪੱਖੀਆਂ ਵਲੋਂ ਹਰ ਤਰ੍ਹਾਂ ਨਾਲ ਵਿਰੋਧਤਾ ਦੇ ਬਾਵਜੂਦ ਬੜੀ ਭਾਰੀ ਬਹੁ ਸੰਮਤੀ ਨਾਲ ਨਾ ਮਿਲਵਰਤਨ ਦਾ ਮਤਾ ਪਾਸ ਕੀਤਾ ਗਿਆ ।

ਇਸ ਦੇ ਮਗਰੋਂ ਸ਼ਹੀਦੀ ਜਥੇ ਦੀ ਮੀਟਿੰਗ ਹੋਈ । ਠੀਕ ਯਾਦ ਨਹੀਂ ਪਰ ਸ਼ਾਇਦ ੧੫ ਦਿਨਾਂ ਦਾ ਹਕੂਮਤ ਨੂੰ ਨੋਟਸ ਦੇ ਕੇ ਲਿਖਿਆ ਕਿ ਹੂ ਬਹੂ ਪਹਿਲੇ ਵਰਗੀ ਹੀ ਕੰਧ ਚੜ੍ਹਾ ਦਿਤੀ ਜਾਵੇ, ਨਹੀਂ ਤਾਂ ਸ਼ਹੀਦੀ ਜੱਥਾ ਆਪ ਆ ਕੇ ਚੜ੍ਹਾ ਲਏਗਾ ।

ਹਕੂਮਤ ਦੀਆਂ ਹੁਣ ਅੱਖਾਂ ਖੁਲ੍ਹੀਆਂ । ਸਿੱਖਾਂ ਦੀ ਵਫ਼ਾਦਾਰੀ ਦਾ ਯਕੀਨ ਦਵਾਉਣ ਵਾਲੀਆਂ ਖੁਸ਼ਾਮਦਾਂ ਦਾ ਪਾਜ ਉਘੜ ਆਇਆ। ਹਿੰਦ ਦੀ ਰਾਜਧਾਨੀ ਵਿਚ ਸੈਕ੍ਰੇਟ੍ਰੇਏਟ ਦੇ ਸਾਹਮਣੇ ਵਾਇਸਰਾਏ ਦੀ ਕੋਠੀ ਦੇ ਬਿਲਕੁਲ ਕੋਲ ਹੀ ਸ਼ਹੀਦੀ ਮੋਰਚੇ ਦਾ ਹਵਨ ਕੁੰਡ ਇਕ ਪ੍ਰਤੱਖ ਹਕੀਕਤ ਨਜ਼ਰ ਆਉਣ ਲੱਗ ਪਈ ।

ਜਿਹੜਾ ਕੰਮ ਛੇ ਸਾਲ ਦੇ ਮਤਿਆਂ, ਤਾਰਾਂ, ਡੇਪੂਟੇਸ਼ਨਾਂ ਤੇ ਬੇਨਤੀਆਂ ਨਾਲ ਨਹੀਂ ਸੀ ਹੋਇਆ । ਉਹ ਕੰਧ ਸਿਖ ਜਨਤਾ ਦੀ ਜਥੇਬੰਦੀ ਤੇ ਕੁਰਬਾਨੀ ਦੇ ਉਛਾਲੇ ਨੇ ਦਿਨਾਂ ਵਿਚ



Digitized by Panjab Digital Library | www.panjabdigilib.org

ਕਰ ਵਿਖਾਇਆ। ਹਫਤੇ ਦੇ ਅੰਦਰ ਹੀ ਦਿੱਲੀ ਤੋਂ ਪਤਾ ਆ ਗਿਆ ਕਿ ਹਕੂਮਤ ਨੇ ਕੰਧ ਚੜ੍ਹਾ ਦਿਤੀ ਹੈ।

ਹੋ ਸਕਦਾ ਹੈ ਕਿ ਹਕੂਮਤ ਨੇ ਇਹ ਭੀ ਆਸ ਰੱਖੀ ਹੋਵੇ ਕਿ ਇਹ ਚਿਰ ਦੀ ਮੰਗ ਪੂਰੀ ਕਰਕੇ ਉਹ ਸਿਖਾਂ ਨੂੰ ਪ੍ਰਸੰਨ ਕਰ ਲਏਗੀ, ਪਰ ਸਿਖ ਜਨਤਾ ਨੇ ਇਸ ਨੂੰ ਆਪਣੀ ਪਹਿਲੀ ਜਿਤ ਸਮਝਿਆ, ਉਸ ਨੇ ਹਕੂਮਤ ਦਾ ਇਸ ਵਿਚ ਕੋਈ ਅਹਿਸਾਨ ਖ਼ਿਆਲ ਨਹੀਂ ਕੀਤਾ ਅਤੇ ਵੱਖ ਵੱਖ ਇਲਾਕਿਆਂ ਵਿਚ ਅਕਾਲੀ ਜਥੇਬੰਦੀਆਂ ਵਧੇਰੇ ਜੋਸ਼ ਨਾਲ ਬਣਨੀਆਂ ਆਰੰਭ ਹੋ ਗਈਆਂ। ਗੁਰਦੁਆਰਾ ਸੁਧਾਰ ਵਿਚ ਜਿਤਾਂ ਪ੍ਰਾਪਤ ਕਰਨ ਤੇ ਹੋਰ ਮਗਾਂ ਪੂਰੀਆਂ ਕਰਾਉਣ ਲਈ ਸਿਖ ਜਨਤਾ ਦੇ ਹੌਸਲੇ ਦੂਣੇ ਹੋ ਗਏ। ਮੇਰਾ ਖ਼ਿਆਲ ਹੈ ਗੁਰਦੁਆਰਾ ਰਕਾਬ ਗੰਜ ਦੀ ਪਹਿਲੀ ਜਿਤ ਅਕਾਲੀ ਲਹਿਰ ਦੀਆਂ ਹੋਰ ਜਿਤਾਂ ਦਾ ਪੇਸ਼-ਖ਼ੇਮਾ ਸੀ ਇਸ ਲਈ ਇਹ ਬਹੁਤ ਭਾਰੀ ਮਹਾਹਨਤਾ ਰੱਖਦੀ ਹੈ।



Digitized by Panjab Digital Library | www.panjabdigilib.org

# ਵਰਤਮਾਨ ਰਾਜਨੀਤੀ ਵਿਚ ਸਿਖਾਂ ਦਾ ਸਥਾਨ

੧੯੨੦ ਤਕ ਮੈਂ ਕੇਵਲ ਸਿੰਘ ਸਭਾ ਤੇ ਹੋਰ ਸਿਖ ਜਥੇਬੰਦੀਆਂ ਦਾ ਮੈਂਬਰ ਬਣ ਕੇ ਹੀ ਕੰਮ ਕਰਦਾ ਰਿਹਾ ਤੇ ਵਧੇਰੇ ਖ਼ਾਲਸਾ ਸਕੂਲਾਂ ਨਾਲ ਹੀ ਸਬੰਧਤ ਰਿਹਾ। ਹੋਰ ਕਿਸੇ ਸਾਂਝੀ ਰਾਜਸੀ ਜਾਂ ਸਮਾਜਕ ਜਥੇਬੰਦੀ ਦਾ ਮੈਂਬਰ ਨਾ ਬਣਿਆ। ਉਂਞ ਕੁਝ ਰਾਜਸੀ ਪੁਸਤਕਾਂ ਤੇ ਅਖ਼ਬਾਰਾਂ ਪੜ੍ਹ ਕੇ ਅਤੇ ਦੇਸ਼ ਵਿਚ ਚਲ ਰਹੇ ਆਰਥਕ ਤੇ ਰਾਜਸੀ ਅੰਦੋਲਨਾਂ ਤੋਂ ਪ੍ਰਭਾਵਤ ਹੋ ਕੇ ਮੇਰੀ ਦਿਲਚਸਪੀ ਦੇਸ਼ ਪਿਆਰ ਤੇ ਆਜ਼ਾਦੀ ਦੇ ਸੁਆਲਾਂ ਵਿਚ ਬਹੁਤ ਵਧ ਗਈ ਸੀ। ਆਮ ਸਿਖਾਂ ਦੀ ਵੀ ਈਹੋ ਹਾਲਤ ਸੀ।

ਵਰਤਮਾਨ ਰਾਜਨੀਤੀ ਤੋਂ ਮੁਰਾਦ ਹੈ ਜਮਹੂਰੀ ਅਸੂਲਾਂ ਮੁਤਾਬਕ ਕੋਈ ਸਾਂਝੀ ਕੌਮੀ ਜਥੇਬੰਦੀ ਬਣਾਉਣੀ ਅਤੇ ਉਸ ਦੇ ਰਾਹੀਂ ਰਾਜਪ੍ਰਬੰਧ ਦੇ ਸੁਧਾਰ ਲਈ ਉਸ ਵਿਚ ਵਧ ਤੋਂ ਵਧ ਹਿੱਸਾ ਲੈਣਾ ਅਥਵਾ ਆਜ਼ਾਦੀ ਪ੍ਰਾਪਤ ਕਰਨ ਤੇ ਜਮਹੂਰੀ ਸਿਧਾਂਤਾਂ ਮੁਤਾਬਕ ਜ਼ਿਮੇਂਵਾਰ ਲੋਕ ਰਾਜ ਅਸਥਾਪਨ ਕਰਨ ਲਈ ਘੋਲ ਕਰਨਾ।

ਸਾਡੇ ਦੇਸ ਵਿਚ ਅੰਗਰੇਜ਼ੀ ਰਾਜ ਅਸਥਾਪਨ ਹੋ ਜਾਣ ਮਗਰੋਂ ੧੯ ਵੀਂ ਸਦੀ ਦੇ ਅੱਧ ਤੋਂ ਪਿਛੋਂ ਕੁਝ ਪ੍ਰਾਂਤਾਂ ਵਿਚ ਰਾਜਸੀ ਤੇ ਸਮਾਜਕ ਸਾਂਝੀਆਂ ਜਥੇਬੰਦੀਆਂ ਬਣੀਆਂ। ਸਾਰੇ



Digitized by Panjab Digital Library | www.panjabdigilib.org

ਦੇਸ ਦੀ ਸਾਂਝੀ ਕੌਮੀ ਰਾਜਸੀ ਜਥੇਬੰਦੀ ੧੮੮੫ ਵਿਚ ਬਣੀ। ਜਿਸ ਦਾ ਨਾਂ ਸਰਬ-ਹਿੰਦ ਕਾਂਗਰਸ ਰਖਿਆ ਗਿਆ। ਇਹ ਜਥੇਬੰਦੀ ਦੇਸ਼ ਦੇ ਹਾਲਾਤ ਮੁਤਾਬਕ ਵਧਦੀ ਤੇ ਵਿਕਾਸ ਕਰਦੀ ਗਈ ਤੇ ਆਖ਼ੀਰ ਨੂੰ ਸਭ ਤੋਂ ਵੱਡੀ ਤੇ ਬਲਵਾਨ ਕੌਮੀ ਜਥੇਬੰਦੀ ਬਣ ਗਈ। ਇਸ ਦੀ ਅਗਵਾਈ ਸ਼ੁਰੂ ਤੋਂ ਲੈ ਕੇ ਆਖ਼ੀਰ ਤਕ ਬੁਰਜ਼ਵਾਜ਼ੀ ਦੇ ਹੱਥ ਵਿਚ ਰਹੀ ਬੁਰਜ਼ਵਾ ਲੀਡਰ ਸ਼ਿਪ ਦੇ ਸਮਾਜ ਵਿਚ ਆਰਥਕ ਸਬੰਧਾਂ ਅਨੁਸਾਰ ਇਸ ਦੀ ਨੀਤੀ, ਪਰੋਗਰਾਮ ਤੇ ਦਾਅ ਪੇਚਾਂ ਵਿਚ ਤਬਦੀਲੀ ਜ਼ਰੂਰ ਹੁੰਦੀ ਰਹੀ।

ਆਰੰਭ ਸਮੇਂ ਕਾਂਗਰਸ ਵਿਚ ਹਿੱਸਾ ਲੈਣ ਵਾਲੇ ਇਕੋ ਪ੍ਰਸਿੱਧ ਸਿਖ ਦਿਆਲ ਸਿੰਘ ਮਜੀਠੀਏ ਦਾ ਜ਼ਿਕਰ ਆਉਂਦਾ ਹੈ। ਇਹ ਵਿਦਿਆ ਪ੍ਰਾਪਤ ਕਰ ਕੇ ਨਵੇਂ ਸੁਧਾਰਕ ਖਿਆਲਾਂ ਵਿਚ ਰੰਗਿਆ ਗਿਆ ਸੀ। ਮਗਰੋਂ ੧੯੦੭ ਵਿਚ ਸਰਦਾਰ ਅਜੀਤ ਸਿੰਘ ਨੇ ਕਾਂਗਰਸ ਤੇ ਰਾਜਸੀ ਮੈਦਾਨ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਪਰ ਸਿਖ ਆਗੂਆਂ ਨੇ ਇਨ੍ਹਾਂ ਦੋਹਾਂ ਨੂੰ ਪਤਿਤ ਕਰਾਰ ਦੇ ਕੇ ਪੰਥ ਤੋਂ ਖਾਰਜ ਕਰਨ ਦਾ ਐਲਾਨ ਕਰ ਦਿੱਤਾ ਸੀ। ਉਸ ਵੇਲੇ ਦੀਆਂ ਸਿਖ ਜਥੇਬੰਦੀਆਂ ਤੇ ਸਿਖ ਆਗੂ ਇਸ ਤਰ੍ਹਾਂ ਖੁਲ੍ਹੇ ਡੁਲ੍ਹੇ ਰਾਜਨੀਤੀ ਵਿਚ ਹਿੱਸਾ ਲੈਣ ਤੋਂ ਦੂਰ ਦੂਰ ਨੱਸਦੇ ਸਨ! ਸਿਖਾਂ ਦੇ ਆਗੂ ਵਡੇ ਸਰਦਾਰਾਂ ਤੇ ਜਾਗੀਰ-ਦਾਰਾਂ ਵਿਚੋਂ ਸਨ। ਉਨ੍ਹਾਂ ਨੂੰ ਹਕੂਮਤ ਦੀ ਸਰਪਰਸਤੀ ਤੇ ਆਰਥਿਕ ਖ਼ੁਸ਼ਹਾਲੀ ਪ੍ਰਾਪਤ ਸੀ। ਰਾਜਨੀਤੀ ਵਿਚ ਹਿੱਸਾ ਲੈਣ ਦੀ ਉਨ੍ਹਾਂ ਨੂੰ ਲੋੜ ਵੀ ਕੀ ਸੀ। ਇਹ ਨਹੀਂ ਚਾਹੁੰਦੇ ਸਨ ਕਿ ਸਿਖ ਜਨਤਾ ਵੀ ਇਨ੍ਹਾਂ ਦੇ ਮਜ਼ਬੀ ਵਲਗਣ ਤੋਂ ਬਾਹਰ ਨਿਕਲ ਕੇ ਨਵੇਂ ਖ਼ਿਆਲਾਂ ਦੇ ਅਸਰ ਕਬੂਲ ਕਰੇ। ਆਜ਼ਾਦੀ ਤੇ ਲੋਕ-ਰਾਜ ਦੇ ਖਿਆਲਾਂ ਤੋਂ ਇਹ ਆਗੂ ਬਹੁਤ ਤ੍ਰਹਿੰਦੇ ਸਨ। ਪਰ ਪੰਜਾਬ ਵਿਚ ਕਈ ਤਰ੍ਹਾਂ ਦੀਆਂ ਆਰਥਕ ਤੰਗੀਆਂ ਵਧ ਜਾਣ



Digitized by Panjab Digital Library | www.panjabdigilib.org

ਕਰ ਕੇ ਹਜ਼ਾਰਾਂ ਸਿਖ ਕਿਸਾਨਾਂ ਨੂੰ ਘਰ ਬਾਰ ਛਡ ਕੇ ਪਰਦੇਸਾਂ ਵਿਚ ਜਾਣ ਪੁਰ ਮਜਬੂਰ ਹੋਣਾ ਪਿਆ। ਪਰਦੇਸਾਂ ਵਿਚ ਹੋਰ ਕੌਮਾਂ ਨਾਲ ਮੇਲ ਜੋਲ ਵਧਣ ਤੇ ਕਾਰਖ਼ਾਨਿਆਂ ਵਿਚ ਕੰਮ ਕਰਨ ਨਾਲ ਇਨ੍ਹਾਂ ਵਿਚ ਜਾਗਰਤੀ ਆਈ ਤੇ ਰਾਜਸੀ ਸੋਝੀ ਵਧੀ। ਇਕ ਪਾਸੇ ਇਨ੍ਹਾਂ ਨੂੰ ਸਾਮਰਾਜੀ ਗੋਰੇ ਕਾਲੇ ਕੁਲੀ ਤੇ ਗੁਲਾਮ ਆਖ ਆਖ ਕੇ ਸੀਨੇ ਸਲਦੇ ਸਨ ਦੂਜੇ ਪਾਸੇ ਅਮਰੀਕਾ ਵਿਚ ਜਮਹੂਰੀ ਰਾਜ ਤੇ ਆਜ਼ਾਦੀ ਦਾ ਵਾਯੂ ਮੰਡਲ ਇਨ੍ਹਾਂ ਨੂੰ ਬਰਾਬਰੀ ਦਾ ਤੇ ਆਪਣੀ ਗੁਲਾਮੀ ਦਾ ਪੂਰਾ ਪੂਰਾ ਅਹਿਸਾਸ ਕਰਾਂਦਾ ਸੀ।

ਇਨ੍ਹਾਂ ਗਲਾਂ ਤੋਂ ਮੁਤਾਸਰ ਹੋ ਕੇ ਅਮਰੀਕਾ ਵਿਚ ਗਏ ਹਿੰਦੀਆਂ ਨੇ ੧੯੧੩ ਵਿਚ ਗ਼ਦਰ ਪਾਰਟੀ ਨਾਂ ਦੀ ਇਨਕਲਾਬੀ ਜਥੇਬੰਦੀ ਕੈਮ ਕੀਤੀ। ਇਸ ਵਿਚ ਕੁਝ ਹਿੰਦੂ ਤੇ ਮੁਸਲਮਾਣ ਵੀ ਸ਼ਾਮਲ ਸਨ ਪਰ ਸਿਖਾਂ ਦੀ ਗਿਣਤੀ ੯੦ ਫੀਸਦੀ ਸੀ। ਇਸ ਜਥੇਬੰਦੀ ਦਾ ਸਾਰੇ ਪ੍ਰਦੇਸ ਵਾਸੀ ਹਿੰਦੀਆਂ ਪੁਰ ਬੜਾ ਭਾਰੀ ਅਸਰ ਪਿਆ।

੧੯੧੫ ਵਿਚ ਗ਼ਦਰ ਪਾਰਟੀ ਨੇ ਭਾਰਤ ਵਿਚੋਂ ਅੰਗ-ਰੇਜ਼ੀ ਰਾਜ ਦਾ ਤਖ਼ਤਾ ਉਲਟਾਉਣ ਲਈ ਹਲਾ ਬੋਲਿਆ ਪਰ ਕਈ ਕਾਰਨਾਂ ਕਰ ਕੇ ਸਫ਼ਲਤਾ ਪ੍ਰਾਪਤ ਨਾ ਹੋਈ।

ਸਿਖ ਪੰਥ ਲਈ ਇਹ ਗਲ ਬੜੇ ਮਾਣ ਵਾਲੀ ਹੋਣੀ ਚਾਹੀਦੀ ਸੀ ਕਿ ਸਿਖ ਨੌਜਵਾਨਾਂ ਨੇ ਗੁਰੂ ਗੋਬਿੰਦ ਸਿੰਘ ਦੇ ਇਨਕਲਾਬੀ ਪੂਰਨਿਆਂ ਪੁਰ ਚਲਦਿਆਂ ਹੋਇਆਂ ਦੇਸ਼ ਦੀ ਆਜ਼ਾਦੀ ਲਈ ਇਨਕਲਾਬੀ ਹਲਾ ਬੋਲਿਆ ਤੇ ਵਧ ਚੜ੍ਹ ਕੇ ਕੁਰਬਾਨੀਆਂ ਦਿਤੀਆਂ ਪਰ ਉਸ ਵੇਲੇ ਦੇ ਸਿਖ ਆਗੂਆਂ ਵਲੋਂ ਇਨ੍ਹਾਂ ਨੂੰ ਵੀ ਅਨ ਮਤੀਆਂ ਦੇ ਅੱਡੇ ਚੜ੍ਹੇ ਹੋਏ, ਗੁਮਰਾਹ ਹੋਏ ਪਤਿਤ ਸਿਖ ਆਖ ਕੇ ਭੰਡਿਆ।



Digitized by Panjab Digital Library | www.panjabdigilib.org

ਗਲ ਏਹ ਸੀ ਕਿ ਉਹ "ਕੁਦਰਤੀ ਲੀਡਰ ਸ਼ਿਪ" ਦਾ ਜ਼ਮਾਨਾ ਸੀ। ਅੰਗਰੇਜ਼ ਸਾਮਰਾਜੀ ਬੜੇ ਚਤਰ ਨੀਤੀਵਾਨ ਸਨ। ਉਨ੍ਹਾਂ ਨੇ ਆਪਣੀ ਤੇ ਸਿਖ ਰਾਜਿਆਂ ਦੀ ਸਰਪਰਸਤੀ ਹੇਠਾਂ ਸਿਖ ਜਗੀਰਦਾਰਾਂ ਤੇ ਸਰਦਾਰਾਂ ਦੀ ਮਜ਼ਹਬੀ ਲੀਡਰ ਸ਼ਿਪ ਅਸਥਾਪਨ ਕੀਤੀ ਹੋਈ ਸੀ। ਜਿਸ ਦੀ ਮਦਦ ਨਾਲ ਉਹ ਆਮ ਸਿਖਾਂ ਨੂੰ ਇਕ ਤਾਂ ਵਰਤਮਾਨ ਰਾਜਨੀਤੀ ਤੋਂ ਦੂਰ ਰਖਣ ਦਾ ਜਤਨ ਕਰਦੇ ਰਹਿੰਦੇ ਸਨ; ਦੂਜੇ ਪੰਜਾਬ ਦੇ ਸਿਖ ਕਿਸਾਨਾਂ ਦੀ ਭਰਤੀ ਨਾਲ ਹੋਰ ਦੇਸਾਂ ਵਿਚ ਆਪਣਾ ਸਾਮਰਾਜ ਫੈਲਾਂਦੇ ਸਨ। ਪੰਜਾਬ ਨੂੰ ਫ਼ੌਜੀ ਭਰਤੀ ਦਾ ਕੇਂਦਰ ਬਣਾਇਆ ਹੋਇਆ ਸੀ। ਇਸੇ ਵਾਸਤੇ ਉਹ ਪੰਜਾਬ ਨੂੰ ਖਾਸ ਕਰ ਕੇ ਸਿਖਾਂ ਨੂੰ ਆਪਣਾ ਵਫ਼ਾਦਾਰ ਬਣਾਈ ਰਖਣ ਵਾਸਤੇ ਅਡੀ ਚੋਟੀ ਦਾ ਜ਼ੋਰ ਲਾਂਦੇ ਰਹਿੰਦੇ ਸਨ।

ਉਸ ਵੇਲੇ ਚੀਫ਼ ਖਾਲਸਾ ਦੀਵਾਨ ਸਿਖਾਂ ਦਾ ਸਭ ਤੋਂ ਪ੍ਰਸਿਧ ਤੇ ਮੁਖੀ ਜਥਾ ਮੰਨਿਆ ਜਾਂਦਾ ਸੀ। ਇਸ ਵਲੋਂ ਧਰਮ ਤੇ ਵਿਦਿਆ ਪ੍ਰਚਾਰ ਦਾ ਚੰਗਾ ਕੰਮ ਹੁੰਦਾ ਸੀ। ਚੀਫ਼ ਖ਼ਾਲਸਾ ਦੀਵਾਨ ਤੇ ਸਿੰਘ ਸਭਾ ਲਾਹੌਰ ਦੇ ਵਿਦਿਆ ਪਰਚਾਰ ਤੇ ਸੁਧਾਰਕ ਕਾਰਜਾਂ ਨੇ ਸਿਖਾਂ ਵਿਚ ਨਵੀਂ ਜਾਗਰਤਾ ਪੈਦਾ ਕਰਨ ਵਿਚ ਸ਼ਲਾਘਾ ਯੋਗ ਹਿਸਾ ਪਾਇਆ। ਪਰ ਵਰਤਮਾਨ ਰਾਜਨੀਤਕ ਸੁਆਲਾਂ ਬਾਰੇ ਖੁਲ੍ਹੇ ਸਮਾਗਮਾਂ ਜਾਂ ਅਖਬਾਰਾਂ ਵਿਚ ਵਿਚਾਰ ਕਰਨ ਤੋਂ ਇਹ ਲੋਕ ਬਹੁਤ ਸੰਕੋਚ ਕਰਦੇ ਸਨ। ਚੀਫ਼ ਖਾਲਸਾ ਦੀਵਾਨ ਦੀ ਸ਼ੋਦ ਇਕ ਰਾਜਸੀ ਸਬ ਕਮੇਟੀ ਬਣੀ ਹੋਈ ਸੀ, ਜਿਸ ਵਲੋਂ ਸਰਕਾਰ ਨੂੰ ਰਾਜਸੀ ਪ੍ਰਸ਼ਨਾਂ ਬਾਰੇ ਕੋਈ ਮਤਾ ਜਾਂ ਚਿਠੀ ਭੇਜ ਦਿਤੀ ਜਾਂਦੀ ਸੀ ਜਾਂ ਕੋਈ ਡੈਪੂਟੇਸ਼ਨ ਵਡੇ ਹਾਕਮਾਂ ਨੂੰ ਮਿਲ ਲੈਂਦਾ ਸੀ। ਆਮ ਸਿਖ ਰਾਇ ਦੀ ਇਹ ਬਹੁਤ ਘਟ ਪਰਵਾਹ ਕਰਦੇ ਸਨ। ਆਮ ਸਿਖ ਇਹ ਸਮਝਣ ਲਗ ਪਏ ਸਨ



Digitized by Panjab Digital Library | www.panjabdigilib.org

ਕਿ ਚੀਫ਼ ਖਾਲਸਾ ਦੀਵਾਨ ਸਰਕਾਰ-ਪੂਜ ਜਥਾ ਹੈ। ਸਿਖ ਜਨਤਾ ਵਿਚ ਤੇ ਸਿਖ ਲੀਡਰਾਂ ਵਿਚ ਦਿਨੋ ਦਿਨ ਵਿਥ ਵਧਦੀ ਗਈ। ੧੯੨੦ ਤਕ ਚੀ: ਖਾ: ਦੀਵਾਨ ਦੀ ਲੀਡਰ ਸ਼ਿਪ ਵਿਚ ਤੇ ਆਮ ਸਿਖ ਜਨਤਾ ਵਿਚ ਬੜਾ ਪਾੜ ਪੈ ਚੁਕਾ ਸੀ। ਜਿਨ੍ਹਾਂ ਦੇਸਾਂ ਵਿਚ ਸਿਖ ਫ਼ੌਜੀ ਤੇ ਪੁਲਸੀ ਲੋਕਾਂ ਨੂੰ ਅੰਗਰੇਜ਼ਾਂ ਦਾ ਗੁਲਾਮ ਬਨਾਣ ਵਿਚ ਮਦਦ ਕਰਦੇ ਸਨ, ਉਥੇ ਸਿਖ ਦੀ ਸ਼ਕਲ ਵੇਖ ਕੇ ਹੀ ਨਫ਼ਰਤ ਕੀਤੀ ਜਾਂਦੀ ਸੀ। ਇਸ ਕਰ ਕੇ ਦੇਸ ਵਿਚ ਤੇ ਪੂਰਬੀ ਏਸ਼ੀਆ ਦੇ ਕੁਝ ਦੇਸਾਂ ਵਿਚ ਸਿਖਾਂ ਨੂੰ ਅੰਗਰੇਜ਼ਾਂ ਦਾ ਵਫ਼ਾਦਾਰ ਸਮਝ ਕੇ ਬਦਨਾਮੀ ਕੀਤੀ ਜਾਂਦੀ ਸੀ।

੧੯੧੪ ਤੋਂ ੧੯੧੯ ਤਕ ਦੇਸ਼ ਦੇ ਰਾਜਸੀ ਤੇ ਆਰਥਕ ਹਾਲਤ ਵਿਚ ਅਜਿਹੀਆਂ ਤਬਦੀਲੀਆਂ ਪੈਦਾ ਹੋਈਆਂ ਕਿ ਆਮ ਸਿਖ ਜਨਤਾ ਵਰਤਮਾਨ ਰਾਜਨੀਤੀ ਵਿਚ ਆਪ ਮੁਹਾਰੀ ਹਿਸਾ ਲੈਣ ਲਈ ਅਗੇ ਵਧਣ ਲਗ ਪਈ। ਕੁਝ ਪੁਰਾਣੇ ਸਿਖ ਲੀਡਰਾਂ ਨੇ ਵੀ ਮਹਿਸੂਸ ਕੀਤਾ ਕਿ ਵਰਤਮਾਨ ਰਾਜਨੀਤੀ ਵਿਚ ਹਿਸਾ ਲੈਣ ਬਗੈਰ ਗੁਜ਼ਾਰਾ ਨਹੀਂ ਚਲੇਗਾ। ੧੯੨੦ ਵਿਚ ਤਾਂ ਦੇਸ ਵਿਚ ਅਜਿਹੀ ਜ਼ੋਰਦਾਰ ਰਾਜਸੀ ਲਹਿਰ ਉਠੀ ਕਿ ਸਿਖ ਜਨਤਾ ਇਕੋ ਸ਼ੜੱਪੇ ਨਾਲ ਪਿਛਲੇ ੨੦-੨੫ ਵਰ੍ਹਿਆਂ ਦਾ ਘਾਟਾ ਪੂਰਾ ਕਰ ਗਈ। ਉਹ ਦੇਸ਼ ਦੀ ਆਜ਼ਾਦੀ ਲਈ ਚਲ ਰਹੀਆਂ ਲਹਿਰਾਂ ਦੀ ਮੁਹਰਲੀ ਕਤਾਰ ਵਿਚ ਜਾ ਖੜੋਤੀ। ਪੁਰਾਣੇ ਕਈ ਪਿਛਾਂਹ ਖਿਚੂ ਲੀਡਰਾਂ ਦੀਆਂ ਨਿੰਦਣ ਯੋਗ ਕਾਰਵਾਈਆਂ ਨੇ ਸਿਖ ਕੌਮ ਦੇ ਮਥੇ ਪੁਰ ਜਿਹੜੀ ਬਦਨਾਮੀ ਦੀ ਕਾਲਖ ਮਲੀ ਸੀ, ਉਹ ਹੁਣ ਸਿਖ ਜਨਤਾ ਦੀਆਂ ਅਦੁਤੀ ਕੁਰਬਾਨੀਆਂ ਨੇ ਧੋ ਦਿਤੀ। ਸਿਖ ਜਨਤਾ ਨੇ ਨਾ ਕੇਵਲ ਗੁਰਦੁਆਰਾ ਸੁਧਾਰ ਤੇ ਕੌਮੀ ਆਜ਼ਾਦੀ ਦੀ ਲਹਿਰ ਵਿਚ ਵਧ ਚੜ੍ਹ ਕੇ ਹਿਸਾ ਲਿਆ ਬਲਕਿ ਇਨਕਲਾਬੀ ਜਥੇਬੰਦੀਆਂ ਵਿਚ ਵੀ ਇਤਿਹਾਸਕ ਹਿਸਾ ਪਾਇਆ।



Digitized by Panjab Digital Library | www.panjabdigilib.org

ਮੇਰੇ ਖ਼ਿਆਲ ਵਿਚ ਹੇਠਾਂ ਲਿਖੇ ਕਾਰਨਾਂ ਨੇ ਕੁਝ ਕੁ ਪੁਰਾਣੇ ਸਿਖ ਲੀਡਰਾਂ ਨੂੰ ਵੀ ਵਰਤਮਾਨ ਢੰਗ ਨਾਲ ਰਾਜਨੀਤੀ ਵਿਚ ਹਿਸਾ ਲੈਣ ਲਈ ਪ੍ਰੇਰਨਾ ਕੀਤੀ।

੧੯੧੬ ਵਿਚ ਲਖਨਊ ਵਿਚ ਕਾਂਗਰਸ ਤੇ ਮੁਸਲਮ ਲੀਗ ਦਾ ਇਕ ਸਮਝੌਤਾ ਹੋ ਗਿਆ ਜਿਸਨੂੰ "ਲਖਨਊ ਪੈਕਟ" ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਅਨੁਸਾਰ ਭਾਰਤ ਦੇ ਜਿਨ੍ਹਾਂ ਪ੍ਰਾਂਤਾਂ ਵਿਚ ਮੁਸਲਮਾਨਾਂ ਦੀ ਘਟ ਗਿਣਤੀ ਸੀ, ਉਨ੍ਹਾਂ ਨੂੰ ਵਧ ਸੀਟਾਂ ਦੇ ਕੇ ਰਾਜ਼ੀ ਕੀਤਾ ਗਿਆ। ਪਰ ਸਿਖਾਂ ਨੂੰ ਬਿਲਕੁਲ ਅਣਡਿਠ ਕਰ ਦਿਤਾ ਗਿਆ। ਇਨ੍ਹਾਂ ਨੂੰ ਹਿੰਦੂਆਂ ਵਿਚ ਹੀ ਸ਼ਾਮਲ ਰਖਿਆ ਗਿਆ। ਇਨ੍ਹਾਂ ਲਈ ਵਖਰੀਆਂ ਸੀਟਾਂ ਨਾ ਮਿਥੀਆਂ ਗਈਆਂ।

੨੦ ਅਗਸਤ ੧੯੧੭ ਨੂੰ ਹਊਸ ਆਫ਼ ਕਾਮਨਜ਼ ਵਿਚ ਵਜ਼ੀਰ ਹਿੰਦ ਮਿ: ਮਾਂਟੇਗੂ ਨੇ ਐਲਾਨ ਕੀਤਾ ਕਿ 'ਹਕੂਮਤ ਬਰਤਾਨੀਆਂ ਦਾ ਆਸ਼ਾ ਭਾਰਤ ਵਿਚ ਸਹਿਜੇ ਸਹਿਜੇ ਜ਼ਿਮੇਵਾਰ ਰਾਜ ਪ੍ਰਬੰਧ ਕੈਮ ਕਰਨਾ ਹੈ ਅਤੇ ਜੰਗ ਦੇ ਖ਼ਾਤਮੇ ਮਗਰੋਂ ਭਾਰਤ ਵਾਸੀਆਂ ਨੂੰ ਉਹ ਰਾਜ ਪ੍ਰਬੰਧ ਵਿਚ ਵਧੇਰੇ ਹਿਸਾ ਦਏਗੀ।" ੧੯੧੭ ਵਿਚ ਕਾਂਗਰਸ ਦਾ ਸਾਲਾਨਾ ਸਮਾਗਮ ਕਲਕਤੇ ਵਿਚ ਹੋਇਆ। ਉਸ ਵਿਚ ਬਰਤਾਨਵੀ ਸਰਕਾਰ ਦੇ ਇਸ ਐਲਾਨ ਦਾ ਸੁਆਗਤ ਕੀਤਾ ਗਿਆ ਅਤੇ ਮੰਗ ਕੀਤੀ ਗਈ ਕਿ ਕਾਂਗਰਸ-ਲੀਗ ਦੇ ਲਖਨਊ ਸਮਝੌਤੇ ਮੁਤਾਬਿਕ ਨਵੀਂ ਰਾਜ ਸੁਧਾਰ ਸਕੀਮ ਬਣਾਈ ਜਾਵੇ।

ਸਿਖ ਆਗੂਆਂ ਨੂੰ ਹੁਣ ਪਿਸੂ ਪਏ ਕਿ ਭਾਰਤ ਲਈ ਨਵੀਂ ਰਾਜਸੀ ਸੁਧਾਰ ਸਕੀਮ ਵਿਚ ਉਨ੍ਹਾਂ ਨੂੰ ਕੋਈ ਹਿਸਾ ਨਹੀਂ ਮਿਲੇਗਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਵਰਤਮਾਨ ਰਾਜਨੀਤੀ ਅਨੁਸਾਰ ਰਾਜਸੀ ਜਥੇਬੰਦੀ ਬਣਾ ਕੇ ਕੰਮ ਕੀਤੇ ਬਗ਼ੈਰ ਕੁਝ



Digitized by Panjab Digital Library | www.panjabdigilib.org

ਨਹੀਂ ਬਣ ਸਕਦਾ।

ਇਸ ਦੇ ਨਾਲ ਹੀ ਜੰਗ ਦੇ ਦਿਨਾਂ ਵਿਚ ਫ਼ੌਜੀ ਭਰਤੀ ਤੇ ਚੰਦੇ ਦੀ ਉਗਰਾਹੀ ਲਈ ਸਰਕਾਰੀ ਜਬਰ ਤੇ ੧੯੧੯ ਦੇ ਮਾਰਸ਼ਲ ਲਾਅ ਦੇ ਅਤਿਆਚਾਰਾਂ ਨੇ ਸਿਖ ਜਨਤਾ ਵਿਚ ਬੜੀ ਬੇਚੈਨੀ ਫੈਲਾਈ ਹੋਈ ਸੀ। ਗ਼ਦਰ ਪਾਰਟੀ ਦੇ ਇਨਕਲਾਬੀ ਹੱਲੇ ਦਾ ਵੀ ਬੜਾ ਪ੍ਰਭਾਵ ਪੈ ਚੁਕਾ ਸੀ ਅਤੇ ਜੰਗ ਖਤਮ ਹੋਣ ਕਰ ਕੇ ਬਹੁਤ ਸਾਰੇ ਫ਼ੌਜੀ ਵਿਹਲੇ ਹੋ ਚੁਕੇ ਸਨ। ਆਮ ਸਿਖ ਜਨਤਾ ਨੂੰ ਹੁਣ ਰਾਜਸੀ ਲਹਿਰਾਂ ਤੇ ਸਾਂਝੀਆਂ ਜਨਤਕ ਜਥੇਬੰਦੀਆਂ ਤੋਂ ਦੂਰ ਰੱਖਣਾ ਅਸੰਭਵ ਸੀ।

ਇਨ੍ਹਾਂ ਕਾਰਨਾਂ ਨੇ ੧੯੧੯ ਵਿਚ ਸਿਖਾਂ ਦੀ ਪਹਿਲੀ ਰਾਜਸੀ ਜਥੇਬੰਦੀ "ਸਿਖ ਲੀਗ" ਨੂੰ ਜਨਮ ਦਿਤਾ। ਸਿਖ ਲੀਗ ਦਾ ਪਰਧਾਨ ਸ: ਬ: ਗਜਨ ਸਿੰਘ ਲੁਧਿਆਣਾ ਤੇ ਮੀਤ ਪਰਧਾਨ ਕੈਪਟਨ ਗੁਪਾਲ ਸਿੰਘ ਭਾਗੋਵਾਲੀਆ ਸੀ। ਸਕੱਤ੍ਰ ਗਿਆਨੀ ਗੁਰਬਖਸ਼ ਸਿੰਘ ਬੈਰਿਸਟਰ ਅੰਮ੍ਰਿਤਸਰੀ ਸੀ। ਜਿਥੋਂ ਤਕ ਮੈਨੂੰ ਯਾਦ ਹੈ ਚੀ: ਖਾ: ਦੀਵਾਨ ਨੇ ਭਾਵੇਂ ਇਸਦੀ ਵਿਰੋਧਤਾ ਨਹੀਂ ਕੀਤੀ ਪਰ ਉਸ ਦੇ ਆਗੂਆਂ ਵਿਚੋਂ ਇਸ ਵਿਚ ਕੋਈ ਸ਼ਾਮਲ ਨਹੀਂ ਹੋਇਆ। ਸਿਖ ਲੀਗ ਦੇ ਮੋਢੀ ਪ੍ਰਬੰਧਕਾਂ ਵਿਚ ਵੀ ਨਰਮ ਖਿਆਲੀਏ ਤੇ ਬਰਤਾਨਵੀ ਰਾਜ ਭਗਤ ਹੀ ਸਨ। ਹੋ ਸਕਦਾ ਹੈ ਕਿ ਇਨ੍ਹਾਂ ਨੂੰ ਕੁਝ ਅੰਗਰੇਜ਼ ਨੀਤੀਵਾਨਾਂ ਤੋਂ ਵੀ ਪਰੇਰਨਾ ਮਿਲੀ ਹੋਵੇ ਕਿ ਮੁਸਲਮ ਲੀਗ ਦੀ ਤਰ੍ਹਾਂ ਫਿਰਕੂ ਲੈਨਾਂ ਪੁਰ ਸਿਖ ਜਥੇਬੰਦੀ ਬਣਾ ਲੈ ਤਾਂ ਜੋ ਉਹ ਉਠ ਰਹੀ ਕੌਮੀ ਏਕਤਾ ਤੇ ਰਾਜਸੀ ਅੰਦੋਲਨ ਵਿਚ ਕੋਈ ਰੋਕ ਬਣ ਕੇ ਹਕੂਮਤ ਲਈ ਲਾਭਦਾਇਕ ਸਾਬਤ ਹੋ ਸਕੇ, ਜਾਂ ਇਨ੍ਹਾਂ ਨੂੰ ਆਪਣੇ ਲਾਭ ਇਸੇ ਵਿਚ ਨਜ਼ਰ ਆਏ ਹੋਣਗੇ।



Digitized by Panjab Digital Library | www.panjabdigilib.org

ਦਸੰਬਰ ੧੯੧੯ ਵਿਚ ਸਿਖ ਲੀਗ ਦਾ ਪਹਿਲਾ ਸਮਾਗਮ ਸ: ਬ: ਗਜਨ ਸਿੰਘ ਦੀ ਪਰਧਾਨਗੀ ਹੇਠਾਂ ਅੰਮ੍ਰਿਤਸਰ ਵਿਚ ਹੋਇਆ ਜਿਸ ਵਿਚ ਬਿਨਾਂ ਵਿਤਕਰੇ ਦੇ ਸਭ ਖਿਆਲਾਂ ਦੇ ਸਿਖ ਖਿਚੇ ਆਏ। ਕਈ ਕਾਂਗਰਸੀ ਆਗੂਆਂ ਨੇ ਵੀ ਦਰਸ਼ਨ ਦਿਤੇ। ਇਸ ਸਮਾਗਮ ਵਿਚ ਸਵਾਏ ਮੰਗਾਂ ਪੇਸ਼ ਕਰਨ ਦੇ ਕਿਸੇ ਪਾਲਸੀ ਜਾਂ ਪ੍ਰੋਗਰਾਮ ਪੁਰ ਸਮਾਗਮ ਵਿਚ ਬਹਿਸ ਨਹੀਂ ਹੋਈ। ਜਮਹੂਰੀ ਅਸੂਲਾਂ ਮੁਤਾਬਿਕ ਇਸ ਦਾ ਵਿਧਾਨ ਬਣਾਇਆ ਗਿਆ ਅਤੇ ਅੰਮ੍ਰਿਤਸਰ ਕਾਂਗਰਸ ਤੇ ਲੀਗ ਦੇ ਜਲਸਿਆਂ ਦੀ ਕਾਰਵਾਈ ਤੋਂ ਪਰੇਰਨਾ ਲੈ ਕੇ ਪੜ੍ਹੇ ਲਿਖੇ ਨੌਜਵਾਨ ਸਿਖ ਮੈਦਾਨ ਵਿਚ ਨਿਤਰ ਪਏ। ਉਹ ਰਾਜਸੀ ਜਲਸਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਗ ਪਏ। ਕਈ ਜ਼ਿਲਿਆਂ ਵਿਚ ਸਿਖ ਲੀਗਾਂ ਬਣ ਗਈਆਂ। ਕਾਂਗਰਸ ਤੇ ਸਿਖ ਲੀਗ ਦੋਹਾਂ ਦੇ ਜਲਸਿਆਂ ਵਿਚ ਮਾਰਸ਼ਲ ਲਾਅ ਦੇ ਵਿਰੁਧ ਰੋਸ ਤੇ ਸ੍ਵਰਾਜ ਦੀ ਮੰਗ ਇਕੋ ਸੁਰ ਵਿਚ ਕੀਤੀ ਜਾਂਦੀ ਸੀ। ਸਿਖ ਲੀਗ ਦੇ ਜਲਸਿਆਂ ਵਿਚ ਸਿਖ ਰਾਜ ਦੇ ਖੋਹੇ ਜਾਣ, ਖਾਲਸਾ ਕਾਲਜ ਪੁਰ ਅੰਗਰੇਜ਼ਾਂ ਵਲੋਂ ਕਬਜ਼ਾ ਜਮਾਣ ਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੇ ਜਾਣ ਦੇ ਅੰਗਰੇਜ਼ੀ ਜਬਰ ਦਾ ਵੀ ਜ਼ਿਕਰ ਕੀਤਾ ਜਾਂਦਾ। ਸਿਖ ਜਨਤਾ ਵਿਚ ਅੰਗਰੇਜ਼ਾਂ ਵਿਰੁਧ ਨਾਰਾਜ਼ਗੀ ਤੇ ਆਜ਼ਾਦੀ ਲਈ ਜੋਸ਼ ਦਿਨੋ ਦਿਨ ਵਧ ਰਿਹਾ ਸੀ।

ਸਿਖ ਲੀਗ ਦੇ ਮੋਢੀ ਜਥੇਬੰਦਕ ਸਰਦਾਰ ਗਜਨ ਸਿੰਘ ਤੇ ਗੁਪਾਲ ਸਿੰਘ ਭਾਗੋਵਾਲੀਏ ਵਰਗੇ ਨਰਮ ਖਿਆਲੀਏ ਸਿਖ ਆਗੂ ਆਪਣੇ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਵੇਖ ਕੇ ਘਬਰਾ ਰਹੇ ਸਨ। ਅਸਲ ਵਿਚ ਉਹ ਸਿਖ ਲੀਗ ਨੂੰ ਉਥੋਂ ਸ਼ੁਰੂ ਕਰਨਾ ਚਾਹੁੰਦੇ ਸਨ ਜਿਥੋਂ ਕਾਂਗਰਸ ੧੮੮੫ ਵਿਚ ਜਾਂ ਮੁਸਲਮ ਲੀਗ ੧੯੦੬ ਵਿਚ ਸ਼ੁਰੂ ਹੋਈ ਸੀ। ਅਰਥਾਤ ਸਰਕਾਰ ਅੰਗਰੇਜ਼ੀ



Digitized by Panjab Digital Library | www.panjabdigilib.org

ਪ੍ਰਫ਼ਾਦਾਰੀ ਨੂੰ ਕਾਇਮ ਰਖਦਿਆਂ ਹੋਇਆਂ ਮਤੇ ਪਾਸ ਕਰਨੇ ਤੇ ਛੁਾਰਬਨਾਵਾਂ ਦੀ ਪਾਲਸੀ ਮੁਤਾਬਿਕ ਅੰਗਰੇਜ਼ ਹਾਕਮਾਂ ਪਾਸ ਡੈਪੂਟੇਸ਼ਨ ਭੇਜ ਕੇ ਰਿਆਇਤਾਂ ਮੰਗਣੀਆਂ । ਕਾਂਗਰਸ ਹੁਣ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਇਸ ਪ੍ਰੋਗਰਾਮ ਨੂੰ ਖਤਮ ਕਰ ਕੇ ਜਨਤਕ ਲਹਿਰ ਤੇ ਘੋਲ ਦਾ ਰੂਪ ਧਾਰਨ ਕਰ ਰਹੀ ਸੀ ਅਤੇ ਆਪਣੀ ਜਥੇਬੰਦੀ ਤੇ ਬਾਹੂ ਬਲ ਦੇ ਭਰੋਸੇ ਆਪਣੇ ਅਧਿਕਾਰ ਪ੍ਰਾਪਤ ਕਰਨ ਵਲ ਵਧ ਰਹੀ ਸੀ। ਖਲਾਫ਼ਤ ਦੇ ਸੁਆਲ ਨੇ ਹਿੰਦੀ ਮੁਸਲਮਾਨਾਂ ਨੂੰ ਬਹੁਤ ਨਾਰਾਜ਼ ਕਰ ਦਿਤਾ ਸੀ। ਦੇਸ ਦੇ ਆਰਥਕ ਤੇ ਰਾਜਸੀ ਹਾਲਾਤ ਨੇ ਹਿੰਦੀ ਜਨਤਾ ਵਿਚ ਇਕ ਭਾਰੀ ਇਨਕਲਾਬੀ ਉਭਾਰ ਪੈਦਾ ਕਰ ਦਿਤਾ ਸੀ। ਸਿਖਾਂ ਪੁਰ ਵੀ ਇਸ ਦਾ ਅਸਰ ਪੈਣਾ ਕੁਦਰਤੀ ਸੀ ।

ਵਰਤਮਾਨ ਹਾਲਾਤ ਮੁਤਾਬਿਕ ਅਗਵਾਈ ਕੀਤੇ ਬਗੈਰ ਕੋਈ ਆਗੂ ਨਹੀਂ ਸੀ ਬਣ ਸਕਦਾ । ਕਾਂਗਰਸ ਦੇ ਪੁਰਾਣੇ ਮਾਡਰੇਟ ਲੀਡਰ ਮਿ: ਸ਼ਾਸਤ੍ਰੀ, ਚਿੰਤਾਮਣੀ, ਸੈਪਰੂ, ਬੈਨਰ ਜੀ ਆਦਿ ਕਾਂਗਰਸ ਨੂੰ ਛਡ ਕੇ ਕਿਨਾਰੇ ਹੋ ਗਏ ਸਨ । ਹੁਣ ਮਹਾਤਮਾ ਗਾਂਧੀ, ਸ੍ਰੀ ਤਿਲਕ, ਮੋਤੀ ਲਾਲ ਨਹਿਰੂ ਤੇ ਸੀ. ਆਰ. ਦਾਸ ਵਰਗੇ ਗਰਮ ਖਿਆਲੀਏ ਆਗੂ ਕਾਂਗਰਸ ਦੀ ਅਗਵਾਈ ਕਰ ਰਹੇ ਸਨ । ਸਿਖ ਜਨਤਾ ਆਮ ਹਿੰਦੀ ਜਨਤਾ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਅਗੇ ਵਧ ਰਹੀ ਸੀ। ਉਹ ਇਨਕਲਾਬੀ ਘੋਲ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਤੇ ਕੁਰਬਾਨੀਆਂ ਕਰਨ ਲਈ ਵਧ ਰਹੀ ਸੀ। ਸਿਖ ਮਿਸਲਾਂ ਦਾ ਸ਼ਹੀਦੀ ਘੋਲ, ਅੰਗਰੇਜ਼ਾਂ ਵਿਰੁਧ ਨਾਮਧਾਰੀ ਅੰਦੋਲਨ ਅਤੇ ਗ਼ਦਰ ਪਾਰਟੀ ਦਾ ਇਨਕਲਾਬੀ ਵਿਰਸਾ ਇਸ ਦੇ ਖ਼ੂਨ ਨੂੰ ਗਰਮਾ ਰਿਹਾ ਸੀ । ਗੁਰਦੁਆਰਾ ਰਕਾਬ ਗੰਜ ਤੇ ਹੋਰ ਗੁਰਦੁਆਰਿਆਂ ਦੇ ਸੁਧਾਰ ਦਾ ਸੁਆਲ ਵੀ ਇਸ ਨੂੰ ਬੇਚੈਨ ਕਰ ਰਿਹਾ ਸੀ । ਪਰ ਸਿਖ ਆਗੂ



Digitized by Panjab Digital Library | www.panjabdigilib.org

ਬਹੁਤ ਪਛੜ ਕੇ ਜਾਗੇ ਸਨ । ਇਹ ਜਮਾਤੀ ਤੇ ਵਿਚਾਰਕ ਤੌਰ ਪੁਰ ਪਿਛਾਂਹ-ਖਿਚੂ ਸਨ ਤੇ ਸਿਖ ਜਨਤਾ ਨੂੰ ਇਹ ਕੌਮੀ ਤੇ ਆਜ਼ਾਦੀ ਦੇ ਘੋਲ ਤੋਂ ਅਡ ਰਖਦੇ ਸਨ । ਸਿੱਟਾ ਇਹ ਨਿਕਲਿਆ ਕਿ ੧੯੨੦ ਵਿਚ ਸਿਖ ਲੀਗ ਦੀ ਨਵੀਂ ਚੋਣ ਵਿਚ ਇਸ ਪੁਰ ਨੌਜਵਾਨ ਤੇ ਅਗਾਂਹ ਵਧੂ ਸਿਖਾਂ ਦਾ ਕਬਜ਼ਾ ਹੋ ਗਿਆ ਜਿਹੜੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਕਾਂਗਰਸ ਦੇ ਨਾਲ ਅਗੇ ਵਧਨਾ ਚਾਹੁੰਦੇ ਸਨ। ਉਨ੍ਹਾਂ ਨੂੰ ਹੁਣ ਪਤਾ ਲਗ ਗਿਆ ਸੀ ਕਿ ਗੱਜਨ ਸਿੰਘ ਤੇ ਭਾਗੋਵਾਲੀਏ ਸਰਦਾਰਾਂ ਦੇ ਲੱਭ ਅੰਗਰੇਜ਼ੀ ਰਾਜ ਨਾਲ ਜੁੜੇ ਹੋਏ ਹਨ । ਇਹ ਸਿਖ ਜਨਤਾ ਦੀ ਅਗਵਾਈ ਕਰਨ ਦੀ ਯੋਗਤਾ ਨਹੀਂ ਰਖਦੇ ।

ਪਹਿਲੀ ਸਿਖ ਰਾਜਸੀ ਜਥੇਬੰਦੀ ਜਿਹੜੀ ਸਿਖ ਆਗੂਆਂ ਨੂੰ ਮੁਸਲਮ ਲੀਗ ਦੀਆਂ ਲੀਹਾਂ ਪੁਰ ਅਤੇ ਕਾਂਗਰਸ ਦੇ ੧੯੯੫ ਵਾਲੇ ਪਰੋਗਰਾਮ ਪੁਰ ਚਲਾਣ ਲਈ ਬਣਾਈ ਸੀ ਆਪਣੇ ਹਥੋਂ ਨਿਕਲਦੀ ਜਾਂਦੀ ਵੇਖ ਕੇ ਉਨ੍ਹਾਂ ਨੂੰ ਬੜਾ ਫਿਕਰ ਪਿਆ । ਸਰਕਾਰ ਅੰਗਰੇਜ਼ੀ ਨੂੰ ਵੀ ਬੜੀ ਚਿੰਤਾ ਲਗ ਗਈ ਕਿਉਂਕਿ ਉਨ੍ਹਾਂ ਨੂੰ ਨਿਸ਼ਚਾ ਸੀ ਕਿ ਸਿਖਾਂ ਦੇ ਸੋਚਣ ਤੇ ਅਮਲ ਵਿਚ ਬਹੁਤ ਥੋੜ੍ਹੀ ਵਿਥ ਹੈ। ਇਕ ਵੇਰਾਂ ਜਿਸ ਗਲ ਨੂੰ ਇਹ ਸੋਚ ਕੇ ਠੀਕ ਮੰਨ ਲੈਣਗੇ ਉਸ ਦੇ ਲਈ ਮਰ ਮਿਟਣਗੇ ਪਰ ਪਿਛੇ ਨਾ ਹਟਣਗੇ। ਸਿਖ ਲੀਗ ਦਾ ਦੂਜਾ ਸਾਲਾਨਾ ਸਮਾਗਮ ਅਕਤੂਬਰ ਵਿਚ ਲਾਹੌਰ ਵਿਚ ਹੋਣਾ ਮਿਥਿਆ ਗਿਆ ਸੀ। ਇਸ ਦੇ ਫੈਸਲਿਆਂ ਪੁਰ ਸਭ ਦੀਆਂ ਅੱਖਾਂ ਲਗ ਗਈਆਂ ਸਨ। ਸਿਖਾਂ ਵਿਚ ਪੁਰਾਣੀ ਤੇ ਨਵੀਂ ਲੀਡਰਸ਼ਿਪ ਦੀ ਟੱਕਰ ਤੇਜ਼ ਹੋ ਗਈ ਸੀ। ਆਮ ਸਿਖ ਜਨਤਾ ਨਵੀਂ ਲੀਡਰ-ਸ਼ਿਪ ਦੀ ਆਵਾਜ਼ ਸੁਣ ਰਹੀ ਸੀ ।

ਸਿਖ ਲੀਗ ਦਾ ਇਹ ਸਮਾਗਮ ਸਰਦਾਰ ਖੜਕ ਸਿੰਘ ਜੀ



Digitized by Panjab Digital Library | www.panjabdigilib.org

ਦੀ ਪਰਧਾਨਗੀ ਹੇਠਾਂ ਲਾਹੌਰ ਬ੍ਰੈਡਲਾ ਹਾਲ ਵਿਚ ਹੋਇਆ। ਇਹ ਸਮਾਗਮ ਵਰਤਮਾਨ ਰਾਜਨੀਤੀ ਵਿਚ ਸਿਖਾਂ ਦੇ ਸਥਾਨ ਦਾ ਫੈਸਲਾ ਕਰਨ ਵਾਲਾ ਇਤਿਹਾਸਕ ਸਮਾਗਮ ਜਾਂ ਇਕ ਮੀਲ-ਪਥਰ ਸੀ। ਇਹ ਸਮਾਗਮ ਦੇਸ਼ ਦੇ ਜਿਸ ਰਾਜਸੀ ਵਾਯੂ ਮੰਡਲ ਵਿਚ ਹੋਇਆ ਅਤੇ ਇਸ ਵਿਚ ਜਿਸ ਤਰ੍ਹਾਂ ਸਿਖਾਂ ਦੀਆਂ ਅਗਾਂਹ ਵਧੂ ਤੇ ਪਿਛਾਂਹ-ਖਿਚੂ ਤਾਕਤਾਂ ਦੀ ਜ਼ੋਰਦਾਰ ਟੱਕਰ ਹੋਈ ਅਤੇ ਇਸ ਦੇ ਫੈਸਲਿਆਂ ਨੇ ਜਿਸ ਤਰ੍ਹਾਂ ਨਵੇਂ ਜੁਗ ਦੀਆਂ ਅਗਾਂਹ-ਵਧੂ ਲਹਿਰਾਂ ਵਿਚ ਸਿਖਾਂ ਦਾ ਨਵਾਂ ਕੁਰਬਾਨੀਆਂ ਦਾ ਇਤਿਹਾਸ ਬਨਾਉਣ ਦਾ ਮੁਢ ਬੰਨ੍ਹ ਦਿਤਾ; ਉਸ ਦਾ ਮੁਤਾਲਿਆ ਕਰਨਾ ਨਾ ਕੇਵਲ ਸਿਖਾਂ ਲਈ ਬਲਕਿ ਸਭ ਦੇਸ਼ ਵਾਸੀਆਂ ਲਈ ਸਿਖਿਆਦਾਇਕ ਹੈ।

## ਪੰਜਾਬ ਦਾ ਰਾਜਸੀ ਵਾਯੂ-ਮੰਡਲ

੧੯੨੦ ਵਿਚ ਪੰਜਾਬ ਦੇ ਰਾਜਸੀ ਅਕਾਸ਼ ਮੰਡਲ ਵਿਚ ਕਾਲੀ ਘਟਾ ਛਾਈ ਹੋਈ ਨਜ਼ਰ ਆ ਰਹੀ ਸੀ। ਕਿਧਰੇ ਹਕੂਮਤੀ ਜਬਰਾਂ ਦੀ ਬਿਜਲੀ ਕੜਕ ਰਹੀ ਸੀ ਤੇ ਕਿਧਰੇ ਜਨਤਕ ਜੋਸ਼ ਦੀ ਹਨੇਰੀ ਉਠ ਰਹੀ ਸੀ ਤੇ ਕਿਧਰੇ ਇਨਕਲਾਬੀ ਟੱਕਰ ਲੈਣ ਵਾਲੇ ਗੜ੍ਹਿਆਂ ਦੀ ਗੜਗੜਾਹਟ ਸੁਣਾਈ ਦੇ ਰਹੀ ਸੀ।

ਇਕ ਤਾਂ ਮਾਰਸ਼ਲ-ਲਾਅ ਦੇ ਅਤਿਆਚਾਰਾਂ ਨੇ ਪੰਜਾਬ ਨੂੰ ਲਹੂ ਲੁਹਾਣ ਕੀਤਾ ਹੋਇਆ ਸੀ। ਇਸ ਸਬੰਧੀ ਕਾਂਗਰਸ ਪੜਤਾਲੀ ਕਮੇਟੀ ਦੀ ਰਪੋਟ ਮਾਰਚ ਵਿਚ ਅਤੇ ਹੰਟਰ ਕਮੇਟੀ ਦੀ ਸਰਕਾਰੀ ਰਪੋਟ ਮਈ ੧੯੨੦ ਵਿਚ ਪ੍ਰਕਾਸ਼ਤ ਹੋਈ ਸੀ। ਇਨ੍ਹਾਂ ਵਿਚ ਪਾਸ਼ਵੀ ਅਤਿਆਚਾਰਾਂ ਤੇ ਅਨਰਥਾਂ ਦਾ ਵਿਸਥਾਰ ਪੜ੍ਹਕੇ ਪਥਰ ਦਿਲ ਵੀ ਢਲ ਕੇ ਪਾਣੀ ਹੋ ਰਹੇ ਸਨ। ਫੌਜੀ ਤੇ ਸਿਵਲ ਅੰਗਰੇਜ਼ ਅਫਸਰਾਂ ਨੇ ਕਾਨੂੰਨ ਤੇ ਸਭਿਤਾ ਦੀ ਉਹ ਮਿਟੀ ਪਲੀਤ



Digitized by Panjab Digital Library | www.panjabdigilib.org

ਕੀਤੀ ਸੀ ਕਿ ਰਹੇ ਰਬ ਦਾ ਨਾਂ । ਬੇ-ਹਥਿਆਰ ਤੇ ਬੇਦੋਸੇ ਲੋਕਾਂ ਪੁਰ ਅੰਧਾ ਧੁੰਦ ਗੋਲੀਆਂ ਤੇ ਬੰਬ ਵਰਸਾਣੇ, ਲਾਠੀਆਂ ਚਲਾਣੀਆਂ ਤੇ ਚੌਂਕਾਂ ਵਿਚ ਆਮ ਲੋਕਾਂ ਦੇ ਸਾਹਮਣੇ ਟਿਕ ਟਿਕੀਆਂ ਪੁਰ ਨੰਗੇ ਬੰਨ੍ਹ ਕੇ ਬੈਂਤ ਲਗਾਣੇ ਅਤੇ ਅੰਧਾ-ਧੁੰਦ ਗ੍ਰਿਫ-ਤਾਰੀਆਂ ਕਰ ਕੇ ਫੌਜੀ ਅਦਾਲਤ ਵਿਚੋਂ ਉਮਰ ਕੈਦਾਂ ਤੇ ਜੈਦਾਦ ਜ਼ਬਤੀ ਦੀਆਂ ਸਜ਼ਾਵਾਂ ਦੇਣੀਆਂ ਤਾਂ ਇਕ ਸਾਧਾਰਨ ਗਲ ਸੀ। ਇਸ ਤੋਂ ਬਿਨਾਂ ਹੋਰ ਕਈ ਅਨਰਥ ਕੀਤੇ ਗਏ । ਤੀਵੀਆਂ ਦੀ ਬੇਇਜ਼ਤੀ ਕੀਤੀ ਗਈ । ਬਚਿਆਂ ਤੇ ਬੁਢਿਆਂ ਪੁਰ ਕਹਿਰ ਕੀਤੇ ਗਏ । ਇਕ ਜੰਦ ਨੂੰ ਨਫੜ ਕੇ ਬੈਂਤ ਲਗਾਏ ਗਏ। ਅੰਮ੍ਰਿਤਸਰ ਵਿਚ ਕੁਝ ਦਿਨ ਬਿਜਲੀ ਤੇ ਪਾਣੀ ਬੰਦ ਕਰਕੇ ਲੋਕਾਂ ਨੂੰ ਨਰਕ ਯਾਦ ਕਰਾਇਆ ਗਿਆ। ਅੰਮ੍ਰਿਤਸਰ ਵਿਚ ਕਰਫੀਊ ਲੱਗਾ ਸੀ। ੮ ਵਜੇ ਤੋਂ ਮਗਰੋਂ ਕੋਈ ਬਾਹਰ ਨਹੀਂ ਸੀ ਨਿਕਲ ਸਕਦਾ। ਜਲ੍ਹਿਆਂ ਵਾਲੇ ਬਾਗ ਵਿਚ ਹਜ਼ਾਰਾਂ ਫਟੜ ਤੇ ਸੈਂਕੜੇ ਲੋਥਾਂ ਸਾਰੀ ਰਾਤ ਬੇ ਸੰਭਾਲ ਤੜਫਦੀਆਂ ਪਈਆ ਰਹੀਆਂ । ਨਾ ਸਰਕਾਰੀ ਮਦਦ ਭੇਜੀ ਗਈ, ਨਾ ਲੋਕਾਂ ਨੂੰ ਸੰਭਾ-ਲਣ ਤੇ ਫਟੜਾਂ ਦੀ ਦਾਰੀ ਕਰਨ ਲਈ ਜਾਣ ਦਿਤਾ ਗਿਆ।

ਹੁਕਮ ਦਿਤਾ ਗਿਆ ਸੀ ਕਿ ਜਿਸ ਮਕਾਨ ਦੇ ਬਾਹਰ ਸਰਕਾਰੀ ਨੋਟਸ ਲੱਗਾ ਹੋਵੇ ਜੇ ਉਸ ਨੂੰ ਕੋਈ ਪਾੜ ਦਏਗਾ ਤਾਂ ਮਾਲਕ ਮਕਾਨ ਸਜ਼ਾਵਾਰ ਹੋਵੇਗਾ। ਪਰ ਜੇ ਉਹ ਰਾਤ ਦੇ ੮ ਵਜੇ ਤੋਂ ਬਾਅਦ ਘਰੋਂ ਨਿਕਲੇ ਤਾਂ ਗੋਲੀ ਲਗਣ ਦਾ ਖਤਰਾ ਰਹਿੰਦਾ ਸੀ। ਰਾਤ ਨੂੰ ਕੌਣ ਰਾਖੀ ਕਰੇ? ਇਸ ਤਰ੍ਹਾਂ ਕਈ ਬੇਦੋਸੇ ਮਾਰੇ ਗਏ।

ਸਨਾਤਨ ਧਰਮ ਕਾਲਜ ਅੰਮ੍ਰਿਤਸਰ ਦੀ ਬਿਲਡਿੰਗ ਉਪਰੋਂ ਰਾਤ ਸਮੇਂ ਸਰਕਾਰੀ ਨੋਟਸ ਫਟ ਜਾਣ ਕਰਕੇ ਪ੍ਰਿੰਸੀਪਲ ਤੇ ਸਾਰੇ ਪ੍ਰੋਫੈਸਰਾਂ ਨੂੰ ਗ੍ਰਿਫਤਾਰ ਕਰਕੇ ੩ ਦਿਨ ਕਿਲ੍ਹੇ ਅੰਦਰ ਡਕ



Digitized by Panjab Digital Library | www.panjabdigilib.org

ਰਖਿਆ ਗਿਆ। ਅੰਮ੍ਰਿਤਸਰ ਦੀ ਇਕ ਗਲੀ ਵਿਚ ਇਕ ਅੰਗਰੇਜ਼ ਉਸਤਾਨੀ ਮਿਸ ਸ਼ੇਰ ਵੁਡ ਪੁਰ ਭੀੜ ਨੇ ਹਮਲਾ ਕਰਕੇ ਬੇ-ਇਜ਼ਤੀ ਕੀਤੀ ਪਰ ਮਹੱਲੇ ਵਿਚੋਂ ਇਕ ਹਿੰਦੂ ਨੇ ਹੀ ਉਸ ਨੂੰ ਬਚਾਇਆ। ਪਰ ਜਨਰਲ ਡਾਇਰ ਨੇ ਇਸ ਦਾ ਬਦਲਾ ਇਸ ਤਰ੍ਹਾਂ ਲਿਆ ਕਿ ਹੁਕਮ ਕਢ ਦਿਤਾ ਤੇ ਪਹਿਰੇ ਲਾ ਦਿਤੇ ਕਿ ਜਿਹੜਾ ਆਦਮੀ ਵੀ ਇਸ ਗਲੀ ਵਿਚੋਂ ਲੰਘੇ ਉਹ ਢਿਡ ਭਾਰ ਰੀਂਗ ਕੇ ਲੰਘੇ। ਲਾਹੌਰ ਵਿਚ ਕਾਲਜ ਦੇ ਵਿਦਿਆਰਥੀਆਂ ਨੂੰ ਚਾਰ ਮੀਲ ਦੇ ਫਾਸਲੇ ਪੁਰ ਦਿਨ ਵਿਚ ਚਾਰ ਵੇਰ ਹਾਜ਼ਰੀ ਭਰਨ ਦਾ ਹੁਕਮ ਦਿਤਾ। ਲੋਕਾਂ ਦੀਆਂ ਮੋਟਰਾਂ ਤੇ ਬਾਈਸਿਕਲਾਂ ਸਰਕਾਰੀ ਵਰਤੋਂ ਲਈ ਕਬਜ਼ੇ ਵਿਚ ਕਰ ਲਈਆਂ ਗਈਆਂ। ਪੰਜਾਬ ਦੇ ਕਈ ਸ਼ਹਿਰਾਂ ਤੇ ਪਿੰਡਾਂ ਵਿਚ ਇਸ ਤਰ੍ਹਾਂ ਦੇ ਕਈ ਕਹਿਰੀ ਤੇ ਜ਼ੁਲਮੀ ਕਾਰੇ ਵਰਤੇ ਸਨ ਜਿਸ ਕਰ ਕੇ ਪੰਜਾਬ ਦੇ ਦਿਲ ਵਿਚ ਬਦਲੇ ਦੀ ਅੱਗ ਭੜਕ ਰਹੀ ਸੀ। ਮਹਾਤਮਾ ਗਾਂਧੀ ਜੀ ਚਾਹੁੰਦੇ ਸਨ ਕਿ ਅਪਰਾਧੀ ਹਾਕਮਾਂ ਨੂੰ ਕਰੜੀ ਤੋਂ ਕਰੜੀ ਸਜ਼ਾ ਦਿਤੀ ਜਾਵੇ। ਪਰ ਇਕ ਤਾਂ ਸਰਕਾਰ ਹਿੰਦ ਨੇ ਅਫਸਰਾਂ ਨੂੰ ਬਚਾਉਣ ਲਈ (Indemnity Bill) ਇਨਡੈਮਨਿਟੀ ਬਿਲ ਪਾਸ ਕਰ ਦਿਤਾ ਸੀ ਦੂਜੇ ਹੰਟਰ ਕਮੇਟੀ ਰਪੋਟ ਨੇ ਪੋਚਾ ਪਾਚੀ ਕਰ ਕੇ ਓਡਵਾਇਰ ਤੇ ਜਨਰਲ ਡਾਇਰ ਵਰਗੇ ਵਡੇ ਅਪਰਾਧੀਆਂ ਨੂੰ ਸਾਫ ਬਚਾ ਲਿਆ ਸੀ। ਇਸ ਤਰ੍ਹਾਂ ਪੰਜਾਬ ਦੇ ਫ਼ਟਾਂ ਪੁਰ ਸਗੋਂ ਲੂਣ ਛਿੜਕਿਆ ਗਿਆ ਸੀ। ਹੁਣ ਪੰਜਾਬ ਦੇ ਫਟਾਂ ਪੁਰ ਮਰ੍ਹਮ ਲਾਣੀ ਤੇ ਮਾਰਸ਼ਲ ਲਾਅ ਦੇ ਅਪਰਾਧੀਆਂ ਨੂੰ ਸਜ਼ਾ ਦਵਾਣੀ ਸਭ ਤੋਂ ਵਡੇ ਰਾਜਸੀ ਸੁਆਲ ਬਣ ਗਏ ਸਨ।

ਦੂਜਾ ਗਰਮਾ ਗਰਮ ਸੁਆਲ ਖ਼ਲਾਫਤ ਦਾ ਸੀ ਜਿਸ ਨੇ ਭਾਰਤ ਦੇ ਮੁਸਲਮਾਣਾਂ ਨੂੰ ਡਾਢਾ ਬੇਚੈਨ ਕੀਤਾ ਹੋਇਆ ਸੀ। ਇਹ ਰਾਜਸੀ ਪ੍ਰਸ਼ਨ ਮਜ਼੍ਹਬ ਨਾਲ ਜੁੜਿਆ ਹੋਇਆ ਸੀ। ਟਰਕੀ ਦੇ



Digitized by Panjab Digital Library | www.panjabdigilib.org

ਸੁਲਤਾਨ ਨੂੰ ਸਭ ਮੁਸਲਮਾਨ ਆਪਣਾ ਖ਼ਲੀਫ਼ਾ ਅਰਥਾਤ ਧਾਰਮਕ ਆਗੂ ਮੰਨਦੇ ਸਨ। ਪਹਿਲੇ ਸੰਸਾਰ ਯੁਧ ਵਿਚ ਟਰਕੀ ਨੇ ਜਰਮਨੀ ਦਾ ਸਾਥ ਦਿਤਾ। ਜਰਮਨੀ ਦੇ ਨਾਲ ਇਸ ਨੂੰ ਵੀ ਹਾਰ ਹੋ ਗਈ। ਜੰਗ ਦੇ ਸਮੇਂ ਹਿੰਦੀ ਮੁਸਲਮਾਨਾਂ ਨੂੰ ਜਰਮਨੀ ਤੇ ਟਰਕੀ ਵਿਰੁਧ ਜੰਗ ਵਿਚ ਸ਼ਾਮਲ ਰਖਣ ਲਈ ਬਰਤਾਨਵੀ ਹਕੂਮਤ ਦੇ ਪ੍ਰੀਮੀਅਰ ਮਿਸਟਰ ਲਾਈਡ ਜਾਰਜ ਨੇ ਐਲਾਨ ਕੀਤਾ ਸੀ :—

"ਅਸੀਂ ਟਰਕੀ ਨੂੰ ਉਸ ਦੇ ਧਨਵਾਨ ਤੇ ਪ੍ਰਸਿਧ ਦੇਸਾਂ ਏਸ਼ੀਆ ਮਾਈਨਰ ਤੇ ਥਰੇਸ ਤੋਂ ਵਾਂਜਿਆਂ ਕਰਨ ਲਈ ਨਹੀਂ ਲੜ ਰਹੇ ਜਿਥੇ ਕਿ ਤੁਰਕ ਨਸਲ ਦੀ ਭਾਰੀ ਗਿਣਤੀ ਵਸਦੀ ਹੈ।" ਮੁਸਲਮਾਨਾਂ ਨੂੰ ਇਸ ਐਲਾਨ ਦੇ ਆਧਾਰ ਪੁਰ ਯਕੀਨ ਦੁਆਂਦੇ ਰਹੇ ਕਿ ਟਰਕੀ ਦਾ ਕੋਈ ਇਲਾਕਾ ਨਹੀਂ ਖੋਹਿਆ ਜਾਵੇਗਾ। ਨਾ ਹੀ ਖ਼ਲੀਫ਼ੇ ਦੇ ਅਧਿਕਾਰਾਂ ਤੇ ਇਸਲਾਮ ਮਜ਼ਹਬ ਵਿਚ ਕੋਈ ਦਖ਼ਲ ਦਿਤਾ ਜਾਏਗਾ, ਪਰ ਜੰਗ ਜਿਤਣ ਮਗਰੋਂ ਅੰਗਰੇਜ਼ਾਂ ਨੇ ਇਨ੍ਹਾਂ ਇਕਰਾਰਾਂ ਨੂੰ ਬੁਰੀ ਤਰ੍ਹਾਂ ਤੋੜ ਦਿਤਾ। ਟਰਕੀ ਦੇ ਕੁਝ ਇਲਾਕੇ ਖੋਹ ਕੇ ਵੰਡੀਆਂ ਪਾਈਆਂ ਗਈਆਂ ਤੇ ਖ਼ਲੀਫ਼ੇ ਦੇ ਅਧਿਕਾਰ ਵੀ ਖੋਹ ਕੇ ਉਸ ਨੂੰ ਬਰਤਾਨੀਆਂ ਦਾ ਗ਼ੁਲਾਮ ਬਣਾ ਲਿਆ ਗਿਆ। ਭਾਵੇਂ ਇਹ ਮਾਮਲਾ ਸਿਧਾ ਭਾਰਤ ਦੇ ਮੁਸਲਮਾਨਾਂ ਨਾਲ ਸੰਬੰਧ ਨਹੀਂ ਰਖਦਾ ਸੀ, ਪਰ ਭਾਰਤ ਦੇ ਮੁਸਲਮਾਨ ਭੀ ਅੰਗਰੇਜ਼ਾਂ ਦੇ ਰਾਜਸੀ ਜਬਰ ਤੇ ਆਰ-ਥਕ ਲੁਟ ਦਾ ਸ਼ਿਕਾਰ ਹੋਏ ਹੋਏ ਸਨ। ਦੂਜੇ ਪੁਰਾਣੇ ਜਾਗੀਰਦਾਰੀ ਸਮੇਂ ਤੋਂ ਲੋਕ ਖ਼ਲੀਫ਼ੇ ਨੂੰ ਰੱਬ ਦਾ ਪ੍ਰਤੀਨਿਧ ਮੰਨ ਕੇ ਸਤਿਕਾਰ ਕਰਦੇ ਆਏ ਸਨ। ਇਸਲਾਮ ਨੇ ਮਜ਼ਹਬੀ ਤੌਰ ਪੁਰ ਖ਼ਿਲਾਫ਼ਤ ਦੇ ਸਿਧਾਂਤ ਨਾਲ ਸਾਰੀ ਮੁਸਲਮਾਨ ਦੁਨੀਆਂ ਨੂੰ ਨਥਿਆ ਹੋਇਆ ਸੀ। ਮੌ: ਮੁਹੰਮਦ ਅਲੀ ਤੇ ਸ਼ੌਕਤ ਅਲੀ ਵਰਗੇ ਲੀਡਰਾਂ ਨੇ ਹੁਣ



Digitized by Panjab Digital Library | www.panjabdigilib.org

ਖ਼ਿਲਾਫ਼ਤ ਦੇ ਸਵਾਲ ਨੂੰ ਲੈ ਕੇ ਸਾਰੇ ਭਾਰਤ ਦੇ ਮੁਸਲਮਾਨਾਂ ਵਿਚ ਬਰਤਾਨਵੀ ਹਕੂਮਤ ਵਿਰੁਧ ਨਾਰਾਜ਼ਗੀ ਦੀ ਅਗ ਬਾਲ ਦਿਤੀ। ਕਾਂਗਰਸ ਦੀ ਪੁਰਾਣੀ ਪ੍ਰਾਰਥਨਾਵਾਦੀ ਲੀਡਰ ਸ਼ਿਪ ਜਿਸ ਤਰ੍ਹਾਂ ਹਰਨ ਹੋ ਗਈ ਸੀ ਅਤੇ ਜਿਸ ਤਰ੍ਹਾਂ ਸਿਖਾਂ ਦੀ ਪੁਰਾਣੀ ਲੀਡਰ ਸ਼ਿਪ ਦੇ ਹਥੋਂ ਵੀ ਅਗਵਾਈ ਖੁਸ ਰਹੀ ਸੀ, ਇਸੇ ਤਰ੍ਹਾਂ ਖ਼ਿਲਾਫ਼ਤ ਲਹਿਰ ਦੇ ਆਗੂਆਂ ਨੇ ਮੁਸਲਮਾਨਾਂ ਦੀ ਪੁਰਾਣੀ ਨਵਾਬਾਂ ਤੇ ਰਾਜਿਆਂ ਦੀ ਸਰਕਾਰ-ਪੂਜ ਲੀਡਰ ਸ਼ਿਪ ਨੂੰ ਵੀ ਮੈਦਾਨੋਂ ਕਢ ਦਿਤਾ ਸੀ। ਹੁਣ ਆਮ ਮੁਸਲਮਾਨ ਪੁਰਾਣੀ ਮੁਸਲਿਮ ਲੀਗ ਦੀ ਥਾਂ ਖ਼ਿਲਾਫ਼ਤ ਕਮੇਟੀ ਨੂੰ ਆਪਣੀ ਕੌਮੀ ਜਥੇਬੰਦੀ ਸਮਝਣ ਲਗ ਪਏ ਸਨ। ਮੌਲਾਨਾ ਮੁਹੰਮਦ ਅਲੀ ਸ਼ੌਕਤ ਅਲੀ ਦੀ ਅਗਵਾਈ ਵਿਚ ਖ਼ਿਲਾਫ਼ਤ ਕਮੇਟੀ ਕਾਂਗਰਸ ਨਾਲ ਸਾਂਝਾ ਫ਼ਰੰਟ ਬਣਾ ਕੇ ਨਾ-ਮਿਲਵਰਤਣ ਤੇ ਸਤਿਆਗ੍ਰਹਿ ਕਰਨ ਵਾਸਤੇ ਤਿਆਰ ਹੋ ਗਈ ਸੀ। ਹਿੰਦੂ ਅਤੇ ਸਿਖਾਂ ਨਾਲੋਂ ਵੀ ਮੁਸਲਮਾਨਾਂ ਵਿਚ ਵਧੇਰੇ ਜੋਸ਼ ਸੀ।

ਤੀਜਾ ਸਵਾਲ ਨਵੀਂ ਮੌਂਟਫ਼ੋਰਡ ਸੁਧਾਰ ਸਕੀਮ ਪੁਰ ਅਮਲ ਕਰਨ ਜਾਂ ਨਾ ਕਰਨ ਦਾ ਸੀ। ਇਸ ਬਾਰੇ ਕਾਂਗਰਸ ਵਿਚ ਬੜਾ ਮਤ ਭੇਦ ਸੀ। ਅੰਮ੍ਰਿਤਸਰ ਕਾਂਗਰਸ ਸਮਾਗਮ ਵਿਚ ਮਹਾਤਮਾ ਗਾਂਧੀ ਤੇ ਪੰਡਤ ਮਦਨ ਮੋਹਨ ਮਾਲਵੀ ਸੁਧਾਰ ਸਕੀਮ ਪੁਰ ਅਮਲ ਕਰਨ ਤੇ ਹਕੂਮਤ ਨਾਲ ਮਿਲਵਰਤਣ ਕਰਨ ਦੇ ਹਾਮੀ ਸਨ। ਸੀ. ਆਰ. ਦਾਸ ਤੇ ਤਿਲਕ ਜੀ ਸਖ਼ਤ ਵਿਰੋਧੀ ਸਨ। ਉਹ ਸਹਿਜੇ ਸਹਿਜੇ ਕਿਸ਼ਤਾਂ ਨਾਲ ਜ਼ਿਮੇਵਾਰ ਹਕੂਮਤ ਲੈਣ ਦੇ ਹਾਮੀ ਨਹੀਂ ਸਨ। ਸੀ. ਆਰ. ਦਾਸ ਨੇ ਆਪਣੇ ਮਤੇ ਵਿਚ ਲਿਖਿਆ ਕਿ 'ਭਾਰਤ ਪੂਰੀ ਜ਼ਿਮੇਵਾਰ ਹਕੂਮਤ ਦੇ ਲਾਇਕ ਹੈ ਅਤੇ ਜਿਹੜੀ ਨਵੀਂ ਰਾਜ ਬਣਤਰ ਦੀ ਸਕੀਮ ਬਰਤਾਨੀਆਂ ਨੇ ਪਾਸ ਕੀਤੀ ਹੈ ਇਹ ਅਧੂਰੀ, ਨਾ-ਤਸੱਲੀ ਬਖ਼ਸ਼



Digitized by Panjab Digital Library | www.panjabdigilib.org

ਅਤੇ ਨਿਰਾਸ਼ਾ-ਜਨਕ ਹੈ ।'' ਇਸ ਵਾਸਤੇ ਮੰਗ ਕੀਤੀ ਕਿ "Self determinaiion ਆਤਮ ਨਿਰਣੇ ਦੇ ਸਿਧਾਂਤ ਅਨੁਸਾਰ ਭਾਰਤ ਵਿਚ ਛੇਤੀ ਤੋਂ ਛੇਤੀ ਜ਼ਿਮੇਂਵਾਰ ਹਕੂਮਤ ਕਾਇਮ ਕੀਤੀ ਜਾਵੇ।'' ਬੜੀ ਬਹਿਸ ਮਗਰੋਂ ਗਾਂਧੀ ਜੀ ਦੀ ਤਰਮੀਮ ਨਾਲ ਇਹ ਮਤਾ ਪਾਸ ਹੋਇਆ ਕਿ "ਇਸ ਸੁਧਾਰ ਸਕੀਮ ਪੁਰ ਅਮਲ ਕੀਤਾ ਜਾਵੇ ਤੇ ਇਸ ਦੇ ਰਾਹੀਂ ਜ਼ਿਮੇਵਾਰ ਹਕੂਮਤ ਪ੍ਰਾਪਤ ਕਰਨ ਦਾ ਜਤਨ ਕੀਤਾ ਜਾਵੇ।'' ਸੁਧਾਰ ਸਕੀਮ ਤਿਆਰ ਕਰਨ ਦੀ ਮਿਹਨਤ ਸੰਬੰਧੀ ਮਿ: ਮਾਂਟੈਗੋ ਦਾ ਧੰਨਵਾਦ ਵੀ ਕੀਤਾ ਗਿਆ ।

ਪਰ ਉਪਰ ਲਿਖੇ ਮਾਰਸ਼ਲਾਅ ਦੀਆਂ ਰਪੋਟਾਂ ਤੇ ਖਲਾਫਤ ਦੇ ਹਾਲਾਤ ਨੇ ਮਹਾਤਮਾਂ ਗਾਂਧੀ ਜੀ ਨੂੰ ਵੀ ਤਬਦੀਲ ਕਰ ਦਿਤਾ। ਉਹ ਹੁਣ ਬਰਤਾਨੀ ਹਕੂਮਤ ਨੂੰ ਸ਼ੈਤਾਨੀ ਹਕੂਮਤ ਆਖਣ ਲਗ ਪਏ ਸਨ ਤੇ ਇਸ ਨੂੰ ਬਦਲਣ ਲਈ ਇਸ ਨਾਲ ਨਾਮਿਲਵਰਤਨ ਕਰਨ ਦਾ ਜ਼ੋਰਦਾਰ ਪ੍ਰਚਾਰ ਕਰਦੇ ਸਨ ।

ਇਧਰ ਸਿਖਾਂ ਪੁਰ ਇਕ ਤਾਂ ਮੁਲਕ ਦੀਆਂ ਰਾਜਸੀ ਤੇ ਆਰਥਕ ਘਟਨਾਵਾਂ ਨੇ ਡੂੰਘਾ ਅਸਰ ਪਾਇਆ ਜੋ ਦੂਜੇ ਇਨ੍ਹਾਂ ਦੇ ਸਾਮ੍ਹਣੇ ਖਾਲਸਾ ਕਾਲਜ, ਗੁਰਦੁਆਰਾ ਰਕਾਬਗੰਜ ਅਤੇ ਦਰਬਾਰ ਸਾਹਿਬ ਤੇ ਹੋਰ ਕਈ ਗੁਰਦੁਆਰਿਆਂ ਦੇ ਬਿਗੜੇ ਹੋਏ ਪ੍ਰਬੰਧ ਦੇ ਸੁਆਲ ਉਭਰ ਰਹੇ ਸਨ। ਤੀਜੇ ਲਖਨਊ ਪੈਕਟ ਵਿਚ ਅਤੇ ਸਰਕਾਰੀ ਐਲਾਨਾਂ ਵਿਚ ਸਿਖਾਂ ਨੂੰ ਰਾਜਸੀ ਅਧਿਕਾਰਾਂ ਤੋਂ ਬਿਲਕੁਲ ਵਾਂਜੇ ਰਖਣ ਦੀ ਨਾਰਾਜ਼ਗੀ ਸੀ। ਕਾਂਗ੍ਰਸੀ ਤੇ ਖਲਾਫਤੀ ਆਗੂ ਹੁਣ ਨਵੇਂ ਸਿਖ ਲੀਡਰਾਂ ਤੇ ਆਮ ਸਿਖ ਜਨਤਾ ਨੂੰ ਤਸਲੀਆਂ ਦੇ ਕੇ ਰਾਜੀ ਕਰ ਰਹੇ ਸਨ ਕਿ ਆਜ਼ਾਦੀ ਦੇ ਘੋਲ ਵਿਚ ਸਾਡੇ ਨਾਲ ਸ਼ਾਮਲ ਹੋਵੋ ਅਸੀਂ ਨਵੀਂ ਰਾਜਸੀ ਸੁਧਾਰ ਸਕੀਮ ਆਪ ਦੀ ਤਸੱਲੀ ਕਰਾ ਕੇ ਹੀ ਪ੍ਰਵਾਨ ਕਰਾਂਗੇ। ਆਪ ਦੀ ਤਸੱਲੀ ਬਗੈਰ ਅਸੀਂ ਭਾਰਤ ਦੀ ਕੋਈ ਰਾਜ ਛਣਤਰ



Digitized by Panjab Digital Library | www.panjabdigilib.org

ਪ੍ਰਵਾਨ ਨਹੀਂ ਕਰਾਂਗੇ।

ਹਿੰਦੂ ਮੁਸਲਮਾਣ ਤੇ ਸਿਖ ਜਨਤਾ ਹਕੂਮਤ ਨਾਲ ਟਕਰ ਲੈਣ ਲਈ ਉਤਾਵਲੀ ਹੋ ਰਹੀ ਸੀ। ਪਰ ਸੰਸਾਰ ਵਿਚ ਬਰ-ਤਾਨੀਆਂ ਵਰਗੀ ਬਲਵਾਨ ਤੇ ਜਥੇਬੰਦ ਸਾਮਰਾਜੀ ਹਕੂਮਤ ਨਾਲ ਕੌਮ ਨੂੰ ਰਾਜਸੀ ਤੌਰ ਪੁਰ ਲਾਮ ਬੰਦ ਕਰਕੇ ਇਨਕਲਾਬੀ ਟਕਰ ਦਾ ਸਹੀ ਪ੍ਰੋਗਰਾਮ ਦੇਣ ਵਾਲੀ ਕੋਈ ਰਾਜਸੀ ਪਾਰਟੀ ਨਹੀਂ ਸੀ। ਮਹਾਤਮਾ ਗਾਂਧੀ ਜੀ ਭਾਰਤ ਵਿਚ ਬਰਤਾਨੀ ਹਕੂਮਤ ਨੂੰ ਸ਼ੈਤਾਨੀ ਰਾਜ ਆਖਕੇ ਸਤਿ ਤੇ ਅਹਿੰਸਾ ਦੇ ਅਸੂਲਾਂ ਮੁਤਾਬਕ ਉਸ ਨਾਲ ਨਾ ਮਿਲਵਰਤਨ ਦਾ ਪ੍ਰੋਗਰਾਮ ਪੇਸ਼ ਕਰ ਰਹੇ ਸਨ ਅਤੇ ਮੌਲਾਨਾ ਮੁਹੰਮਦ ਅਲੀ ਨੂੰ ਨਾਲ ਲੈ ਕੇ ਭਾਰਤ ਵਿਚ ਦੌਰਾ ਕਰਕੇ ਇਸ ਦਾ ਪ੍ਰਚਾਰ ਕਰ ਰਹੇ ਸਨ। ਆਮ ਲੋਕਾਂ ਪੁਰ ਇਸ ਦਾ ਡੂੰਘਾ ਅਸਰ ਪੈ ਰਿਹਾ ਸੀ ਤੇ ਜੋਸ਼ ਵਧ ਰਿਹਾ ਸੀ ਪਰ ਸੀ. ਆਰ. ਦਾਸ ਤੇ ਤਿਲਕ ਜੀ ਰਾਜਨੀਤੀ ਵਿਚ ਸਤਿ ਤੇ ਅਹਿੰਸਾ ਦੇ ਧਾਰਮਕ ਅਸੂਲਾਂ ਨੂੰ ਦਾਖਲ ਕਰਨਾ ਅਤੇ ਨਾ ਮਿਲਵਰਤਨ ਕਰਕੇ ਹਕੂਮਤ ਨਾਲ ਰੁਸ ਬਹਿਣ ਨੂੰ ਠੀਕ ਨਹੀਂ ਸਮਝਦੇ ਸਨ। ਉਹ ਕਹਿੰਦੇ ਸਨ ਰਾਜਸੀ ਲੜਾਈ ਰਾਜਨੀਤਕ ਦਾਅ-ਪੇਚਾਂ ਨਾਲ ਚਲਦੀ ਹੈ। ਸਾਨੂੰ ਕੌਂਸਲਾਂ ਵਿਚ ਜਾ ਕੇ ਅੰਦਰ ਤੇ ਜਨਤਾ ਵਿਚ ਬਾਹਰ ਦੋਹਾਂ ਮੈਦਾਨਾਂ ਵਿਚ ਹਕੂਮਤ ਵਿਰੁਧ ਲੜਨਾ ਚਾਹੀਦਾ ਹੈ। ਹਕੂਮਤ ਦੇ ਜਬਰ ਤੇ ਅਨਿਆਂਇ ਨੂੰ ਨੰਗਾ ਕਰਨਾ ਅਤੇ ਲੋਕ ਰਾਇ ਨੂੰ ਹਕੂਮਤ ਵਿਰੁਧ ਬਲਵਾਨ ਤੇ ਜਥੇਬੰਦ ਕਰਨਾ ਚਾਹੀਦਾ ਹੈ। ਅੰਦੋਲਨ ਕਰਨ, ਚੋਣ ਲੜਨ ਤੇ ਹਕੂਮਤ ਦੇ ਰਾਹ ਵਿਚ ਰੁਕਾਵਟਾਂ ਪਾਣ ਤੋਂ ਵਧਕੇ ਹਕੂਮਤ ਪੁਰ ਕਬਜ਼ਾ ਜਮਾਣ ਦਾ ਇਹ ਵੀ ਕੋਈ ਰਾਜਸੀ ਪਰੋਗਰਾਮ ਨਹੀਂ ਦਸਦੇ ਸਨ। ਗਾਂਧੀ ਜੀ ਦਾ ਪਰੋਗਰਾਮ ਵੀ ਸੁਧਾਰਵਾਦੀ ਤੇ ਆਦਰਸ਼ਵਾਦੀ ਸੀ ਪਰ ਉਹ ਲੋਕਾਂ ਨੂੰ ਬਹੁਤ



Digitized by Panjab Digital Library | www.panjabdigilib.org

ਅਪੀਲ ਕਰਦਾ ਸੀ। ਮਹਾਤਮਾ ਜੀ ਕਹਿੰਦੇ ਸਨ ਕਿ ਜੇ ਭਾਰਤਵਾਸੀ ਮੇਰੇ ਪ੍ਰੋਗਰਾਮ ਨੂੰ ਮੰਨ ਕੇ ਸਰਕਾਰੀ ਤੇ ਮਨਜ਼ੂਰ ਹੋਏ ਸਕੂਲਾਂ ਕਾਲਜਾਂ, ਅਦਾਲਤਾਂ, ਖਤਾਬਾਂ, ਵਕਾਲਤਾਂ, ਸਰਕਾਰੀ ਨੌਕਰੀਆਂ, ਸਰਕਾਰੀ ਜਲਸਿਆਂ ਤੇ ਦਰਬਾਰਾਂ ਤੇ ਬਦੇਸ਼ੀ ਕਪੜੇ ਨੂੰ ਬਾਇਕਾਟ ਕਰ ਦੇਣ ਤਾਂ ਮੈਂ ਇਕ ਵਰ੍ਹੇ ਵਿਚ ਸੂਰਾਜ ਲੈ ਦਿਆਂਗਾ। ਕਿਉਂਕਿ ਸਾਡੀ ਮਿਲਵਰਤਨ ਬਗੈ ਇਕ ਦਿਨ ਵੀ ਇਥੇ ਅੰਗਰੇਜ਼ੀ ਹਕੂਮਤ ਨਹੀਂ ਚਲ ਸਕਦੀ। ਆਮ ਲੋਕਾਂ ਦੇ ਦਿਲ ਵਿਚ ਇਹ ਆਦਰਸ਼ਵਾਦੀ ਗਲ ਡਾਢੀ ਖੁਭਦੀ ਸੀ ਇਸ ਪੁਰ ਕਿਤਨੇ ਲੋਕ ਅਮਲ ਕਰ ਸਕਣਗੇ ? ਅਤੇ ਅਮਲ ਕਰਨ ਸਮੇਂ ਸਾਮਰਾਜੀ ਅਤਿਆਚਾਰਾਂ ਤੇ ਜਬਰਾਂ ਨੂੰ ਕਿਸ ਹਦ ਤਕ ਬਰਦਾਸ਼ਤ ਕੀਤਾ ਜਾ ਸਕੇਗਾ ? ਇਸ ਪਖ ਵਲ ਬਹੁਤ ਘਟ ਧਿਆਨ ਦਿਤਾ ਜਾਂਦਾ ਸੀ। ਹਕੂਮਤ, ਤੇ ਪੁਰਾਣੀ ਲੀਡਰਸ਼ਿਪ ਅਤੇ ਹਕੂਮਤ ਦੇ ਪਖੀ ਰਾਜੇ ਤੇ ਜਗੀਰਦਾਰ ਮਹਾਤਮਾ ਗਾਂਧੀ ਦੇ ਪਰੋਗਰਾਮ ਦੀ ਸਖਤ ਵਿਰੋਧਤਾ ਕਰਦੇ ਸਨ। ਉਹ ਕਹਿੰਦੇ ਸਨ ਹਕੂਮਤ ਨਾਲ ਨਾ ਮਿਲਵਰਤਨ ਕਰਨ ਤੇ ਕਾਨੂੰਨ ਨਾ ਮੰਨਣ ਦੀ ਲੀਹ ਪੈਣ ਨਾਲ ਦੇਸ ਵਿਚ ਅਰਾਜਕਤਾ ਫੈਲ ਜਾਏਗੀ।

ਇਹ ਸੀ ਪੰਜਾਬ ਦਾ ਰਾਜਸੀ ਵਾਯੂ ਮੰਡਲ ਜਿਸ ਵਿਚ "ਅਕਾਲੀ" ਰੋਜ਼ਾਨਾ ਅਖਬਾਰ ਲਾਹੌਰ ਤੋਂ ਜਾਰੀ ਹੋਇਆ, ਜਿਸ ਨੇ ਮਹਾਤਮਾ ਗਾਂਧੀ ਜੀ ਦੇ ਨਾ ਮਿਲਵਰਤਨ ਦੇ ਪ੍ਰੋਗਰਾਮ ਦੀ ਪੂਰੀ ਤਰ੍ਹਾਂ ਹਮਾਇਤ ਕਰਨੀ ਸ਼ੁਰੂ ਕਰ ਦਿਤੀ ਅਤੇ ਗੁਰਦੁਆਰਾ ਸੁਧਾਰ ਲਈ ਮਹੰਤੀ-ਪ੍ਰਬੰਧ ਵਿਰੁਧ ਅਤੇ ਦੇਸ਼ ਦੀ ਆਜ਼ਾਦੀ ਲਈ ਹਕੂਮਤ ਵਿਰੁਧ ਨਾ-ਮਿਲ-ਵਰਤਨ ਦੇ ਪ੍ਰੋਗਰਾਮ ਅਨੁਸਾਰ ਟਕਰ ਲੈਣ ਲਈ ਸਿਖ ਜਨਤਾ ਦੀ ਅਗਵਾਈ ਕਰਨੀ ਆਰੰਭ ਦਿਤੀ। ਮਹਾਤਮਾ ਜੀ ਆਪਣੇ ਇਸ ਪਰੋਗਰਾਮ ਨੂੰ ਅੰਗਰੇਜ਼ੀ ਵਿਚ (Non-co-operation) ਤੇ ਹਿੰਦੀ ਵਿਚ ਅਸਹਿ-



Digitized by Panjab Digital Library | www.panjabdigilib.org

ਯੋਗ ਕਹਿੰਦੇ ਸਨ। ਉਰਦੂ ਵਿਚ ਇਸ ਦਾ ਨਾਂ "ਅਦਮ ਤੁਆਵੁਨ' ਰਖਿਆ ਗਿਆ ਸੀ। ਮਾਸਟਰ ਸੁੰਦਰ ਸਿੰਘ ਜੀ ਨੇ ਪੰਜਾਬੀ ਵਿਚ "ਨਾ-ਮਿਲ-ਵਰਤਨ" ਸ਼ਬਦ ਘੜਿਆ ਸੀ, ਜਿਹੜਾ ਪੰਜਾਬ ਵਿਚ ਸਭ ਤੋਂ ਵਧ ਪ੍ਰਵਾਨ ਤੇ ਪ੍ਰਚਲਤ ਹੋਇਆ।



Digitized by Panjab Digital Library | www.panjabdigilib.org

# ਸਿਖ ਇਤਿਹਾਸ ਦਾ ਇਕ ਮੀਲ ਪੱਥਰ

ਅਕਤੂਬਰ ੧੯੨੦ ਵਿਚ ਹੋਏ ਸਿਖ ਲੀਗ ਦੇ ਦੂਜੇ ਸਾਲਾਨਾ ਸਮਾਗਮ ਨੂੰ ਮੈਂ ਸਿਖ ਇਤਿਹਾਸ ਦਾ ਇਕ ਵੱਡਾ ਮੀਲ ਪੱਥਰ ਸਮਝਦਾ ਹਾਂ। ਇਸ ਸਮਾਗਮ ਦੇ ਮਹਾਨ ਫੈਸਲਿਆਂ ਤੋਂ ਪਹਿਲਾਂ, ਮੇਰਾ ਖ਼ਿਆਲ ਹੈ, ਨਾ ਹੀ ਸਿਖ ਆਗੂਆਂ ਨੂੰ ਤੇ ਨਾ ਹੀ ਹਕੂਮਤ ਨੂੰ ਇਹ ਖਿਆਲ ਸੀ ਕਿ ਸਿਖ ਜਨਤਾ ਇਸ ਤਰ੍ਹਾਂ ਇਕ ਦਮ ਸ਼ੜੱਪਾ ਮਾਰ ਕੇ ਬਰਤਾਨਵੀ ਵਫ਼ਾਦਾਰੀ ਦੀ ਹੱਦ ਟੱਪ ਕੇ ਅਗਾਂਹ-ਵਧੂ ਸਫਾਂ ਵਿਚ ਜਾ ਖੜੀ ਹੋਵੇਗੀ।

ਭਾਰਤ ਦੇ ਹੋਰ ਮਜ਼ਹਬਾਂ ਵਾਂਗ ਸਿਖ ਪੰਥ ਵੀ ਆਰਥਕ ਜਮਾਤਾਂ ਵਿਚ ਵੰਡਿਆ ਹੋਇਆ ਸੀ ਅਤੇ ਆਪਣੇ ਆਰਥਕ ਲਾਭਾਂ ਤੇ ਸਬੰਧਾਂ ਮੁਤਾਬਕ ਸਾਰੀਆਂ ਸ਼੍ਰੇਣੀਆਂ ਰਾਜਸੀ ਤੇ ਮਜ਼ਹਬੀ ਪ੍ਰੋਗਰਾਮਾਂ ਨੂੰ ਸੋਚਦੀਆਂ ਸਨ, ਪਰ ਇਸ ਸਮੇਂ ਰਾਜਸੀ ਤੌਰ ਪੁਰ ਦੋ ਧੁਰੇ ਬਣ ਗਏ ਸਨ ਤੇ ਸਭ ਸ਼੍ਰੇਣੀਆਂ ਵੰਡੀਜ ਕੇ ਦੋ ਧੁਰਿਆਂ ਪੁਰ ਜੁੜ ਗਈਆਂ ਸਨ। ਇਕ ਧੁਰਾ ਸੀ ਨਾ-ਮਿਲ-ਵਰਤਣ ਅਤੇ ਦੂਜਾ ਧੁਰਾ ਸੀ ਮਿਲਵਰਤਣ। ਸਿਖ ਜਨਤਾ ਇਨ੍ਹਾਂ ਦੋ ਧੁਰਿਆਂ ਵਲ ਧੂਹੀ ਚਲੀ ਜਾ ਰਹੀ ਸੀ।

ਸਿਖਾਂ ਵਿਚ ਨਾ-ਮਿਲ-ਵਰਤਨ ਲਹਿਰ ਦੀ ਅਗਵਾਈ "ਅਕਾਲੀ" ਅਖ਼ਬਾਰ ਕਰਦਾ ਸੀ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਖ਼ਬਾਰ ਦਾ ਸੰਚਾਲਕ ਤੇ ਪ੍ਰਬੰਧਕ ਸੀ ਅਤੇ ਮੈਂ ਤੇ ਸਰਦਾਰ ਮੰਗਲ ਸਿੰਘ ਐਡੀਟਰ। ਨਵੇਂ ਆਗੂਆਂ ਵਿਚੋਂ ਸਰਦੂਲ ਸਿੰਘ ਕਵੀਸ਼ਰ, ਪ੍ਰੋ: ਮੋਤਾ ਸਿੰਘ, ਤੇਜਾ ਸਿੰਘ ਸਮੁੰਦਰੀ



Digitized by Panjab Digital Library | www.panjabdigilib.org

ਅਮਰ ਸਿੰਘ ਤੇ ਸਰਮੁਖ ਸਿੰਘ ਝੁਬਾਲ ਆਦਿਕ ਸਾਡੇ ਨਾਲ ਸਨ। ਆਮ ਸਿਖ ਕਿਸਾਨ ਤੇ ਮਿਹਨਤੀ ਜਨਤਾ ਵੀ ਬੜੀ ਭਾਰੀ ਗਿਣਤੀ ਵਿਚ ਸਾਡੇ ਨਾਲ ਨਜ਼ਰ ਆਉਂਦੀ ਸੀ। ਗ਼ਦਰ ਪਾਰਟੀ ਦੇ ਕਈ ਇਨਕਲਾਬੀ ਯੋਧੇ ਜਿਹਲਾਂ ਤੇ ਨਜ਼ਰਬੰਦੀਆਂ ਤੋਂ ਰਿਹਾ ਹੋ ਗਏ ਸਨ। ਉਨ੍ਹਾਂ ਦੇ ਆਗੂ ਭਾਵੇਂ ਸਮਝਦੇ ਸਨ ਕਿ ਨਾ-ਮਿਲ-ਵਿਰਤਣ ਦਾ ਪ੍ਰੋਗਰਾਮ ਸੁਧਾਰਵਾਦੀ ਹੈ ਤੇ ਇਸ ਨਾਲ ਦੇਸ਼ ਵਿਚ ਇਨਕਲਾਬ ਨਹੀਂ ਹੋ ਸਕਦਾ, ਪਰ ਮਾਲੂਮ ਹੁੰਦਾ ਸੀ ਕਿ ਆਪਣੇ ਪਿਛਲੇ ਘੋਲ ਦੇ ਤਜਰਬੇ ਤੋਂ ਉਨ੍ਹਾਂ ਨੇ ਇਹ ਸਿਖਿਆ ਗ੍ਰਹਿਣ ਕਰ ਲਈ ਹੈ ਕਿ ਜਨਤਾ ਨੂੰ ਇਨਕਲਾਬ ਲਈ ਅਗੇ ਵਧਾਉਣ ਵਾਸਤੇ ਜਨਤਕ ਲਹਿਰਾਂ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ, ਇਸ ਲਈ ਉਹ ਵੀ ਸਾਡੀ ਹਮਾਇਤ ਕਰ ਰਹੇ ਸਨ।

ਮਿਲਵਰਤਣ ਦੇ ਧੁਰੇ ਉਪਰ ਚੀਫ਼ ਖ਼ਾਲਸਾ ਦੀਵਾਨ ਦੇ ਆਗੂ ਖੜੋਤੇ ਅਗਵਾਈ ਕਰ ਰਹੇ ਸਨ। ਇਨ੍ਹਾਂ ਦੇ ਆਗੂ ਸਰ ਸੁੰਦਰ ਸਿੰਘ ਮਜੀਠੀਆ ਸਨ। ਸ: ਹਰਬੰਸ ਸਿੰਘ ਅਟਾਰੀ, ਸ: ਤ੍ਰਿਲੋਚਨ ਸਿੰਘ ਵਕੀਲ, ਭਾਈ ਵੀਰ ਸਿੰਘ, ਪ੍ਰੋ: ਜੋਧ ਸਿੰਘ, ਸ: ਸ਼ਿਵਦੇਵ ਸਿੰਘ ਆਦਿ ਹੋਰ ਕਈ ਵਿਦਵਾਨ ਤੇ ਸਰਦਾਰ ਇਨ੍ਹਾਂ ਦੇ ਨਾਲ ਸਨ। ਰਾਜੇ ਮਹਾਰਾਜੇ ਤੇ ਜਾਗੀਰਦਾਰ ਇਨ੍ਹਾਂ ਦੇ ਸਿਰ ਪੁਰ ਸਨ। ਸਿਖ ਠੇਕੇਦਾਰ ਵਡੇ ਵਪਾਰੀ ਸਕੂਲਾਂ ਕਾਲਜਾਂ ਦੇ ਪ੍ਰਬੰਧਕ ਤੇ ਮੁਖੀਏ ਅਤੇ ਸਰਕਾਰੀ ਅਫ਼ਸਰ ਇਨ੍ਹਾਂ ਦੇ ਹਮਾਇਤੀ ਸਨ। ਹਕੂਮਤ ਦੀ ਸਰਪਰਸਤੀ ਤੇ ਹਰ ਤਰ੍ਹਾਂ ਦੀ ਸਹਾਇਤਾ ਇਨ੍ਹਾਂ ਨੂੰ ਪ੍ਰਾਪਤ ਸੀ। ਕੁਝ ਹਫ਼ਤੇਵਾਰ ਅਖ਼ਬਾਰਾਂ ਤੋਂ ਬਿਨਾਂ "ਖ਼ਾਲਸਾ" ਨਾਂ ਦਾ ਰੋਜ਼ਾਨਾ ਗੁਰਮੁਖੀ ਅਖ਼ਬਾਰ ਅੰਮ੍ਰਿਤਸਰ ਤੋਂ ਇਨ੍ਹਾਂ ਨੇ ਆਪਣਾ ਜਾਰੀ ਕਰਵਾ ਲਿਆ ਸੀ। ਇਸ ਦੇ ਐਡੀਟਰ ਚੋਟੀ ਦੇ ਵਿਦਵਾਨ ਤੇ ਲਿਖਾਰੀ ਪ੍ਰੋ: ਜੋਧ ਸਿੰਘ ਜੀ ਐਮ. ਏ., ਸਨ। ਇਹ ਬੜੇ ਵਿਚਾਰ ਤੇ ਯੁਕਤੀ ਭਰੇ ਲੇਖਾਂ ਰਾਹੀਂ ਨਾ-



Digitized by Panjab Digital Library | www.panjabdigilib.org

ਮਿਲਵਰਤਨ ਦੇ ਪ੍ਰੋਗਰਾਮ ਦੇ ਵਿਰੋਧਤਾ ਤੇ ਮਿਲਵਰਤਨ ਦੀ ਹਮਾਇਤ ਕਰਦੇ ਸਨ। ਸਿਖ ਲੀਗ ਦਾ ਦੂਜਾ ਸਾਲਾਨਾ-ਸਮਾਗਮ ਅਕਤੂਬਰ ਵਿਚ ਰਖਿਆ ਗਿਆ ਸੀ। ਸਰਦਾਰ ਖੜਕ ਸਿੰਘ ਰਈਸ ਸਿਆਲਕੋਟ ਇਸ ਦੇ ਪ੍ਰਧਾਨ ਚੁਣੇ ਗਏ। ਸਰਦਾਰ ਜੀ ਇਕ ਉਘੇ ਰਈਸ ਘਰਾਣੇ ਵਿਚੋਂ ਸਨ। ਬੀ. ਏ. ਤਕ ਤਾਲੀਮ ਪਾ ਕੇ ਅਤੇ ਸਿਖ ਇਤਿਹਾਸ ਤੇ ਰਾਜਸੀ ਇਨਕਲਾਬਾਂ ਦੇ ਇਤਿਹਾਸ ਪੜ੍ਹ ਕੇ ਉਨ੍ਹਾਂ ਦੇ ਦਿਲ ਵਿਚ ਗ਼ੁਲਾਮੀ ਤੇ ਅੰਗਰੇਜ਼ ਸਾਮਰਾਜੀਆਂ ਵਿਰੁਧ ਸਖ਼ਤ ਨਫ਼ਰਤ ਭਰੀ ਗਈ ਸੀ। ਇਹ ਬੜੇ ਅਣਖੀਲੇ, ਦਲੇਰ ਤੇ ਹਠੀ ਸਿਖ ਪ੍ਰਸਿਧ ਸਨ।

ਇਕ ਵੇਰ ਚੀ: ਖ਼ਾ: ਦੀਵਾਨ ਨੇ ਇਨ੍ਹਾਂ ਨੂੰ ਸਿਖ ਵਿਦਿਅਕ ਕਾਨਫ਼ਰੰਸ ਦਾ ਪ੍ਰਧਾਨ ਬਣ ਕੇ ਆਪਣੀ ਵਲਗਣ ਵਿਚ ਲਿਆਉਣ ਦਾ ਜਤਨ ਵੀ ਕੀਤਾ ਪਰ ਇਹ ਚੀ: ਖ਼ਾ: ਦੀਵਾਨ ਦੀ ਵਫ਼ਾਦਾਰੀ ਵਾਲੀ ਲੀਹ ਪੁਰ ਨਾ ਚਲ ਸਕੇ। ਕਾਨਫ਼ਰੰਸ ਦੀ ਪਰਧਾਨਗੀ ਕਰਨ ਮਗਰੋਂ ਫਿਰ ਵੀ ਇਹ ਚੀ: ਖ਼ਾ: ਦੀਵਾਨ ਤੋਂ ਵੱਖਰੇ ਵੱਖਰੇ ਹੀ ਰਹੇ। ਇਨ੍ਹਾਂ ਦੇ ਆਜ਼ਾਦੀ ਪਸੰਦ ਤੇ ਅਗਾਂਹ ਵਧੂ ਖ਼ਿਆਲਾਂ ਤੋਂ ਜਾਣੂ ਹੋ ਕੇ ਅਸਾਂ ਨੇ ਇਨ੍ਹਾਂ ਨੂੰ ਸਿਖ ਲੀਗ ਦੇ ਦੂਜੇ ਸਮਾਗਮ ਦਾ ਪ੍ਰਧਾਨ ਬਣਨਾ ਮਨਾ ਲਿਆ। ਉਦੋਂ ਲੋਕਾਂ ਨੂੰ ਵਡੇ ਆਦਮੀਆਂ ਦੀ ਅਗਵਾਈ ਪੁਰ ਬਹੁਤ ਭਰੋਸਾ ਹੁੰਦਾ ਸੀ। ਕੋਈ ਜਥੇਬੰਦੀ ਬਣੇ, ਕੋਈ ਆਸ਼ਰਮ ਖੁਲ੍ਹੇ, ਉਸ ਦੀ ਅਗਵਾਈ ਤੇ ਪਰਧਾਨਗੀ ਲਈ ਵਡੇ ਰਈਸਾਂ ਤੇ ਸਰਦਾਰਾਂ ਵਲ ਹੀ ਝਾਕਿਆ ਜਾਂਦਾ ਸੀ। ਇਸ ਸ਼ਰੇਣੀ ਵਿਚੋਂ ਪੜ੍ਹ ਲਿਖ ਕੇ ਸਰਦਾਰ ਖੜਕ ਸਿੰਘ ਵਰਗੇ ਕੁਝ ਸਰਦਾਰ ਆਜ਼ਾਦੀ ਦੇ ਹਾਮੀ ਤੇ ਅਗਾਂਹ-ਵਧੂ ਬਣ ਗਏ ਸਨ।

ਸਰਦਾਰ ਖੜਕ ਸਿੰਘ ਜੀ ਦੇ ਸਿਖ ਲੀਗ ਦੇ ਪ੍ਰਧਾਨ ਬਣਨ ਦੀ ਖ਼ਬਰ ਨੇ ਮਿਲਵਰਤਨੀ ਹਲਕੇ ਦੀ ਚਿੰਤਾ ਹੋਰ ਵਧਾ



Digitized by Panjab Digital Library | www.panjabdigilib.org

ਦਿਤੀ । ਉਨ੍ਹਾਂ -ਨੂੰ ਫਿਕਰ ਪੈ ਗਿਆ ਸੀ ਕਿ ਜੇ ਸਰਦਾਰ ਖੜਕ ਸਿੰਘ ਦੀ ਪਰਧਾਨਗੀ ਵਿਚ ਸਿਖ ਲੀਗ ਦੇ ਸਮਾਗਮ ਵਿਚ ਨਾ-ਮਿਲਵਰਤਨ ਦਾ ਪਰੋਗਰਾਮ ਪਾਸ ਕਰ ਦਿਤਾ ਗਿਆ ਤਾਂ ਸਿਖ ਪੰਥ ਵਿਚ ਨਾ ਕੇਵਲ ਉਨ੍ਹਾਂ ਦੀ ਲੀਡਰੀ ਖਤਮ ਹੋ ਜਾਏਗੀ ਬਲਕੇ ਉਨ੍ਹਾਂ ਦੇ ਆਰਥਕ ਤੇ ਰਾਜਸੀ ਲਾਭਾਂ ਨੂੰ ਬਹੁਤ ਨੁਕਸਾਨ ਪਹੁੰਚੇਗਾ । ਉਹ ਦਿਲੋਂ ਮਨੋ ਇਹ ਵੀ ਨਿਸ਼ਚਾ ਰੱਖਦੇ ਸਨ ਕਿ ਨਾ-ਮਿਲ-ਵਰਤਨ ਨਾਲ ਸਮੁਚੇ ਸਿਖ ਪੰਥ ਨੂੰ ਵਿਦਿਅਕ, ਸਮਾਜਕ ਤੇ ਆਰਥਕ ਤੌਰ ਪੁਰ ਬਹੁਤ ਨੁਕਸਾਨ ਪਹੁੰਚੇਗਾ ।

ਹੁਣ ਸਿਖਾਂ ਵਿਚ ਨਾ-ਮਿਲ-ਵਰਤਨ ਤੇ ਮਿਲ-ਵਰਤਨ ਪੁਰ ਖ਼ੂਬ ਗਰਮਾ ਗਰਮ ਬਹਿਸ ਛਿੜ ਪਈ । ਅਖ਼ਬਾਰਾਂ ਵਿਚ, ਜਲਸਿਆਂ ਵਿਚ, ਪਰ੍ਹਿਆਂ ਤੇ ਭਾਈਚਾਰਕ ਸਮਾਗਮਾਂ ਵਿਚ ਈਹੋ ਬਹਿਸ ਗਰਮ ਰਹਿੰਦੀ ਸੀ ਕਿ ਨਾ-ਮਿਲ-ਵਰਤਨ ਚੰਗਾ ਹੈ ਕਿ ਮਿਲ-ਵਰਤਨ ? ਸਿਖ ਜਨਤਾ ਦੀ ਬਹੁ-ਗਿਣਤੀ ਨਾ-ਮਿਲ-ਵਰਤਨ ਲਹਿਰ ਦੀ ਇਤਨੀ ਹਾਮੀ ਬਣ ਗਈ ਸੀ ਕਿ ਮਿਲ-ਵਰਤਨੀ ਧੜੇ ਲਈ ਖੁਲ੍ਹਾ ਪਬਲਿਕ ਜਲਸਾ ਕਰਨਾ ਵੀ ਮੁਸ਼ਕਲ ਬਣ ਗਿਆ ਸੀ । ਪਰ ਅਖ਼ਬਾਰਾਂ ਤੇ ਪੈਂਫਣਟਾਂ ਰਾਹੀਂ ਉਹ ਖ਼ੂਬ ਪਰਚਾਰ ਕਰਦੇ ਹਨ ।

ਪ੍ਰੋ: ਜੋਧ ਸਿੰਘ ਜੀ ਨੇ ਇਕ ਵੇਰਾਂ "ਖ਼ਾਲਸਾ" ਅਖ਼ਬਾਰ ਵਿਚ ਇਹ ਸ਼ਬਦ ਲਿਖ ਮਾਰੇ "ਸਿਖ ਸੁਕਾ ਬਰੂਦ ਹਨ" ਨਾ-ਮਿਲ-ਵਰਤਨ ਜਾਂ ਸਤਿਆ-ਗ੍ਰਹਿ ਦਾ ਪਰੋਗਰਾਮ ਇਕ ਤੀਲੀ ਹੈ । ਇਸ ਪੁਰ ਅਮਲ ਕਰ ਕੇ ਜੇ ਇਹ ਭੜਕ ਪਏ ਤਾਂ ਸਿਖ ਪੰਥ ਦੀ ਤਬਾਹੀ ਹੋ ਜਾਏਗੀ । ਉਨ੍ਹਾਂ ਨੇ ਆਪਣੀ ਵਿਚਾਰ ਅਨੁਸਾਰ ਇਹ ਸ਼ਬਦ ਲਿਖੇ ਤਾਂ ਸ਼ੁਭ ਆਸ਼ੇ ਨਾਲ ਸਨ, ਪਰ ਸਿਖਾਂ ਵਲੋਂ ਇਨ੍ਹਾਂ ਨੂੰ "ਪੰਥ ਦੀ ਹਤਕ" ਸਮਝ ਕੇ ਬੜੀ ਵਿਰੋਧਤਾ ਪੈਦਾ ਹੋ



Digitized by Panjab Digital Library | www.panjabdigilib.org

ਗਈ । "ਖ਼ਾਲਸਾ" ਅਖ਼ਬਾਰ ਤੇ ਜੋਧ ਸਿੰਘ ਜੀ ਵਿਰੁਧ ਜਲਸਿਆਂ ਵਿਚ ਮਤੇ ਪਾਸ ਹੋਣੇ ਸ਼ੁਰੂ ਹੋ ਗਏ ਕਿ ਇਨ੍ਹਾਂ ਨੇ ਇਹ ਨਿਰਾਦਰੀ ਭਰੇ ਸ਼ਬਦ ਲਿਖ ਕੇ ਪੰਥ ਦੀ ਹਤਕ ਕੀਤੀ ਹੈ। ਉਸ ਸਮੇਂ ਗਲ ਗਲ ਨੂੰ ਮਜ਼ਹਬੀ ਤੇ ਧਾਰਮਕ ਹੱਤਕ ਬਣਾ ਕੇ ਆਪਣੇ ਵਿਰੋਧੀ ਨੂੰ ਭੰਡਣ ਦਾ ਬੜਾ ਰਵਾਜ ਸੀ। ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਸ਼ਬਦਾਂ ਨੂੰ ਪੰਥਕ ਹੱਤਕ ਬਣਾਉਣ ਵਿਚ "ਅਕਾਲੀ" ਅਖ਼ਬਾਰ ਨੇ ਵੀ ਚੋਖਾ ਹਿੱਸਾ ਪਾਇਆ ਸੀ। ਇਹ ਠੀਕ ਹੈ ਕਿ ਪ੍ਰੋ: ਜੋਧ ਸਿੰਘ ਦੇ ਇਹ ਸ਼ਬਦ ਗੁਰੂ ਕੇ ਬਾਗ਼, ਭਾਈ ਫੇਰੂ ਤੇ ਜੈਤੋ ਦੇ ਮੋਰਚਿਆਂ ਨੇ ਬਿਲਕੁਲ ਗ਼ਲਤ ਸਾਬਤ ਕਰ ਦਿਤੇ ਸਨ, ਪਰ ਇਨ੍ਹਾਂ ਨੂੰ "ਪੰਥਕ ਹਤਕ" ਬਣਾ ਕੇ ਵਰਤਨਾ ਰਾਜਨੀਤਕ ਬਹਿਸ ਦਾ ਸਹੀ ਢੰਗ ਨਹੀਂ ਸੀ। ਜੇ ਅਸਾਂ ਨੇ ਜਮਹੂਰੀ ਅਸੂਲਾਂ ਤੇ ਵਿਚਾਰ ਨੂੰ ਅਪਣਾ ਕੇ ਉੱਨਤੀ ਕਰਨੀ ਹੈ ਤਾਂ ਦੂਜੇ ਦੀ ਰਾਇ ਦਾ ਸਤਿਕਾਰ ਕਰ ਕੇ ਉਸ ਨੂੰ ਯੁਕਤੀ ਨਾਲ ਰਦ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਰਾਜਸੀ ਸੋਝੀ ਦੇ ਕੇ ਅਗੇ ਵਧਣ ਦੀ ਪਰੇਰਣਾ ਦੇਣ ਲਈ ਸਹੀ ਦਲੀਲਾਂ ਤੇ ਠੋਸ ਹਕੀਕਤਾਂ ਪੇਸ਼ ਕਰਨੀਆਂ ਚਾਹੀਦੀਆਂ ਹਨ। ਖੈਰ ਮੇਰਾ ਮਤਲਬ ਇਥੇ ਕੇਵਲ ਉਸ ਸਮੇਂ ਦੇ ਵਾਯੂ-ਮੰਡਲ ਦੀ ਇਕ ਝਾਕੀ ਵਿਖਾਉਣ ਦਾ ਹੈ। ਉਸ ਸਮੇਂ "ਅਕਾਲੀ" ਅਖ਼ਬਾਰ ਤੇ ਨਵੇਂ ਆਗੂਆਂ ਦਾ ਇਤਨਾ ਇਤਬਾਰ ਤੇ ਪ੍ਰਭਾਵ ਵਧ ਗਿਆ ਸੀ ਕਿ ਇਨ੍ਹਾਂ ਦੇ ਬਿਆਨਾਂ ਨੂੰ ਆਮ ਸਿਖ ਜਨਤਾ ਪੱਥਰ ਦੇ ਲੀਕ ਵਾਂਗ ਸਹੀ ਸਮਝ ਕੇ ਕਬੂਲ ਕਰ ਲੈਂਦੀ ਸੀ। ਪਰਾਣੇ ਲੀਡਰਾਂ ਤੇ ਅਖਬਾਰਾਂ ਦੀ ਕਦਰ ਬਹੁਤ ਘਟ ਗਈ ਸੀ।

ਸਤੰਬਰ ੧੯੨੦ ਵਿਚ ਕਾਂਗਰਸ ਦਾ ਸਪੈਸ਼ਲ ਸਮਾਗਮ ਲਾਲਾ ਲਾਜਪਤ ਰਾਇ ਦੀ ਪਰਧਾਨਗੀ ਹੇਠ ਕਲਕਤੇ ਵਿਚ ਹੋਇਆ। ਇਸ ਵਿਚ ਸਰਦਾਰ ਮੰਗਲ ਸਿੰਘ, ਸਰਦੂਲ ਸਿੰਘ



Digitized by Panjab Digital Library | www.panjabdigilib.org

ਕਵੀਸ਼ਰ ਤੇ ਕੁਝ ਹੋਰ ਨਵੇਂ ਸਿਖ ਆਗੂ ਸ਼ਾਮਲ ਹੋਏ। ਉਥੇ ਮਹਾਤਮਾ ਗਾਂਧੀ ਜੀ ਦਾ ਨਾ ਮਿਲਵਰਤਨ ਦਾ ਮਤਾ ਪਾਸ ਹੋ ਗਿਆ। ਇਸ ਦਾ ਪ੍ਰਭਾਵ ਸਿਖ ਡੈਲੀਗੇਟਾਂ ਪੁਰ ਬਹੁਤ ਪਿਆ। ਇਥੇ ਜਰੂਰੀ ਮਲੂਮ ਹੋਂਦਾ ਹੈ ਕਿ ਕਲਕਤਾ ਵਿਚ ਪਾਸ ਹੋਏ ਨਾ ਮਿਲਵਰਤਨ ਦੇ ਮਤੇ ਦਾ ਸਾਰ ਦਰਜ ਕਰ ਦਿਤਾ ਜਾਵੇ ਤਾਂ ਜੋ ਇਸ ਦਾ ਭਾਵ ਠੀਕ ਠੀਕ ਸਪਸ਼ਟ ਹੋ ਜਾਵੇ:—

"ਖਲਾਫਤ ਸਬੰਧੀ ਬਰਤਾਨਵੀ ਸਰਕਾਰ ਨੇ ਮੁਸਲਮਾਣਾਂ ਨਾਲ ਕੀਤੇ ਇਕਰਾਰ ਤੋੜ ਦਿਤੇ ਹਨ। ਗੈਰ ਮੁਸਲਾਮਾਣ ਹਿੰਦੀਆਂ ਦਾ ਫਰਜ਼ ਬਣਦਾ ਹੈ ਕਿ ਯੋਗ ਢੰਗਾਂ ਨਾਲ ਮੁਸਲਮਾਣ ਭਰਾਵਾਂ ਦੇ ਮਜ਼ਹਬ ਪੁਰ ਪਈ ਬਿਪਤਾ ਨੂੰ ਦੂਰ ਕਰਨ ਵਿਚ ਸਹਾਇਤਾ ਕਰਨ।"

"ਅਤੇ ਪੰਜਾਬ ਦੇ ਨਿਰਦੋਸ਼ ਲੋਕਾਂ ਨੂੰ ਬਚਾਉਣ ਤੇ ਮਾਰਸ਼ਲ ਲਾਅ ਦੇ ਦਿਨਾਂ ਵਿਚ ਲੋਕਾਂ ਪੁਰ ਅਤਿਆਚਾਰ ਢਾਹੁਣ ਵਾਲੇ ਹਾਕਮਾਂ ਨੂੰ ਸਜ਼ਾ ਦੇਕੇ ਲੋਕਾਂ ਦੇ ਫਟੇ ਦਿਲਾਂ ਪੁਰ ਮਰ੍ਹਮ ਰਖਣ ਵਿਚ ਬਰਤਾਨਵੀ ਹਿੰਦੀ ਸਰਕਾਰ ਬੁਰੀ ਤਰ੍ਹਾਂ ਫੇਹਲ ਹੋਈ ਹੈ।"

ਇਨ੍ਹਾਂ ਦੋ ਉਪਰ ਲਿਖੇ ਕਸ਼ਟਾਂ ਨੂੰ ਦੂਰ ਕੀਤੇ ਬਗੈਰ ਹਿੰਦੀਆਂ ਨੂੰ ਸ਼ਾਂਤੀ ਨਹੀਂ ਹੋ ਸਕਦੀ ਅਤੇ ਹਿੰਦੀਆਂ ਦੀ ਕੌਮੀ ਅਣਖ ਮੰਗ ਕਰਦੀ ਹੈ ਕਿ ਹਿੰਦ ਵਿਚ ਸਵਰਾਜ ਅਸਥਾਪਨ ਕਰਕੇ ਅਗੋਂ ਨੂੰ ਈਹੋ ਜਿਹੇ ਅਤਿਆਚਾਰਾਂ ਨੂੰ ਰੋਕਣ ਦਾ ਪਕਾ ਪ੍ਰਬੰਧ ਕੀਤਾ ਜਾਵੇ।

ਇਸ ਪਰਯੋਜਨ ਲਈ ਮਹਾਤਮਾ ਗਾਂਧੀ ਜੀ ਦਾ ਸ਼ਾਂਤ ਮਈ ਨਾ ਮਿਲਵਰਤਨ ਦਾ ਪ੍ਰੋਗਰਾਮ ਪਰਵਾਨ ਕੀਤਾ ਜਾਂਦਾ



Digitized by Panjab Digital Library | www.panjabdigilib.org

ਹੈ। ਜਿਸ ਦੇ ਅੰਗ ਹੇਠਾਂ ਲਿਖੇ ਹਨ :–

੧. ਖਤਾਬ, ਆਨਰੇਰੀ ਮੈਜਿਸਟਰੇਟੀਆਂ, ਨੰਬਰਦਾਰੀਆਂ ਤੇ ਜ਼ੈਲਦਾਰੀਆਂ ਛਡ ਦਿਤੀਆਂ ਜਾਣ ਤੇ ਸਥਾਨਕ ਸਰਕਾਰੀ ਜਥੇਬੰਦੀਆਂ (Local bodies) ਵਿਚ ਨਾਮਜ਼ਦ ਮੈਂਬਰੀਆਂ ਤੋਂ ਵੀ ਅਸਤੀਫੇ ਦਿਤੇ ਜਾਣ।

੨. ਸਰਕਾਰੀ ਸਮਾਗਮ, ਸਰਕਾਰੀ ਹਾਕਮਾਂ ਦੇ ਸੁਆਗਤ ਤੇ ਸਤਿਕਾਰ ਵਿਚ ਰਚੇ ਗਏ ਦਰਬਾਰਾਂ ਤੇ ਪਾਰਟੀਆਂ ਵਿਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਜਾਵੇ।

੩. ਸਰਕਾਰੀ, ਸਹਾਇਤਾ ਲੈਣ ਵਾਲੇ ਜਾਂ ਸਰਕਾਰੀ ਸਰਪ੍ਰਸਤੀ ਵਿਚ ਚਲ ਰਹੇ ਸਕੂਲਾਂ ਤੇ ਕਾਲਜਾਂ ਵਿਚੋਂ ਆਪਣੇ ਬਚਿਆਂ ਨੂੰ ਸਹਿਜੇ ਸਹਿਜੇ ਕਢ ਲਿਆ ਜਾਵੇ ਤੇ ਉਨ੍ਹਾਂ ਲਈ ਕੌਮੀ ਸਕੂਲ ਤੇ ਕਾਲਜ ਜਾਰੀ ਕੀਤੇ ਜਾਣ।

੪. ਸਹਿਜੇ ਸਹਿਜੇ ਅਦਾਲਤਾਂ ਨੂੰ ਲੋਕ ਤੇ ਵਕੀਲ ਵੀ ਬਾਇਕਾਟ ਕਰ ਦੇਣ ਤੇ ਪੰਚਾਇਤਾਂ ਕੈਮ ਕਰਕੇ ਜਾਂ ਸਾਲਸ ਮਿਥਕੇ ਆਪਣੇ ਝਗੜੇ ਫੈਸਲਾ ਕਰ ਲਏ ਜਾਇਆ ਕਰਨ।

੫. ਮੈਸਪੋਟੇਮੀਆਂ ਵਿਚ ਜਾਣ ਵਾਲੀ ਫੌਜ ਵਿਚ ਕੋਈ ਭਰਤੀ ਨਾ ਹੋਵੇ, ਕਲਰਕ ਤੇ ਮਜ਼ਦੂਰ ਵੀ ਮੈਸਪੋਟੇਮੀਆ ਵਿਚ ਨੌਕਰੀ ਕਰਨ ਤੋਂ ਇਨਕਾਰ ਕਰ ਦੇਣ।

੬. ਨਵੀਂ ਸੁਧਾਰ ਸਕੀਮ ਮੁਤਾਬਕ ਕੌਂਸਲਾਂ ਦੀ ਚੋਣ ਵਿਚ ਕੋਈ ਮੈਂਬਰ ਨਾ ਖੜਾ ਹੋਵੇ ਅਤੇ ਵੋਟਰ ਵੋਟਾਂ ਪਾਣੀਆਂ ਬਾਇਕਾਟ ਕਰ ਦੇਣ।

੭. ਬਦੇਸ਼ੀ ਮਾਲ ਦਾ ਬਾਇਕਾਟ ਕੀਤਾ ਜਾਵੇ।

੮. ਸੁਦੇਸ਼ੀ ਕੱਪੜਾ ਵਰਤਿਆ ਜਾਵੇ। ਚਰਖਾ ਕਤਣ ਤੇ ਖਦਰ ਉਣਨ ਦਾ ਪ੍ਰਚਾਰ ਵਧਾਇਆ ਜਾਵੇ ਤੇ ਖਦਰ ਪਹਿਨਿਆ ਜਾਵੇ।



Digitized by Panjab Digital Library | www.panjabdigilib.org

ਇਸ ਮਤੇ ਦੀ ਕਾਫੀ ਵਿਰੋਧਤਾ ਵੀ ਹੋਈ। ਲਾਲਾ ਲਾਜਪਤ ਰਾਇ ਵੀ ਪੂਰੀ ਤਰ੍ਹਾਂ ਸਹਿਮਤ ਨਹੀਂ ਸਨ ਪਰ ਆਖਰ ਈਹੋ ਮਤਾ ੧੯੯੬ ਵੋਟਾਂ ਦੇ ਹਕ ਵਿਚ ਤੇ ੯੯੪ ਵੋਟਾਂ ਵਿਰੁਧ ਪੈਣ ਨਾਲ ਭਾਰੀ ਬਹੁ ਸੰਮਤੀ ਨਾਲ ਪਾਸ ਹੋ ਗਿਆ।

ਇਸ ਮਤੇ ਦੀ ਅਸਾਂ ਨੇ 'ਅਕਾਲੀ' ਅਖਬਾਰ ਵਿਚ ਤੇ ਸਰਦੂਲ ਸਿੰਘ ਕਵੀਸ਼ਰ, ਮੰਗਲ ਸਿੰਘ ਤੇ ਅਮਰ ਸਿੰਘ ਝਬਾਲ ਵਰਗੇ ਨਵੇਂ ਆਗੂਆਂ ਨੇ ਜਲਸਿਆਂ ਵਿਚ ਜ਼ੋਰਦਾਰ ਹਮਾਇਤ ਸ਼ੁਰੂ ਕਰ ਦਿਤੀ।

ਸਿਖ ਲੀਗ ਦੇ ਦੂਜੇ ਸਮਾਗਮ ਲਈ ਪੰਜਾਬ ਭਰ ਵਿਚੋਂ ਬੜੇ ਉਤਸ਼ਾਹ ਨਾਲ ਡੈਲੀਗੇਟ ਚੁਣ ਕੇ ਭੇਜੇ ਗਏ। ਮਿਲ-ਵਰਤਨੀ ਧੜੇ ਨੇ ਸਿਖ ਲੀਗ ਦੇ ਸਮਾਗਮ ਵਿਚ ਨਾਮਿਲਵਰਤਨ ਦੇ ਮਤੇ ਨੂੰ ਫੇਹਲ ਕਰਨ ਲਈ ਸਿਰ ਧੜ ਦੀ ਬਾਜ਼ੀ ਲਾ ਦਿਤੀ। ਉਨ੍ਹਾਂ ਨੇ ਵੀ ਕਾਫ਼ੀ ਗਿਣਤੀ ਵਿਚ ਡੈਲੀਗੇਟ ਭੇਜੇ। ਸਮਾਗਮ ਬ੍ਰੈਡ ਲਾ ਹਾਲ ਵਿਚ ਰਖਿਆ ਗਿਆ ਸੀ। ਇਹ ਸਮਾਗਮ ਇਕ ਰਾਜਸੀ ਮੇਲਾ ਬਣ ਗਿਆ ਸੀ।

ਇਸ ਮੌਕੇ ਪੁਰ ਮੈਂ ਇਕ ਰਾਜਸੀ ਕਵੀ ਦਰਬਾਰ ਕਰਨ ਦਾ ਪ੍ਰਬੰਧ ਕੀਤਾ ਸੀ। ਸਮੱਸਿਆ ਇਹ ਦਿਤੀ ਗਈ ਸੀ :- "ਇਹ ਤਾਂ ਢੋਲ ਸੁਹਾਵਣਾ ਦੂਰ ਦਾ ਏ" ਮੇਰਾ ਖਿਆਲ ਹੈ ਪੰਜਾਬੀ ਦਾ ਇਹ ਪਹਿਲਾ ਰਾਜਸੀ ਇਨਕਲਾਬੀ ਕਵੀ ਦਰਬਾਰ ਸੀ। ਪੰਜਾਬੀ ਕਵੀਆਂ ਨੇ ਇਸ ਸਮੱਸਿਆ ਤੋਂ ਬਿਨਾ ਆਜ਼ਾਦੀ ਤੇ ਇਨਕਲਾਬ ਦੇ ਹੱਕ ਵਿਚ ਖੁਲ੍ਹੀਆਂ ਕੜਾਕੇਦਾਰ ਕਵਿਤਾਵਾਂ ਵੀ ਪੜ੍ਹੀਆਂ। ਹਜ਼ਾਰਾਂ ਸਰੋਤਿਆਂ ਨੇ ਇਤਨੀ ਦਿਲਚਸਪੀ ਤੇ ਉਤਸ਼ਾਹ ਨਾਲ ਕਵੀ ਦਰਬਾਰ ਨੂੰ ਸੁਣਿਆ ਕਿ ਰਾਤ ਦੇ ਦੋ ਵਜੇ ਤਕ ਕਿਸੇ ਨੇ ਉਠਣ ਦਾ ਨਾਂ ਨਾ ਲਿਆ।



Digitized by Panjab Digital Library | www.panjabdigilib.org

ਪ੍ਰਬੰਧਕਾਂ ਨੂੰ ਡਰ ਪੈਦਾ ਹੋ ਗਿਆ ਕਿ ਜੇ ਸਾਰੀ ਰਾਤ ਕਵੀ ਦਰਬਾਰ ਜਾਰੀ ਰਿਹਾ ਤਾਂ ਸਵੇਰ ਦਾ ਸਮਾਗਮ ਸਫਲ ਨਹੀਂ ਹੋ ਸਕੇਗਾ। ਉਨ੍ਹਾਂ ਦੇ ਹੁਕਮ ਨਾਲ ਕਵੀ ਦਰਬਾਰ ਖਤਮ ਕੀਤਾ ਗਿਆ। ਜਿਸ ਪਾਸੇ ਜਾਓ, ਇਹੋ ਗਲਾਂ ਹੁੰਦੀਆਂ ਸਨ ਕਿ ਇਸ ਕਵੀ ਦਰਬਾਰ ਨੇ ਸਾਰਾ ਵਾਯੂ ਮੰਡਲ ਹੀ ਬਦਲ ਦਿਤਾ ਹੈ। ਪੰਡਾਲ ਵਿਚ ਨਾਮਿਲਵਰਤਨ ਦੀ ਵਿਰੋਧਤਾ ਕਰਨ ਦੀ ਕਿਸੇ ਨੂੰ ਦਲੇਰੀ ਨਹੀਂ ਪੈ ਸਕੇਗੀ।

ਪੰਜਾਬ ਦੇ ਲਾਟ ਸਰ ਮੈਕਲੈਗਨ ਤੇ ਹੋਰ ਜ਼ਿਮੇਵਾਰ ਅਫ਼ਸਰਾਂ ਦੇ ਕੰਨ ਟੈਲੀਫੋਨਾਂ ਨਾਲ ਲਗੇ ਹੋਏ ਸਨ। ਉਹ ਪਲ ਪਲ ਦੀਆਂ ਰਪੋਟਾਂ ਸੁਣਦੇ ਤੇ ਵਿਚਾਰਦੇ ਸਨ। ਸਰਦਾਰ ਖੜਕ ਸਿੰਘ ਜੀ ਦਾ ਸ਼ਾਨਦਾਰ ਜਲੂਸ, ਇਨਕਲਾਬੀ ਕਵੀ ਦਰਬਾਰ ਅਤੇ ਪੰਜਾਬ ਭਰ ਦੇ ਵਖ ਵਖ ਇਲਾਕਿਆਂ ਦੇ ਡੈਲੀਗੇਟਾਂ ਦੇ ਇਨ-ਕਲਾਬੀ ਜੋਸ਼ ਤੇ ਉਤਸ਼ਾਹ ਨੂੰ ਵੇਖ ਕੇ ਮਿਲਵਰਤਨੀ ਧੜੇ ਤੇ ਸਰਕਾਰੀ ਹਾਕਮਾਂ ਨੂੰ ਪੂਰਾ ਨਿਸਚਾ ਹੋ ਗਿਆ ਸੀ ਕਿ ਸਮਾਗਮ ਵਿਚ ਸਪੀਚਾਂ ਤੇ ਡੈਲੀਗੇਟਾਂ ਦੀਆਂ ਰਾਵਾਂ ਨਾਲ ਨਾਮਿਲਵਰਤਨ ਦਾ ਮਤਾ ਫੇਹਲ ਨਹੀਂ ਕੀਤਾ ਜਾ ਸਕਦਾ।

ਸੋ ਉਨ੍ਹਾਂ ਨੇ ਹੁਣ "ਦਾਮ-ਨੀਤੀ" ਪੁਰ ਅਮਲ ਕਰਨ ਦਾ ਫੈਸਲਾ ਕੀਤਾ। 'ਅਕਾਲੀ' ਅਖਬਾਰ ਵਿਚ ਸਿਖ ਪੰਥ ਦੀਆਂ ਜਿਨ੍ਹਾਂ ਮੰਗਾਂ ਪੁਰ ਜ਼ੋਰ ਦਿਤਾ ਜਾਂਦਾ ਸੀ ਉਨ੍ਹਾਂ ਨੂੰ ਹਕੂਮਤ ਵਲੋਂ ਪੂਰਾ ਕਰਨ ਦੇ ਵਾਹਦੇ ਦੇ ਕੇ ਸਿਖ ਜਨਤਾ ਨੂੰ ਕੌਮੀ ਆਜ਼ਾਦੀ ਦੇ ਘੋਲ ਤੋਂ ਅਡ ਰੱਖਣ ਤੇ ਨਾਮਿਲਵਰਤਨ ਦਾ ਮਤਾ ਫੇਹਲ ਕਰਨ ਦੀਆਂ ਸਿਰਤੋੜ ਕੋਸ਼ਸ਼ਾਂ ਸ਼ੁਰੂ ਹੋ ਗਈਆਂ।

ਜ਼ਿਮੇਵਾਰ ਸਰਕਾਰੀ ਸਿਖ ਆਗੂਆਂ ਵਲੋਂ ਆਜ਼ਾਦੀ ਦੀ ਲਹਿਰ ਦੇ ਨਵੇਂ ਸਿਖ ਆਗੂਆਂ ਨੂੰ ਆਖਿਆ ਗਿਆ:—



Digitized by Panjab Digital Library | www.panjabdigilib.org

"ਸਿਖਾਂ ਦੀਆਂ ਜਿਹੜੀਆਂ ਮੰਗਾਂ ਤੁਸੀਂ ਕਰਦੇ ਹੋ, ਉਹ ਅਸੀਂ ਪੂਰੀਆਂ ਕਰਾਉਣ ਦਾ ਜਿਸ ਤਰ੍ਹਾਂ ਦੱਸੋ ਯਕੀਨ ਦੁਆ ਸਕਦੇ ਹਾਂ। ਗੁਰਦੁਆਰਾ ਰਕਾਬ ਗੰਜ ਦੀ ਢੱਠੀ ਹੋਈ ਕੰਧ ਚੜ੍ਹਾ ਦਿਤੀ ਜਾਏਗੀ, ਖਾਲਸਾ ਕਾਲਜ ਅੰਮ੍ਰਿਤਸਰ ਨੂੰ ਸਿਖਾਂ ਦੇ ਪ੍ਰਬੰਧ ਵਿਚ ਦੇ ਦਿਤਾ ਜਾਏਗਾ, ਸ੍ਰੀ ਦਰਬਾਰ ਸਾਹਿਬ ਤੇ ਇਸ ਨਾਲ ਸਬੰਧਤ ਗੁਰਦੁਆਰਿਆਂ ਤੇ ਹੋਰ ਸਿਖ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿਖ ਆਗੂਆਂ ਤੇ ਪ੍ਰਤੀਨਿਧਾਂ ਦੀ ਮਰਜ਼ੀ ਮੁਤਾਬਕ ਕਰ ਦਿਤਾ ਜਾਏਗਾ। ਰਾਜਸੀ ਤੌਰ ਪੁਰ ਨਵੀਂ ਰਾਜਸੀ ਸੁਧਾਰ ਸਕੀਮ ਅਨੁਸਾਰ ਨਵੀਆਂ ਕੌਂਸਲਾਂ ਵਿਚ ਸਿੱਖਾਂ ਦੀ ਗਿਣਤੀ ਤੋਂ *ਬਹੁਤ ਵਧ ਸੀਟਾਂ ਦਿਤੀਆਂ ਜਾਣਗੀਆਂ ਅਤੇ ਸਰਕਾਰੀ ਨੌਕਰੀਆਂ ਵੀ ਇਸੇ ਹਿਸਾਬ ਨਾਲ ਸਿੱਖਾਂ ਨੂੰ ਦਿਤੀਆਂ ਜਾਣਗੀਆਂ। ਤੁਸੀਂ ਨਾਮਿਲਵਰਤਨ ਦਾ ਖਹੜਾ ਛਡ ਦਿਓ। ਇਸ ਨਾਲ ਸਿਖ ਪੰਥ ਨੂੰ ਬਹੁਤ ਹਾਨੀ ਪੁਜੇਗੀ। ਹਕੂਮਤ ਬੜੀ ਬਲਵਾਨ ਹੈ ਨਾਲੇ ਇਹ ਰਸਤਾ ਖਤਿਰਿਆਂ ਨਾਲ ਭਰਪੂਰ ਹੈ।"

ਇਸ ਦਾ ਉਤਰ ਨਵੇਂ ਸਿੱਖ ਆਗੂਆਂ ਵਲੋਂ ਜੋ ਦਿਤਾ ਗਿਆ ਉਸ ਦਾ ਭਾਵ ਇਸ ਤਰ੍ਹਾਂ ਦਾ ਸੀ :–

"ਜਿਹੜੀਆਂ ਸਿੱਖਾਂ ਦੀਆਂ ਮੰਗਾਂ ਹਕੂਮਤ ਵਲੋਂ ਪੂਰੀਆਂ ਕਰਨ ਦਾ ਤੁਸੀਂ ਯਕੀਨ ਦੁਆਉਂਦੇ ਹੋ, ਇਹ ਤਾਂ ਸਾਡਾ ਚਰੋਕਾ ਹਕ ਉਸ ਨੇ ਦਬਾਇਆ ਹੋਇਆ ਸੀ, ਇਹ ਕੋਈ ਰਿਆਇਤ ਨਹੀਂ। ਗੁਰਦੁਆਰਾ ਰਕਾਬ ਗੰਜ ਦੀ ਢਾਹੀ ਕੰਧ ਉਸਾਰ

---

*ਮੇਰਾ ਖਿਆਲ ਹੈ ਕਿ ਉਸ ਵੇਲੇ ਕਿਹਾ ਜਾਂਦਾ ਸੀ ਕਿ ਸਿਖਾਂ ਨੂੰ ੨੫ ਫ਼ੀ ਸਦੀ ਸੀਟਾਂ ਤੇ ਨੌਕਰੀਆਂ ਦਿਤੀਆਂ ਜਾਣਗੀਆਂ ਪਰ ਮੇਰੇ ਪਾਸ ਇਸ ਗੱਲ ਦਾ ਇਸ ਸਮੇਂ ਪੱਕਾ ਸਬੂਤ ਕੋਈ ਨਹੀਂ।



Digitized by Panjab Digital Library | www.panjabdigilib.org

ਕੇ ਅਤੇ ਖਾਲਸਾ ਕਾਲਜ ਤੇ ਸਿਖ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿਖਾਂ ਦੇ ਹਵਾਲੇ ਕਰਕੇ ਹਕੂਮਤ ਸਾਡੇ ਪੁਰ ਕੋਈ ਅਹਿਸਾਨ ਨਹੀਂ ਕਰੇਗੀ, ਉਹ ਸਗੋਂ ਆਪਣੀਆਂ ਕੀਤੀਆਂ ਗ਼ਲਤੀਆਂ ਨੂੰ ਠੀਕ ਕਰੇਗੀ ਤੇ ਸਿੱਖਾਂ ਦੇ ਫਟੇ ਦਿਲਾਂ ਪੁਰ ਕੁਝ ਮਲ੍ਹਮ ਰਖੇਗੀ ਪਰ ਇਸ ਦੇ ਬਦਲੇ ਕੌਮੀ ਆਜ਼ਾਦੀ ਦੇ ਘੋਲ ਵਿਚ ਹਿੱਸਾ ਨ ਲੈਣ ਦੀ ਸ਼ਰਤ ਕਿਉਂ ? ਇਹ ਤਾਂ ਕੌਮੀ ਗ਼ਦਾਰੀ ਦੀ ਸ਼ਰਤ ਹੈ, ਜਿਸਨੂੰ ਅਸੀਂ ਕਿਸੇ ਹਾਲਤ ਵਿਚ ਕਬੂਲ ਨਹੀਂ ਕਰ ਸਕਦੇ। ਇਸ ਦਾ ਅਰਥ ਤਾਂ ਇਹ ਹੈ ਕਿ ਅਜ ਜਿਹੜੀ ਭਾਰਤ ਵਿਚ ਕੌਮੀ ਆਜ਼ਾਦੀ ਦੀ ਹਨੇਰੀ ਅੰਗਰੇਜ਼ੀ ਰਾਜ ਦਾ ਤਖ਼ਤਾ ਉਲਟਾਉਣ ਲਈ ਉਠੀ ਹੈ, ਇਸ ਤੋਂ ਅਸੀਂ ਅੰਗਰੇਜ਼ ਨੂੰ ਬਚਾ ਲਈਏ ਤੇ ਭਾਰਤ ਨੂੰ ਤੇ ਸਿੱਖਾਂ ਨੂੰ ਫਿਰ ਸਦੀਆਂ ਲਈ ਗ਼ੁਲਾਮ ਬਣਾ ਦਈਏ। ੧੮੫੭ ਦੇ ਗ਼ਦਰ ਸਮੇਂ ਕਈ ਸਿਖ ਰਾਜਿਆਂ, ਸਰਦਾਰਾਂ ਤੇ ਜਗੀਰਦਾਰਾਂ ਨੇ ਆਪਣੇ ਨਿੱਜੀ ਲਾਭਾਂ ਦੀ ਖ਼ਾਤਰ ਅੰਗਰੇਜ਼ਾਂ ਦੀ ਸਹਾਇਤਾ ਕਰਕੇ ਹਿੰਦ ਦੀ ਆਜ਼ਾਦੀ ਦੇ ਪਹਿਲੇ ਘੋਲ ਨਾਲ ਗ਼ਦਾਰੀ ਕੀਤੀ ਸੀ। ਅੰਗਰੇਜ਼ੀ ਰਾਜ ਨੂੰ ਬਚਾ ਕੇ ਭਾਰਤ ਮਾਤਾ ਨੂੰ ਗ਼ੁਲਾਮ ਬਣਾਇਆ ਤੇ ਆਪ ਵੀ ਗ਼ੁਲਾਮ ਬਣੇ ਰਹੇ। ਉਨ੍ਹਾਂ ਦੀ ਇਸ ਕੌਮੀ ਗ਼ਦਾਰੀ ਦੀ ਕਾਲਖ਼ ਦਾ ਟਿੱਕਾ ਸਾਰੀ ਸਿਖ ਕੌਮ ਦੇ ਮੱਥੇ ਪੁਰ ਲਾਇਆ ਜਾਂਦਾ ਹੈ, ਹਾਲਾਂਕਿ ਸਾਨੂੰ ਨਿਸ਼ਚਾ ਹੈ ਕਿ ਆਮ ਸਿਖ ਜਨਤਾ ਉਸ ਵੇਲੇ ਵੀ ਅੰਗਰੇਜ਼ੀ ਸਾਮਰਾਜ ਦੀ ਵਿਰੋਧੀ ਸੀ ਪਰ ਉਸ ਵੇਲੇ ਦੇ ਸਿਖ ਆਗੂਆਂ ਨੇ ਇਹ ਅਪਰਾਧ ਕੀਤਾ ਸੀ।

ਅਜ ਅਸੀਂ ਕੌਮੀ ਆਜ਼ਾਦੀ ਦੇ ਘੋਲ ਦਾ ਸਾਥ ਦੇ ਕੇ, ਲੋੜ ਪੈਣ ਤੇ ਆਜ਼ਾਦੀ ਲਈ ਖ਼ੂਨ ਡੋਲ੍ਹ ਕੇ ਅਤੇ ਸ਼ਹੀਦੀਆਂ



Digitized by Panjab Digital Library | www.panjabdigilib.org

ਪ੍ਰਾਪਤ ਕਰਕੇ ਨਾ ਕੇਵਲ ਸਿਖ ਕੌਮ ਦੇ ਮੱਥੇ ਤੋਂ ਕਾਲਖ਼ ਧੋਣ ਦਾ ਫ਼ੈਸਲਾ ਕਰ ਰਹੇ ਹਾਂ ਬਲਕਿ ਸਿਖ ਕੌਮ ਦਾ ਮੁਖ ਨਵੇਂ ਇਤਿਹਾਸ ਵਿਚ ਉਜਲਾ ਕਰਨ ਦਾ ਉਦਮ ਕਰ ਰਹੇ ਹਾਂ। ਅਸੀਂ ਕੌਂਸਲਾਂ ਵਿਚ ਸੀਟਾਂ ਤੇ ਨੌਕਰੀਆਂ ਦੇ ਜੂਠੇ ਟੁਕੜਿਆਂ ਪੁਰ ਭੁਲ ਕੇ ਦੇਸ਼ ਦੀ ਆਜ਼ਾਦੀ ਦੇ ਮਹਾਨ ਯਗ ਤੋਂ ਪਰ੍ਹੇ ਨਹੀਂ ਹਟ ਸਕਦੇ। ਅਸੀਂ ਸਿਖ ਸ਼ਹੀਦਾਂ ਤੇ ਸੂਰਬੀਰਾਂ ਦੀ ਸੰਤਾਨ ਹਾਂ, ਅਸੀਂ ਕੌਮੀ ਆਜ਼ਾਦੀ ਦੇ ਹਵਨ ਕੁੰਡ ਵਿਚ ੧੯ਵੀਂ ਸਦੀ ਦੇ ਸ਼ਹੀਦੀ ਸਿਖ ਇਤਿਹਾਸ ਦੀ ਤਰ੍ਹਾਂ ਹੱਸ ਹੱਸ ਕੇ ਆਪਣੀਆਂ ਜਾਨਾਂ ਦੀਆਂ ਅਹੂਤੀਆਂ ਪਾਵਾਂਗੇ ਅਤੇ ਭਾਰਤ ਮਾਤਾ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟ ਕੇ ਸਾਹ ਲਵਾਂਗੇ।"

"ਫਿਰ ਕੀ ਤੁਸੀਂ ਤੇ ਅਸੀਂ ਅੰਗਰੇਜ਼ੀ ਸਰਕਾਰ ਦੇ ਕਾਗਜ਼ੀ ਵਾਹਦਿਆਂ ਨੂੰ ਭੁਲੇ ਹੋਏ ਹਾਂ ? ਮਹਾਰਾਜਾ ਦਲੀਪ ਸਿੰਘ ਨਾਲ ਕੀਤੀਆਂ ਲਿਖਤਾਂ ਤੇ ਵਾਹਿਦੇ ਕਿਸ ਤਰ੍ਹਾਂ ਘੋਟ ਕੇ ਪੀਤੇ ਗਏ ? ਹਿੰਦੁਸਤਾਨ ਦੇ ਹੋਰ ਕਈ ਰਾਜਿਆਂ ਤੇ ਦੁਨੀਆਂ ਦੇ ਹੋਰ ਕਈ ਮੁਲਕਾਂ ਨਾਲ ਬਰਤਾਨਵੀ ਸਾਮਰਾਜ ਨੇ ਕਈ ਇਕਰਾਰਨਾਮੇ ਕੀਤੇ ਪਰ ਸਭ ਪੈਰਾਂ ਹੇਠ ਲਤਾੜੇ ਗਏ। ਹੁਣ ਇਹ ਗਲ ਅਸੀਂ ਡੰਕੇ ਦੀ ਚੋਟ ਨਾਲ ਕਹਿ ਸਕਦੇ ਹਾਂ ਕਿ ਦੇਸ਼ ਦੀ ਆਜ਼ਾਦੀ ਤੋਂ ਘਟ ਅਸੀਂ ਹੁਣ ਕੋਈ ਰਿਆਇਤ ਕਬੂਲ ਕਰਨ ਨੂੰ ਤਿਆਰ ਨਹੀਂ। ਅਸੀਂ ਕੀ ਹਾਂ ? ਸਿਖ ਜਨਤਾ ਹੁਣ ਜਾਗ ਪਈ ਹੈ। ਸਾਡੇ ਵਿਚੋਂ ਭੀ ਕੋਈ ਅਜਿਹੀ ਗ਼ਦਾਰੀ ਕਰੇਗਾ ਤਾਂ ਸਿਖ ਜਨਤਾ ਉਸ ਨੂੰ ਪਰ੍ਹੇ ਦੁਰਕਾਰ ਦਏਗੀ। ਸਗੋਂ ਅਸੀਂ ਤੁਹਾਡੇ ਅਗੇ ਸਿਖ ਜਨਤਾ ਵਲੋਂ ਬੇਨਤੀ ਕਰਦੇ ਹਾਂ ਕਿ ਆਓ ਸਾਡੇ ਨਾਲ ਸ਼ਾਮਲ ਹੋ ਜਾਵੋ, ਅੰਗਰੇਜ਼ਾਂ ਨਾਲ ਮਿਲਵਰਤਨ ਕਰਨ ਦਾ ਪੁਰਾਣਾ ਰਾਗ ਬੰਦ ਕਰੋ ਤਾਂ ਜੋ ਅਸੀਂ



Digitized by Panjab Digital Library | www.panjabdigilib.org

ਸਾਰੇ ਇਕ ਮੁਠ ਹੋ ਕੇ ਆਪਣੀ ਏਕਤਾ ਤੇ ਕੁਰਬਾਨੀਆਂ ਦੇ ਬਲ ਨਾਲ ਨਾ ਕੇਵਲ ਸਿਖ ਮੰਗਾਂ ਪੂਰੀਆਂ ਕਰੀਏ ਬਲਕਿ ਦੇਸ਼ ਦੀ ਆਜ਼ਾਦੀ ਵਿਚ ਬਹੁਮੁੱਲਾ ਹਿਸਾ ਪਾਈਏ।"

ਆਖਰ ਮਿਲਵਰਤਨੀ ਧੜਾ ਮਾਯੂਸ ਹੋ ਗਿਆ। ਉਸ ਨੇ ਰਾਤ ਹੀ ਹਾਕਮਾਂ ਨੂੰ ਰਪੋਟ ਕਰ ਦਿਤੀ ਹੋਵੇਗੀ ਕਿ ਇਥੇ ਹੁਣ ਸਾਡੀ ਦਾਲ ਨਹੀਂ ਗਲਦੀ।

ਸਵੇਰੇ ਖੁਲ੍ਹਾ ਸਮਾਗਮ ਹੋਇਆ। ਸਿਖ ਜਨਤਾ ਦਾ ਜੋਸ਼ ਸਮੁੰਦਰ ਵਾਂਗ ਠਾਠਾਂ ਮਾਰ ਰਿਹਾ ਸੀ। ਸਰਦਾਰ ਖੜਕ ਸਿੰਘ ਜੀ ਦੇ ਵਿਦਵਤਾ ਤੇ ਅਜ਼ਾਦੀ ਦੇ ਵਲਵਲਿਆਂ ਨਾਲ ਭਰੇ ਹੋਏ ਭਾਸ਼ਨ ਮਗਰੋਂ ਕੁਝ ਹੋਰ ਤਕਰੀਰਾਂ ਹੋਈਆਂ। ਗ਼ਦਰ ਪਾਰਟੀ ਦੇ ਇਕ ਦੇਸ਼ ਭਗਤ ਸ: ਪਿਆਰਾ ਸਿੰਘ ਲੰਗੇਰੀ ਦੇ ਕੁਝ ਵਾਕ ਅਜੇ ਤਕ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ। ਗਦਰ ਪਾਰਟੀ ਦੇ ਸੂਰਬੀਰ ਦੇਸ਼ ਭਗਤਾਂ ਨੂੰ ਉਚੇਚਾ ਸਦਾ ਦੇਕੇ ਬੁਲਾਇਆ ਗਿਆ ਸੀ। ਪੰਡਾਲ ਦੀ ਮੁਹਰਲੀ ਕਤਾਰ ਵਿਚ ਕਾਲੇ ਪਾਣੀ ਵਿਚ ਬੰਦ ਗ਼ਦਰੀ ਜੋਧਿਆਂ: ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਬਾਬਾ ਚੂਹੜ ਸਿੰਘ, ਬਾਬਾ ਨਿਧਾਨ ਸਿੰਘ ਚੁਘਾ ਆਦਿਕ ਬਹਾਦਰ ਦੇਸ਼ ਭਗਤਾਂ ਦੀਆਂ ਖਾਲੀ ਕੁਰਸੀਆਂ ਜਨਤਾ ਨੂੰ ਵੰਗਾਰ ਕੇ ਚੇਤਾਵਨੀਆਂ ਕਰਾ ਰਹੀਆਂ ਸਨ ਕਿ ਗੁਲਾਮੀ ਦੇ ਜੀਵਨ ਨਾਲੋਂ ਮੌਤ ਚੰਗੇਰੀ ਹੈ। ਸਰਦਾਰ ਪਿਆਰਾ ਸਿੰਘ ਨੇ ਗਦਰ ਪਾਰਟੀ ਦੀ ਪ੍ਰਤੀਨਿਧਤਾ ਕਰਦਾ ਹੋਇਆ ਸਟੇਜ ਤੇ ਆਕੇ ਆਖਿਆ ਸੀ: "ਭਰਾਵੋ, ਇਸ ਭਾਗਾਂ ਭਰੇ ਦਿਨ ਨੂੰ ਮੈਂ ਤੇ ਮੇਰੇ ਹੋਰ ਸਾਰੇ ਗ਼ਦਰੀ ਸਾਥੀ ਕਈ ਵਰ੍ਹਿਆਂ ਤੋਂ ਤਾਂਘ ਰਹੇ ਸਨ। ਇਸ ਭਰੇ ਹੋਏ ਪੰਡਾਲ ਵਿਚ ਸਿਖ ਜਨਤਾ ਵਲੋਂ ਆਜ਼ਾਦੀ ਦੇ ਘੋਲ ਲਈ ਠਾਠਾਂ ਮਾਰਦੇ ਉਤਸ਼ਾਹ ਨੂੰ ਵੇਖ ਕੇ ਸਾਨੂੰ ਆਪਣੀਆਂ ਜਿਹਲਾਂ ਤੇ ਕਾਲੇ ਪਾਣੀਆਂ ਦੀਆਂ ਸਾਰੀਆਂ



Digitized by Panjab Digital Library | www.panjabdigilib.org

ਤਕਲੀਫਾਂ ਭੁਲ ਗਈਆਂ ਹਨ। ਅਜ ਮੈਨੂੰ ਸ: ਕਰਤਾਰ ਸਿੰਘ ਸਰਾਭਾ, ਪਿੰਗਲੇ, ਸਰਦਾਰ ਬਲਵੰਤ ਸਿੰਘ, ਭਾਈ ਭਾਗ ਸਿੰਘ ਆਦਿਕ ਸ਼ਹੀਦਾਂ ਦੀਆਂ ਰੂਹਾਂ ਅਕਾਸ਼ ਵਿਚੋਂ ਇਸ ਸਮਾਗਮ ਪੁਰ _ਲ ਬਰਸਾਉਂਦੀਆਂ ਨਜ਼ਰ ਆ ਰਹੀਆਂ ਹਨ। ਮੇਰਾ ਤੇ ਇਥੇ ਬੈਠੇ ਮੇਰੇ ਹੋਰ ਗ਼ਦਰੀ ਦੇਸ਼ ਭਗਤ ਸਾਥੀਆਂ ਦਾ ਦਿਲ ਅਜ ਦੇ ਇਨਕਲਾਬੀ ਨਜ਼ਾਰੇ ਨੂੰ ਵੇਖਕੇ ਗਦ ਗਦ ਹੋ ਰਿਹਾ ਹੈ ਪਰ ਚੇਤੇ ਰਖੋ, ਇਹ ਰਸਤਾ ਬੜਾ ਬਿਖੜਾ ਹੈ। ਗੁਰੂ ਮਹਾਰਾਜ ਨੇ ਵੀ ਕਿਹਾ ਹੈ :-

ਜੇ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰ ਤਲੀ ਗਲੀ ਮੇਰੀ ਆਉ।
ਇਤ ਮਾਰਗ ਪੈਰ ਧਰੀਜੈ।
ਸਿਰ ਦੀਜੈ ਕਾਣ ਨ ਕੀਜੈ।

ਮੈਨੂੰ ਭਰੋਸਾ ਹੈ ਕਿ ਸਿਖ ਜਨਤਾ ਜਦੋਂ ਸੋਚ ਵਿਚਾਰਕੇ ਇਕ ਮਤਾ ਪਾਸ ਕਰ ਦੇਂਦੀ ਹੈ ਤਾਂ ਉਸ ਤੋਂ ਉਹ ਪਿਛੇ ਪੈਰ ਨਹੀਂ ਪਾਂਦੀ। ਅਸੀਂ ਗ਼ਦਰ ਪਾਰਟੀ ਦੇ ਸੇਵਕ ਦਿਲੋਂ ਮਨੋ ਆਪ ਦੇ ਨਾਲ ਹਾਂ ਅਤੇ ਇਸ ਆਜ਼ਾਦੀ ਦੇ ਘੋਲ ਵਿਚ ਅਸੀਂ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਤੋਂ ਪਿਛੇ ਨਹੀਂ ਹਟਾਂਗੇ।"

ਇਸ ਤਰ੍ਹਾਂ ਦੀਆਂ ਸਪੀਚਾਂ ਮਗਰੋਂ "ਨਾ ਮਿਲਵਰਤਨ" ਦਾ ਮਹਾਨ ਮਤਾ ਸਰਦਾਰ ਮੰਗਲ ਸਿੰਘ ਨੇ ਪੇਸ਼ ਕੀਤਾ, ਸਰਦਾਰ ਸਰਦੂਲ ਸਿੰਘ ਕਵੀਸ਼ਰ ਨੇ ਤਾਈਦ ਕੀਤੀ। ਮਿਲਵਰਤਨੀ ਧੜੇ ਵਲੋਂ ਕੁਝ ਦਲੇਰ ਸਜਨਾਂ ਨੇ ਸਟੇਜ ਪੁਰ ਆਕੇ ਜ਼ੋਰਦਾਰ ਵਿਰੋਧਤਾ ਵੀ ਕੀਤੀ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਲਗ ਪਗ ਸਰਬ ਸੰਮਤੀ ਨਾਲ ਮਤਾ ਪਾਸ ਹੋ ਗਿਆ। ਮੇਰਾ ਖਿਆਲ ਹੈ ਦਸ ਪੰਦਰਾਂ ਵੋਟਾਂ ਹੀ ਵਿਰੁਧ ਪਈਆਂ ਹੋਣਗੀਆਂ।



Digitized by Panjab Digital Library | www.panjabdigilib.org

ਇਸ ਮਤੇ ਦੀ ਨਕਲ ਮੈਨੂੰ ਕਿਤੋਂ ਨਹੀਂ ਮਿਲ ਸਕੀ। ਮੇਰਾ ਖਿਆਲ ਹੈ ਇਹ ਮਤਾ ਕਲਕਤਾ ਕਾਂਗਰਸ ਦੇ ਮਤੇ ਨਾਲ ਮਿਲਦਾ ਜੁਲਦਾ ਹੀ ਸੀ।

ਇਸ ਫੈਸਲੇ ਨੇ ਇਸ ਗਲ ਦਾ ਸਪਸ਼ਟ ਤੌਰ ਪੁਰ ਐਲਾਨ ਕਰ ਦਿਤਾ ਕਿ ਸਿਖਾਂ ਦੀ ਪੁਰਾਣੀ ਲੀਡਰਸ਼ਿਪ' ਅਜ ਤੋਂ ਖਤਮ ਹੈ। ਹੁਣ ਸਿਖ ਜਨਤਾ ਨਵੇਂ ਕੁਰਬਾਨੀ ਵਾਲੇ ਆਜ਼ਾਦੀ ਤੇ ਜਮਹੂਰੀਅਤ ਪਸੰਦ ਆਗੂਆਂ ਦੀ ਪੈਰਵੀ ਕਰੇਗੀ।

ਸਿਖ ਲੀਗ ਦੇ ਇਸ ਸਮਾਗਮ ਦਾ ਕਈ ਪਖਾਂ ਤੋਂ ਵਖ ਵਖ ਧੜਿਆਂ ਪੁਰ ਬੜਾ ਭਾਰੀ ਪ੍ਰਭਾਵ ਪਿਆ। ਹਕੂਮਤ ਨੇ ਵੇਖ ਲਿਆ ਕਿ ਪੁਰਾਣੇ ਕੁਦਰਤੀ ਸਰਦਾਰ ਲੀਡਰਾਂ ਦੀ ਸਿਖ ਜਨਤਾ ਹੁਣ ਪਰਵਾਹ ਨਹੀਂ ਕਰਦੀ ਅਤੇ ਨਵੇਂ ਲੀਡਰ ਸਰਕਾਰ ਦੀ ਪਰਵਾਹ ਨਹੀਂ ਕਰਦੇ ਇਸ ਲਈ ਸਿਖ ਜਨਤਾ ਨੂੰ ਰਾਜੀ ਕਰਨ, ਉਸ ਨੂੰ ਜਿਵੇਂ ਹੋ ਸਕੇ ਅਜ਼ਾਦੀ ਦੀ ਲਹਿਰ ਤੋਂ ਅਡ ਰਖਣ ਅਤੇ ਪੁਰਾਣੇ ਲੀਡਰਾਂ ਦੀ ਲੀਡਰਸ਼ਿਪ ਬਹਾਲ ਕਰਨ ਦਾ ਜਤਨ ਕਰਨਾ ਚਾਹੀਏ।

ਸਿਖ ਜਨਤਾ ਪੁਰ ਇਹ ਪ੍ਰਭਾਵ ਪਿਆ ਕਿ ਕੌਮੀ ਏਕਤਾ ਅਤੇ ਜਥੇਬੰਦ ਅਜ਼ਾਦੀ ਦੇ ਘੋਲ ਵਿਚ ਬੜੀ ਤਾਕਤ ਹੈ। ਉਹ ਕੌਮੀ ਆਜ਼ਾਦੀ ਦੇ ਘੋਲ ਵਿਚ ਸ਼ਾਮਲ ਰਹਿਕੇ ਨਾ ਕੇਵਲ ਸਿਖ ਮੰਗਾਂ ਪੂਰੀਆਂ ਕਰ ਲੈਣਗੇ ਬਲਕੇ ਦੇਸ਼ ਦੀ ਗੁਲਾਮੀ ਦੇ ਬੰਧਨ ਕਟਣ ਵਿਚ ਬਹੁ ਮੁਲਾ ਹਿਸਾ ਪਾਉਣਗੇ।

ਮੌਲਾਨਾ ਮੁਹੰਮਦ ਅਲੀ ਸ਼ੌਕਤ ਅਲੀ ਤੇ ਹੋਰ ਕੁਝ ਪ੍ਰਸਿਧ ਕਾਂਗਰਸ ਆਗੂ ਵੀ ਆਏ ਸਨ। ਉਹ ਇਹ ਤਸੱਲੀ ਲੈ ਕੇ ਗਏ ਕਿ ਸਿਖ ਜਨਤਾ ਹੁਣ ਕੌਮੀ ਘੋਲ ਤੋਂ ਪਿਛੇ ਨਹੀਂ ਹਟੇਗੀ। ਸਿਖਾਂ ਦੇ ਨਵੇਂ ਆਗੂਆਂ ਦੇ ਹੌਸਲੇ ਦੂਗਣੇ ਹੋ ਗਏ ਅਤੇ ਚੌਣੇ ਉਤਸ਼ਾਹ ਨਾਲ ਕੰਮ ਕਰਨ ਵਿਚ ਜੁਟ ਪਏ।



Digitized by Panjab Digital Library | www.panjabdigilib.org

ਸਿਖ ਲੀਗ ਦੇ ਸਮਾਗਮ ਤੋਂ ਥੋੜੇ ਚਿਰ ਮਗਰੋਂ ਹੀ ਹਕੂਮਤ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਚੜ੍ਹਾ ਦਿਤੀ। ਖਾਲਸ ਕਾਲਜ ਨੂੰ ਸਿਖਾਂ ਦੇ ਸਪੁਰਦ ਕਰਨ ਦਾ ਐਲਾਨ ਕਰ ਦਿਤਾ ਅਤੇ ਦਰਬਾਰ ਸਾਹਿਬ ਤੇ ਇਸ ਨਾਲ ਸਬੰਧਤ ਗੁਰ-ਦੁਆਰਿਆਂ ਲਈ ੩੬ ਮੈਂਬਰਾਂ ਦੀ ਕਮੇਟੀ ਬਨਾਉਣ ਦਾ ਐਲਾਨ ਕਰ ਦਿਤਾ। ਇਸ ਕਮੇਟੀ ਵਿਚ ਬਾਬਾ ਖੜਕ ਸਿੰਘ ਤੇ ਕੁਝ ਹੋਰ ਨਵੇਂ ਆਗੂਆਂ ਦੇ ਨਾਂ ਵੀ ਸਨ। ਈਹੋ ਕਮੇਟੀ ਕੁਝ ਦਿਨ ਮਗਰੋਂ ਸ਼੍ਰੋ: ਗੁ: ਕਮੇਟੀ ਬਣਨ ਦੀ ਬੁਨਿਆਦ ਬਣ ਗਈ।

ਸਿਖ ਜਨਤਾ ਨੂੰ ਪ੍ਰਸੰਨ ਕਰਨ ਦੇ ਇਨ੍ਹਾਂ ਐਲਾਨਾਂ ਤੋਂ ਬਿਨਾ ਹਕੂਮਤ ਨੇ "ਅਕਾਲੀ" ਅਤੇ ਨਾ ਮਿਲਵਰਤਨ ਲਹਿਰ ਦੇ ਆਗੂਆਂ ਨੂੰ ਕੁਚਲਨਾ ਆਰੰਭ ਦਿਤਾ। ਅਕਾਲੀ ਪੁਰ ਕਈ ਮੁਕਦਮੇ ਚਲੇ, ਇਸ ਦੇ ਕਈ ਐਡੀਟਰ ਤੇ ਪ੍ਰਬੰਧਕ ਜਿਹਲਾਂ ਵਿਚ ਸੁਟੇ ਗਏ। ਪਰ ਨਾ ਮਿਲਵਰਤਨ ਦੀ ਲਹਿਰ ਵਧਦੀ ਹੀ ਗਈ।

ਸਿਖ ਲੀਗ ਦੇ ਇਸ ਦੂਜੇ ਸਮਾਗਮ ਦੇ ਫੈਸਲਿਆਂ ਮਗਰੋਂ ਆਮ ਸਿਖ ਜਨਤਾ ਦੇ ਨਵੇਂ ਆਗੂ ਮੈਦਾਨ ਵਿਚ ਆ ਗਏ ਜਿਹੜੇ ਜਮਹੂਰੀਅਤ ਤੇ ਆਜ਼ਾਦੀ ਦੇ ਅਸੂਲ ਮੰਨਦੇ ਸਨ ਅਤੇ ਸਿਖ ਜਨਤਾ ਵੀ ਹੁਣ ਕਾਂਗ੍ਰਸ ਵਿਚ ਤੇ ਜਨਤਕ ਜਥੇਬੰਦੀਆਂ ਵਿਚ ਸ਼ਾਮਲ ਹੋ ਕੇ ਬੜੇ ਉਤਸ਼ਾਹ ਨਾਲ ਨਾ ਮਿਲਵਰਤਨ ਦੇ ਮਤੇ ਦੀ ਪੈਰਵੀ ਕਰਦਿਆਂ ਹੋਇਆਂ ਦੇਸ ਦੀ ਸੁਤੰਤਰਤਾ ਦੀ ਦੀ ਖਾਤਰ ਧੜਾ ਧੜ ਕੁਰਬਾਨੀਆਂ ਕਰਨ ਲਗ ਪਈ। ਇਸੇ ਵਾਸਤੇ ਮੈਂ ੧੯੨੦ ਦੇ ਇਸ ਸਮਾਗਮ ਨੂੰ ਸਿਖ ਇਤਹਾਸ ਦਾ ਇਕ ਮੀਲ ਪਥਰ ਕਹਿੰਦਾ ਹਾਂ। ਸ਼੍ਰੋ: ਅਕਾਲੀ ਦਲ ਸ਼ਾਂਤ ਮਈ ਨਾ ਮਿਲਵਰਤਨ ਦੇ ਅਸੂਲਾਂ ਮੁਤਾਬਕ ਗੁਰਦੁਆਰਿਆਂ ਲਈ ਮੋਰਚਾ ਲਾਂਦਾ ਸੀ। ਸਿਖ ਲੀਗ ਆਜ਼ਾਦੀ ਦੇ ਘੋਲ ਵਿਚ



Digitized by Panjab Digital Library | www.panjabdigilib.org

ਕਾਂਗਰਸ ਦੇ ਮੋਢੇ ਨਾਲ ਮੋਢਾ ਜੋੜ ਕੇ ਚਲਦੀ ਸੀ। ਕੁਝ ਵਰ੍ਹਿਆਂ ਮਗਰੋਂ ਸ਼ੈਦ ੧੯੨੬ ਵਿਚ ਸਿਖ ਲੀਗ ਦੇ ਕੌਮ ਪੂਜ ਆਗੂਆਂ ਨੇ ਉਸ ਵੇਲੇ ਦੀ ਰਾਜਸੀ ਹਾਲਤ ਨੂੰ ਮੁਖ ਰਖਕੇ ਸਿਖ ਲੀਗ ਤੋਂ ਅਸਤੀਫੇ ਦੇ ਦਿਤੇ ਤੇ ਕਾਂਗਰਸ ਵਿਚ ਸ਼ਾਮਲ ਹੋ ਗਏ। ਮਾਸਟਰ ਤਾਰਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਜਦੋਂ ਜੇਹਲ ਤੋਂ ਰਿਹਾ.ਹੋ ਕੇ ਆਏ ਤਾਂ ਸਿਖ ਲੀਗ ਤੇ ਅਕਾਲੀ ਦਲ ਨੂੰ ਉਨ੍ਹਾਂ ਨੇ ਆਪਣੀ ਅਗਵਾਈ ਵਿਚ ਲੈ ਲਿਆ।

ਮਗਰੋਂ ਰਾਜਨੀਤੀ ਤੇ ਪਰੋਗਰਾਮ ਵਿਚ ਫਰਕ ਪੈਂਦਾ ਗਿਆ ਅਤੇ ਸਿਖਾਂ ਵਿਚ ਪਾਰਟੀਆਂ ਬਣਦੀਆਂ ਗਈਆਂ।

———



Digitized by Panjab Digital Library | www.panjabdigilib.org

# ਬੀਟੀ ਦੀਆਂ ਡਾਂਗਾਂ

ਅਕਾਲੀ ਲਹਿਰ ਵਿਚ ਬੀਟੀ ਦੀਆਂ ਡਾਂਗਾਂ ਵੀ ਇਕ ਅਭੁਲ ਯਾਦ ਹੈ, ਪਰ ਬੜੀ ਦੁਖ ਭਰੀ ਅਤੇ ਬਰਤਾਨਵੀ ਅਨਿਆਂ ਦੀ ਇਕ ਕਾਲੀ ਤਸਵੀਰ ਵਾਂਗ।

ਅਗਸਤ–ਸਤੰਬਰ ੧੯੨੨ ਈ. ਵਿਚ ਗੁਰੂ ਕੇ ਬਾਗ਼ ਦੇ ਇਤਿਹਾਸਕ ਮੋਰਚੇ ਸਮੇਂ ਅਕਾਲੀ ਜਥਿਆਂ ਨੂੰ ਮਾਰ ਕੁਟਾਈ ਕਰ ਕੇ ਰੋਕਣ ਦਾ ਇਨਚਾਰਜ ਮਿ: ਬੀਟੀ ਸੁਪਰਟੰਡੰਟ ਪੁਲਸ ਨੂੰ ਲਗਾਇਆ ਗਿਆ ਸੀ। ਬਲੋਚ ਤੇ ਗੋਰਖਾ ਪੁਲਸ ਨੂੰ ਡਾਂਗਾਂ ਚਲਾਉਣ ਦੀ ਖਾਸ ਤੌਰ ਤੇ ਸਿਖਿਆ ਦਿਤੀ ਜਾਂਦੀ ਸੀ। ਸਾਢੇ ਪੰਜ ਤੇ ਛੇ ਫੁਟ ਦੀਆਂ ਵਾਂਸ ਦੀਆਂ ਲੰਮੀਆਂ ਡਾਂਗਾਂ ਦੇ ਸਿਰਿਆਂ ਪੁਰ ਪਿਤਲ ਜਾਂ ਲੋਹੇ ਦੇ ਸੱਮ ਲਗਾ ਕੇ ਪੁਲਸ ਨੂੰ ਵੰਡੀਆਂ ਜਾਂਦੀਆਂ ਸਨ। ਜਦੋਂ ਅਕਾਲੀ ਜੱਥਾ ਸ੍ਰੀ ਤਖ਼ਤ ਅਕਾਲ ਸਾਹਿਬ ਤੋਂ ਸ਼ਾਂਤਮਈ ਦਾ ਪ੍ਰਣ ਕਰ ਕੇ ਗੁਰੂ ਕੇ ਬਾਗ਼ ਨੂੰ ਆਉਂਦਾ ਸੀ ਤਾਂ ਰਾਹ ਵਿਚ ਕਿਸੇ ਪੁਲ ਜਾਂ ਮੋੜ ਤੇ ਉਸ ਨੂੰ ਰੋਕ ਲਿਆ ਜਾਂਦਾ ਸੀ। ਪਹਿਲਾਂ ਅਕਾਲੀਆਂ ਦੇ ਪੈਰਾਂ ਤੇ ਗੋਡਿਆਂ ਪੁਰ ਡਾਂਗਾਂ ਮਾਰ ਕੇ ਉਨ੍ਹਾਂ ਨੂੰ ਗਿਰਾ ਲਿਆ ਜਾਂਦਾ ਸੀ। ਉਹ ਸਤਿਨਾਮ, ਵਾਹਿਗੁਰੂ ਉਚਾਰਦੇ ਹੋਏ ਡਿਗ ਪੈਂਦੇ ਸਨ। ਫਿਰ ਉਨ੍ਹਾਂ ਦੇ ਪਿਠ ਪੁਰ ਤੇ ਗੁਪਤ ਸਥਾਨਾਂ ਪੁਰ ਡਾਂਗਾਂ ਮਾਰ ਮਾਰ ਕੇ ਬੇ-ਹੋਸ਼ ਕਰ ਦਿਤਾ ਜਾਂਦਾ ਸੀ। ਹੋਸ਼ ਆਉਣ ਪੁਰ ਅਕਾਲੀ ਫਿਰ ਅਗੇ ਵਧਣ ਦਾ ਜਤਨ ਕਰਦੇ ਸਨ। ਬੀਟੀ ਅਤੇ ਉਸ ਦੀ ਟਰੇਂਡ ਪੁਲਸ ਫਿਰ ਹੱਲਾ ਬੋਲ ਕੇ ਟੁਟ ਪੈਂਦੀ ਸੀ। ਦੋਬਾਰਾ ਮਾਰ ਕੁਟ ਹੋਣ ਮਗਰੋਂ ਜਦੋਂ



Digitized by Panjab Digital Library | www.panjabdigilib.org

ਅਕਾਲੀ ਫਟੜ ਹੋ ਕੇ ਬੇ-ਹੋਸ਼ ਹੋ ਜਾਂਦੇ ਸਨ ਤਾਂ ਉਨ੍ਹਾਂ ਨੂੰ ਐਂਬੂਲੈਂਸ ਕਾਰਾਂ ਵਿਚ ਲੱਦ ਕੇ ਹਸਪਤਾਲ ਪਹੁੰਚਾਇਆ ਜਾਂਦਾ ਸੀ। ਇਹ ਡਾਢੀ ਦਰਦਨਾਕ ਝਾਕੀ ਸੀ। ਇਹ ਪਸ਼ੂ-ਪੁਣਾ ਅਤੇ ਕਾਨੂੰਨ ਦੀ ਮਿੱਟੀ ਪਲੀਤ ਹੁੰਦੀ ਵੇਖ ਕੇ ਪੰਡਤ ਮਦਨ ਮੋਹਨ ਮਾਲਵੀ, ਲਾਲਾ ਰੁਚੀ ਰਾਮ ਸਾਹਣੀ, ਮਿ: ਐਡਰੀਊਜ਼, ਤੇ ਡਾ: ਕਿਚਲੂ ਆਦਿਕ ਵਰਗੇ ਲੀਡਰ ਵੇਖ ਕੇ ਤ੍ਰਾਹ ਤ੍ਰਾਹ ਕਰ ਉਠੇ ਸਨ।

ਇਹ ਦਰਦਨਾਕ ਖ਼ਬਰਾਂ ਸਾਨੂੰ ਜਿਹਲ ਵਿਚ ਪਹੁੰਚਦੀਆਂ ਸਨ ਅਤੇ ਅਸੀਂ ਸੁਣ ਸੁਣ ਕੇ ਤੜਫ਼ ਉਠਦੇ ਸਾਂ। ਮਹਾਤਮਾ ਗਾਂਧੀ ਜੀ ਦੇ ਇਸ ਕਥਨ ਪੁਰ ਮੈਨੂੰ ਹੁਣ ਸ਼ਕ ਪੈਦਾ ਹੋ ਰਿਹਾ ਸੀ ਕਿ ਸ਼ਾਂਤਮਈ ਰਹਿ ਕੇ ਜ਼ਾਲਮ ਦਾ ਜ਼ੁਲਮ ਝਲਣ ਨਾਲ ਉਸ ਦਾ ਦਿਲ ਤਬਦੀਲ ਹੋ ਜਾਂਦਾ ਹੈ।

ਅਕਾਲੀ ਅੰਦੋਲਨ, ਨਾ-ਮਿਲ-ਵਰਤਨ ਤੇ ਸਤਿਆਗ੍ਰਹਿ ਦੀਆਂ ਲਹਿਰਾਂ ਸਮੇਂ ਪੁਲਸ ਤੇ ਜਿਹਲ ਕਰਮਚਾਰੀਆਂ ਵਲੋਂ ਲੋਕਾਂ ਪੁਰ ਜੋ ਪਾਸ਼ਵੀ ਅਤਿਆਚਾਰ ਢਾਹੇ ਜਾਂਦੇ ਰਹੇ, ਉਨ੍ਹਾਂ ਤੋਂ ਕੋਈ ਭਾਗਾਂ ਵਾਲਾ ਹੀ ਬਚਿਆ ਹੋਵੇਗਾ। ਇਨ੍ਹਾਂ ਲਹਿਰਾਂ ਵਿਚ ਹਿੱਸਾ ਲੈਣ ਵਾਲਿਆਂ ਸਾਰਿਆਂ ਨੂੰ ਥੋੜ੍ਹਾ ਬਹੁਤ ਛਾਂਦਾ ਜ਼ਰੂਰ ਮਿਲਦਾ ਰਿਹਾ ਹੈ। ਮੈਨੂੰ ਭੀ ਇਕ ਵੇਰਾਂ ਰਜਵਾਂ ਗੱਫਾ ਮਿਲਿਆ ਸੀ, ਇਸ ਕਰ ਕੇ ਮੈਨੂੰ ਉਹ ਦੁਖ ਭਰੀਆਂ ਯਾਦਾਂ ਕਦੀ ਨਹੀਂ ਭੁਲ ਸਕਦੀਆਂ।

੧੯੨੩ ਦੀਆਂ ਗਰਮੀਆਂ ਬੀਤ ਚੁਕੀਆਂ ਸਨ। ਸ਼ਾਇਦ ਅੱਸੂ ਕੱਤਕ ਦੇ ਠੰਢੇ ਦਿਨ ਸਨ, ਮੈਂ ਡਿਸਟ੍ਰਿਕਟ ਜਿਹਲ ਮੁਲਤਾਨ ਵਿਚ ਕੈਦ ਸਾਂ। ਜਿਹਲਾਂ ਵਿਚ ਰਾਜਸੀ ਕੈਦੀਆਂ ਪੁਰ ਸਖ਼ਤੀਆਂ ਕਰਨ ਵਿਚ ਅੱਵਲ ਦਰਜੇ ਦੇ ਬਦਨਾਮ ਅਫ਼ਸਰ—



Digitized by Panjab Digital Library | www.panjabdigilib.org

ਮਿ: ਟਿਊਟਰ ਸੁਪਰੰਟੈਂਡੰਟ ਤੇ ਗੋਕਲ ਚੰਦ ਦਰੋਗ਼ਾ—ਲਗਾਏ ਗਏ ਸਨ। ਇਹ ਕੈਮਲਪੁਰ ਵਾਂਗ ਇਥੇ ਵੀ ਜਿਹਲ ਦੀਆਂ ਸਾਰੀਆਂ ਸਖ਼ਤੀਆਂ ਅਕਾਲੀਆਂ ਪੁਰ ਅਜ਼ਮਾਕੇ ਫੇਹਲ ਹੋ ਚੁਕੇ ਸਨ। ਸਤਿ ਸ੍ਰੀ ਅਕਾਲ ਦੇ ਜੈਕਾਰੇ ਲਾਉਣ ਦਾ ਬਹਾਨਾ ਬਣਾ ਕੇ ਕਈ ਕੈਦੀ ਕੋਠੀਆਂ ਵਿਚ ਬੰਦ ਕਰ ਦਿਤੇ ਗਏ ਸਨ। ਕਈਆਂ ਨੂੰ ਡੰਡਾ-ਬੇੜੀਆਂ ਤੇ ਕਈਆਂ ਨੂੰ ਖੜੀ ਹੱਥਕੜੀ ਲਗ ਗਈ ਸੀ। ਸਖ਼ਤ ਕੈਦੀਆਂ ਤੋਂ ੧੯–੧੯ ਸੇਰ ਦਾਣੇ ਪਿਸਾਏ ਜਾਂਦੇ ਸਨ। ਸਰਦਾਰ ਹਰਦਿਤ ਸਿੰਘ ਭੱਠਲ ਦਾ ਨਾਂ ਉਸ ਵੇਲੇ ਲੰਡਨ ਤੋੜ ਸਿੰਘ ਪ੍ਰਸਿਧ ਸੀ। ਇਹ ਬੜਾ ਜੋਸ਼ੀਲਾ ਨੌਜਵਾਨ ਸੀ। ਇਸ ਨੂੰ ਤੇ ਕੁਝ ਹੋਰ ਜੋਸ਼ੀਲੇ ਅਕਾਲੀਆਂ ਨੂੰ ਰਾਤ ਵੇਲੇ ਕੋਠੀਆਂ ਵਿਚੋਂ ਬਾਹਰ ਕੱਢ ਕੇ ਚੁਬੱਚਿਆਂ ਵਿਚ ਗੋਤੇ ਦੇ ਦੇ ਕੇ ਚੁਪ ਕਰਾਉਣ ਦੀ ਨਿਸਫਲ ਕੋਸ਼ਿਸ਼ ਕੀਤੀ ਜਾਂਦੀ ਸੀ। ਉਹ ਚੁਬੱਚੇ ਵਿਚੋਂ ਬਾਹਰ ਨਿਕਲਦਿਆਂ ਹੀ ਫਿਰ ਜੈਕਾਰੇ ਲਾ ਦਿੰਦੇ ਸਨ। ਜਿਹਲ ਕਰਮਚਾਰੀ ਵੀ ਹੈਰਾਨ ਸਨ। ਇਹ ਲੋਕ ਕਿਸ ਮਿੱਟੀ ਦੇ ਬਣੇ ਹਨ। ਕੋਈ ਸਖ਼ਤੀ ਵੀ ਇਨ੍ਹਾਂ ਨੂੰ ਡਰਾ ਨਹੀਂ ਸਕਦੀ।

ਮੈਨੂੰ ਵੀ ਇਕ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਸੀ। ਮੈਂ ਮਹਿਜ਼ ਕੈਦੀ ਸਾਂ। ਮੈਨੂੰ ਦਾਣੇ ਪੀਹਣ ਲਈ ਤਾਂ ਨਹੀਂ ਸਨ ਦੇ ਸਕਦੇ, ਪਰ ਹੋਰ ਪਾਬੰਦੀਆਂ ਦੀਆਂ ਸਖ਼ਤੀਆਂ ਵਿਚ ਕੋਈ ਕਸਰ ਨਹੀਂ ਸੀ ਰਹੀ। ਚਿੱਠੀਆਂ ਬੰਦ, ਕਿਤਾਬਾਂ ਬੰਦ ਤੇ ਮੁਲਾਕਾਤਾਂ ਬੰਦ ਅਤੇ ਸਾਰਾ ਦਿਨ ਕੋਠੜੀ ਤੋਂ ਬਾਹਰ ਨਾ ਨਿਕਲਣ ਦੇਣਾ।

ਇਕ ਦਿਨ ਸਵੇਰ ਵੇਲੇ ਅਚਨ-ਚੇਤ ਹੀ ਹੁਕਮ ਮਿਲ ਗਿਆ ਕਿ ਆਪੋ ਆਪਣਾ ਸਾਮਾਨ ਬੰਨ੍ਹ ਕੇ ਤਿਆਰ ਹੋ ਜਾਵੋ, ਕਿਸੇ ਹੋਰ ਜਿਹਲ ਵਿਚ ਤੁਹਾਡੀ ਚਾਲੀ ਕੀਤੀ ਜਾਏਗੀ।



Digitized by Panjab Digital Library | www.panjabdigilib.org

ਜਿਹਲ ਦੀ ਡਿਉਢੀ ਵਿਚ ਲਿਆ ਕੇ ਦੋ ਦੋ ਨੂੰ ਹੱਥਕੜੀ ਲਗਾ ਕੇ ਬਾਹਰ ਕੱਢਿਆ ਗਿਆ। ਬਾਹਰ ਆ ਕੇ ਅਸੀਂ ਵੇਖਿਆ ਕਿ ਮਿ: ਬੀਟੀ ਸੁਪਰੰਟੈਂਡੰਟ ਪੁਲੀਸ ਦੀ ਸਰਕਰਦਗੀ ਹੇਠ ਪੁਲਸ ਦੀ ਧਾੜ ਖੜੋਤੀ ਹੈ। ਅਸੀਂ ਹੈਰਾਨ ਸਾਂ ਕਿ ਮਿ: ਬੀਟੀ ਨੂੰ ਉਚੇਚੇ ਤੌਰ ਪੁਰ ਸਾਡੀ ਚਾਲੀ ਦੂਜੀ ਜਿਹਲ ਵਿਚ ਪਹੁੰਚਾਉਣ ਲਈ ਅੰਮ੍ਰਿਤਸਰ ਤੋਂ ਕਿਉਂ ਬੁਲਾਇਆ ਗਿਆ? ਬੀਟੀ ਨੇ ਗੁਰੂ ਕੇ ਬਾਗ਼ ਵਿਚ ਨਿਹੱਥੇ ਅਕਾਲੀ ਜਥਿਆਂ ਨੂੰ ਭੋਹ ਵਾਂਗ ਕੁਟ ਕੁਟ ਚੰਗੀ ਮਸ਼ਹੂਰੀ ਖੱਟੀ ਹੋਈ ਸੀ। ਸਾਨੂੰ ਸ਼ੱਕ ਪਿਆ ਕਿ ਦਾਲ ਵਿਚ ਜ਼ਰੂਰ ਕੁਝ ਕਾਲਾ ਕਾਲਾ ਹੈ। ਬੀਟੀ ਖੇਰ-ਹੱਥਾ ਇਥੇ ਨਹੀਂ ਭੇਜਿਆ ਗਿਆ।

ਜਿਉਂ ਜਿਉਂ ਹਥਕੜੀਆਂ ਲਵਾ ਕੇ ਅਧੀ ਜਿਹਲ ਵਿਚੋਂ ਬਾਹਰ ਆਉਂਦੇ ਗਏ। ਬੀਟੀ ਹਥਕੜੀਆਂ ਵਿਚੋਂ ਹਥਕੜੀਆਂ ਲੰਘਾ ਕੇ ਚਾਲੀ-ਪੰਜਾਹ ਪੰਜਾਹ ਦੇ ਜਥੇ ਨੂੜਦਾ ਗਿਆ। ਇਕ ਹਥ-ਕੜੀ ਦਾ ਸਿਰਾ ਸਭ ਤੋਂ ਅਗਲੇ ਸਪਾਹੀ ਦੇ ਹਥ ਵਿਚ ਤੇ ਇਕ ਹਥਕੜੀ ਦਾ ਸਿਰਾ ਪਿਛਲੇ ਸਪਾਹੀ ਦੇ ਹਥ ਵਿਚ ਸੀ। ਕੈਦੀਆਂ ਦਾ ਇਕ ਹਥ ਹਥਕੜੀ ਵਿਚ ਸਾਰੇ ਜਥੇ ਦੇ ਨਾਲ ਬੰਨ੍ਹਿਆ ਸੀ ਤੇ ਇਕ ਹਥ ਵਿਚ ਆਪਣਾ ਸਾਮਾਨ ਸੀ। ਇਹ ਇਸ ਤਰ੍ਹਾਂ ਪਸ਼ੂਆਂ ਵਾਂਗ ਜੂੜ ਦਿਤੇ ਗਏ ਸਨ ਕਿ ਕੋਈ ਹਿਲ ਜੁਲ ਨਹੀਂ ਸਕਦਾ ਸੀ।

ਜਦ ਨੂੜੇ ਹੋਏ ਜਥੇ ਡਿਸਟ੍ਰਿਕਟ ਜਿਹਲ ਵਿਚੋਂ ਨਿਕਲ ਕੇ ਸੈਂਟਰਲ ਜਿਹਲ ਮੁਲਤਾਨ ਦੀ ਸੜਕੇ ਤੁਰ ਪਏ ਤਾਂ ਬੀਟੀ ਨੇ ਆਪਣਾ ਲੰਮਾ ਚਾਬਕ ਛੰਡਿਆ ਅਤੇ ਕੜਕ ਕੇ ਬੋਲਿਆ: "ਜਲਦੀ ਜਲਦੀ ਕਦਮ ਪੁਟੋ ਨਹੀਂ ਤਾਂ ਮੈਂ ਤੁਹਾਨੂੰ ਗੁਰੂ ਕੇ ਬਾਗ ਵਾਲਾ ਸਬਕ ਪੜ੍ਹਾਵਾਂਗਾ।" ਕੈਦੀ ਤੁਰ ਪਏ। ਪਰ ਫਿਰ ਵੀ ਬੀਟੀ ਨੇ ਅੰਨ੍ਹੇ ਵਾਹ ਚਾਬਕ ਨਾਲ ਸਭ ਨੂੰ ਕੁਟਣਾ ਸ਼ੁਰੂ ਕਰ



Digitized by Panjab Digital Library | www.panjabdigilib.org

ਦਿਤਾ। ਨਾ ਕਿਸੇ ਜੈਕਾਰਾ ਲਾਇਆ ਨਾ ਕਿਸੇ ਅਕਾਲੀ ਕੈਦੀ ਨੇ ਕਿਸੇ ਗਲ ਪੁਰ ਇਤਰਾਜ਼ ਕੀਤਾ। ਬੀਟੀ ਦੀ ਇਹ ਮਾਰ-ਕੁਟਾਈ ਬਿਲਕੁਲ ਅਨਿਆਂਈ ਤੇ ਕਾਇਰਤਾ ਭਰੀ ਸੀ। ਜੇ ਸਾਰੇ ਨੂੜੇ ਹੋਏ ਨਾ ਹੁੰਦੇ ਤਾਂ ਕੋਈ ਅਣਖੀ ਸੂਰ ਬੀਰ ਜ਼ਰੂਰ ਬੀਟੀ ਨੂੰ ਮਜ਼ਾ ਚਖਾ ਦੇਂਦਾ। ਜੈਕਾਰੇ ਵੀ ਲਗਣ ਲਗ ਪਏ ਅਤੇ ਇਕ ਕੜਕਵੀਂ ਆਵਾਜ਼ ਆਈ:"ਬੀਟੀ ਕਾਇਰਾ! ਸੂਰਮਿਆਂ ਨੂੰ ਬੰਨ੍ਹਕੇ ਮਾਰਦਾ ਏਂ। ਸੁਆਦ ਤਦ ਹੈ ਜੇ ਸਾਨੂੰ ਖੁਲ੍ਹਾ ਛਡ ਕੇ ਮੁਕਾਬਲਾ ਕਰੇਂ।"

ਜਦੋਂ ਮੂਹਰਲੀ ਕਤਾਰ ਨੂੰ ਚਾਬਕ ਪੈਂਦੇ ਉਹ ਭਜ ਪੈਂਦੀ। ਪਿਛਲੇ ਉਸ ਦੇ ਮਗਰ ਧੂਹੇ ਜਾਂਦੇ। ਕਿਸੇ ਦੀ ਜੁਤੀ ਲਹਿ ਜਾਂਦੀ ਕਿਸੇ ਦੇ ਕਪੜੇ ਡਿਗ ਪੈਂਦੇ, ਕਿਸੇ ਦੀ ਪਗ ਡਿਗ ਪੈਂਦੀ। ਕਈ ਬੀਮਾਰ ਜਾਂ ਬੁਢੇ ਡਿਗ ਕੇ ਘਸੀਟੇ ਜਾਂਦੇ ਪਰ ਜਰਵਾਣਾ ਬੀਟੀ ਕਿਸੇ ਗਲ ਦੀ ਪਰਵਾਹ ਨਾ ਕਰਦਾ। ਉਹ ਬੇ ਤਰਸ ਕਿਸੇ ਦੀ ਕੋਈ ਹਾਲ ਦੁਹਾਈ ਨਾ ਸੁਣਦਾ। ਉਹ ਸਭ ਨੂੰ ਅੰਧਾ ਧੁੰਦ ਚਾਬਕ ਮਾਰਦਾ ਇਸ ਤਰ੍ਹਾਂ ਬਕਦਾ ਜਾਂਦਾ—"ਭਾਗ ਕੇ ਚਲੋ, ਛੇਤੀ ਚਲੋ, ਬੁਲਾਓ ਆਪਣੇ ਗੁਰੂ ਨੂੰ ਤੁਹਾਨੂੰ ਛੁਡਾਵੇ।"

ਉਸ ਦੇ ਵਾਕ ਸਾਡੇ ਸੀਨੇ ਵਿਚ ਤੀਰਾਂ ਵਾਂਗ ਖੁਭਦੇ ਪਰ ਅਸੀਂ ਬੇ ਵਸ ਕੁਝ ਨਾ ਕਰ ਸਕਦੇ ਸਾਂ। ਅਣਖੀ ਅਕਾਲੀਆਂ ਮੋੜਵਾਂ ਉਤਰ ਦਿਤਾ ਜਾਂਦਾ :—

"ਰਜ ਕੇ ਕਰ ਲੈ ਜ਼ਾਲਮਾ ਜ਼ੁਲਮ, ਵਕਤ ਆਵੇਗਾ ਅਸੀਂ ਗਿਣ ਗਿਣ ਕੇ ਬਦਲਾ ਲਵਾਂਗੇ।" "ਨਹੀਂ ਰਹਿਣੀ ਸਰਕਾਰ ਜ਼ਾਲਮ ਨਹੀਂ ਰਹਿਣੀ।"

ਦਬਾ ਦਬਾ ਦੁੜਕੀ ਚਾਲ ਵਿਚ ਸਭ ਜਥੇ ਭਜੇ ਜਾ ਰਹੇ ਸਨ। ਅਗੇ ਰੇਲ ਦੀ ਸੜਕ ਕਰਾਸ ਕਰਨੀ ਸੀ। ਦੂਰ ਤੋਂ ਰੇਲ



Digitized by Panjab Digital Library | www.panjabdigilib.org

ਗਡੀ ਦਾ ਧੂੰਆਂ ਨਜ਼ਰੀਂ ਪਿਆ। ਅਗਲੇ ਜਥੇ ਨੇ ਸ਼ੋਰ ਪਾਇਆ, "ਗੱਡੀ ਆ ਰਹੀ ਹੈ, ਠਹਿਰ ਜਾਵੋ" ਬੀਟੀ ਨੇ ਆਖਿਆ: "ਕੁਛ ਪਰਵਾਹ ਨਹੀਂ ਆਨੇ ਦੋ, ਭਾਗੋ ਚਲੋ" ਇਹ ਆਖ ਕੇ ਫਿਰ ਵਾਹੋ ਦਾਹੀ ਜਥਿਆਂ ਨੂੰ ਚਾਬਕ ਠੋਕਣੇ ਸ਼ੁਰੂ ਕਰ ਦਿਤੇ। ਉਧਰ ਗਡੀ ਸਾਹਮਣੇ ਆਉਂਦੀ ਦਿਸੀ। ਸਭ ਨੂੰ ਖਿਆਲ ਆਇਆ ਕਿ ਗਡੀ ਹੇਠਾਂ ਆਕੇ ਕਈ ਮਰ ਜਾਣਗੇ। ਪਤਾ ਨਹੀਂ ਬੀਟੀ ਹਤਿਆਰਾ ਕੀ ਚਾਹੁੰਦਾ ਸੀ। ਕੁਦਰਤ ਨਾਲ ਸਾਹਮਣੇ ਪਾਸਿਓਂ ਦੋ ਅੰਗਰੇਜ਼ ਅਫਸਰ ਆ ਰਹੇ ਸਨ। ਉਨ੍ਹਾਂ ਨੇ ਜ਼ੋਰ ਜ਼ੋਰ ਨਾਲ ਦੁਹਾਈ ਦਿਤੀ। "ਖੜੇ ਹੋ ਜਾਓ, ਠਹਿਰ ਜਾਓ, ਗਾੜੀ ਕੇ ਨੀਚੇ ਆ ਕਰ ਮਰ ਜਾਓਗੇ।" ਬੀਟੀ ਵੀ ਹੁਣ ਚਾਬਕ ਮਾਰਨੋਂ ਰੁਕ ਗਿਆ।

ਪਹਿਲਾ ਜਥਾ ਐਨ ਪਟੜੀ ਦੇ ਕੋਲ ਯਕਦਮ ਖੜਾ ਹੋ ਗਿਆ। ਪਿਛਲੇ ਜਥਿਆਂ ਦੇ ਕਈ ਆਦਮੀ ਇਕ ਦੂਜੇ ਪੁਰ ਡਿਗਕੇ ਫਟੜ ਵੀ ਹੋ ਗਏ। ਇਸ ਤਰ੍ਹਾਂ ਰੇਲ ਗਡੀ ਲੰਘ ਗਈ। ਇਕ ਬੜੀ ਵਡੀ ਦੁਰਘਟਨਾ ਹੋਣ ਤੋਂ ਬਚਾ ਹੋ ਗਿਆ।

ਸੈਂਟਰਲ ਜਿਹਲ ਵਿਚ ਪਹੁੰਚ ਕੇ ਅਸਾਂ ਸਾਰੀ ਰਪੋਟ ਸੁਪ੍ਰੰਡੰਟ ਜਿਹਲ ਨੂੰ ਲਿਖਾਈ। ਮੈਂ ਆਪਣੇ ਜਿਸਮ ਪੁਰ ਚਾਬਕ ਦੇ ਨਸ਼ਾਨ ਦਸੇ ਪਰ ਇਸ ਦੀ ਮੁੜ ਕੋਈ ਉਘ ਸੁਘ ਨਾ ਨਿਕਲੀ ਓਦੋਂ ਅਜਿਹੇ ਅਤਿਆਚਾਰਾਂ ਦੀ ਪੁਛ ਪੜਤਾਲ ਘਟ ਵਧ ਹੀ ਹੋਂਦੀ ਸੀ।

ਅਜਿਹੇ ਅਤਿਆਚਾਰਾਂ ਨੇ ਹੀ ਮੇਰੇ ਵਰਗੇ ਕਈ ਹੋਰ ਅਕਾਲੀਆਂ ਦੇ ਦਿਲ ਵਿਚ ਇਹ ਨਿਸਚਾ ਕਰਾ ਦਿਤਾ ਕਿ ਨਿਰਾ ਗੁਰਦੁਆਰਾ ਸੁਧਾਰ ਨਾਲ ਕੁਝ ਨਹੀਂ ਬਣੇਗਾ। ਬਰਤਾਨੀ ਸਾਮਰਾਜ ਤੋਂ ਭਾਰਤ ਨੂੰ ਪੂਰਨ ਤੌਰ ਪੁਰ ਆਜ਼ਾਦ ਕਰਾਕੇ ਹੀ



Digitized by Panjab Digital Library | www.panjabdigilib.org

ਅਸੀਂ ਇਥੇ ਨਿਆਂ ਕਾਰੀ ਲੋਕ-ਰਾਜ ਅਸਥਾਪਨ ਕਰ ਸਕਾਂਗੇ।

## ਜਿਹਲ ਦੀਆਂ ਤੰਗੀਆਂ

ਸੈਂਟਰਲ ਜਿਹਲ ਮੁਲਤਾਨ ਦਾ ਸੁਪਰੰਡੰਟ ਮਿ: ਵਾਦੀਆ ਦੇ ਦਰੋਗਾ ਰਾਇ ਸਾਹਿਬ ਜਮਨਾ ਦਾਸ ਸੀ। ਦਰੋਗਾ ਮੂੰਹ ਦਾ ਬੜਾ ਮਿਠਾ ਸੀ ਪਰ ਅਮਲ ਵਿਚ ਗੋਕਲ ਚੰਦ ਨਾਲੋਂ ਘਟ ਖੋਟਾ ਨਹੀਂ ਸੀ।

ਇਥੇ ਸਾਨੂੰ ਵਖ ਵਖ ਹਾਤਿਆਂ ਦੀਆਂ ਖੁਲ੍ਹੀਆਂ ਬੈਰਕਾਂ ਵਿਚ ਡਕਿਆ ਗਿਆ। ਸ਼ੁਰੂ ਸ਼ੁਰੂ ਵਿਚ ਇਥੇ ਵੀ ਸਖਤੀਆਂ ਤੇ ਤੰਗੀਆਂ ਦੀ ਹਦ ਨਾ ਰਹੀ। ਕਈ ਕੋਠੀਆਂ ਵਿਚ ਬੰਦ ਕੀਤੇ ਗਏ। ਕਈਆਂ ਨੂੰ ਚੱਕੀ, ਕਈਆਂ ਨੂੰ ਹਰਟ ਗੇੜਨ ਤੇ ਕੋਹਲੂ ਚਲਾਣ ਦੀ ਮਸ਼ੱਕਤ ਦਿਤੀ ਗਈ। ਕਈ ਵੇਰਾਂ ਦਰੋਗੇ ਦੀ ਸ਼ਹਿ ਪੁਰ ਨੰਬਰਦਾਰ ਕੋਹਲੂ ਤੇ ਹਰਟ ਪੁਰ ਲਗੇ ਅਕਾਲੀ ਮੁਸ਼ਕੱਤੀਆਂ ਨੂੰ ਚਾਬਕਾਂ ਨਾਲ ਮਾਰਦੇ ਕੁਟਦੇ ਸਨ। ਇਸ ਦੇ ਵਿਰੁਧ ਸ: ਅਮਰ ਸਿੰਘ ਝਬਾਲ ਨੇ ਇਕ ਵੇਰਾਂ ਸੁਪਰੰਡੰਟ ਨੂੰ ਸ਼ਕਾਇਤ ਕੀਤੀ। ਤਾਂ ਉਹ ਤੜਫ ਉਠਿਆ : "ਤੁਮਾਰਾ ਕਿਆ ਮਤਲਬ ਹੈ? ਤੁਮ ਆਪਣੀ ਬਾਤ ਕਰੋ" ਪਰ ਅਮਰ ਸਿੰਘ ਨੇ ਆਖਿਆ: "ਉਹ ਸਾਡੇ ਭਰਾ ਹਨ। ਅਸੀ ਇਹ ਨਾਜਾਇਜ਼ ਸਖਤੀ ਬਰਦਾਸ਼ਤ ਨਹੀਂ ਕਰ ਸਕਦੇ" ਇਸ ਪੁਰ ਅਮਰ ਸਿੰਘ ਨੂੰ ਤਾਂ ਤੁਰਤ ਕੋਠੀ ਬੰਦ ਕਰ ਦਿਤਾ ਪਰ ਅਕਾਲੀਆਂ ਦੀ ਮਾਰ ਕੁਟਾਈ ਵੀ ਬੰਦ ਹੋ ਗਈ।

ਇਥੇ ਸਵੇਰੇ ਜਗਾ ਕੇ ਦੋ ਦੋ ਦੀ ਕਤਾਰ ਬਣਾ ਕੇ ਪਰੇਡ ਨਾਲ ਟਟੀ ਫਿਰਾਇਆ ਜਾਂਦਾ ਸੀ। ਟਟੀਆਂ ਥੋੜੀਆਂ ਤੇ ਗੰਦੀਆਂ ਹੁੰਦੀਆਂ ਸਨ। ਨੰਬਰਦਾਰ ਅਠ ਦਸ ਦਸ ਕੈਦੀਆਂ ਨੂੰ ਟਟੀ ਫਿਰਨ ਲਈ ਛਡਦੇ ਸਨ ਅਤੇ ਫਿਰ ਨੰਬਰਦਾਰ ਤੇ ਵਾਰਡਰ ਉਚੀ ਉਚੀ ਆਵਾਜ਼ਾਂ ਦੇਣ ਲਗ ਪੈਂਦੇ ਸਨ। "ਛੇਤੀ ਕਰੋ ਬਾਹਰ



Digitized by Panjab Digital Library | www.panjabdigilib.org

ਨਿਕਲੋ"। ਜਿਹੜੇ ਦੇਰ ਨਾਲ ਟਟੀ ਫਿਰਨ ਦੇ ਆਦੀ ਸਨ ਉਹ ਬਹੁਤ ਔਖੇ ਹੁੰਦੇ ਸਨ । ਜਿਨ੍ਹਾਂ ਨੂੰ ਕਾਹਲੀ ਟਟੀ ਆਈ ਹੁੰਦੀ ਸੀ ਉਹ ਵੀ ਬੜੀ ਮੁਸੀਬਤ ਵਿਚ ਪੈ ਜਾਂਦੇ ਸਨ । ਇਸ ਸ਼ੋਰ ਸ਼ਰਾਬੇ ਤੇ ਗੰਦ ਮੰਦ ਵਿਚ ਮੈਂ ਉਕਾ ਟਟੀ ਨਹੀਂ ਫਿਰ ਸਕਦਾ ਸੀ। ਕਫੀ ਸਮਾਂ ਮੈਨੂੰ ਬਹੁਤ ਤਕਲੀਫ ਰਹੀ। ਸਾਰਿਆਂ ਦੇ ਟਟੀ ਫਿਰ ਜਾਣ ਮਗਰੋਂ ਜਦੋਂ ਭੰਗੀ ਟਟੀਆਂ ਸਾਫ ਕਰ ਦੇਂਦਾ ਸੀ, ਮੈਂ ਓਦੋਂ ਟਟੀ ਫਿਰਨ ਦਾ ਪਰੋਗਰਾਮ ਬਣਾ ਲਿਆ। ਪਰ ਇਥੇ ਇਹ ਦਿਕਤ ਪੈਦਾ ਹੋ ਗਈ ਕਿ ਜਦ ਤੀਕਣ ਸੁਪਰੰਡੰਟ ਰੋਜ਼ਾਨਾ ਦੌਰਾ ਕਰਕੇ ਲੰਘ ਨਾ ਜਾਵੇ, ਭੰਗੀ ਕਿਸੇ ਨੂੰ ਟਟੀ-ਪਸ਼ਾਬ ਲਈ ਟਟੀ ਵਿਚ ਵੜਨ ਨਹੀਂ ਸੀ ਦੇਂਦਾ। ਇਹ ਤਕਲੀਫ ਕਾਫ਼ੀ ਸਮਾਂ ਰਹੀ। ਸ਼ੈਦ ਦੋ ਕੁ ਮਹੀਨੇ ਮਗਰੋਂ ਜਦੋਂ ਸਾਨੂੰ ਖੁਲ੍ਹੇ ਹਾਤਿਆਂ ਦੇ ਕੈਂਪਾਂ ਵਿਚ ਭੇਜਿਆ ਗਿਆ ਤਾਂ ਦੂਰ ਹੋਈ।

ਜਿਹਲ ਦੀਆਂ ਸਖਤੀਆਂ ਦਾ ਕੋਈ ਹਿਸਾਬ ਨਹੀਂ । ਜਦੋਂ ਜਿਹਲ ਕਰਮਚਾਰੀਆਂ ਨਾਲ ਸੁਲਾਹ-ਸਫਾਈ ਹੋਵੇ ਫ਼ਿਰ ਤਾਂ ਕੋਈ ਤਕਲੀਫ ਨਹੀਂ ਹੋਂਦੀ। ਅਖਬਾਰਾਂ ਵੀ ਮਿਲ ਜਾਂਦੀਆਂ ਸਨ, ਚੀਜ਼ ਵਸਤ ਵੀ ਬਾਹਰੋਂ ਮੰਗਾ ਕੇ ਰਖ ਲਈ ਜਾਂਦੀ ਸੀ ਪਰ ਜਦੋਂ ਉਹ ਕਿਸੇ ਹਕੂਮਤ ਦੀ ਪਾਲਸੀ ਮੁਤਾਬਕ ਸਖਤੀ ਕਰਨ ਪੁਰ ਤੁਲੇ ਹੋਂਦੇ ਸਨ ਫਿਰ ਗਲ ਗਲ ਪੁਰ ਉਹ ਸਜ਼ਾ ਦੇ ਦੇਂਦੇ ਸਨ । ਰੋਟੀ ਖਰਾਬ, ਆਟੇ ਵਿਚ ਰੇਤਾ, ਦਾਲ ਭਾਜੀ ਖਰਾਬ, ਮੁਲਾਕਾਤਾਂ ਬੰਦ, ਚਿਠੀਆਂ ਬੰਦ । ਟਟੀ ਪਸ਼ਾਬ ਪੁਰ ਵੀ ਪਾਬੰਦੀਆਂ । ਖੜੀਆਂ ਹਥਕੜੀਆਂ, ਡੰਡਾ ਬੇੜੀ ਤੇ ਬੈਂਤਾਂ ਦੀਆਂ ਸਜ਼ਾਵਾਂ ਦੀ ਭਰਮਾਰ। ਗਲ ਕੀ ਓਨ੍ਹੀਂ ਦਿਨੀਂ ਪੁਲਸ ਤੇ ਜਿਹਲ ਕਰਮ ਚਾਰੀਆਂ ਨੇ ਅਕਾਲੀਆਂ ਤੇ ਰਾਜਸੀ ਕੈਦੀਆਂ ਪੁਰ ਜਿਹੜੇ ਪਾਸ਼ਵੀ ਕਹਿਰ ਤੇ ਅਤਿਆਚਾਰ ਢਾਹੇ ਉਨ੍ਹਾਂ ਦਾ ਪੂਰਾ ਵਰਨਣ ਕਰਨਾ ਲਗ ਪਗ ਅਸੰਭਵ ਹੈ।



Digitized by Panjab Digital Library | www.panjabdigilib.org

# ਕਾਲਿਆਂ ਦਾ ਖੂਹ

ਸਤੰਬਰ ੧੯੨੮ ਈ: ਵਿਚ ਮੈਨੂੰ ਮੇਰੇ ਮਿਤ੍ਰ ਸ੍ਰੀ ਜੈ ਚੰਦਰ ਵਿਦਿਆਲੰਕਾਰ ਨੇ ਬਨਾਰਸ ਤੋਂ ਚਿਠੀ ਲਿਖੀ ਕਿ ਪ੍ਰਸਿਧ ਦੇਸ਼-ਭਗਤ ਪੰਡਤ ਸੁੰਦਰ ਲਾਲ ਜੀ "ਭਾਰਤ ਵਿਚ ਅੰਗਰੇਜ਼ੀ ਰਾਜ" ਸਬੰਧੀ ਇਕ ਪੁਸਤਕ ਤਿਆਰ ਕਰ ਰਹੇ ਹਨ ਅਤੇ ਇਸ ਕੰਮ ਵਿਚ ਉਹ ਮੇਰੀ ਕੁਝ ਮਦਦ ਚਾਹੁੰਦੇ ਹਨ। ਮੈਂ ਬੜੇ ਉਤਸ਼ਾਹ ਨਾਲ ਪਰਵਾਨਗੀ ਭੇਜ ਕੇ ਲਿਖਿਆ ਕਿ ਅਜਿਹੇ ਪਵਿਤਰ ਕਾਰਜ ਵਿਚ ਸਹੈਤਾ ਕਰ ਕੇ ਮੈਨੂੰ ਬੜੀ ਪਰਸੰਨਤਾ ਹੋਵੇਗੀ। ਭਾਵੇਂ ਮੈਂ ਵਧੇਰੇ ਰਾਜਸੀ ਤੇ ਸਾਹਿਤਕ ਕੰਮਾਂ ਵਿਚ ਰੁਝਾ ਰਹਿੰਦਾ ਸਾਂ ਪਰ ਇਤਿਹਾਸ ਨਾਲ ਵੀ ਮੈਨੂੰ ਘਟ ਦਿਲਚਸਪੀ ਨਹੀਂ ਸੀ।

ਮੈਨੂੰ ਜੈ ਚੰਦਰ ਜੀ ਨੇ ਦਸਿਆ ਸੀ ਕਿ ਸੰ: ੫੭ ਦੇ ਗ਼ਦਰ ਦੇ ਦਿਨਾਂ ਵਿਚ ਅਜਨਾਲਾ ਜ਼ਿਲਾ ਅੰਮ੍ਰਿਤਸਰ ਵਿਚ ਇਕ ਬੜੀ ਦਰਦਨਾਕ ਤੇ ਕਹਿਰੀ ਘਟਨਾ ਵਾਪਰੀ ਸੀ ਜਿਸਦਾ ਜ਼ਿਕਰ ਉਸ ਸਮੇਂ ਦੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿ: ਕਪੂਰ ਨੇ ਆਪ ਆਪਣੀ *ਲਿਖਤ ਪੁਸਤਕ ਵਿਚ ਕੀਤਾ ਹੈ। ਅੰਗਰੇਜ਼ ਇਤਿਹਾਸਕਾਰਾਂ ਨੇ ਬੰਗਾਲ ਦੇ ਸੂਬੇ ਸਿਰਾਜੁ ਦੌਲਾ ਤੇ ਹਿੰਦੀਆਂ ਨੂੰ ਭੰਡਣ ਲਈ ਕਲਕਤੇ ਵਿਚ "ਬਲੈਕ ਹੋਲ" ਦੀ ਇਕ ਬਿਲਕੁਲ ਮਨਘੜਤ ਕਹਾਣੀ ਲਿਖੀ ਹੈ ਜਿਹੜੀ ਕਿ ਇਤਿਹਾਸ ਖੋਜੀਆਂ ਨੇ ਚੰਗੀ ਤਰ੍ਹਾਂ ਗਲਤ ਸਿਧ ਕਰ ਦਿਤੀ ਹੈ

---

*Crisis in the Punjab by F. Cooper.



Digitized by Panjab Digital Library | www.panjabdigilib.org

ਪਰ ਅਜਨਾਲੇ ਵਿਚ ਹਿੰਦੀ-ਸਿਪਾਹੀਆਂ ਪੁਰ ਜੋ ਅਨਿਆਂਇ ਤੇ ਅਤਿਆਚਾਰ ਕੀਤਾ ਗਿਆ ਹੈ, ਉਹ ਅਜਿਹੇ ਕਈ ਬਲੈਕ ਹੋਲਾਂ ਨੂੰ ਵੀ ਮਾਤ ਕਰਦਾ ਹੈ। ਉਨ੍ਹਾਂ ਲਿਖਿਆ ਕਿ:

"ਤੁਸੀਂ ਆਪ ਅਜਨਾਲੇ ਜਾਓ, ਹੋ ਸਕਦਾ ਹੈ ਗ਼ਦਰ ਦੇ ਸਮੇਂ ਦੇ ਕੋਈ ਬਿਰਧ ਆਦਮੀ ਜੀਉਂਦੇ ਮੌਜੂਦ ਹੋਣ, ਉਨ੍ਹਾਂ ਤੋਂ ਬਿਆਨ ਲਵੋ ਤੇ ਵੇਖੋ ਕਿ ਉਥੇ ਕੋਈ ਅਜਿਹਾ ਥਾਂ ਟਿਕਾਣਾ ਹੈ, ਜਿਥੇ ਦੇਸੀ ਸਿਪਾਹੀਆਂ ਪੁਰ ਜ਼ੁਲਮ ਢਾਹਿਆ ਗਿਆ ਸੀ? ਅਰਥਾਤ ਇਸ ਘਟਨਾ ਦੀ ਪੂਰੀ ਤਸਦੀਕ ਕਰ ਕੇ ਲਿਖੋ।"

ਕਸਬਾ ਅਜਨਾਲਾ ਅੰਮ੍ਰਿਤਸਰ ਤੋਂ ਲਹਿੰਦੇ ਵਲ ੧੬ ਕੁ ਮੀਲ ਦੇ ਫ਼ਾਸਲੇ ਪੁਰ ਹੈ। ਇਕ ਦਿਨ ਮੈਂ ਆਪ ਅਜਨਾਲੇ ਚਲਾ ਗਿਆ। ਇਲਾਕੇ ਦੇ ਹੋਰ ਲੋਕਾਂ ਨੂੰ ਤਾਂ ਕਾਲਿਆਂ ਦੇ ਖੂਹ ਜਾਂ ਇਸ ਘਟਨਾ ਬਾਰੇ ਕੋਈ ਵਧੇਰੇ ਪਤਾ ਨਹੀਂ ਸੀ ਪਰ ਸਥਾਨਕ ਆਦਮੀ ਤਸੀਲ ਅਜਨਾਲਾ ਦੇ ਸਾਮ੍ਹਣੇ ਡੇਢ ਦੋ ਸੌ ਗਜ਼ ਦੇ ਫ਼ਾਸਲੇ ਪੁਰ ਇਕ ਉਚੇ ਜਿਹੇ ਟਿਬੇ ਨੂੰ "ਕਾਲਿਆਂ ਦਾ ਖੂਹ" ਜਾਂ "ਕਾਲਿਆਂ ਦਾ ਥੇਹ" ਦਸਦੇ ਸਨ। ਪਰ ਕਾਲਿਆਂ ਦੇ ਖੂਹ ਦੀ ਕਹਾਣੀ ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ।

ਹੋਰ ਪੁਛ ਗਿਛ ਕਰਨ ਤੋਂ ਪਤਾ ਲਗਾ ਕਿ ਥੋੜੇ ਹੀ ਦਿਨ ਹੋਏ ਹਨ, ਗ਼ਦਰ ਦੇ ਸਮੇਂ ਦੇ ਦੋ ਬਿਰਧ ਬਾਬੇ ਚਲਾਣਾ ਕਰ ਗਏ ਹਨ, ਜਿਨ੍ਹਾਂ ਨੂੰ ਗ਼ਦਰ ਦੇ ਇਤਿਹਾਸ ਦੀ ਚੰਗੀ ਵਾਕਫ਼ੀ ਸੀ ਤੇ ਇਸ ਦੁਰਘਟਨਾ ਦੀਆਂ ਗਲਾਂ ਵੀ ਉਹ ਕਰਦੇ ਹੁੰਦੇ ਸਨ। ਪਰ ਪਿੰਡ ਵਿਚ ੯੦ ਜਾਂ ੧੦੦ ਵਰ੍ਹੇ ਦੀ ਉਮਰ ਦਾ ਇਕ ਹੋਰ ਬਿਰਧ ਬਾਬਾ ਅਜੇ ਵੀ ਜੀਉਂਦਾ ਸੀ। ਉਸ ਨੂੰ ਪੁਛਣ ਨਾਲ ਸ਼ੈਦ ਇਸ ਗਲ ਪੁਰ ਕੁਝ ਵਧੇਰੇ ਚਾਨਣਾ ਪੈ ਸਕੇ ਅਤੇ ਇਸ ਗਲ ਦੀ ਤਸਦੀਕ ਹੋ ਸਕੇ। ਬਿਰਧ ਬਾਬਿਆਂ ਦੇ ਮਰ ਜਾਣ ਦਾ ਦੁਖ



Digitized by Panjab Digital Library | www.panjabdigilib.org

ਮੈਂ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਕੋਈ ਬਹੁਮੁਲਾ ਖ਼ਜ਼ਾਨਾ ਗੁਮ ਹੋ ਗਿਆ ਹੋਵੇ।

ਮੈਂ ਪਿੰਡ ਦੇ ਇਕ ਆਦਮੀ ਨੂੰ ਨਾਲ ਲੈ ਕੇ ਬਿਰਧ ਬਾਬਾ ਜੀ ਦੇ ਘਰ ਚਲਾ ਗਿਆ। ਬਾਬਾ ਜੀ ਇਕ ਕਲੀ ਹਵੇਲੀ ਵਿਚ ਮੰਜੇ ਪੁਰ ਬੈਠੇ ਸਨ। ਮੇਰੇ ਸਾਥੀ ਨੇ ਬਾਬਾ ਜੀ ਦੀ ਮੇਰੇ ਨਾਲ ਜਾਣ ਪਛਾਣ ਕਰਾ ਕੇ ਉਨ੍ਹਾਂ ਨੂੰ ਦਸਿਆ ਕਿ ਮੈਂ ਉਨ੍ਹਾਂ ਤੋਂ ਕੁਝ ਪੁਰਾਣੇ ਹਾਲ ਪੁਛਣ ਲਈ ਅੰਮ੍ਰਿਤਸਰ ਤੋਂ ਆਇਆ ਹਾਂ। ਇਹ ਸੁਣ ਕੇ ਬਾਬਾ ਜੀ ਨੂੰ ਬਹੁਤ ਖ਼ੁਸ਼ੀ ਹੋਈ। ਬਿਰਧ ਆਦਮੀ ਜਦੋਂ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਅਜੇ ਸਮਾਜ ਨੂੰ ਲੋੜ ਹੈ ਤੇ ਉਹ ਕੋਈ ਕੰਮ ਸਵਾਰ ਸਕਦੇ ਹਨ ਤਾਂ ਉਹ ਬਹੁਤ ਪਰਸੰਨ ਹੁੰਦੇ ਹਨ। ਖਾਸ ਕਰ ਕੇ ਆਪਣੇ ਜੀਵਨ ਦੀਆਂ ਪੁਰਾਣੀਆਂ ਘਟਨਾਵਾਂ ਦੇ ਹਾਲ ਵਰਨਣ ਕਰਨ ਸਮੇਂ ਉਨ੍ਹਾਂ ਦੀ ਜ਼ਿੰਦਗੀ ਟਹਿਕ ਉਠਦੀ ਹੈ। ਇਸ ਵਾਸਤੇ ਮੇਰਾ ਸੁਭਾ ਬਣ ਗਿਆ ਹੈ ਕਿ ਮੈਂ ਕਈ ਬਿਰਧ ਬਾਬਿਆਂ ਦੀ ਪਰਸੰਨਤਾ ਦੀ ਖਾਤਰ ਹੀ ਉਨ੍ਹਾਂ ਦੀਆਂ ਕਹਾਣੀਆਂ ਸੁਣਦਾ ਰਹਿੰਦਾ ਹਾਂ।

ਬਾਬਾ ਜੀ ਦਾ ਨਾਂ ਜਗਤ ਸਿੰਘ ਸੀ। ਉਹ ਭਾਵੇਂ ੯੫-੧੦੦ ਵਰ੍ਹੇ ਦੇ ਬਿਰਧ ਸਨ ਪਰ ਉਨ੍ਹਾਂ ਦੇ ਹੋਸ਼ ਹਵਾਸ ਬਿਲਕੁਲ ਠੀਕ ਸਨ। ਅੱਖਾਂ ਦੀ ਨਜ਼ਰ ਵੀ ਕੰਮ ਕਰਦੀ ਸੀ ਅਤੇ ਦੰਦ ਵੀ ਮੌਜੂਦ ਸੀ। ਗ਼ਦਰ ਦੇ ਸਮੇਂ ਬਾਬਾ ਜੀ ਲਗ ਬਗ ੨੦ ਕੁ ਵਰ੍ਹੇ ਦੇ ਹੋਣਗੇ। ਉਨ੍ਹਾਂ ਨੇ ਦਸਿਆ ਕਿ ਇਹ ਸਾਰੀ ਘਟਨਾ ਉਨ੍ਹਾਂ ਦੀਆਂ ਅੱਖਾਂ ਦੇ ਸਾਮ੍ਹਣੇ ਬੀਤੀ ਹੈ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਯਾਦ ਹੈ ਕਿ ਜਿਵੇਂ ਕਲ ਹੋਈ ਹੋਵੇ। ਉਨ੍ਹਾਂ ਦਿਨਾਂ ਵਿਚ ਅਜਨਾਲਾ ਤਸੀਲ ਦਾ ਤਸੀਲਦਾਰ ਪ੍ਰਾਣ ਨਾਥ ਸੀ। ਤਸੀਲ ਦੇ ਕੋਠੇ ਨਵੇਂ ਪਕੇ ਬਣੇ ਸਨ। ਜਿਸ ਦੇ ਦੋ ਬੁਰਜ ਸਨ। ਉਹ



Digitized by Panjab Digital Library | www.panjabdigilib.org

ਹੁਣ ਤਕ ਮੌਜੂਦ ਹਨ। ਇਕ ਬੁਰਜ ਵਿਚ ਕਈ ਹਿੰਦੀ ਸਿਪਾਹੀ ਤੂੜੀ ਵਾਂਗ ਭਰ ਕੇ ਡਕੇ ਗਏ ਸਨ ਤੇ ਖਿੜਕੀਆਂ ਬੰਦ ਕਰ ਦਿਤੀਆਂ ਗਈਆਂ ਸਨ। ਬਹੁਤ ਸਾਰੇ ਸਿਪਾਹੀ ਥਾਣੇ ਵਿਚ ਡਕ ਦਿਤੇ ਗਏ ਸਨ।

ਸਵੇਰੇ ਮੇਰੀਆਂ ਅੱਖਾਂ ਦੇ ਸਾਹਮਣੇ ਪਹਿਲਾਂ ਥਾਣੇ ਵਿਚੋਂ ਸਿਪਾਹੀਆਂ ਦੇ ੧੦-੧੦ ਦੇ ਜਥੇ ਕਢ ਕੇ ਗੋਲੀ ਨਾਲ ਉਡਾਏ ਜਾਂਦੇ ਸਨ। ਉਨ੍ਹਾਂ ਦੀਆਂ ਲਾਸ਼ਾਂ ਧਰਤੀ ਪੁਰ ਤੜਫ਼ ਰਹੀਆਂ ਸਨ। ਅੰਗਰੇਜ਼ਾਂ ਦੇ ਭੈ ਕਰ ਕੇ ਇਸ ਦੁਖ ਨੂੰ ਅਨੁਭਵ ਕਰਨ ਵਾਲੀਆਂ ਅੱਖਾਂ ਦੇ ਹੰਝੂ ਵੀ ਸੁਕੇ ਹੋਏ ਸਨ। ਫਿਰ ਤਸੀਲ ਦੇ ਬੁਰਜ ਵਿਚੋਂ ਸਿਸਕਦੇ ਸਿਪਾਹੀ ਬਾਹਰ ਕਢੇ ਗਏ ਸਨ। ਉਨ੍ਹਾਂ ਨੂੰ ਅਤੇ ਹੋਰ ਸਾਰੀਆਂ ਮੋਈਆਂ ਤੇ ਅਧਮੋਈਆਂ ਲਾਸ਼ਾਂ ਨੂੰ ਲਾਗੇ ਦੇ ਇਕ ਪੁਰਾਣੇ ਖੂਹ ਵਿਚ ਪਾ ਕੇ ਉਪਰ ਮਿਟੀ ਪਵਾ ਦਿਤੀ ਗਈ ਸੀ। ਉਥੇ ਹੁਣ ਉਚਾ ਸਾਰਾ ਟਿਬਾ ਬਣਿਆ ਹੋਇਆ ਹੈ। ਇਸੇ ਨੂੰ ਕਾਲਿਆਂ ਦਾ ਖੂਹ ਕਹਿੰਦੇ ਹਨ। ਬਾਬਾ ਜੀ ਨੇ ਇਹ ਗਲ ਵੀ ਬੜੇ ਦੁਖ ਨਾਲ ਦਸੀ ਕਿ ਇਨ੍ਹਾਂ ਹਿੰਦੀ ਸਿਪਾਹੀਆਂ ਨੂੰ ਗੋਲੀਆਂ ਨਾਲ ਉਡਾਣ ਵਾਲੇ ਸਿਖ ਸਿਪਾਹੀ ਸਨ। ਸਾਰੇ ਪਿੰਡ ਵਿਚ ਓਦੋਂ ਇਹ ਗਲ ਬੜੀ ਮਸ਼ਹੂਰ ਸੀ ਕਿ ਦਿਲੀ ਦੇ ਮੁਗ਼ਲ਼ ਪਾਤਸ਼ਾਹ ਨੇ ਗ਼ਦਰ ਮਚਾਇਆ ਹੈ ਤੇ ਉਹ ਸਾਰੇ ਸਿਖਾਂ ਨੂੰ ਮਾਰ ਮੁਕਾਣਾ ਜਾਂ ਮੁਸਲਮਾਨ ਬਨਾਣਾ ਚਾਹੁੰਦਾ ਹੈ ਪਰ ਜਿਨ੍ਹਾਂ ਸਿਪਾਹੀਆਂ ਨੂੰ ਸਿਖ ਸਿਪਾਹੀਆਂ ਨੇ ਮਾਰਿਆ ਸੀ ਇਹ ਸਾਰੇ ਹਿੰਦੂ ਸਨ। ਅਸੀਂ ਤਾਂ ਉਸ ਵੇਲੇ ਵੀ ਸਮਝਦੇ ਸਾਂ ਕਿ ਅੰਗਰੇਜ਼ ਬੜੇ ਜ਼ਾਲਮ ਹਨ। ਇਨ੍ਹਾਂ ਨੇ ਸਾਡੇ ਮਹਾਰਾਜ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਸੀ ਤੇ ਸਿਖ ਰਾਜ ਹੜੱਪ ਕੀਤਾ ਸੀ। ਹਿੰਦੂ ਤਾਂ ਸਾਡੇ ਵਤਨੀ ਭਰਾ ਸਨ। ਭਰਾਵਾਂ ਨੂੰ ਮਾਰ ਕੇ ਸਿਖਾਂ ਨੂੰ ਭਰਾ ਮਾਰੂ ਨਹੀਂ ਸੀ ਬਣਨਾ ਚਾਹੀਦਾ।



Digitized by Panjab Digital Library | www.panjabdigilib.org

ਬਾਬਾ ਜੀ ਦਾ ਵਿਸਥਾਰ ਨਾਲ ਬਿਆਨ ਲਿਖ ਕੇ ਮੈਂ ਸ੍ਰੀ ਪੰ: ਸੁੰਦਰ ਲਾਲ ਜੀ ਨੂੰ ਭੇਜ ਦਿਤਾ। ਇਹ ਬਿਆਨ ਮਿਸਟਰ ਕੂਪਰ ਦੇ ਬਿਆਨ ਨਾਲ ਲਗ ਪਗ ਸਾਰਾ ਹੀ ਮਿਲਦਾ ਹੈ। ਫਿਰ ਮੈਂ ਹਰ ਇਕ ਥਾਂ ਨੂੰ ਜਾ ਕੇ ਅਖੀਂ ਦੇਖਿਆ। ਤਸੀਲ ਦਾ ਬੁਰਜ, ਥਾਣਾ ਅਤੇ ਕਾਲਿਆਂ ਦਾ ਖੂਹ। ਇਸ ਜ਼ੁਲਮ ਤੇ ਅਤਿਆਚਾਰ ਦੀ ਕਹਾਣੀ ਨੇ ਮੇਰੇ ਦਿਲ ਪੁਰ ਡਾਢੀ ਸਟ ਲਾਈ।

ਦੂਜੇ ਦਿਨ ਅੰਮ੍ਰਿਤਸਰ ਤੋਂ ਮੈਂ ਫ਼ੋਟੋ ਗਰਾਫ਼ਰ ਨੂੰ ਨਾਲ ਲੈ ਕੇ ਇਨ੍ਹਾਂ ਸਾਰੀਆਂ ਇਤਿਹਾਸਕ ਥਾਵਾਂ ਦੇ ਫ਼ੋਟੋ ਵੀ ਲੈ ਲਏ ਅਤੇ ਸ੍ਰੀ ਸੁੰਦਰ ਲਾਲ ਜੀ ਨੂੰ ਭੇਜ ਦਿਤੇ ਜਿਹੜੇ ਉਨ੍ਹਾਂ ਨੇ ਆਪਣੀ ਪੁਸਤਕ "ਭਾਰਤ ਮੇਂ ਅੰਗਰੇਜ਼ੀ ਰਾਜ" ਵਿਚ ਪਰਕਾਸ਼ਤ ਕਰ ਦਿਤੇ।

ਅੰਗਰੇਜ਼ੀ ਰਾਜ ਦੇ ਜ਼ੁਲਮ ਦੀ ਇਹ ਇਕ ਡਾਢੀ ਦਰਦ-ਨਾਕ ਕਹਾਣੀ ਹੈ ਅਤੇ ਗ਼ਦਰ ਦੇ ਸਮੇਂ ਅੰਗਰੇਜ਼ ਹਾਕਮਾਂ ਨੇ ਭਾਰਤ ਵਿਚ ਜਿਹੜੇ ਘੋਰ-ਅਤਿਆਚਾਰ ਕੀਤੇ ਸਨ ਉਸ ਦੇਗੇ ਵਿਚੋਂ ਇਹ ਇਕ ਦਾਲ ਦਾ ਦਾਣਾ ਹੈ। ਅੰਗਰੇਜ਼ਾਂ ਨੇ ਕਈ ਗੁਮਰਾਹੀਆਂ ਫੈਲਾ ਕੇ ਸਿਖ ਰਾਜਿਆਂ ਦੀ ਮਦਦ ਨਾਲ ਪੰਜਾਬ ਨੂੰ ਇਸ ਇਨਕਲਾਬੀ ਜੁਧ ਤੋਂ ਨਿਖੇੜ ਕੇ ਵਖਰਾ ਕਰ ਦਿਤਾ ਸੀ ਅਤੇ ਸਿਖ ਫ਼ੌਜਾਂ ਤੋਂ ਬਿਨਾ ਕਈ ਹੋਰ ਪੰਜਾਬੀ ਤੇ ਕਸ਼ਮੀਰੀ ਫ਼ੌਜਾਂ ਤੇ ਰਾਜਿਆਂ ਦੀ ਮਦਦ ਨਾਲ ਗ਼ਦਰ ਨੂੰ ਦਬਾਉਣ ਵਿਚ ਸਫ਼ਲਤਾ ਪ੍ਰਾਪਤ ਕਰ ਲਈ ਸੀ। ਦਿਲੀ, ਯੂ. ਪੀ., ਬਿਹਾਰ, ਸੀ.ਪੀ. ਤੇ ਬੰਗਾਲ ਆਦਿ ਵਿਚ ੫੭ ਦੇ ਗ਼ਦਰ ਦੀਆਂ ਕਈ ਯਾਦਗਾਰਾਂ ਹੁਣ ਤਕ ਹਿੰਦੀ ਜਨਤਾ ਨੂੰ ਆਜ਼ਾਦੀ ਦੇ ਪਰਵਾਨਿਆਂ ਦੀਆਂ ਯਾਦਾਂ ਕਰਾ ਕੇ ਅਗੇ ਵਧਣ ਲਈ ਉਭਾਰਦੀਆਂ ਰਹਿੰਦੀਆਂ ਹਨ ਪਰ ਪੰਜਾਬ ਵਿਚ ਇਸ ਇਕੋ ਇਕ ਗ਼ਦਰੀ ਯਾਦ ਪੁਰ ਮਿਟੀ ਪਾ ਦਿਤੀ ਗਈ ਹੈ। ਕਾਰਨ ਸਪਸ਼ਟ ਹੈ। ਉਸ ਵੇਲੇ ਅੰਗਰੇਜ਼ ਹਾਕਮਾਂ ਤੇ



Digitized by Panjab Digital Library | www.panjabdigilib.org

ਉਨ੍ਹਾਂ ਦੇ ਗੁਲਾਮ ਰਾਜਿਆਂ ਦੀ ਚਾਲ ਚਲ ਗਈ ਸੀ। ਪੰਜਾਬ ਇਸ ਆਜ਼ਾਦੀ ਦੇ ਜੁਧ ਵਿਚ ਹਿਸਾ ਨਹੀਂ ਪਾ ਸਕਿਆ। ਭਾਵੇਂ ਇਹ ਕਸੂਰ ਸਾਰੇ ਪੰਜਾਬੀਆਂ ਦਾ ਨਹੀਂ। ਸਿਖ ਰਾਜ ਨਾਲ ਸਬੰਧ ਰਖਣ ਵਾਲੇ ਕਈ ਅਣਖੀ ਸਰਦਾਰਾਂ ਅਤੇ ਆਮ ਸਿਖ ਜਨਤਾ ਨੇ ਅੰਗਰੇਜ਼ਾਂ ਦਾ ਸਾਥ ਨਹੀਂ ਦਿਤਾ ਪਰ ਗ਼ਦਰ ਵਿਚ ਵੀ ਹਿਸਾ ਨਾ ਪਾ ਸਕੇ। ਅੰਗਰੇਜ਼ਾਂ ਦੀ ਸ਼ਰਨਾਗਤ ਵਿਚ ਆਏ ਸਿਖ ਰਾਜਿਆਂ, ਨਵਾਬਾਂ ਤੇ ਨਵੇਂ ਫ਼ੌਜੀ ਸਰਦਾਰਾਂ ਨੇ ਅੰਗਰੇਜ਼ਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਇਸ ਆਜ਼ਾਦੀ ਦੇ ਪਹਿਲੇ ਜੁਧ ਨੂੰ ਫੇਹਲ ਕਰਨ ਵਿਚ ਹਿਸਾ ਪਾਇਆ। ਸਚ ਮੁਚ ਹੀ ਪੰਜਾਬ ਨੇ ਆਪਣੀਆਂ ਸੂਰਬੀਰਤਾ ਦੀਆਂ ਰਵਾਇਤਾਂ ਨੂੰ ਇਸ ਸਮੇਂ ਵਟਾ ਲਾ ਲਿਆ। "ਕਾਲਿਆਂ ਦੇ ਖੂਹ" ਵਿਚ ਦਬੇ ਜਾਣ ਵਾਲੇ ਗੁਮਨਾਮ ਸ਼ਹੀਦ ਪੰਜਾਬੀ ਨਹੀਂ ਸਨ, ਜਿਸ ਕਰ ਕੇ ਉਨ੍ਹਾਂ ਨੂੰ ਬਿਲਕੁਲ ਹੀ ਭੁਲਾ ਦਿਤਾ ਗਿਆ। ਜਿਸ ਤਰ੍ਹਾਂ ਅਜ ਬੰਗਾਲ ਦੇ ਦੇਸ਼ ਭਗਤ ਸੁਭਾਸ਼ ਚੰਦਰ ਬੋਸ ਤੇ ਪੰਜਾਬ ਦੇ ਸਰਦਾਰ ਭਗਤ ਸਿੰਘ ਸ਼ਹੀਦ ਪੁਰ ਸਾਰਾ ਭਾਰਤ ਫ਼ਖ਼ਰ ਕਰਦਾ ਹੈ। ਉਦੋਂ ਇਹ ਸਾਂਝੀ ਕੌਮੀ ਭਾਵਨਾ ਅਜੇ ਨਹੀਂ ਜਾਗੀ ਸੀ। ਪਰ ਮੈਂ ਸਮਝਦਾ ਹਾਂ ਕਿ ਅਜਨਾਲੇ ਵਿਚ ਹਿੰਦੀ ਸਿਪਾਹੀਆਂ ਦੀਆਂ ਹੋਈਆਂ ਇਹ ਕੁਰਬਾਨੀਆਂ ਸਾਡੇ ਅੱਜ ਦੇ ਇਤਿਹਾਸ ਦਾ ਬਹੁ-ਮੁਲਾ ਅੰਗ ਹਨ। ਇਸ ਵਾਸਤੇ ਮਿ: ਕੂਪਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਜ਼ਬਾਨੀ ਮੈਂ ਇਹ ਪੂਰੀ ਕਹਾਣੀ ਇਥੇ ਦਰਜ ਕਰ ਦੇਣੀ ਜ਼ਰੂਰੀ ਸਮਝਦਾ ਹਾਂ। ਤਾਂ ਜੇ "ਕਾਲਿਆਂ ਦੇ ਖੂਹ" ਦੀ ਯਾਦ ਅਗੋਂ ਨੂੰ ਪੰਜਾਬੀਆਂ ਨੂੰ ਗੁਮਰਾਹੀਆਂ ਦੇ ਖੂਹ ਵਿਚ ਡਿਗਣ ਤੋਂ ਬਚਣ ਲਈ ਅਤੇ ਹਰ ਇਨਕਲਾਬੀ ਦੌਰ ਵਿਚ ਅਗਾਂਹ-ਵਧੂ ਹਿਸਾ ਪਾਣ ਲਈ ਪ੍ਰੇਰਨਾ ਕਰਦੀ ਰਹੇ।

ਭਾਰਤ ਵਿਚ ਇਕੋ ਵਾਰ ਸਭ ਛਾਉਣੀਆਂ ਤੇ ਵਡੇ ਸ਼ਹਿਰਾਂ



Digitized by Panjab Digital Library | www.panjabdigilib.org

ਵਿਚ ਆਜ਼ਾਦੀ ਦੇ ਜੰਗ ਦਾ ਬਿਗਲ ਵਜਾਣ ਦੀ ਤਾਰੀਖ ਤਾਂ ੩੧ ਮਈ ੧੮੫੭ ਮਿਥੀ ਗਈ ਸੀ ਪਰ ਫ਼ੌਜਾਂ ਵਿਚ ਅੰਗਰੇਜ਼ਾਂ ਵਿਰੁਧ ਵਧੇ ਹੋਏ ਜੋਸ਼ ਦੇ ਕਾਰਨ ਮੇਰਠ ਵਿਚ ਕਾਹਲੀ ਕੀਤੀ ਗਈ। ੧੦ ਮਈ ਨੂੰ ਹੀ ਦੇਸੀ ਫ਼ੌਜਾਂ ਨੇ ਬਗ਼ਾਵਤ ਕਰ ਦਿਤੀ। ਜਿਉਂ ਜਿਉਂ ਇਹ ਖਬਰ ਹੋਰ ਛਾਵਣੀਆਂ ਵਿਚ ਪਹੁੰਚਦੀ ਗਈ ਕਈ ਥਾਈਂ ਬਗ਼ਾਵਤ ਭੜਕ ਪਈ। ਕਈ ਥਾਈਂ ੩੧ ਮਈ ਦੀ ਉਡੀਕ ਹੁੰਦੀ ਰਹੀ।

ਮਈ ਦੇ ਮਹੀਨੇ ਵਿਚ ਲਾਹੌਰ ਛਾਵਣੀ ਵਿਚ ਚਾਰ ਦੇਸੀ ਫ਼ੌਜਾਂ ਪੁਰ ਬਗ਼ਾਵਤ ਕਰਨ ਦਾ ਸ਼ਕ ਕਰ ਕੇ ਉਨ੍ਹਾਂ ਤੋਂ ਹਥਿਆਰ ਰਖਵਾ ਕੇ ਬੇਹਥਿਆਰ ਕਰ ਦਿਤਾ ਗਿਆ ਸੀ। ਇਨ੍ਹਾਂ ਸਿਪਾਹੀਆਂ ਵਿਚੋਂ ੨੬ ਨੰਬਰ ਪਲਟਨ ਦੇ ਬਹੁਤ ਸਾਰੇ ਸਿਪਾਹੀ ੩੦ ਜੁਲਾਈ ਦੀ ਰਾਤ ਨੂੰ ਨਿਕਲ ਤੁਰੇ। ਇਨ੍ਹਾਂ ਸਿਪਾਹੀਆਂ ਪਾਸ ਨਾ ਹਥਿਆਰ ਸਨ, ਨਾ ਖਾਣ ਪੀਣ ਦਾ ਸਾਮਾਨ ਅਤੇ ਨਾ ਹੀ ਹੁਣ ਤਕ ਇਨ੍ਹਾਂ ਨੇ ਗ਼ਦਰ ਵਿਚ ਕੋਈ ਹਿਸਾ ਲਿਆ ਸੀ। ਦੂਜੇ ਦਿਨ ਇਨ੍ਹਾਂ ਨੇ ਰਾਵੀ ਦੇ ਨਾਲ ਨਾਲ ਜਾ ਕੇ ਅਗੇ ਨਿਕਲ ਜਾਣਾ ਸੀ।

ਉਨ੍ਹਾਂ ਨੂੰ ਰੋਕਿਆ ਗਿਆ ਪਰ ਉਹ ਰਾਵੀ ਦੇ ਕਿਨਾਰੇ ਕਿਨਾਰੇ ਅੰਮ੍ਰਿਤਸਰ ਵਲ ਵਧਦੇ ਗਏ। ਸਰ ਰਾਬਰਟ ਮਿੰਟ-ਗੁਮਰੀ ਨੇ ਹੁਕਮ ਦਿਤਾ ਕਿ ਇਨ੍ਹਾਂ ਸਪਾਹੀਆਂ ਦਾ ਪਿਛਾ ਕੀਤਾ ਜਾਵੇ। ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਫ੍ਰੈਡਰਿਕ ਕੂਪਰ ਮਿ: ਮਿੰਟ ਗੁੰਮਰੀ ਦਾ ਖਾਸ ਆਦਮੀ ਸੀ।

੨੬ ਨੰਬਰ ਪਲਟਨ ਦੇ ਇਹ ਹਿੰਦੀ ਸਪਾਹੀ ਥਕੇ ਟੁਟੇ ਤੇ ਭੁਖੇ ਭਾਣੇ ਅਜਨਾਲੇ ਤੋਂ ੬ ਮੀਲ ਦੀ ਵਾਟ ਪੁਰ ਰਾਵੀ ਦੇ ਕਿਨਾਰੇ ਪਏ ਹੋਏ ਸਨ। ਇਨ੍ਹਾਂ ਨਾਲ ਜੋ ਸਲੂਕ ਹੋਇਆ ਅਤੇ ਅਜਨਾਲੇ



Digitized by Panjab Digital Library | www.panjabdigilib.org

ਵਿਚ ਜਿਸ ਤਰ੍ਹਾਂ ਇਨ੍ਹਾਂ ਨਿਹਥਿਆਂ ਪੁਰ ਜ਼ੁਲਮ ਤੇ ਕਹਿਰ ਢਾਹੇ ਗਏ ਮਿ: ਕਪੂਰ ਨੇ ਆਪਣੇ ਕਲਮ ਨਾਲ ਆਪ "ਦੀ ਕਰਾਈਸਿਜ਼ ਇਨ ਦੀ ਪੰਜਾਬ" ਨਾਮੀ ਪੁਸਤਕ ਵਿਚ ਲਿਖੇ ਹਨ। ਉਸੇ ਦੇ ਬਿਆਨ ਨੂੰ ਸੰਖੇਪ ਸ਼ਬਦਾਂ ਵਿਚ ਹੇਠਾਂ ਦਰਜ ਕੀਤਾ ਜਾਂਦਾ ਹੈ:

"੩੧ ਜੁਲਾਈ ਦੁਪਹਿਰ ਨੂੰ ਇਤਲਾਹ ਮਿਲੀ ਕਿ ਇਹ ਲੋਕ ਰਾਵੀ ਦੇ ਕੰਢੇ ਕੰਢੇ ਵਧਦੇ ਆ ਰਹੇ ਹਨ। ਅਜਨਾਲੇ ਦੇ ਤਸੀਲਦਾਰ ਨੂੰ ਹੁਕਮ ਭੇਜਿਆ ਗਿਆ ਕਿ ਕੁਝ ਹਥਿਆਰ ਬੰਦ ਸਿਖ ਸਿਪਾਹੀਆਂ ਨੂੰ ਨਾਲ ਲੈਕੇ ਉਨ੍ਹਾਂ ਨੂੰ ਜਾਕੇ ਘੇਰਾ ਪਾ ਲਵੇ।

ਲਗ ਬਗ ੪ ਵਜੇ ਸ਼ਾਮ ਦੇ ਮਿ: ਕੂਪਰ ਆਪ ੮੦-੯੦ ਘੋੜ ਸਵਾਰਾਂ ਨੂੰ ਨਾਲ ਲੈਕੇ ਮੌਕੇ ਪੁਰ ਪਹੁੰਚ ਗਿਆ ਅਤੇ ਨਿਹੱਥੇ ਭੁਖੇ ਤੇ ਥਕੇ ਹੋਏ ਸਪਾਹੀਆਂ ਪੁਰ ਗੋਲੀਆਂ ਬਰਸਾਣੀਆਂ ਸ਼ੁਰੂ ਕਰ ਦਿਤੀਆਂ। ਇਨ੍ਹਾਂ ਸਪਾਹੀਆਂ ਦੀ ਗਿਣਤੀ ਇਸ ਸਮੇਂ ੫੦੦ ਦੇ ਕਰੀਬ ਸੀ ਪਰ ਬੇਹਥਿਆਰੇ ਹੋਣ ਕਰਕੇ ਮੁਕਾਬਲੇ ਦਾ ਕੋਈ ਸੁਆਲ ਹੀ ਨਹੀਂ ਸੀ ਉਠਦਾ। ਇਨ੍ਹਾਂ ਵਿਚੋਂ ਲਗ ਬਗ ੧੫੦ ਗੋਲੀਆਂ ਨਾਲ ਫਟੜ ਹੋਕੇ ਪਿਛੇ ਹਟੇ, ਦਰਿਆ ਵਿਚ ਵੜ ਗਏ ਤੇ ਡੁਬ ਗਏ। ਮਿ: ਕੂਪਰ ਲਿਖਦਾ ਹੈ: "ਉਹ ਭੁਖ ਤੇ ਥਕਾਵਟ ਨਾਲ ਇਤਨੇ ਨਿਰਬਲ ਹੋ ਚੁਕੇ ਸਨ ਕਿ ਨਦੀ ਦੀਆਂ ਕਹਿਰੀ ਲਹਿਰਾਂ ਦੇ ਸਾਮ੍ਹਣੇ ਠਹਿਰ ਨਾ ਸਕੇ। ਰਾਵੀ ਦਾ ਪਾਣੀ ਉਨ੍ਹਾਂ ਦੇ ਲਹੂ ਨਾਲ ਲਾਲੋ ਲਾਲ ਹੋ ਗਿਆ।"

ਬਾਕੀ ਸਪਾਹੀ ਪਾਣੀ ਵਿਚੋਂ ਨਿਕਲਕੇ ਕੁਝ ਨਸਦੇ ਤੇ ਕੁਝ ਤਰਦੇ ਹੋਏ ਰਾਵੀ ਦੇ ਉਪਰ ਵਾਰ ਮੀਲ ਕੁ ਦੇ ਫ਼ਾਸਲੇ ਪੁਰ ਇਕ ਟਾਪੂ ਵਿਚ ਇਕਠੇ ਹੋ ਗਏ। ਕੂਪਰ ਨੂੰ ਦੋ ਬੇੜੀਆਂ



Digitized by Panjab Digital Library | www.panjabdigilib.org

ਮਿਲ ਗਈਆਂ । ਉਨ੍ਹਾਂ ਵਿਚ ਸਸ਼ਤ੍ਰ ਬਧ ਸਵਾਰ ਬਿਠਾਕੇ ਸਪਾਹੀਆਂ ਨੂੰ ਗ੍ਰਿਫਤਾਰ ਕਰਨ ਲਈ ਭੇਜ ਦਿਤਾ। ਲਗ ਬਗ ੬੦ ਬੰਦੂਕਾਂ ਦੇ ਮੂੰਹ ਉਨ੍ਹਾਂ ਵਲ ਕਰ ਦਿਤੇ ਗਏ। ਏਹ ਵੇਖ ਕੇ ਉਹ ਦੁਖਿਆਰੇ ਲੋਕ ਖੜੇ ਹੋ ਗਏ । ਹਥ ਖੜੇ ਕਰਕੇ ਪ੍ਰਗਟ ਕੀਤਾ ਕਿ ਉਹ ਬੇਹਥਿਆਰੇ ਹਨ ਤੇ ਅਮਨ ਨਾਲ ਗ੍ਰਿਫਤਾਰ ਹੋਣ ਨੂੰ ਤਿਆਰ ਹਨ। ਵੈਰੀ ਦੀ ਨਿਰਦੈਤਾ ਨੂੰ ਵੇਖ ਕੇ ਇਨ੍ਹਾਂ ਵਿਚੋਂ ੫੦ ਕੁ ਸਪਾਹੀ ਪਾਣੀ ਵਿਚ ਕੁਦ ਕੇ ਡੁਬ ਗਏ। ਬਾਕੀਆਂ ਨੂੰ ਫੜ ਲਿਆ ਗਿਆ। ਥੋੜੇ ਥੋੜੇ ਕਰਕੇ ਬੇੜੀਆਂ ਵਿਚ ਬਿਠਾ ਕੇ ਕੰਢੇ ਪੁਰ ਲਿਆਂਦਾ ਗਿਆ। ਪਹਿਲੋਂ ਉਨ੍ਹਾਂ ਦੇ ਗਲਾਂ ਵਿਚੋਂ ਮਾਲਾਂ ਤੋੜਕੇ ਦਰਿਆ ਵਿਚ ਸੁਟੀਆਂ ਗਈਆਂ। ਫਿਰ ਟੋਲੇ ਬਣਾ ਕੇ ਚੰਗੀ ਤਰ੍ਹਾਂ ਕਸਕੇ ਫੌਜੀ ਸੁਵਾਰਾਂ ਤੇ ਸਪਾਹੀਆਂ ਦੇ ਘੇਰੇ ਵਿਚ ਅਜਨਾਲੇ ਲਿਆਂਦਾ ਗਿਆ ਇਸ ਵੇਲੇ ਡਾਢੇ ਜ਼ੋਰ ਦਾ ਮੀਂਹ ਵਰ੍ਹ ਰਿਹਾ ਸੀ।

ਅਧੀ ਰਾਤ ਵੇਲੇ ਕੁਲ ੨੮੨ ਸਪਾਹੀ ਭੁਖ ਤੇ ਥਕਾਵਟ ਨਾਲ ਚੂਰ ਹੋਏ ਹੋਏ ਅਜਨਾਲੇ ਪਹੁੰਚੇ। ਇਨ੍ਹਾਂ ਵਿਚੋਂ ਕੁਝ ਫ਼ੌਜੀ ਅਫ਼ਸਰ ਵੀ ਸਨ। ਮਿ: ਕੂਪਰ ਨੇ ਪਹਿਲੇ ਹੀ ਅਜਨਾਲੇ ਥਾਣੇ ਦੇ ਬਾਹਰਵਾਰ ਇਨ੍ਹਾਂ ਸਿਪਾਹੀਆਂ ਨੂੰ ਬੰਨੇ ਲਾਉਣ ਲਈ ਫਾਂਸੀ ਲਈ ਰੱਸਿਆਂ ਤੇ ਗੋਲੀ ਨਾਲ ਉਡਾਉਣ ਲਈ ੪੦ ਸ਼ਸਤਰਧਾਰੀ ਸਿਪਾਹੀਆਂ ਦਾ ਪ੍ਰਬੰਧ ਕੀਤਾ ਹੋਇਆ ਸੀ ਪਰ ਮੋਹਲੇਧਾਰ ਮੀਂਹ ਦੇ ਕਾਰਨ ਇਹ ਕਹਿਰ ਸਵੇਰ ਤਕ ਟਲ ਗਿਆ।

ਇਹ ਸਾਰੇ ਸਿਪਾਹੀ ਥਾਣੇ ਦੀ ਹਵਾਲਾਤ ਵਿਚ ਨਹੀਂ ਮਿਟ ਸਕਦੇ ਸਨ। ਬਹੁਤਿਆਂ ਨੂੰ ਹਵਾਲਾਤ ਵਿਚ ਬੰਦ ਕਰ ਦਿਤਾ ਗਿਆ । ਬਾਕੀ ੬੬ ਸਿਪਾਹੀ ਨਵੀਂ ਬਣੀ ਤਸੀਲ ਦੇ ਇਕ ਤੰਗ ਜਿਹੇ ਬੁਰਜ ਵਿਚ ਤੂੜੀ ਵਾਂਙ ਭਰ ਦਿਤੇ ਗਏ । ਇਸ



Digitized by Panjab Digital Library | www.panjabdigilib.org

ਦੇ ਦਰਵਾਜ਼ੇ ਤੇ ਬਾਰੀਆਂ ਵੀ ਬੰਦ ਕਰ ਦਿਤੀਆਂ ਗਈਆਂ।

ਦੂਜੇ ਦਿਨ ੧ ਅਗਸਤ ਨੂੰ ਬਕਰੀਦ ਸੀ। ਮਿ: ਕੂਪਰ ਨੇ ਇਨ੍ਹਾਂ ਦੇਸ਼ ਭਗਤ ਸਿਪਾਹੀਆਂ ਦੀਆਂ ਕੁਰਬਾਨੀਆਂ ਨਾਲ ਈਦ ਮਨਾਉਣ ਦਾ ਫ਼ੈਸਲਾ ਕੀਤਾ। ਥਾਣੇ ਵਿਚੋਂ ਸਿਪਾਹੀਆਂ ਨੂੰ ਬਾਹਰ ਕਢ ਕੇ ਦਸ ਦਸ ਦੇ ਜਥੇ ਬਣਾ ਕੇ ਬਿਠਾ ਦਿਤਾ ਗਿਆ। ਸਾਮ੍ਹਣੇ ਮਿ: ਕੂਪਰ ਆਪਣਾ ਰਚਾਇਆ ਖ਼ੂਨੀ ਡਰਾਮਾ ਵੇਖਣ ਲਈ ਕੁਰਸੀ ਪੁਰ ਬੈਠ ਗਿਆ। ਦਸ ਗ਼ਦਾਰ ਸਿਪਾਹੀ ਬੰਦੂਕਾਂ ਵਾਲੇ ਕੋਲ ਖੜੇ ਕਰ ਦਿਤੇ ਗਏ। ੪੦ ਉਨ੍ਹਾਂ ਦੀ ਮਦਦ ਲਈ ਹੋਰ ਪਿਛੇ ਖੜੋਤੇ ਸਨ। ਜਿਸ ਵੇਲੇ ਦਸ ਬਾਗ਼ੀ ਸਿਪਾਹੀ ਅਗੇ ਆਉਂਦੇ ਉਨ੍ਹਾਂ ਨੂੰ ਗੋਲੀ ਨਾਲ ਉਡਾ ਦਿਤਾ ਜਾਂਦਾ। ਇਸ ਤਰ੍ਹਾਂ ਥਾਣੇ ਵਿਚੋਂ ਬਾਹਰ ਲਿਆਂਦੇ ਹੋਏ ਦਸ ਦਸ ਦੇ ਜਥਿਆਂ ਨੂੰ ਵਾਰੋ ਵਾਰੀ ਗੋਲੀਆਂ ਨਾਲ ਉਡਾ ਕੇ ਅਜਨਾਲੇ ਦੀ ਧਰਤੀ ਲਹੂ ਲੁਹਾਣ ਕਰ ਦਿਤੀ ਗਈ। ਪਿੰਡ ਦੇ ਲੋਕ ਵੀ ਇਹ ਕਹਿਰ ਵੇਖ ਕੇ ਤ੍ਰਾਹ ਤ੍ਰਾਹ ਕਰ ਰਹੇ ਸਨ, ਪਰ ਉਹ ਬੇਬਸ ਸਨ।

ਜਦੋਂ ਥਾਣੇ ਦੇ ਕੈਦੀ ਖ਼ਤਮ ਹੋ ਗਏ, ਤਸੀਲ ਦੇ ਗੁੰਬਦ ਵਿਚੋਂ ਵੀ ੨੧ ਸਪਾਹੀ ਬਾਹਰ ਲਿਆ ਕੇ ਗੋਲੀਆਂ ਨਾਲ ਭੁੰਨ ਦਿਤੇ ਗਏ ਤਾਂ ਕੂਪਰ ਨੂੰ ਦਸਿਆ ਗਿਆ ਕਿ ਬਾਕੀ ਕੈਦੀ ਗੁੰਬਦ ਵਿਚੋਂ ਬਾਹਰ ਨਿਕਲਣ ਤੋਂ ਇਨਕਾਰੀ ਹਨ।

ਕੂਪਰ ਲਿਖਦਾ ਹੈ ਕਿ ਪਹਿਲਾਂ ਇਨ੍ਹਾਂ ਨੂੰ ਠੀਕ ਠਾਕ ਕਰਨ ਦਾ ਪ੍ਰਬੰਧ ਕੀਤਾ ਗਿਆ। ਫ਼ਿਰ ਜਦੋਂ ਗੁੰਬਦ ਦੇ ਅੰਦਰ ਜਾ ਕੇ ਵੇਖਿਆ ਤਾਂ ਬਾਕੀ ਦੇ ੪੫ ਸਪਾਹੀਆਂ ਦੀਆਂ ਲਾਸ਼ਾਂ ਪਈਆਂ ਸਨ। ਉਨ੍ਹਾਂ ਵਿਚੋਂ ਕਈ ਹਾਲਾਂ ਸਿਸਕ ਰਹੇ ਸਨ। ਇਹ ਗੁੰਬਦ ਦੀ ਕਾਲ-ਕੋਠੜੀ ਵਿਚ ਤੂੜੀ ਵਾਂਙ ਭਰਕੇ ਬੰਦ ਕਰਨ ਦਾ ਨਤੀਜਾ ਸੀ। ਕੂਪਰ ਲਿਖਿਆ ਹੈ: "ਅਣਜਾਣੇ ਹੀ



Digitized by Panjab Digital Library | www.panjabdigilib.org

"ਹਾਲਵੇਲ ਬਲੈਕ ਹੋਲ" ਦਾ ਹਤਿਆ ਕਾਂਡ ਇਥੇ ਫਿਰ ਦੁਹਰਾਇਆ ਗਿਆ।"

ਮਿ: ਹਾਲਵੇਲ ਦੇ ਬਲੈਕ ਹੋਲ ਦਾ ਕਿਸਾ ਸੌ ਫੀ ਸਦੀ ਝੂਠਾ ਸੀ ਉਹ ਬੰਗਾਲ ਦੇ ਨਵਾਬ ਸਿਰਾਜੁ ਦੌਲਾ ਨੂੰ ਭੰਡਣ ਤੇ ਅੰਗਰੇਜ਼ਾਂ ਨੂੰ ਭੜਕਾਉਣ ਲਈ ਘੜਿਆ ਗਿਆ ਸੀ ਪਰ ਅਜਨਾਲੇ ਦੀ ਬਲੈਕ ਹੋਲ ਦੀ ਕਹਾਣੀ ਸੋਲਾਂ ਆਨੇ ਸਚੀ ਹੈ।

ਰਾਤ ਵੇਲੇ ਇਸ ਗੁੰਬਦ ਵਿਚ ਬੰਦ ਸਪਾਹੀ ਪਾਣੀ ਵਾਸਤੇ ਹਾਲ ਪੁਕਾਰ ਕਰਦੇ ਤੇ ਚਿਚਲਾਉਂਦੇ ਰਹੇ ਪਰ ਕਿਸੇ ਨੇ ਉਨ੍ਹਾਂ ਨੂੰ ਪਾਣੀ ਦਾ ਘੁਟ ਵੀ ਨਾ ਦਿਤਾ। ਥਕਾਵਟ, ਭੁਖ, ਗਰਮੀ ਤੇ ਹਵਾ ਦੇ ਘਾਟੇ ਦੇ ਕਾਰਨ ੪੫ ਸਪਾਹੀ ਤੜਫ ਤੜਫ ਕੇ ਮਰ ਗਏ। ਇਨ੍ਹਾਂ ਨੂੰ ਘਸੀਟ ਘਸੀਟ ਕੇ ਬਾਹਰ ਕਢਿਆ ਗਿਆ। ਹੁਣ ਸੁਆਲ ਪੈਦਾ ਹੋਇਆ ਕਿ ਇਨ੍ਹਾਂ ੨੮੨ ਲਾਸ਼ਾਂ ਨੂੰ ਬੰਨੇ ਕਿਸ ਤਰ੍ਹਾਂ ਲਾਇਆ ਜਾਵੇ? ਹਿੰਦੂ ਧਰਮ ਅਨੁਸਾਰ ਸਾੜਨ ਫੂਕਣ ਲਈ ਤਾਂ ੩-੪ ਹਜ਼ਾਰ ਮਣ ਲਕੜ ਚਾਹੀਦੀ ਸੀ। ਬਾਗੀਆਂ ਦੇ ਲਹੂ ਦੇ ਤਿਹਾਏ ਮਿ: ਕੂਪਰ ਨੇ ਸੌਖਾ ਰਾਹ ਕਢ ਲਿਆ। ਅਜਨਾਲਾ ਥਾਣੇ ਤੋਂ ਲਗ ਭਗ ਸੌ ਸਵਾ ਸੌ ਗਜ਼ ਦੀ ਵਿਥ ਤੇ ਇਕ ਪੁਰਾਣਾ ਖੂਹ ਸੀ। ਚੂਹੜਿਆਂ ਨੂੰ ਹੁਕਮ ਦਿਤਾ ਕਿ ਇਨ੍ਹਾਂ ਨੂੰ ਧੂਹ ਧੂਹ ਖੂਹ ਵਿਚ ਸੁਟ ਦਿਓ। ਕਈ ਲਾਸ਼ਾਂ ਅਜੇ ਤੜਫਦੀਆਂ ਤੇ ਸਿਸਕਦੀਆਂ ਸਨ। ਇਨ੍ਹਾਂ ਸਾਰੀਆਂ ਲਾਸ਼ਾਂ ਨੂੰ ਇਸ ਖੂਹ ਵਿਚ ਸੁਟ ਕੇ ਉਪਰ ਮਿਟੀ ਪੁਆ ਦਿਤੀ ਗਈ। ਜਿਸ ਕਰਕੇ ਉਥੇ ਉਚਾ ਜਿਹਾ ਟਿਬਾ ਬਣ ਗਿਆ ਇਹ ਹੈ। ਅਜਨਾਲੇ ਦਾ "ਕਾਲਿਆਂ ਵਾਲਾ ਖੂਹ" ਇਸ ਖੂਹ ਵਿਚ ਦਬੀਆਂ ਰੂਹਾਂ ਇਤਹਾਸ ਵਿਚ ਸਦਾ ਜੀਊਂਦੀਆਂ ਰਹਿਣਗੀਆਂ ਤੇ ਆਜ਼ਾਦੀ ਲਈ ਮਰ ਮਿਟਣ ਦਾ ਸੰਦੇਸਾ ਦੇਂਦੀਆਂ ਰਹਿਣਗੀਆਂ। ਅੰਗਰੇਜ਼ ਹਾਕਮਾਂ ਦੇ "ਨਿਆਂ ਤੇ ਸਭਿਤਾ" ਦਾ ਪਾਜ ਵੀ



Digitized by Panjab Digital Library | www.panjabdigilib.org

ਖੋਲ੍ਹਦੀਆਂ ਰਹਿਣਗੀਆਂ ਅਤੇ ਅੰਗਰੇਜ਼ਾਂ ਦਾ ਸਾਥ ਦੇ ਕੇ ਭਰਾਵਾਂ ਦੇ ਲਹੂ ਨਾਲ ਨਹਾਉਣ ਵਾਲੇ ਗ਼ਦਾਰਾਂ ਨੂੰ ਲਾਹਨਤਾਂ ਪਾਂਦੀਆਂ ਰਹਿਣਗੀਆਂ।

ਇਸ ਕਰਤੂਤ ਪੁਰ ਅਭਿਮਾਨ ਕਰਦਾ ਹੋਇਆ ਮਿ: ਕੂਪਰ ਲਿਖਦਾ ਹੈ:—

"ਇਕ ਖੂਹ ਕਾਨਪੁਰ ਵਿਚ ਹੈ ਪਰ ਇਕ ਖੂਹ ਅਜਨਾਲੇ ਵਿਚ ਵੀ ਬਣ ਗਿਆ ਹੈ।"

ਇਸ ਤਰ੍ਹਾਂ ੨੬ ਨੰਬਰ ਪਲਟਨ ਦੇ ਲਗ ਪਗ ਪੰਜ ਸੌ ਬੇਹਥਿਆਰੇ ਸਪਾਹੀਆਂ ਨੂੰ ੨੪ ਘੰਟਿਆਂ ਵਿਚ ਪਾਰ ਬੁਲਾ ਦਿਤਾ ਗਿਆ। ਰਹਿੰਦੇ ਖੂੰਹਦੇ ਫੜ ਫੜ ਕੇ ਇਕਠੇ ਕਰਕੇ ਤੋਪ ਅਗੇ ਉੜਾ ਦਿਤੇ ਗਏ।

—o—



Digitized by Panjab Digital Library | www.panjabdigilib.org

# ਮੈਂ ਬਰਾਦਰੀ ਵਿਚੋਂ ਛੇਕੇ ਜਾਣ ਤੋਂ ਕਿਵੇਂ ਬਚਿਆ ?

ਬੜੀ ਪੁਰਾਣੀ ਗਲ ਹੈ, ਸ਼ੈਦ ਉਸ ਸਮੇਂ ਦੀ ਜਦੋਂ ਮੈਂ ਬਾਰ ਵਿਚ ਚੱਕ ਨੰ: ੭੩ ਝਬਾਲ ਭਕਨਾ ਦੇ ਪਰਾਇਮਰੀ ਸਕੂਲ ਵਿਚ ਮਾਸਟਰੀ ਕਰਦਾ ਸਾਂ ਅਤੇ ਅਛੂਤ ਉਧਾਰ ਤੇ ਗੁਰਮਤਿ ਪ੍ਰਚਾਰ ਦੇ ਸ਼ੌਕ ਦੇ ਨਸ਼ੇ ਵਿਚ ਬੜੇ ਉਤਸ਼ਾਹ ਨਾਲ ਪਿੰਡ ਪਿੰਡ ਦੌਰਾ ਕਰਨ ਜਾਇਆ ਕਰਦਾ ਸਾਂ। ਕਦੀ ਕਦੀ ਸਾਲ-ਛਿਮਾਹੀ ਆਪਣੇ ਪਿੰਡ ਘਘਰੋਟ ਜ਼ਿਲਾ ਰਾਵਲਪਿੰਡੀ ਵਿਚ ਵੀ ਜਾਕੇ ਪੁਰਾਣੀਆਂ ਯਾਦਾਂ ਨੂੰ ਹਰਾ ਭਰਾ ਕਰਕੇ ਪ੍ਰਸੰਨਤਾ ਪ੍ਰਾਪਤ ਕੀਤਾ ਕਰਦਾ ਸਾਂ। ਇਕ ਵੇਰਾਂ ਦੀ ਗਲ ਹੈ, ਗਰਮੀਆਂ ਦੀਆਂ ਛੁਟੀਆਂ ਵਿਚ ਮੈਂ ਆਪਣੇ ਪਿੰਡ ਗਿਆ। ਬਾਰ ਦੀ ਭਠ ਤਪਦੀ ਗਰਮੀ ਨਾਲੋਂ ਕੋਹਮਰੀ ਦੇ ਪਹਾੜਾਂ ਦੀ ਵੱਖੀ ਵਿਚ ਵਸਦੇ ਸਾਡੇ ਪਿੰਡ ਵਿਚ ਗਰਮੀ ਘਟ ਹੁੰਦੀ ਸੀ। ਇਸ ਦੇ ਪਹਾੜ ਤੇ ਲਹਿੰਦੇ ਵੰਨੇ ਸੁਹਾਵਣੀ ਪਥਰੀਲੀ ਕੁਰੰਗ ਨਦੀ ਵਗਦੀ ਸੀ, ਜਿਸਦੇ ਪਾਣੀਆਂ ਵਿਚ ਮੇਰੀ ਬਾਲ-ਉਮਰ ਦੀਆਂ ਕਈ ਮਿਠੀਆਂ ਤੇ ਪਿਆਰੀਆਂ ਯਾਦਾਂ ਹੁਣ ਤਕ ਕਦੀ ਤਰਦੀਆਂ ਤੇ ਕਦੀ ਚੁਭੀਆਂ ਮਾਰ ਕੇ ਛੁਪ ਜਾਂਦੀਆਂ ਸਨ।

ਦੁਪਹਿਰ ਵੇਲੇ ਮੈਂ ਅੱਧ ਕੁ ਮੀਲ ਦੀ ਦੂਰੀ ਤੇ ਚੱਕ ਬੀੜਾ ਸਿੰਘ ਵਿਚ ਆਪਣੇ ਮਿੱਤਰ ਭਾਈ ਗੁਪਾਲ ਸਿੰਘ ਨੂੰ ਮਿਲਣ ਲਈ ਚਲ ਪਿਆ। ਘਰੋਂ ਤੁਰਦਿਆਂ ਹੀ ਮੈਨੂੰ ਤ੍ਰੇਹ ਲਗੀ



Digitized by Panjab Digital Library | www.panjabdigilib.org

ਹੋਈ ਸੀ ਪਰ ਰਾਹ ਵਿਚ ਅਰੋਗ ਤੇ ਠੰਢੇ ਮਿਠੇ ਪਾਣੀ ਦੇ ਪ੍ਰਸਿਧ ਉਪਰੇ-ਖੂਹ ਕੋਲੋਂ ਲੰਘਦਿਆਂ, ਏਹ ਹੋਰ ਭੜਕ ਉਠੀ। ਇਹ ਖੂਹ ਇਸ ਇਲਾਕੇ ਵਿਚ ਸਾਡਾ ਜ਼ਮਜ਼ਮ ਸੀ। ਨਾ ਤ੍ਰੇਹ ਹੋਵੇ ਤਾਂ ਵੀ ਇਸ ਦੇ ਕੋਲੋਂ ਲੰਘਦਿਆਂ ਇਸ ਦਾ ਅੰਮ੍ਰਿਤ ਵਰਗਾ ਪਾਣੀ ਖਿਚ ਲੈਂਦਾ ਸੀ ਅਤੇ ਇਸਦਾ ਪਾਣੀ ਪੀਤੇ ਬਗੈਰ ਅਗੇ ਜਾਣਾ ਰੁਕ ਜਾਂਦਾ ਸੀ। ਮੈਂ ਦੂਰੋਂ ਇਹ ਵੇਖ ਕੇ ਉਦਾਸ ਜਿਹਾ ਹੋ ਗਿਆ ਕਿ ਖੂਹ ਪੁਰ ਨਾ ਕੋਈ ਪਾਣੀ ਭਰਨ ਵਾਲੀ ਸੀ ਤੇ ਨਾ ਹੀ ਲਜ ਤੇ ਡੋਲ। ਫਿਰ ਵੀ ਮੈਂ ਖੂਹ ਦੀ ਮਣ ਤੇ ਜਾ ਕੇ ਖਲੋ ਗਿਆ, ਮਤਾ ਮੈਨੂੰ ਵੇਖ ਕੇ ਹੀ ਕੋਈ ਮੇਰੀ ਬਾਲ-ਸਹੇਲੀ ਜਾਂ ਰਿਸ਼ਤੇਦਾਰ ਪਾਣੀ ਪਿਲਾਣ ਲਈ ਆ ਜਾਵੇ। ਜਦ ਮੈਂ ਅਗੇ ਪਿਛੇ ਵੇਖਿਆ ਤਾਂ, ਸ਼ੀਂਹਬਾਗ ਅਤੇ ਮੇਰੇ ਦੀਆਂ ਪੈਲੀਆਂ ਵਿਚ ਕੁਝ ਲੋਕ ਹਲ ਵਾਹ ਰਹੇ ਸਨ। ਕੋਲ ਹੀ ਟਾਹਲੀ ਦੇ ਬੂਟਿਆਂ ਦੇ ਝੁੰਡ ਵਿਚ ਇਕ ਕੋਰਾ ਘੜਾ ਪਾਣੀ ਦਾ ਭਰਿਆ ਧਰਿਆ ਸੀ ਤੇ ਕਹਿੰ ਦੇ ਕਟੋਰੇ ਨਾਲ ਢਕਿਆ ਹੋਇਆ ਸੀ। ਮੈਂ ਰੁਮਾਲ ਨਾਲ ਕਟੋਰਾ ਲੈ ਕੇ ਭਰ ਕੇ ਪੀ ਲਿਆ। ਡਾਢਾ ਠੰਢਾ ਤੇ ਮਿੱਠਾ ਪਾਣੀ ਸੀ ਪਰ ਇਸ ਪਾਣੀ ਨਾਲ ਇਕ ਹੋਰ ਗਲ ਵੀ ਜੁੜੀ ਹੋਈ ਸੀ ਜੇਹੜੀ ਮੈਨੂੰ ਉਸ ਵੇਲੇ ਪਤਾ ਨਹੀਂ ਸੀ ਪਰ ਮਗਰੋਂ ਇਹ ਮੇਰੇ ਜੀਵਨ ਦੀ ਇਕ ਸੁਆਦਲੀ ਯਾਦ ਬਣ ਗਈ। ਮੈਂ ਚੱਕ ਬੀੜਾ ਸਿੰਘ ਵਿਚ ਆਪਣੇ ਮਿਤਰ ਭਾਈ ਗੁਪਾਲ ਸਿੰਘ ਨੂੰ ਮਿਲ ਕੇ ਗਲਾਂ ਬਾਤਾਂ ਕਰਕੇ ਰਾਵਲ ਪਿੰਡੀ ਚਲਾ ਗਿਆ।

ਦੂਜੇ ਦਿਨ ਵਾਪਸ ਆ ਕੇ ਜਦ ਮੈਂ ਭਾਈ ਗੁਪਾਲ ਸਿੰਘ ਨੂੰ ਮਿਲਿਆ ਤਾਂ ਉਹ ਬਣਾਉਟੀ ਜਿਹੇ ਗੁਸੇ ਨਾਲ ਬੋਲਿਆ:

"ਓਏ ਨਵੇਂ ਜੁਸ਼ੀਲੇ ਪਰਚਾਰਕਾ, ਕਲ੍ਹ ਤੂੰ ਕੇਹ ਕਰਤੂਤ ਕਰੀ ਗਿਆ ਸੈਂ? ਸਾਡ੍ਹੇ ਵਾਸਤੇ ਪੁਆੜਾ ਬਾਈ ਗਿਆ ਏਂ?"



Digitized by Panjab Digital Library | www.panjabdigilib.org

ਮੈਂ ਹੈਰਾਨ ਹੋ ਕੇ ਪੁਛਿਆ—"ਕਿਉਂ ਭਾਈ ਜੀ, ਕੀ ਗਲ ਹੋ ਗਈ ? ਮੇਰੇ ਹਥੋਂ ਕੋਈ ਵਛੀ ਤਾਂ ਨਹੀਂ ਮਰ ਗਈ ?"

"ਵਛੀ ਮਰਨ ਨਾਲੋਂ ਘਟ ਗਲ ਨਹੀਂ ਹੋਈ, ਤੂੰ ਕਲ੍ਹ ਮੁਸਲਮਾਣਾ ਨੇ ਘੜੇ ਵਿਚੋਂ ਪਾਣੀ ਪੀ ਕੇ ਆਪ ਤਾਂ ਪਿੰਡੀ ਨਸੀ ਗਿਆ ਏਂ ਤੇ ਸਾਰੀ ਰਾਤ ਬਰਾਦਰੀ ਨੇ ਕੱਠੇ ਵਿਚ ਲੜਾਈ ਮਿਘੀ ਕਰਨੀ ਪਈ, ਆਪ ਵਿਚ ਹੋਏਂਆਂ ਤਾਂ ਪਤਾ ਲਗੀ ਗਛੈਆਈ।"

"ਸਹੁੰ ਗੁਰੂ ਦੀ, ਮੈਨੂੰ ਉਕਾ ਪਤਾ ਨਹੀਂ ਸੀ ਕਿ ਉਹ ਮੁਸਲਮਾਣਾ ਦਾ ਘੜਾ ਸੀ। ਕੋਰਾ ਤੇ ਨਵਾਂ ਨਕੋਰ ਘੜਾ ਅਤੇ ਕਹਿੰ ਦਾ ਸਾਫ ਕਟੋਰਾ ਵੇਖ ਕੇ ਕੋਈ ਵੀ ਉਸ ਪੁਰ ਸ਼ੱਕ ਨਹੀਂ ਸੀ ਕਰ ਸਕਦਾ।"

"ਛੋੜ ਵਾ ਚਲਾਕੀਆਂ, ਮਿਘੀ ਨਾ ਠਗ, ਮੈਂ ਤੁਘੀ ਚੰਗੀ ਤਰ੍ਹਾਂ ਜਾਣਨਾਂ, ਰਾਤੀਂ ਬਰਾਦਰੀ ਵਿਚੋਂ ਛੇਕਿਆ ਗਛੇਆਂ ਤਾਂ ਪਤਾ ਲਗੀ ਗਛੈਈ ਕਿ ਕਿਤਨੀਆਂ ਵੀਹਾਂ ਸੌ ਹੋਣਾ।"

"ਗਲ ਤਾਂ ਠੀਕ ਹੈ, ਮੈਨੂੰ ਛੂਤ ਛਾਤ ਦਾ ਕੋਈ ਭਰਮ ਨਹੀਂ ਭਾਈ ਜੀ, ਮੈਂ ਤਾਂ ਸਫਾਈ ਨੂੰ ਸੁਚਮ ਤੇ ਗੰਦਗੀ ਨੂੰ ਹੀ ਭਿਟ ਸਮਝਦਾ ਹਾਂ ਪਰ ਇਧਰ ਦੇ ਲੋਕਾਂ ਦੇ ਸਨਾਤਨੀ ਖਿਆਲਾਂ ਨੂੰ ਵੀ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਮੈਨੂੰ ਜਾਣ ਬੁਝ ਕੇ ਪੁਆੜਾ ਖੜਾ ਕਰ ਦੇਣ ਦੀ ਕੋਈ ਲੋੜ ਨਹੀਂ ਸੀ ਪਰ ਉਂਞ ਮੈਨੂੰ ਛੇਕੇ ਜਾਣ ਦਾ ਵੀ ਡਰ ਕੋਈ ਨਹੀਂ, ਮੇਰੇ ਪਿਤਾ ਜੀ ਨਿਰੰਕਾਰੀ ਬਣਨ ਉਤੇ ਕਿਤਨੇ ਵਰ੍ਹੇ ਬਰਾਦਰੀ ਨਾਲੋਂ ਛੇਕਿਆਂ ਵਰਗੇ ਹੀ ਰਹੇ ਸਨ। ਪਰ ਇਹ ਕੇਹੜਾ ਹਨੇਰ ਹੋ ਗਿਆ ਸੀ, ਸਾਰੀ ਗਲ ਤਾਂ ਦਸੋ, ਹੋਇਆ ਕੀ ?"



Digitized by Panjab Digital Library | www.panjabdigilib.org

ਭਾਈ ਹੁਰਾਂ ਦੀ ਜ਼ਬਾਨੀ ਸਾਰੀ ਗਲ ਸੁਣਕੇ ਮੈਂ ਹੈਰਾਨ ਹੋ ਗਿਆ ਕਿ ਸਾਡੇ ਲੋਕ ਕਿਸ ਤਰ੍ਹਾਂ ਖੰਭ ਦੇ ਡਾਰ ਬਣਾ ਲੈਂਦੇ ਹਨ। ਪਤਾ ਲਗਾ ਕਿ ਬਰਾਦਰੀ ਵਿਚੋਂ ਸਾਡਾ ਇਕ ਰਿਸ਼ਤੇ-ਦਾਰ ਜਿਹੜਾ ਬੜਾ ਕਟੜ ਸਨਾਤਨੀ ਸੀ, ਉਹ ਥੋੜੀ ਦੂਰ ਇਕ ਪੈਲੀ ਵਿਚ ਹੱਲ ਵਾਹ ਰਿਹਾ ਸੀ। ਮੈਨੂੰ ਇਸ ਘੜੇ ਵਿਚੋਂ ਪਾਣੀ ਪੀਂਦਿਆਂ ਵੇਖ ਕੇ ਉਸ ਦੇ ਤਾਂ ਸਤੀਂ ਕਪੜੀਂ ਅੱਗ ਲਗ ਗਈ। ਤੁਰਤ ਹੱਲ ਖੋਲ੍ਹ ਕੇ ਪਹਿਲਾਂ ਉਹ ਘਘਰੋਟ ਵਿਚ ਘਰ ਘਰ ਫਿਰਿਆ। ਬਰਾਦਰੀ, ਦੇ ਮੁਖੀਆਂ ਨੂੰ ਇਹ ਗਲ ਦਸੀ।

ਫਿਰ ਚਕ ਬੀੜਾ ਸਿੰਘ ਤੇ ਉਪਰੇ ਚਕ ਦੀ ਬਰਾਦਰੀ ਨੂੰ ਵੀ ਜ਼ਰੂਰੀ ਸਨੇਹੇ ਭੇਜੇ ਤੇ ਰਾਤ ਨੂੰ ਬਰਾਦਰੀ ਦਾ ਇਕ ਵਡਾ ਇਕੱਠ ਘਘਰੋਟ ਦੇ ਗੁਰਦੁਆਰੇ ਵਿਚ ਕੀਤਾ। ਉਸ ਨੇ ਲੋਕਾਂ ਨੂੰ ਦਸਿਆ ਕਿ ਅਜ ਬੜਾ ਅਨਰਥ ਹੋ ਗਿਆ ਹੈ। ਅਸੀਂ ਅਗੇ ਸੁਣਦੇ ਹੁੰਦੇ ਸਾਂ ਕਿ ਹੀਰਾ ਸਿੰਘ ਅੰਗਰੇਜ਼ੀ ਪੜ੍ਹਕੇ ਭ੍ਰਿਸ਼ਟ ਗਿਆ ਹੈ। ਉਹ ਚੂੜ੍ਹੇ ਚਮਾਰਾਂ ਨੂੰ ਸ਼ੁਧ ਕਰਕੇ ਉਨ੍ਹਾਂ ਨਾਲ ਖਾਂਦਾ ਪੀਂਦਾ ਹੈ, ਉਸ ਨੇ ਈਸਾਈਆਂ ਵਾਂਗ ਭਿਟ-ਸੁਚ ਤੇ ਛੂਤ ਛਾਤ ਉਕੀ ਹੀ ਛੱਡ ਦਿਤੀ ਹੈ। ਪਰ ਅੱਜ ਤਾਂ ਮੈਂ ਆਪਣੀ ਅਖੀਂ ਇਹ ਹਨੇਰ ਵੇਖਿਆ। ਉਪਰੇ ਖੂਹ ਪੁਰ ਪਏ ਮੁਸਲਮਾਣਾਂ ਦੇ ਘੜੇ ਵਿਚੋਂ ਉਨ੍ਹਾਂ ਦੇ ਜੂਠੇ ਕਟੋਰੇ ਵਿਚ ਗਟ ਗਟ ਕਰਕੇ ਪਾਣੀ ਪੀ ਗਿਆ। ਹੁਣ ਹੋਰ ਸਬਰ ਨਹੀਂ ਹੋ ਸਕਦਾ। ਜਾਂ ਤਾਂ ਹੀਰਾ ਸਿੰਘ ਪ੍ਰਾਸ਼ਚਿਤ ਕਰੇ ਤੇ ਅਗੋਂ ਨੂੰ ਅਜਿਹਾ ਕੰਮ ਨਾ ਕਰਨ ਦਾ ਇਕਰਾਰ ਕਰੇ ਜਾਂ ਉਸ ਨੂੰ ਬਰਾਦਰੀ ਤੋਂ ਛੇਕ ਦਿਤਾ ਜਾਏ।

ਇਸ ਗਲ ਪੁਰ ਖੂਬ ਬਹਿਸ ਛਿੜ ਪਈ। ਪਰ ਪੁਰਾਣੀ ਕਿਸਮ ਦੀਆਂ ਬਰਾਦਰੀਆਂ ਹੁਣ ਨਹੀਂ ਸਨ ਰਹੀਆਂ। ਹੁਣ



Digitized by Panjab Digital Library | www.panjabdigilib.org

ਤਾਂ ਰਿਸ਼ਤੇਦਾਰੀ, ਆਰਥਕ ਸਬੰਧਾਂ ਤੇ ਕਈ ਹੋਰ ਕਾਰਨਾਂ ਕਰਕੇ ਧੜੇ ਬਣ ਗਏ ਸਨ। ਕਈ ਬਰਾਦਰੀ ਦੇ ਲੋਕ ਵਰਕਸ਼ਾਪਾਂ ਵਿਚ ਮਜੂਰੀਆਂ ਕਰਦੇ, ਕਈ ਬਹੂਰੀ ਵਿਚ ਸ਼ਰਾਬਾਂ ਕਢਦੇ ਤੇ ਪੀਂਦੇ ਵੀ ਸਨ। ਕਈ ਫੌਜਾਂ ਦੀਆਂ ਨੌਕਰੀਆਂ ਕਰ ਚੁਕੇ ਸਨ। ਜਿਨ੍ਹਾਂ ਵਿਚ ਪੁਰਾਣੀ ਕੱਟੜਤਾ ਨਹੀਂ ਸੀ ਰਹੀ। ਕੋਈ ਹਕ ਵਿਚ ਬੋਲੇ ਕੋਈ ਵਿਰੁਧ। ਪਿੰਡ ਵਿਚ ਭਾਵੇਂ ਕੋਈ ਮਸਲਾ ਛਿੜੇ ਉਸ ਪੁਰ ਧੜੇਬੰਦੀ, ਰਿਸ਼ਤੇਦਾਰੀ ਤੇ ਲਿਹਾਜ਼ਦਾਰੀ ਦਾ ਬੜਾ ਪ੍ਰਭਾਵ ਹੋਂਦਾ ਹੈ। ਮੇਰੇ ਕਈ ਪਖੀ ਤਾਂ ਇਸ ਗਲ ਦੇ ਸੱਚ ਹੋਣ ਤੋਂ ਹੀ ਇਨਕਾਰੀ ਸਨ ਤੇ ਕਹਿੰਦੇ ਸਨ ਹੀਰਾ ਸਿੰਘ ਦੇ ਸਾਹਮਣੇ ਗਲ ਕਰੋ। ਭਾਈ ਗੁਪਾਲ ਸਿੰਘ ਹੁਰੀਂ ਸਿੰਘ ਸਭੀਏ ਸਨ। ਸ਼ੁਧੀ ਦੇ ਹਾਮੀ ਸਨ, ਪਰ ਅੰਮ੍ਰਿਤ ਛਕ ਕੇ ਸ਼ੁਧ ਕੀਤੇ ਬਗ਼ੈਰ ਮੁਸਲਮਾਨਾਂ ਤੇ ਅਛੂਤਾਂ ਦੇ ਹਥੋਂ ਖਾਣ ਪੀਣ ਦੇ ਵਿਰੋਧੀ ਸਨ। ਫਿਰ ਵੀ ਉਹ ਮੇਰੇ ਵਿਰੋਧੀ ਵਾਂਗ ਮੇਰੀ ਇਸ ਹਰਕਤ ਨੂੰ ਅਨਰਥ ਨਹੀਂ ਸਮਝਦੇ ਸਨ। ਉਹ ਮੇਰੇ ਖਿਆਲਾਂ ਦੇ ਹਾਮੀ, ਮੇਰੇ ਰਿਸ਼ਤੇਦਾਰ ਤੇ ਪਖੀ ਹੋਣ ਕਰਕੇ ਮੈਨੂੰ ਇਸ ਕਰੜੇ ਵਾਰ ਤੋਂ ਬਚਾਣਾ ਚਾਹੁੰਦੇ ਸਨ ਅਤੇ ਬਰਾਦਰੀ ਵਲੋਂ ਮੈਨੂੰ ਛੇਕ ਦੇਣ ਦੀ ਚਾਲ ਨੂੰ ਭੰਨਣਾ ਚਾਹੁੰਦੇ ਸਨ। ਉਨ੍ਹਾਂ ਨੂੰ ਕੋਈ ਗਲ ਯਾਦ ਆ ਗਈ:—"ਕਿਉਂ ਜੀ ਉਹ ਘੜਾ ਕਿਸ ਦਾ ਸੀ ਤੇ ਕਿਸ ਭਰਿਆ ਸੀ ?"

"ਕਿਸ ਨੂੰ ਪਤਾ ਨਹੀਂ, ਉਹ ਨੂਰਾਂ ਦਾ ਘੜਾ ਸੀ। ਮੇਰੇ ਸਾਹਮਣੇ ਭਰ ਕੇ ਉਹ ਰੱਖ ਗਈ ਸੀ", ਆਪਣਾ ਪੱਖ ਮਜ਼ਬੂਤ ਹੋਂਦਾ ਵੇਖ ਕੇ ਉਹ ਸਜਨ ਗਜ ਕੇ ਬੋਲਿਆ:—

"ਬਿਲਕੁਲ ਠੀਕ, ਈਹੋ ਗਲ ਜ਼ਾਹਰ ਹੋਣੀ ਜ਼ਰੂਰੀ ਸੀ, ਭਲਾ ਨੂਰਾਂ ਕੌਣ ਹੈ ? ਤੁਹਾਡੇ ਭਰਾ ਨਾਲ ਉਸਦੀ ਕੋਈ ਸਾਂਝ ਤੇ ਗੁਪਤ ਗਲ ਬਾਤ ਹੈ ਕਿ ਨਹੀਂ ? ਕੀ ਤੁਸੀਂ ਆਪਣੇ



Digitized by Panjab Digital Library | www.panjabdigilib.org

ਭਰਾ ਨੂੰ ਕਦੀ ਬਰਾਦਰੀ ਤੋਂ ਛੇਕਣ ਬਾਰੇ ਵੀ ਸੋਚਿਆ ਹੈ ?" ਇਤਨੀ ਗਲ ਹੁੰਦਿਆਂ ਹੀ ਭਾਂਡਾ ਭਜ ਗਿਆ। ਲੋਕਾਂ ਨੂੰ ਨੂਰਾਂ ਦੇ ਇਸ ਗੁਪਤ ਸਬੰਧ ਤੇ ਬਦਨਾਮ ਵਿਹਾਰਾਂ ਦੀਆਂ ਕਈ ਅਖੀਂ ਡਿਠੀਆਂ ਗਲਾਂ ਚੇਤੇ ਆ ਗਈਆਂ। ਰੌਲਾ ਪੈ ਗਿਆ ਕਿ ਪਹਿਲਾਂ ਅਪਣੇ ਭਰਾ ਨੂੰ ਬਰਾਦਰੀ ਤੋਂ ਛੇਕਣ ਦੀ ਗਲ ਕਰੋ, ਫਿਰ ਹੋਰ ਕੋਈ ਗਲ ਸੁਣਾਂਗੇ। ਇਸ ਤਰ੍ਹਾਂ ਰੌਲੇ-ਗੌਲੇ ਵਿਚ ਬਰਾਦਰੀ ਦਾ ਇਕੱਠ ਖਤਮ ਹੋ ਗਿਆ ਅਤੇ ਬਰਾਦਰੀ ਵਿਚ ਪੇਸ਼ ਹੋਕੇ ਜਵਾਬ ਦੇਣ ਤੋਂ ਮੇਰਾ ਬਚਾ ਹੋ ਗਿਆ। ਉਸ ਸੁਧਾਰਕ ਕਾਲ ਵਿਚ ਅਜਿਹੀਆਂ ਕਈ ਘਟਨਾਵਾਂ ਹੋਇਆ ਕਰਦੀਆਂ ਸਨ। ਸਿੰਘ ਸਭਾ ਤੇ ਆਰੀਆ ਸਮਾਜ ਦੇ ਪ੍ਰਚਾਰ ਦਾ ਜ਼ੋਰ ਸੀ। ਕਈ ਘਰਾਂ ਵਿਚ ਪੁਆੜੇ ਪੈ ਜਾਂਦੇ ਸਨ। ਸੁਧਾਰ ਦੇ ਜੋਸ਼ ਵਿਚ ਨਵੇਂ ਖਿਆਲਾਂ ਦੇ ਮੇਰੇ ਵਰਗੇ ਪ੍ਰਚਾਰਕ ਆਦਰਸ਼ਵਾਦੀ ਹੁੰਦੇ ਸਨ ਤੇ ਨਿਕੀ ਨਿਕੀ ਗਲ ਤੇ ਅੜ ਜਾਇਆ ਕਰਦੇ ਸਨ। ਲੋਕਾਂ ਦੇ ਪੁਰਾਤਨਤਾ ਨਾਲ ਪਕੀ ਤਰ੍ਹਾਂ ਜੁੜੇ ਹੋਏ ਭਾਵ ਤੇ ਵਲਵਲਿਆਂ ਦਾ ਅਹਿਸਾਸ ਨਹੀਂ ਸਨ ਕਰਦੇ। ਉਦੋਂ ਮੈਨੂੰ ਇਹ ਸੋਝੀ ਨਹੀਂ ਸੀ ਕਿ ਆਰਥਕ ਬੁਨਿਆਦਾਂ ਬਦਲਣ ਤੋਂ ਪਹਿਲਾਂ ਸਦੀਆਂ ਤੋਂ ਜੰਮੇ ਪੁਰਾਣੇ ਰਵਾਜ ਤੇ ਖਿਆਲ ਕੇਵਲ ਪ੍ਰਚਾਰ ਨਾਲ ਜਾਂ ਸਾਡੇ ਇਕੱਲਿਆਂ ਦੇ ਬਦਲ ਜਾਣ ਨਾਲ ਨਹੀਂ ਬਦਲ ਸਕਦੇ।

Digitized by Panjab Digital Library | www.panjabdigilib.org

# ਸ੍ਵਰਾਜ-ਮੰਦਰ ਦੀ ਪਹਿਲੀ ਯਾਤਰਾ

ਰਾਜਸੀ ਕਾਰਨਾਂ ਕਰਕੇ ਦੋ ਵੇਰ ਮੈਂ ਥਾਣਿਆਂ ਦੇ ਬੂਹੇ ਤਕ ਪਹੁੰਚ ਚੁਕਾ ਸੀ ਪਰ ਜੇਹਲ-ਯਾਤ੍ਰਾ ਦਾ ਸੁਭਾਗ ਅਜੇ ਪ੍ਰਾਪਤ ਨਹੀਂ ਸੀ ਹੋਇਆ ।

੧੯੨੧ ਵਰ੍ਹੇ ਦੇ ਦੂਜੇ ਮਹੀਨੇ, ਫ਼ਰਵਰੀ ਵਿਚ ਹੀ ਨਨਕਾਣਾ ਸਾਹਿਬ ਦਾ ਦਰਦਨਾਕ ਤੇ ਕਹਿਰੀ ਸਾਕਾ ਵਰਤ ਗਿਆ। ਇਸ ਸਾਕੇ ਨੇ ਇਕ ਪਾਸੇ ਤਾਂ ਸਿੱਖਾਂ ਦੇ ਬੱਚੇ ਬੱਚੇ ਦੇ ਦਿਲ ਵਿਚ ਅੰਗਰੇਜ਼ੀ ਰਾਜ ਤੇ ਗੁਰਦੁਆਰਿਆਂ ਦੇ ਮਹੰਤਾਂ ਵਿਰੁਧ ਗੁੱਸੇ ਦੀ ਅੱਗ ਬਾਲ ਦਿੱਤੀ ਤੇ ਅਕਾਲੀ ਲਹਿਰ ਵਿਚ ਸਤਲੁਜ ਦੇ ਹੜ੍ਹ ਵਰਗਾ ਉਭਾਰ ਪੈਦਾ ਕਰ ਦਿੱਤਾ ਅਤੇ ਦੂਜੇ ਪਾਸੇ ਹਕੂਮਤ ਵੱਲੋਂ ਗ੍ਰਿਫ਼ਤਾਰੀਆਂ ਤੇ ਮੁਕਦਮਿਆਂ ਦੀ ਭਰਮਾਰ ਸ਼ੁਰੂ ਹੋ ਗਈ ਸੀ । ਖਾਸ ਕਰਕੇ ਆਜ਼ਾਦੀ ਤੇ ਨਾਮਿਲਵਰਤਨ ਲਹਿਰ ਦੇ ਹਾਮੀ ਦੇਸ਼ ਭਗਤ ਚੁਣ ਚੁਣ ਕੇ ਜੇਹਲਾਂ ਵਿਚ ਡੱਕੇ ਜਾਣ ਲੱਗੇ ।

'ਅਕਾਲੀ' ਰੋਜ਼ਾਨਾ ਲਾਹੌਰ ਦੇ ਪਹਿਲੇ ਐਡੀਟਰ ਸ: ਮੰਗਲ ਸਿੰਘ ਜੀ ਨੂੰ ਨਾਮਿਲਵਰਤਨ ਬਾਰੇ ਲੇਖ ਲਿਖਣ ਦੇ ਜੁਰਮ ਵਿਚ ੩ ਸਾਲ ਕੈਦ ਹੋ ਚੁਕੀ ਸੀ । ਨਨਕਾਣਾ ਸਾਹਿਬ ਦ ਸਾਕੇ ਬਾਰੇ 'ਅਕਾਲੀ' ਵਿਚ ਸਤ ਲੇਖ ਲਿਖਣ ਬਦਲੇ ਸਰਦੂਲ ਸਿੰਘ ਜੀ ਕਵੀਸ਼ਰ ਗ੍ਰਿਫ਼ਤਾਰ ਹੋ ਚੁਕੇ ਸਨ । ਚੋਰਾ ਚੋਰੀ ਦੀ ਦੁਖ ਭਰੀ ਘਟਨਾ ਦੇ ਕਾਰਨ ਮਹਾਤਮਾ ਗਾਂਧੀ ਜੀ ਨੇ ਭਾਵੇਂ ਬਾਰਦੌਲੀ (ਗੁਜਰਾਤ) ਵਿਚ ਮਾਮਲਾਬੰਦੀ ਦਾ ਸਤਿਆਗ੍ਰਹਿ



Digitized by Panjab Digital Library | www.panjabdigilib.org

ਮੁਲਤਵੀ ਕਰ ਦਿਤਾ ਸੀ ਪਰ ਨਾਮਿਲਵਰਤਨ ਦੀ ਲਹਿਰ ਹਰ ਪ੍ਰਾਂਤ ਵਿਚ ਤੇਜ਼ੀ ਨਾਲ ਚਲ ਰਹੀ ਸੀ ਤੇ ਮਹਾਤਮਾ ਗਾਂਧੀ ਦੇ 'ਇਕ ਸਾਲ ਵਿਚ ਸੂਰਾਜ ਲੈ ਦੇਣ' ਦੇ ਇਕਰਾਰ ਪੁਰ ਆਮ ਲੋਕ ਭਰੋਸਾ ਕਰਕੇ ਨਿਡਰ ਹੋ ਕੇ ਕੁਰਬਾਨੀਆਂ ਦੇ ਰਹੇ ਤੇ ਜੇਹਲਾਂ ਭਰ ਰਹੇ ਸਨ ।

'ਅਕਾਲੀ' ਰੋਜ਼ਾਨਾ ਇਸ ਸਮੇਂ ਆਜ਼ਾਦੀ-ਪਸੰਦ ਤੇ ਗਰਮ-ਖਿਆਲੀਆ ਹੋਣ ਕਰਕੇ ਇਕ ਮੁਖੀ ਰਾਜਸੀ ਆਗੂ ਮੰਨਿਆ ਜਾਂਦਾ ਸੀ । ਪਿੰਡਾਂ ਦਿਆਂ ਪਰ੍ਹਿਆਂ ਤੇ ਗੁਰਦੁਆਰਿਆਂ ਵਿਚ ਇਸ ਨੂੰ ਅਖੰਡ ਪਾਠ ਵਾਂਗ ਰੀਝ ਨਾਲ ਪੜ੍ਹਿਆ ਜਾਂਦਾ ਸੀ ਤੇ ਇਸ ਦੀਆਂ ਲਿਖਤਾਂ ਤੇ ਹੀ ਵਧੇਰੇ ਇਤਬਾਰ ਕੀਤਾ ਜਾਂਦਾ ਸੀ । ਸ: ਮੰਗਲ ਸਿੰਘ ਜੀ ਦੇ ਕੈਦ ਹੋਣ ਮਗਰੋਂ ਸ: ਪ੍ਰਤਾਪ ਸਿੰਘ ਬੀ.ਏ.,ਬੀ.ਟੀ, ਸੰਪਾਦਕੀ ਸਟਾਫ਼ ਵਿਚ ਆ ਗਏ ਸਨ ਅਤੇ ਮੈਂ ਤੇ ਪ੍ਰਤਾਪ ਸਿੰਘ ਜੀ ਦੋਵੇਂ ਅਖਬਾਰ ਦੇ ਇਨਚਾਰਜ ਐਡੀਟਰ ਸਾਂ । ਹਕੂਮਤ 'ਅਕਾਲੀ' ਅਖਬਾਰ ਨੂੰ ਕੁਚਲਨ ਪੁਰ ਤੁਲੀ ਹੋਈ ਨਜ਼ਰ ਆਉਂਦੀ ਸੀ । ਕਿਉਂਕਿ ਉਹ 'ਅਕਾਲੀ' ਨੂੰ ਹੀ ਸਿੱਖਾਂ ਵਿਚ ਰਾਜਸੀ ਚੁਆਤੀ ਲਾਉਣ ਦੀ ਜ਼ਿੰਮੇਵਾਰ ਸਮਝਦੀ ਸੀ । ਆਮ ਪ੍ਰੈਸ ਵਧ ਛਪਾਈ ਲੈ ਕੇ ਵੀ ਇਸ ਨੂੰ ਛਾਪਣ ਤੋਂ ਕੰਬਦੇ ਸਨ । ਇਨ੍ਹਾਂ ਦਿਨਾਂ ਵਿਚ ਸਾਡਾ ਦਫ਼ਤਰ ਲਾਹੌਰ ਦੀ ਸਬਜ਼ੀ ਮੰਡੀ (ਗੁਆਲਮੰਡੀ) ਦੇ ਇਕ ਚੁਬਾਰੇ ਵਿਚ ਸੀ ।

ਇਕ ਦਿਨ ਮੈਂ ਸ਼ਾਮ ਦੇ ਚਾਰ ਕੁ ਵਜੇ ਅਖਬਾਰ ਦੇ ਮਜ਼ਮੂਨ ਤੇ ਖਬਰਾਂ ਆਦਿ ਤੋਂ ਸਿਰ ਛੰਡ ਕੇ ਵੇਹਲਾ ਹੋ ਕੇ ਸੰਪਾਦਕੀ ਦਫ਼ਤਰ ਵਿਚ ਬੈਠਾ ਅਖਬਾਰ ਪੜ੍ਹ ਰਿਹਾ ਸਾਂ ਕਿ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਆਪਣੀ ਸੁਭਾਵਕ ਮਸਤੀ ਵਿਚ ਝੂਮਦੇ ਝਾਮਦੇ,ਹਸਦੇ ਤੇ ਇਸਤਰ੍ਹਾਂ ਗਾਉਂਦੇ ਹੋਏ ਅੰਦਰ ਆ ਵੜੇ:



Digitized by Panjab Digital Library | www.panjabdigilib.org

ਹਨ। ਖੂਬ ਤੇਲ ਲਾਂਦੇ ਤੇ ਸੰਵਾਰ ਕੇ ਰੱਖਦੇ ਹਨ। ਕਈਆਂ ਦੇ ਪੂਰੇ ਲੰਮੇ ਵਾਲ ਹੁੰਦੇ ਹਨ। ਕਈ ਪਟੇ ਰੱਖਦੇ ਹਨ। ਲਬਾਂ ਨਹੀਂ ਕਟਾਂਦੇ, ਪਗੜੀ ਬੱਧੀ ਹੋਵੇ ਤਾਂ ਸਿਖ ਹੀ ਮਲੂਮ ਹੁੰਦੇ ਹਨ। ਇਨ੍ਹਾਂ ਦੇ ਸਰਦਾਰ ਤੁੰਮਨਦਾਰ ਸਦਾਂਦੇ ਹਨ। ਉਹ ਜਾਗੀਰਦਾਰ ਜ਼ਮੀਨਾਂ ਦੇ ਮਾਲਕ ਹੁੰਦੇ ਹਨ। ਉਨ੍ਹਾਂ ਦੇ ਜਿਰਗੇ ਹੀ ਇਨ੍ਹਾਂ ਦੇ ਨਿਆਂ ਕਰਦੇ ਹਨ। ਮੁਜ਼ਾਰੇ ਕਿਸਾਨ ਬੜੇ ਗ਼ਰੀਬ ਤੇ ਦੁਖੀ ਹੁੰਦੇ ਹਨ। ਇਧਰ ਚੋਰੀ, ਡਾਕੇ ਤੇ ਉਧਾਲਿਆਂ ਦੇ ਬੜੇ ਜੁਰਮ ਹੋਂਦੇ ਹਨ। ਕਤਲ ਵੀ ਕਾਫ਼ੀ ਹੋਂਦੇ ਹਨ। ਉਦੋਂ ਉਨ੍ਹਾਂ ਵਿਚ ਰਾਜਸੀ ਜਾਗ੍ਰਤੀ ਦਾ ਨਾਂ ਨਿਸ਼ਾਨ ਨਹੀਂ ਸੀ। ਆਮ ਕੈਦੀਆਂ ਨੂੰ ਸਾਨੂੰ ਮਿਲਣ ਤੇ ਸਾਡੇ ਨਾਲ ਗੱਲ ਬਾਤ ਨਹੀਂ ਕਰਨ ਦਿਤੀ ਜਾਂਦੀ ਸੀ। ਕਾਲੀ ਤੇ ਪੀਲੀ ਬਰਦੀ ਵਾਲੇ ਨੰਬਰਦਾਰ, ਜਿਹੜੇ ਮਾਫ਼ੀਆਂ ਲੈ ਕੇ ਰਿਹਾਈਆਂ ਪਾਉਣ ਲਈ ਜੇਹਲ ਅਫ਼ਸਰਾਂ ਦੇ ਬੜੇ ਖ਼ੁਸ਼ਾਮਦੀ ਬਣ ਜਾਂਦੇ ਹਨ, ਉਹੀ ਸਾਡੇ ਨਾਲ ਗੱਲਾਂ ਕਰ ਸਕਦੇ ਸਨ। ਉਹ ਸਾਡੇ ਭੇਦ ਲਭ ਕੇ ਜੇਹਲ ਅਫ਼ਸਰਾਂ ਨੂੰ ਦਸਣ ਦੇ ਚਾਹਵਾਨ ਹੋਂਦੇ ਸਨ।

ਸਾਥੋਂ ਪਹਿਲਾਂ ਸ: ਨਰਿੰਦਰ ਸਿੰਘ ਮੈਨੇਜਰ ਅਕਾਲੀ ਗਵਾਹੀ ਨਾ ਦੇਣ ਦੇ ਜੁਰਮ ਵਿਚ ਚਾਰ ਮਹੀਨੇ ਦੀ ਕੈਦ ਹੋ ਕੇ ਅਗੇ ਇਥੇ ਆ ਚੁਕਾ ਸੀ। ਮਗਰੋਂ ਤਿੰਨ ਚਾਰ ਹੋਰ ਵੀ ਰਾਜਸੀ ਕੈਦੀ ਇਥੇ ਭੇਜੇ ਗਏ ਸਨ, ਜਿਨ੍ਹਾਂ ਵਿਚੋਂ ਈਸ਼ਰ ਸਿੰਘ ਚਹੇੜੂ ਤੇ ਮੂਲਾ ਸਿੰਘ ਕਿਰਪਾਨ ਬਹਾਦਰ ਸਨ। ਇਹ ਦੋਵੇਂ ਚੰਗੇ ਰੌਣਕੀ ਬੰਦੇ ਸਨ। ਇਨ੍ਹਾਂ ਨਾਲ ਗਲਾਂ ਬਾਤਾਂ ਵਿਚ ਬੜਾ ਸੁਹਣਾ ਝਟ ਲੰਘਦਾ ਸੀ। ਸ਼ੋਕ ਹੈ ਕਿ ਇਹ ਦੋਵੇਂ ਹੁਣ ਕੂਚ ਕਰ ਚੁਕੇ ਹਨ।

ਸਾਡੇ ਪੁਰ ਪਾਬੰਦੀਆਂ ਬੜੀਆਂ ਸਨ, ਪਰ ਜੇਹਲ ਕਰਮਚਾਰੀਆਂ ਦਾ ਆਮ ਸਲੂਕ ਸਾਡੇ ਨਾਲ ਬਹੁਤ ਚੰਗਾ ਸੀ। ਰੋਟੀ ਸਾਨੂੰ ਚੰਗੀ ਪੱਕੀ ਹੋਈ ਮਿਲਦੀ ਸੀ। ਸਾਡੀ ਰੋਟੀ ਤਿਆਰ



Digitized by Panjab Digital Library | www.panjabdigilib.org

ਕਰਨ ਉਤੇ ਇਕ ਵਖਰਾ ਖਾਸ ਮੁਸ਼ਕਤੀ ਲਾ ਦਿਤਾ ਗਿਆ ਸੀ। ਜੇਹਲ ਦਾ ਦਰੋਗਾ ਹਿੰਦੂ ਸੀ ਤੇ ਸੁਪਰੰਟੈਂਡੰਟ ਇਕ ਪਠਾਣ ਡਾਕਟਰ ਸੀ। ਉਹ ਸਾਡੀ ਸਿਹਤ ਦਾ ਬੜਾ ਹੀ ਖਿਆਲ ਰਖਦਾ ਸੀ। ਪਹਿਲਾਂ ਤਾਂ ਅਸਾਂ ਖਿਆਲ ਕੀਤਾ ਕਿ ਸਾਨੂੰ ਸਾਕਾਂ ਸਬੰਧੀਆਂ ਅਤੇ ਵਤਨ ਤੋਂ ਇਤਨੇ ਦੂਰ ਖਾਸ ਤੰਗੀਆਂ ਦੇ ਭਠ ਵਿਚ ਝੋਕਣ ਲਈ ਭੇਜਿਆ ਗਿਆ ਹੈ, ਪਰ ਦਰੋਗੇ ਤੇ ਸੁਪਰੰਟੈਂਡੰਟ ਨੇ ਸਾਨੂੰ ਜੇਹਲ ਵਿਚ ਦਾਖ਼ਲ ਹੋਂਦਿਆਂ ਹੀ ਤਸੱਲੀ ਦੇ ਦਿਤੀ ਸੀ ਕਿ ਕਾਨੂੰਨ ਦੇ ਅੰਦਰ ਉਹ ਸਾਨੂੰ ਸਭ ਸਹੂਲਤਾਂ ਤੇ ਆਰਾਮ ਦੇਣਗੇ।

ਇਥੇ ਦਰੋਗੇ ਦਾ ਨੌਜਵਾਨ ਪੁਤਰ ਤੇ ਹਸਪਤਾਲ ਦਾ ਕਮਪੋਂਡਰ ਸਾਡੇ ਬੜੇ ਹਮਦਰਦ ਬਣ ਗਏ ਸਨ। ਉਹ ਕਦੀ ਕਦੀ ਅੰਦਰ ਆ ਕੇ ਸਾਡੇ ਕੋਲੋਂ ਰਾਜਸੀ ਗੱਲਾਂ ਪੁਛਦੇ ਸਨ। ਉਨ੍ਹਾਂ ਦੇ ਰਾਹੀਂ ਸਾਨੂੰ ਖੁਫੀਆ ਤੌਰ ਪੁਰ ਅਖਬਾਰ ਵੀ ਮਿਲਣ ਲੱਗ ਪਈ ਤੇ ਵਾਧੂ ਚਿੱਠੀਆਂ ਭੇਜਣ ਦਾ ਪਰਬੰਧ ਵੀ ਹੋ ਗਿਆ। ਡੇਰਾ ਗਾਜ਼ੀ ਖ਼ਾਨ ਵਿਚ ਕਾਂਗਰਸ ਕਮੇਟੀ ਵੀ ਬਣੀ ਹੋਈ ਸੀ ਤੇ ਕੌਮੀ ਜਾਗਰਤੀ ਦੀ ਹਵਾ ਇਥੇ ਪਹੁੰਚ ਚੁਕੀ ਸੀ। ਉਨ੍ਹਾਂ ਰਾਹੀਂ ਵੀ ਸਾਨੂੰ ਸੁਨੇਹੇ ਤੇ ਖਬਰਾਂ ਪੁਜਦੀਆਂ ਰਹਿੰਦੀਆਂ ਸਨ।

ਇਸੇ ਵਰ੍ਹੇ ਸ਼ਾਇਦ ਅਕਤੂਬਰ ਵਿਚ ਸਿਖ ਲੀਗ ਦਾ ਤੀਜਾ ਸਾਲਾਨਾ ਸਮਾਗਮ ਲਾਇਲਪੁਰ ਵਿਚ ਹੋਇਆ। ਮੈਂ ਖ਼ੁਫ਼ੀਆ ਤੌਰ ਤੇ ਉਭਾਰੂ ਕਵਿਤਾਵਾਂ ਅਕਾਲੀ ਨੂੰ ਭੇਜੀਆਂ ਜੋ 'ਅਕਾਲੀ ਕੂੰਜ' ਦੇ ਨਾਂ ਹੇਠਾਂ ਛਪੀਆਂ। ਸਮਾਗਮ ਦਾ ਪਰਧਾਨ ਸਰਦਾਰ ਅਮਰ ਸਿੰਘ ਝਬਾਲ ਨੂੰ ਚੁਣਿਆ ਗਿਆ। ਉਹ ਦੇਸ਼ ਭਗਤ ਗਰਮ ਧੜੇ ਦੇ ਸਿਖਾਂ ਦਾ ਲੀਡਰ ਸੀ। ਅਮਰ ਸਿੰਘ ਝਬਾਲ ਲਾਇਲ ਪੁਰ ਸਿਖ ਲੀਗ ਦੇ ਸਮਾਗਮ ਦੀ ਪਰਧਾਨਗੀ ਕਰਨ ਦੇ



Digitized by Panjab Digital Library | www.panjabdigilib.org

ਕੁਝ ਚਿਰ ਮਗਰੋਂ, ਸਾਡੀ ਮੁਲਾਕਾਤ ਲਈ ਆ ਗਿਆ। ਉਸ ਦੇ ਜੱਥੇ ਦੇ ਦੋ ਅਕਾਲੀ ਵੀ ਕੈਦ ਕਰ ਕੇ ਇਥੇ ਭੇਜੇ ਗਏ ਸਨ। ਉਨ੍ਹਾਂ ਪੁਲਸ ਵਲੋਂ ਬੜਾ ਜ਼ੋਰ ਪਾਉਣ ਤੇ ਵੀ ਮਾਫ਼ੀ ਨਹੀਂ ਮੰਗੀ ਸੀ। ਅਮਰ ਸਿੰਘ ਦਾ ਮੁਲਾਕਾਤ ਲਈ ਆਉਣਾ ਸੁਣ ਕੇ ਸਾਡੀਆਂ ਖ਼ੁਸ਼ੀਆਂ ਦੇ ਹਦ ਨਾ ਰਹੀ।

ਮੈਂ ਮਹਿਸੂਸ ਕੀਤਾ ਕਿ ਲੋਕ-ਸੈਨਾ ਦੇ ਇਕ ਸਹੀ ਜਰਨੈਲ ਵਾਂਗ ਅਮਰ ਸਿੰਘ ਵਿਚ ਆਪਣੇ ਸਿਪਾਹੀਆਂ ਨਾਲ ਕਿਤਨਾ ਪਿਆਰ ਹੈ ਤੇ ਇਨ੍ਹਾਂ ਦਾ ਕਿਤਨਾ ਫਿਕਰ ਹੈ। ਇਹੋ ਕਾਰਨ ਸੀ ਕਿ ਇਸ ਦੇ ਪਿਛੇ ਸੈਂਕੜੇ ਨੌਜਵਾਨ ਆਕਾਲੀ ਕੁਰਬਾਨ ਹੋਣ ਲਈ ਤਿਆਰ ਰਹਿੰਦੇ ਸਨ। ਮੋਰਚੇ ਸਮੇਂ ਇਹ ਸਭ ਤੋਂ ਮੁਹਰੇ ਹੁੰਦਾ ਸੀ ਤੇ ਆਮ ਹਾਲਤ ਵਿਚ ਇਹ ਸਾਥੀਆਂ ਤੇ ਭਰਾਵਾਂ ਵਾਂਗ ਗਲਵਕੜੀਆਂ ਪਾਂਦਾ ਸੀ। ਜਦੋਂ ਇਕ ਜਰਨੈਲ ਜਾਂ ਕੌਮੀ ਆਗੂ ਆਮ ਵਰਕਰਾਂ ਦੇ ਦੁਖ ਸੁਖ ਨੂੰ ਪੁਛਦਾ, ਉਨ੍ਹਾਂ ਨਾਲ ਰਲ ਮਿਲ ਕੇ ਬੈਠਦਾ ਤੇ ਉਨ੍ਹਾਂ ਨੂੰ ਆਪਣਾ ਸਾਥੀ ਜਾਂ ਭਰਾ ਸਮਝ ਕੇ ਪਿਆਰ ਕਰਦਾ ਹੈ ਤਾਂ ਵਰਕਰਾਂ ਦੇ ਹੌਸਲੇ ਚੌਣੇ ਹੋ ਜਾਂਦੇ ਹਨ ਤੇ ਉਹ ਕਿਸੇ ਵੀ ਕੁਰਬਾਨੀ ਤੋਂ ਪਿਛੇ ਨਹੀਂ ਹਟਦੇ।

ਪਰ ਜਦੋਂ ਕਿਸੇ ਜਥੇਬੰਦੀ ਜਾਂ ਪਾਰਟੀ ਦੇ ਆਗੂਆਂ ਵਿਚ ਆਪਣੇ ਅਹੁਦੇ ਦਾ ਹੰਕਾਰ ਆ ਜਾਂਦਾ ਹੈ, ਉਸ ਦੀ ਤਬੀਅਤ ਤੇ ਸੁਭਾ ਵਿਚ ਨਵਾਬੀ ਤੇ ਸਰਦਾਰੀ ਆ ਜਾਗਦੀ ਹੈ ਤਾਂ ਉਹ ਉਚਾ ਉਚਾ ਤੇ ਵਖਰਾ ਵਖਰਾ ਰਹਿਣ ਸਹਿਣ ਲਗਦਾ ਹੈ ਅਤੇ ਉਹ ਵਰਕਰਾਂ ਦੀ ਪਰਵਾਹ ਕਰਨੀ ਛਡ ਦੇਂਦਾ ਹੈ। ਉਹ ਵਰਕਰਾਂ ਦੇ ਦੁਖਾਂ, ਸੁਖਾਂ ਤੇ ਮਨੋਭਾਵਾਂ ਦੀ ਪ੍ਰਵਾਹ ਹੀ ਨਹੀਂ ਕਰਦਾ। ਉਹ ਭੁਲ ਜਾਂਦਾ ਹੈ ਕਿ ਮੈਨੂੰ ਆਗੂ ਬਨਾਉਣ ਵਾਲੇ ਇਹ ਵਰਕਰ ਹੀ ਹਨ। ਨਤੀਜਾ ਇਹ ਨਿਕਲਦਾ ਕਿ ਲੀਡਰਸ਼ਿਪ ਵਿਚ ਪੈਦਾ ਹੋਏ ਹੋਏ ਇਹ ਔਗੁਣ ਜਥੇਬੰਦੀ, ਪਾਰਟੀ ਅਤੇ ਰਾਜਸੀ ਲਹਿਰ ਨੂੰ ਬਹੁਤ ਨੁਕਸਾਨ



Digitized by Panjab Digital Library | www.panjabdigilib.org

ਪਹੁੰਚਾ ਦੇਂਦੇ ਹਨ।

ਅਕਾਲੀ ਲਹਿਰ ਵਿਚ ਓਦੋਂ ਅਮਰ ਸਿੰਘ ਝਬਾਲ ਵਰਗੇ ਕਈ ਆਗੂ ਆਪਣੇ ਜਥਿਆਂ ਦੇ ਮੈਂਬਰਾਂ ਨਾਲ ਭਰਾਵਾਂ ਤੇ ਸਾਥੀਆਂ ਵਾਂਗ ਪਿਆਰ ਕਰਨ ਵਾਲੇ ਸਨ, ਜਿਨ੍ਹਾਂ ਨੇ ਅਕਾਲੀ ਲਹਿਰ ਨੂੰ ਸਫਲ ਬਨਾਉਣ ਵਿਚ ਬੜਾ ਹਿਸਾ ਪਾਇਆ ਸੀ।

ਅਮਰ ਸਿੰਘ ਬੜੇ ਪ੍ਰੇਮ ਨਾਲ ਸਾਨੂੰ ਸਾਰਿਆਂ ਨੂੰ ਮਿਲਿਆ। ਕੁਝ ਸੁਗਾਤਾਂ ਦੇ ਗਿਆ ਅਤੇ ਸਭ ਤੋਂ ਵਧ ਸਾਡੇ ਸਾਰਿਆਂ ਦੇ ਦਿਲ ਵਿਚ ਕੁਰਬਾਨੀ ਤੇ ਦੇਸ਼ ਸੇਵਾ ਦੇ ਉਤਸ਼ਾਹ ਦੇ ਹੁਲਾਰੇ ਦੇ ਗਿਆ। ਮੇਰੇ ਜੇਹਲ ਵਿਚ ਹੁੰਦਿਆਂ ਬਾਹਰ ਕਈ ਤਬਦੀਲੀਆਂ ਹੋ ਗਈਆਂ। ਜੁਲਾਈ ੧੯੨੧ ਵਿਚ ਸ਼੍ਰੋ: ਗੁ: ਕਮੇਟੀ ਦੀ ਬਾਕਾਇਦਾ ਨਵੀਂ ਚੋਣ ਹੋ ਗਈ। ੨੭ ਅਗਸਤ ਨੂੰ ਮੀਟਿੰਗ ਵਿਚ ਸਰਦਾਰ ਖੜਕ ਸਿੰਘ ਪ੍ਰਧਾਨ ਤੇ ਸ. ਬ. ਮਹਿਤਾਬ ਸਿੰਘ ਸਕੱਤਰ ਚੁਣੇ ਗਏ। ਕਈ ਹੋਰ ਗੁਰਦੁਆਰਿਆਂ ਪੁਰ ਕਬਜ਼ਾ ਵੀ ਹੋ ਗਿਆ ਸੀ।

ਸਭ ਤੋਂ ਵਡੀ ਘਟਨਾ ਚਾਬੀਆਂ ਦਾ ਮੋਰਚਾ ਸੀ, ਜਿਸ ਦੀ ਸ਼ਾਨਦਾਰ ਜਿਤ ਨੇ ਸ਼੍ਰੋਮਣੀ ਕਮੇਟੀ ਦਾ ਅਸਰ ਰਸੂਖ ਬਹੁਤ ਵਧਾ ਦਿਤਾ ਅਤੇ ਅਕਾਲੀ ਲਹਿਰ ਵਿਚ ਜੋਸ਼ ਤੇ ਉਤਸ਼ਾਹ ਭਰ ਦਿਤਾ। ਸਾਰੀ ਗਲ ਮੈਨੂੰ ਓਦੋਂ ਪਤਾ ਲਗੀ ਜਦੋਂ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਸ. ਬ. ਮਹਿਤਾਬ ਸਿੰਘ ਆਦਿਕ ਕਈ ਲੀਡਰ ਅਖੀਰ ਨਵੰਬਰ ਵਿਚ ਛੇ ਛੇ ਮਹੀਨੇ ਦੀ ਕੈਦ ਲੈ ਕੇ ਡੇਹਰਾ ਗਾਜ਼ੀ ਖਾਨ ਜੇਹਲ ਵਿਚ ਪਹੁੰਚ ਗਏ।

ਗਲ ਇਸ ਤਰ੍ਹਾਂ ਹੋਈ ਕਿ ਨਵੀਂ ਸ਼੍ਰੋ: ਗੁ: ਕਮੇਟੀ ਨੇ ੨੯ ਅਕਤੂਬਰ ਦੀ ਐਗਜ਼ੈਕਟਿਵ ਦੀ ਮੀਟਿੰਗ ਵਿਚ ਫ਼ੈਸਲਾ ਕੀਤਾ ਕਿ ਦਰਬਾਰ ਸਾਹਿਬ ਤੇ ਇਸ ਦੇ ਨਾਲ ਸਬੰਧਤ ਗੁਰਦੁਆਰਿਆਂ ਦੀਆਂ ਚਾਬੀਆਂ ਪ੍ਰਧਾਨ ਸ਼੍ਰੋ: ਗੁ: ਕਮੇਟੀ ਦੇ



Digitized by Panjab Digital Library | www.panjabdigilib.org

ਕਬਜ਼ੇ ਰਹਿਣੀਆਂ ਚਾਹੀਦੀਆਂ ਹਨ। ਇਹ ਚਾਬੀਆਂ ਇਸ ਸਮੇਂ ਸ. ਸੁੰਦਰ ਸਿੰਘ ਰਾਮਗੜ੍ਹੀਆ ਪਾਸ ਸਨ। ਇਸ ਦੀ ਪੋਜ਼ੀਸ਼ਨ ਦੋਹਰੀ ਸੀ। ਸਰਕਾਰ ਨੇ ਇਸ ਨੂੰ ਸਰਬਰਾਹ ਮੁਕਰਰ ਕੀਤਾ ਸੀ। ਫਿਰ ੩੬ ਮੈਂਬਰਾਂ ਦੀ ਸਰਕਾਰੀ ਕਮੇਟੀ ਵਿਚ ਵੀ ਇਸ ਦਾ ਨਾਂ ਸੀ। ਸ਼੍ਰੋ: ਗੁਰਦੁਆਰਾ ਕਮੇਟੀ ਨੇ ਇਹ ੩੬ ਮੈਂਬਰ ਆਪਣੇ ਵਿਚ ਸ਼ਾਮਲ ਕਰ ਲਏ ਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਦਰਬਾਰ ਸਾਹਿਬ ਦਾ ਸਕੱਤ੍ਰ ਮੁਕਰਰ ਕਰ ਦਿਤਾ ਸੀ, ਉਹ ਖੁਸ਼ੀ ਖੁਸ਼ੀ ਮੰਨ ਗਿਆ ਸੀ। ਸਰਕਾਰ ਇਹ ਸੋਚ ਕੇ ਬਰਦਾਸ਼ਤ ਕਰ ਗਈ ਕਿ ਸੁੰਦਰ ਸਿੰਘ ਕੋਈ ਬਿਗਾਨਾ ਆਦਮੀ ਨਹੀਂ। ਹੁਣ ਜਦ ਸ਼੍ਰੋ: ਕਮੇਟੀ ਨੇ ਆਪਣੇ ਪ੍ਰਧਾਨ ਸਰਦਾਰ ਖੜਕ ਸਿੰਘ ਦੇ ਕਬਜ਼ੇ ਵਿਚ ਚਾਬੀਆਂ ਦੇਣ ਦਾ ਫੈਸਲਾ ਕੀਤਾ ਤਾਂ ਹਕੂਮਤ ਨੂੰ ਪਿਸੂ ਪਏ। ਇਹ ਦੋ ਟੁਕ ਫੈਸਲਾ ਹੋਣ ਵਾਲੀ ਗਲ ਸੀ ਕਿ ਦਰਬਾਰ ਸਾਹਿਬ ਦਾ ਅਸਲ ਪ੍ਰਬੰਧਕ ਕੌਣ ਹੈ ? ਡਿਪਟੀ ਕਮਿਸ਼ਨਰ ਨੇ ਲਾਲਾ ਅਮਰ ਨਾਥ ਈ.ਏ. ਸੀ. ਨੂੰ ਹੁਕਮ ਦਿਤਾ ਕਿ ਉਹ ਸੁੰਦਰ ਸਿੰਘ ਤੋਂ ਜਾਕੇ ਚਾਬੀਆਂ ਲੈ ਆਵੇ। ੭ ਨਵੰਬਰ ਨੂੰ ਉਹ ਚਾਬੀਆਂ ਲੈ ਗਿਆ, ਜਿਸ ਪੁਰ ਸਰਕਾਰ ਦੀ ਇਸ ਕਾਰਵਾਈ ਵਿਰੁਧ ਸਿੱਖਾਂ ਵਿਚ ਨਾਰਾਜ਼ਗੀ ਵਧ ਗਈ ਤੇ ਜ਼ੋਰਦਾਰ ਅੰਦੋਲਨ ਸ਼ੁਰੂ ਹੋ ਗਿਆ।

੧੫ ਨਵੰਬਰ ੧੯੨੧ ਨੂੰ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਸੀ। ਨਵਾਂ ਸਰਕਾਰੀ ਸਰਬਰਾਹ ਕਪਤਾਨ ਬਹਾਦਰ ਸਿੰਘ ਚਾਬੀਆਂ ਲੈ ਕੇ ਜਲੌ ਲਾਉਣ ਆਇਆ। ਸੰਗਤਾਂ ਨੇ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਉਸ ਨੂੰ ਦਖਲ ਨਾ ਦੇਣ ਦਿਤਾ। ਜਲੌ ਨਾ ਲਗਾ। ਸੰਗਤਾਂ ਨੂੰ ਬਹੁਤ ਦੁਖ ਤੇ ਮਾਯੂਸੀ ਹੋਈ। ਅਕਾਲੀ ਲਹਿਰ ਦੇ ਉਭਾਰ ਅਗੇ ਬਹਦਾਰ ਸਿੰਘ ਨਿਉਂ ਗਿਆ। ਸਰਬਰਾਹੀ ਤੋਂ ਅਸਤੀਫਾ ਦੇ ਕੇ ਮਾਫੀ ਮੰਗ ਲਈ। ਅੰਦੋਲਨ



Digitized by Panjab Digital Library | www.panjabdigilib.org

ਹੋਰ ਤੇਜ਼ ਹੋ ਗਿਆ।

ਦਫਾ ੧੪੪ ਲਾ ਦਿਤੀ ਗਈ ਪਰ ਸ੍ਰਕਾਰ ਵਲੋਂ ਆਪਣੇ ਜਲਸੇ ਕਰਕੇ ਅਕਾਲੀਆਂ ਨੂੰ ਭੰਡਣ ਅਤੇ ਆਪਣੇ ਆਪ ਨੂੰ ਦਰੁਸਤ ਸਾਬਤ ਕਰਨ ਦੀ ਮੁਹਿੰਮ ਆਰੰਭ ਦਿਤੀ ਗਈ। ੨੯ ਨਵੰਬਰ ਨੂੰ ਅਜਨਾਲੇ ਵਿਚ ਜਲਸਾ ਕਰ ਕੇ ਚਾਬੀਆਂ ਬਾਰੇ ਡੀ. ਸੀ. ਨੇ ਲੈਕਚਰ ਕੀਤਾ। ਸ਼੍ਰੋ:ਗੁ: ਕਮੇਟੀ ਦੇ ਮੈਂਬਰਾਂ ਨੇ ਜਵਾਬ ਦੇਣ ਦੀ ਆਗਿਆ ਮੰਗੀ। ਇਨਕਾਰ ਕੀਤਾ ਗਿਆ। ਉਨ੍ਹਾਂ ਵਖਰਾ ਜਲਸਾ ਲਗਾ ਦਿਤਾ ਪਰ ਬਿਨਾ ਕਿਸੇ ਸਪੀਚ ਦੇ ਹੀ ਸ਼੍ਰੋ: ਗੁ: ਕਮੇਟੀ ਦੇ ਲੀਡਰ ਫੜ ਕੇ ਛੇ ਛੇ ਮਹੀਨੇ ਕੈਦ ਤੇ ਹਜ਼ਾਰ ਹਜ਼ਾਰ ਰੁਪਿਆ ਜਰਮਾਨਾ ਦੀ ਸਜ਼ਾ ਦੇ ਕੇ ਜੇਹਲ ਭੇਜ ਦਿਤੇ ਗਏ। ਹੁਣ ਤਾਂ ਸਾਰੇ ਪੰਜਾਬ ਵਿਚ ਅੰਦੋਲਨ ਦੇ ਭਾਂਬੜ ਬਲ ਉਠੇ। ਆਖਰ ਹਕੂਮਤ ਆਪਣੀ ਪੋਜ਼ੀਸ਼ਨ ਕਮਜ਼ੋਰ ਵੇਖ ਕੇ ਝੁਕ ਗਈ। ਅਸਲ ਵਿਚ ਉਹ ਗੁਰਦਆਰਾ ਸੁਆਲਪੁਰ ਸਿਧੀ ਟਕਰ ਲੈਣ ਦੀ ਬਜਾਏ ਮਹੰਤਾਂ ਦੇ ਮੋਢੇ ਤੇ ਬੰਦੂਕ ਰਖ ਕੇ ਦਲਾਣਾ ਚਾਹੁੰਦੀ ਸੀ।

ਚਾਬੀਆਂ ਦੇ ਮੋਰਚੇ ਵਿਚ ਫੜੇ ਗਏ ੧੫੦ ਅਕਾਲੀ ਰਿਹਾ ਕਰ ਦਿਤੇ ਗਏ। ਅਤੇ ਹਕੂਮਤ ਵਲੋਂ ੧੯ ਜਨਵਰੀ ਨੂੰ ਚਾਬੀਆਂ ਦਰਬਾਰ ਸਾਹਿਬ ਵਿਚ ਸਰਦਾਰ ਸਾਹਿਬ ਖੜਕ ਸਿੰਘ ਜੀ ਦੇ ਹਵਾਲੇ ਕੀਤੀਆਂ ਗਈਆਂ।

ਜਦੋਂ ਚਾਬੀਆਂ ਵਿਚ ਫੜੇ ਗਏ ਲੀਡਰ ਡੇਹਰਾ ਗਾਜ਼ੀ-ਖਾਨ ਜੇਹਲ ਵਿਚ ਪਹੁੰਚੇ ਤਾਂ ਇਥੇ ਰੌਣਕਾਂ ਲਗ ਗਈਆਂ ਪਰ ਮੇਰੀ ਤੇ ਸ: ਪ੍ਰਤਾਪ ਸਿੰਘ ਦੀ ਕੈਦ ਹੁਣ ਪੂਰੀ ਹੋ ਚੁਕੀ ਸੀ। ਉਸੇ ਦਿਨ ਹੀ ਮਾਸਟਰ ਸੁੰਦਰ ਸਿੰਘ ਤੋਂ "ਅਕਾਲੀ" ਸਬੰਧੀ ਜ਼ਰੂਰੀ ਸੁਨੇਹੇ ਲੈ ਕੇ ਆਪਣੀ ਥਾਂ ਅਕਾਲੀ ਲੀਡਰਾਂ ਦੇ ਸਪੁਰਦ ਕਰ ਕੇ ਅਸੀਂ ਰਿਹਾ ਹੋ ਕੇ ਆ ਗਏ। ਬਾਹਰ ਡੇਰਾ ਗਾਜ਼ੀ ਖਾਨ ਦੀ ਕਾਂਗ੍ਰਸ ਕਮੇਟੀ ਨੇ ਸਾਡਾ ਦਿਲੋਂ ਮਨੋ ਸੁਆਗਤ ਕੀਤਾ। ਲਾਹੌਰ ਪਹੁੰਚਦਿਆਂ ਹੀ ਮੈਂ ਫਿਰ ਅਕਾਲੀ ਦੀ ਐਡੀਟਰੀ ਦਾ ਚਾਰਜ ਲੈ ਲਿਆ।

---

Digitized by Panjab Digital Library | www.panjabdigilib.org

# ਮੇਰੀ ਮਲਾਇਆ ਯਾਤਰਾ

ਮੇਰੇ ਦਿਲ ਵਿਚ ਪ੍ਰਦੇਸ ਯਾਤਰਾ ਦਾ ਦਾਉ ਬਚਪਨ ਤੋਂ ਹੀ ਉਛਾਲੇ ਮਾਰਦਾ ਰਹਿੰਦਾ ਸੀ ਪਰ ਆਰਥਕ ਰੁਕਾਵਟਾਂ ਤੇ ਘਰੋਗੀ ਬੰਧਨਾਂ ਨੇ ਮੈਨੂੰ ਜਵਾਨੀ ਢਲਣ ਦੀ ੪੮ ਸਾਲ ਦੀ ਉਮਰ ਤਕ ਹਿੰਦੁਸਤਾਨ ਤੋਂ ਬਾਹਰ ਪੈਰ ਧਰਨ ਦਾ ਮੌਕਾ ਨਾ ਦਿਤਾ। ਸੈਲਾਨੀ ਤਬੀਅਤ ਹੋਣ ਕਰਕੇ ਅਤੇ "ਫੁਲਵਾੜੀ" ਦੀ ਜਾਣ ਪਛਾਣ ਦੀ ਸਹਾਇਤਾ ਨਾਲ ਮੈਂ ਹਿੰਦੁਸਤਾਨ ਦੇ ਲਗ ਪਗ ਸਭ ਵਡੇ ਵਡੇ ਸ਼ਹਿਰਾਂ ਦੀ ਸੈਰ ਕਰ ਲਈ ਸੀ ਪਰ ਬਰੁਮਾ, ਮਲਾਇਆ, ਸਿਆਮ, ਕਨੇਡਾ, ਅਮਰੀਕਾ ਆਦਿ ਪ੍ਰਦੇਸਾਂ ਦੀ ਯਾਤਰਾ ਦੀ ਸੱਧਰ ਮੇਰੇ ਦਿਲ ਦੀ ਕੋਠੜੀ ਵਿਚ ਇਕ ਕੈਦੀ ਵਾਂਗ ਬੰਦੀਵਾਨ ਬਣੀ ਤੜਫਦੀ ਰਹਿੰਦੀ ਸੀ। ਮੇਰੀ ਆਰਥਕ ਤੇ ਸਮਾਜਕ ਅਵਸਥਾ ਅਜਿਹੀ ਨਹੀਂ ਸੀ ਕਿ ਮਨ ਵਿਚ ਉਬਾਲ ਉਠਦਿਆਂ ਹੀ, ਜਦ ਤੇ ਜਿਧਰ ਨੂੰ ਮੈਂ ਚਾਹਵਾਂ ਉਠ ਤੁਰਾਂ ਅਤੇ ਜੋ ਚਾਹਵਾਂ ਕਰ ਲਵਾਂ।

ਮੈਂ ਆਪਣੇ ਹਾਲਾਤ ਦਾ ਮੁਥਾਜ ਸੀ। ੧੯੩੭ ਵਿਚ ਨਵੇਂ ਇੰਡੀਆ ਐਕਟ ਮੁਤਾਬਕ ਕਾਂਗਰਸ ਨੇ ਪਹਿਲੀ ਵੇਰ ਪੰਡਤ ਜਵਾਹਰ ਲਾਲ ਜੀ ਦੀ ਰਹਿਨੁਮਾਈ ਵਿਚ ਚੋਣਾਂ ਲੜੀਆਂ ਅਤੇ, ਪ੍ਰਾਂਤਾਂ ਵਿਚ ਸ਼ਾਨਦਾਰ ਜਿੱਤਾਂ ਪ੍ਰਾਪਤ ਕਰ ਲਈਆਂ। ਜਿਥੇ ਜਿਥੇ ਬਹੁ-ਸੰਮਤੀ ਪ੍ਰਾਪਤ ਕੀਤੀ ਉਥੇ ਉਥੇ ਕਾਂਗਰਸੀ ਹਕੂਮਤਾਂ ਵੀ ਬਣਾ ਲਈਆਂ ਗਈਆਂ। ਇਨ੍ਹਾਂ ਦਿਨਾਂ ਵਿਚ ਕਾਂਗਰਸ ਦਾ ਇਕ ਉਘਾ ਵਰਕਰ ਹੋਣ ਕਰ ਕੇ ਚੋਣ



Digitized by Panjab Digital Library | www.panjabdigilib.org

ਘੋਲ ਵਿਚ ਮੈਂ ਸਰਗਰਮ ਹਿੱਸਾ ਲਿਆ ਸੀ, ਚੋਣਾਂ ਦੀ ਜਿੱਤ ਦੀ ਖ਼ੁਸ਼ੀ ਨੇ ਮੇਰੇ ਦਿਲ ਵਿਚ ਉਛਾਲਾ ਮਾਰਿਆ ਕਿ ਇਸ ਵਾਰੀ ਕਿਸੇ ਨ ਕਿਸੇ ਪ੍ਰਦੇਸ ਦੀ ਜ਼ਰੂਰ ਯਾਤਰਾ ਕਰਾਂ ਅਤੇ ਪ੍ਰਦੇਸ ਵਾਸੀ ਭਰਾਵਾਂ ਨੂੰ ਇਕ ਤਾਂ ਕੌਮੀ ਜਿੱਤ ਦੇ ਪ੍ਰਸੰਨਤਾ ਭਰੇ ਸੰਦੇਸੇ ਸੁਣਾਵਾਂ, ਦੂਜੇ ਪ੍ਰਦੇਸ ਵਾਸੀ ਹਿੰਦੀ ਵੀਰਾਂ ਦੇ ਹਾਲ ਅਪਣੀ ਅਖੀਂ ਵੇਖ ਕੇ ਉਨ੍ਹਾਂ ਦੀਆਂ ਤਕਲੀਫਾਂ ਤੇ ਮੰਗਾਂ ਨੂੰ ਸਮਝਾਂ ਤੇ ਫੁਲਵਾੜੀ ਦੀ ਵੀ ਮਹਿਕ ਖਿੰਡਾਵਾਂ।

ਸਬੱਬ ਅਜਿਹਾ ਬਣ ਗਿਆ ਕਿ ਗਿਆਨੀ ਹਰਬੰਸ ਸਿੰਘ ਮੇਰਾ ਸੈਲਾਨੀ ਮਿੱਤਰ ਖਾਲਸਾ ਹਾਈ ਸਕੂਲ ਕੈਰੋਂ ਦੀ ਉਗਰਾਹੀ ਕਰਨ ਲਈ ਮਲਾਇਆ ਗਿਆ ਹੋਇਆ ਸੀ। ਉਸ ਦੀਆਂ ਚਿੱਠੀਆਂ ਮੈਨੂੰ ਨਿੱਤ ਆਉਂਦੀਆਂ ਰਹਿੰਦੀਆਂ ਸਨ। ਉਸ ਨੇ ਲਿਖਿਆ ਸੀ ਕਿ ਬਾਬੂ ਬੁਧ ਸਿੰਘ ਜੀ ਕੁਆਲਾ ਲੰਪਰ, ਡਾਕਟਰ ਜਗਤ ਸਿੰਘ ਪੀਨਾਂਗ ਤੇ ਬਾਬੂ ਚੰਦਾ ਸਿੰਘ ਭਸੌੜੀਏ ਕੁਆਲਾ ਲੰਪਰ ਵਾਲੇ ਆਦਿਕ ਕਈ ਸਜਣ 'ਫੁਲਵਾੜੀ' ਰਾਹੀਂ ਮੇਰੇ ਬੜੇ ਪ੍ਰਸੰਸਕ ਬਣੇ ਹੋਏ ਹਨ ਤੇ ਬੜੇ ਚਾਹਵਾਨ ਹਨ ਕਿ ਇਕ ਵੇਰਾਂ ਮੈਂ ਵੀ ਮਲਾਇਆ ਯਾਤਰਾ ਕਰਕੇ ਉਨ੍ਹਾਂ ਨਾਲ ਪ੍ਰੇਮ ਮਿਲਣੀਆਂ ਕਰਾਂ।

ਮਲਾਇਆ ਪ੍ਰਦੇਸ ਅਮਰੀਕਾ ਕਨੇਡਾ ਨਾਲੋਂ ਬਹੁਤ ਨੇੜੇ ਵੀ ਹੈ ਤੇ ਇਥੋਂ ਦਾ ਪਾਸ ਪੋਰਟ ਵੀ ਨਹੀਂ ਸੀ। ਇਸ ਵਾਸਤੇ ਮੈਂ ਤੁਰਤ ਮਲਾਇਆ ਜਾਣ ਦਾ ਫੈਸਲਾ ਕਰਕੇ ਤਿਆਰੀ ਆਰੰਭ ਦਿਤੀ।

ਦਸੰਬਰ ੧੯੩੭ ਦੇ ਆਖਰੀ ਹਫਤੇ ਵਿਚ ਮੈਂ ਕਲਕਤੇ ਪਹੁੰਚ ਗਿਆ ਹਫਤਾ ਕੁ ਕਲਕਤੇ ਦੀ ਸੈਰ ਕੀਤੀ। ਕਈ ਪੁਰਾਣੇ ਜੇਲ੍ਹ ਸਾਥੀ ਵੀ ਮਿਲੇ। ਇਥੇ ਵੀ ਮਲਾਇਆ ਤੋਂ ਖਤ ਤੇ ਸਦੇ ਪਹੁੰਚੇ। ਮੈਂ ਖਾਲਸਾ ਸ਼ਿਪਿੰਗ ਏਜੰਸੀ ਹੈਰੀਸਨ



Digitized by Panjab Digital Library | www.panjabdigilib.org

ਰੋਡ ਦੇ ਦਫਤਰ ਵਿਚ ਸਰਦਾਰ ਹਰੀ ਸਿੰਘ ਨੂੰ ਜਾ ਮਿਲਿਆ। ਇਨ੍ਹਾਂ ਦੀ ਸਪੁਤਰੀ ਬੀਬੀ ਅਮਰ ਕੌਰ ਮੇਰੀ ਚੰਗੀ ਜਾਣੂ ਪਛਾਣੂ ਸੀ। ਉਹ ਕਵਿਤਾ ਵੀ ਲਿਖਦੀ ਸੀ। ਇਹ ਪ੍ਰਸਿੱਧ ਪੁਰਾਣੇ ਅਖਬਾਰ-ਨਵੀਸ ਭਾਈ ਜੀਵਨ ਸਿੰਘ ਐਡੀਟਰ "ਖਾਲਸਾ ਸੇਵਕ" ਦੀ ਸਪੁਤਰੀ ਸੀ। ਕਵੀ ਤੇ ਲੇਖਕ ਹੋਣ ਕਰਕੇ ੧੯੧੨ ਤੋਂ ਮੇਰਾ ਭਾਈ ਜੀਵਨ ਸਿੰਘ ਨਾਲ ਸੰਬੰਧ ਬਣ ਗਿਆ ਸੀ। ਅਮਰ ਕੌਰ ਨੇ ਅਪਣੇ ਸੁਰਗਵਾਸੀ ਪਿਤਾ ਦਾ ਮਿਤ੍ਰ ਹੋਣ ਕਰਕੇ ਵੀ ਮੇਰੇ ਨਾਲ ਬੜਾ ਸਨੇਹ ਪ੍ਰਗਟ ਕੀਤਾ। ਇਨ੍ਹਾਂ ਪਾਸੋਂ ਤਸੱਲੀ ਭਰਪੂਰ ਜਹਾਜ਼ੀ ਵਾਕਫੀ ਤੇ ਪਰੋਗਰਾਮ ਦਾ ਪਤਾ ਲਗ ਗਿਆ। ਉਨ੍ਹਾਂ ਦਸਿਆ ਕਿ ਇਹ ਮੌਸਮ ਬੜਾ ਚੰਗਾ ਤੇ ਸਫ਼ਰ ਦੇ ਅਨੁਕੂਲ ਹੈ। ਇਨ੍ਹੀਂ ਦਿਨੀਂ ਸਮੁੰਦਰ ਵਿਚ ਤੂਫਾਨ ਦਾ ਕੋਈ ਖਤਰਾ ਨਹੀਂ। ੨੬ ਦਸੰਬਰ ਨੂੰ ਬ੍ਰਿਟਿਸ਼ ਨੈਵੀਗੇਸ਼ਨ ਸਟੀਮਰਸ਼ਿਪ ਕੰਪਨੀ ਦਾ ਇਕ ਚੰਗਾ ਜਹਾਜ਼ ਐਸ. ਐਸ. ਈਗਰਾ ਬਰਮਾ ਜਾਣ ਵਾਲਾ ਹੈ। ਰੰਗੂਨ ਪਹੁੰਚਦਿਆਂ ਹੀ ਦੂਜੇ ਦਿਨ ਮਲਾਇਆ ਦਾ ਜਹਾਜ਼ ਮਿਲ ਜਾਏਗਾ। ੳਨ੍ਹਾਂ ਦੀ ਸਲਾਹ ਮੰਨ ਕੇ ਮੈਂ ਉਸੇ ਵੇਲੇ ੩੧ ਰੁਪਏ ਦੇ ਕੇ ਪੀਨਾਂਗ ਦਾ ਡੈੱਕ ਦਾ ਟਿਕਟ ਲੈ ਲਿਆ। ਸੈਕੰਡ ਕਲਾਸ ਪੁਰ ਦੁਗਣਾ ਖਰਚ ਕਰਨਾ ਤੇ ਆਮ ਮੁਸਾਫਰਾਂ ਤੋਂ ਨਿਖੜ ਕੇ ਤਿਆਗੀ ਜਿਹਾ ਹੋ ਬੈਠਣਾ ਮੈਨੂੰ ਪਸੰਦ ਨਹੀਂ ਸੀ। ਮੈਂ ਆਮ ਲੋਕਾਂ ਵਿਚ ਵਿਚਰਨਾ ਤੇ ਉਨ੍ਹਾਂ ਦੀਆਂ ਗਲਾਂ ਸੁਣਨੀਆਂ ਵਧੇਰੇ ਪਸੰਦ ਕਰਦਾ ਸੀ। ਮੈਂ ਮਲਾਇਆ ਦੇ ਸਜਨਾਂ ਮਿੱਤਰਾਂ ਨੂੰ ਆਪਣੇ ਆਉਣ ਦੀਆਂ ਹਵਾਈ ਡਾਕ ਰਾਹੀਂ ਚਿਠੀਆਂ ਵੀ ਪਾ ਦਿਤੀਆਂ ਸਨ।

੨੬ ਜਨਵਰੀ ਨੂੰ ਕਲਕੱਤੇ ਤੋਂ ਸੁਆਰ ਹੋ ਕੇ, ਇਕ ਦਿਨ ਰਸਤੇ ਵਿਚ ਰੰਗੂਨ ਠਹਿਰਦਾ ਹੋਇਆ ਮੈਂ ੯ ਦਿਨਾਂ ਮਗਰੋਂ



Digitized by Panjab Digital Library | www.panjabdigilib.org

੨ ਜਨਵਰੀ ਨੂੰ ਪੀਨਾਂਗ ਖਾੜੀ ਵਿਚ ਪਹੁੰਚਗਿਆ। ਸਮੁੰਦਰੀ ਸਫ਼ਰ ਵਿਚ ਕਈ ਮੁਸਾਫ਼ਰਾਂ ਦਾ ਦਿਲ ਕੱਚਾ ਹੋ ਕੇ ਕੈਆਂ ਆਉਣ ਲੱਗ ਪੈਂਦੀਆਂ ਹਨ ਤੇ ਬੜਾ ਬੁਰਾ ਹਾਲ ਹੁੰਦਾ ਹੈ। ਮੈਂ ਕਲਕੱਤੇ ਤੋਂ ਚਲਣ ਸਮੇਂ ਹੀ ਨਿੰਬੂ ਸੰਗਤਰੇ, ਕੇਲੇ ਤੇ ਕੁਝ ਬਿਸਕੁਟ ਆਦਿ ਸਾਮਾਨ ਖ਼ਰੀਦ ਲਿਆ ਸੀ ਅਤੇ ਰਾਹ ਵਿਚ ਮਾੜਾ ਜਿਹਾ ਤੂਫ਼ਾਨ ਵੀ ਆ ਗਿਆ ਸੀ, ਪਰ ਮੇਰਾ ਸਫ਼ਰ ਬੜੇ ਆਰਾਮ ਨਾਲ ਕਟਿਆ ਗਿਆ। ਮੈਂ ਡੈੱਕ ਉਪਰ ਜਹਾਜ਼ ਦੇ ਕਿਨਾਰੇ ਕਿਨਾਰੇ ਫਿਰ ਕੇ ਸਮੁੰਦਰੀ ਨਜ਼ਾਰੇ ਵੇਖ ਕੇ ਬੜੀ ਪ੍ਰਸੰਨਤਾ ਮਹਿਸੂਸ ਕਰਦਾ ਸਾਂ।

ਡੈਕ ਦੇ ਮੁਸਾਫ਼ਰਾਂ ਨੂੰ ਨਾ-ਵਾਕਫ਼ੀ ਦੇ ਕਾਰਨ ਜਹਾਜ਼ ਤੋਂ ਉਤਰਨ ਸਮੇਂ ਕਈ ਤਰ੍ਹਾਂ ਦੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ। ਡਾਕਟਰ ਜਗਤ ਸਿੰਘ ਜੀ ਨੇ ਪੀਨਾਂਗ ਵਿਚ ਅਜਿਹਾ ਪ੍ਰਬੰਧ ਕੀਤਾ ਹੋਇਆ ਸੀ ਕਿ ਪੰਜਾਬੀ ਮੁਸਾਫ਼ਰਾਂ ਦੀ ਆਪ ਜ਼ਿਮੇਂਵਾਰੀ ਲੈ ਕੇ ਉਤਾਰ ਕੇ ਸੰਭਾਲ ਲੈਂਦੇ ਸਨ ਅਤੇ ਫਿਰ ਮਲਾਇਆ ਵਿਚੋਂ ਉਸ ਦੇ ਕਿਸੇ ਮਿੱਤਰ ਜਾਂ ਰਿਸ਼ਤੇਦਾਰ ਨੂੰ ਮੰਗਾ ਕੇ ਉਸ ਦੇ ਸਪੁਰਦ ਕਰ ਦੇਂਦੇ ਸਨ।

ਜਹਾਜ਼ ਉਤੇ ਪੁਛ ਪੜਤਾਲ ਤੇ ਡਾਕਟਰੀ ਮੁਆਇਨਾ ਸ਼ੁਰੂ ਹੀ ਹੋਇਆ ਸੀ ਕਿ ਪੀਨਾਂਗ ਗੁਰਦੁਆਰੇ ਦਾ ਸਕੱਤਰ ਭਾ: ਜੋਧ ਸਿੰਘ ਮੈਨੂੰ ਲੈਣ ਲਈ ਆ ਗਿਆ ਤੇ ਬੜੇ ਆਰਾਮ ਤੇ ਸਤਿਕਾਰ ਨਾਲ ਮੈਨੂੰ ਪੀਨਾਂਗ ਗੁਰਦੁਆਰੇ ਵਿਚ ਲੈ ਗਿਆ।

ਜਹਾਜ਼ ਦੇ ਵਿਚੋਂ ਹੀ ਪੀਨਾਂਗ ਦੀ ਝਾਕੀ ਬੜੀ ਸੁੰਦਰ ਤੇ ਮਨ-ਮੋਹਣੀ ਦਿਸ ਰਹੀ ਸੀ ਪਰ ਜਦ ਮੈਂ ਸ਼ਹਿਰ ਵਿਚ ਦਾਖ਼ਲ ਹੋਇਆ ਤਾਂ ਇਸ ਦੀ ਸਫ਼ਾਈ, ਸੁੰਦਰਤਾ, ਸੁੰਦਰ ਬਿਲਡਿੰਗਾਂ ਤੇ ਸਜਾਵਟ ਵੇਖ ਕੇ ਦੰਗ ਰਹਿ ਗਿਆ। ਹਿੰਦੁਸਤਾਨ ਦਾ ਕੋਈ ਸ਼ਹਿਰ ਇਸ ਦੀ ਸੁੰਦਰਤਾ ਦਾ ਟਾਕਰਾ ਨਹੀਂ ਕਰ ਸਕਦਾ



Digitized by Panjab Digital Library | www.panjabdigilib.org

ਬਲਕਿ ਏਸ਼ੀਆ ਵਿਚ ਇਸ ਦੀ ਗਿਣਤੀ ਸਭ ਤੋਂ ਸੁੰਦਰ ਸ਼ਹਿਰਾਂ ਵਿਚੋਂ ਕੀਤੀ ਜਾਂਦੀ ਹੈ। ਕਈ ਤਾਂ ਪੀਨਾਂਗ ਨੂੰ ਏਸ਼ੀਆ ਦਾ ਵੀਨਸ ਕਹਿੰਦੇ ਹਨ।

ਗੁਰਦੁਆਰੇ ਵਿਚ ਹੀ ਮੈਨੂੰ ਡਾ: ਜਗਤ ਸਿੰਘ ਪਰਧਾਨ ਗੁਰਦੁਆਰਾ ਪੀਨਾਂਗ ਤੇ ਖਾਲਸਾ ਦੀਵਾਨ ਮਲਾਇਆ, ਸ: ਨਰੈਣ ਸਿੰਘ ਸਕੱਤਰ ਖਾ: ਦੀਵਾਨ ਮਲਾਇਆ, ਸ: ਜਗਜੀਤ ਸਿੰਘ ਤੇ ਫ਼ੌਜਾ ਸਿੰਘ ਆਦਿਕ ਮਲਾਇਆ ਦੇ ਮੁਖੀ ਸੱਜਣ ਬੜੇ ਪਰੇਮ ਨਾਲ ਮਿਲੇ। ਦੇਸ ਦੀਆਂ ਰਾਜਸੀ ਤੇ ਭਾਈਚਾਰਕ ਗੱਲਾਂ ਪੁਛਣ ਤੇ ਮਲਾਇਆ ਸਬੰਧੀ ਬਹੁਮੁਲੀ ਵਾਕਫੀ ਦਸਣ ਮਗਰੋਂ ਉਨ੍ਹਾਂ ਨੇ ਮਲਾਇਆ ਦੇ ਪਰਸਿੱਧ ਸ਼ਹਿਰਾਂ ਤੇ ਇਲਾਕਿਆਂ ਵਿਚ ਮੇਰੀ ਯਾਤਰਾ ਦਾ ਪਰੋਗਰਾਮ ਬਣਾ ਕੇ ਸਭ ਨੂੰ ਇਤਲਾਹ ਦੇਣ ਦਾ ਪਰਬੰਧ ਕਰ ਦਿੱਤਾ। ਹੁਣ ਮੈਨੂੰ ਖ਼ਰਚ ਜਾਂ ਸਫ਼ਰ ਦੇ ਪ੍ਰਬੰਧ ਤੇ ਪਰੋਗਰਾਮ ਦਾ ਕੋਈ ਫ਼ਿਕਰ ਨਾ ਰਿਹਾ।

੨ ਜਨਵਰੀ ਤੋਂ ੧੦ ਮਈ ੧੯੩੯ ਤਕ ਲੱਗ ਪਗ ਸਾਢੇ ਚਾਰ ਮਹੀਨੇ ਮੈਂ ਮਲਾਇਆ ਵਿਚ ਰਿਹਾ। ਲਗ ਪਗ ਸਭ ਪ੍ਰਸਿੱਧ ਸ਼ਹਿਰਾਂ ਤੇ ਇਲਾਕਿਆਂ ਦੀ ਬੜੀ ਰੀਝ ਨਾਲ ਰੱਜ ਕੇ ਸੈਰ ਕੀਤੀ। ਹਿੰਦੀਆਂ, ਖਾਸ ਕਰ ਕੇ ਪੰਜਾਬੀਆਂ, ਸਿਖਾਂ ਹਿੰਦੂਆਂ ਤੇ ਮੁਸਲਮਾਨਾ ਨੂੰ ਮਿਲ ਕੇ ਇਨ੍ਹਾਂ ਦੀ ਸਮਾਜਕ ਆਰਥਕ ਤੇ ਰਾਜਸੀ ਹਾਲਤ ਦਾ ਮੁਤਾਲਿਆ ਕੀਤਾ। ਜਿਸ ਨਿਘੇ ਪਰੇਮ ਨਾਲ ਥਾਂ ਥਾਂ ਪੁਰ ਹਿੰਦੀ ਤੇ ਖਾਸ ਕਰ ਕੇ ਪੰਜਾਬੀ ਵੀਰਾਂ ਨੇ ਮੇਰਾ ਸੁਆਗਤ ਕੀਤਾ, ਚਾਹ-ਪਾਰਟੀਆਂ ਕੀਤੀਆਂ ਤੇ ਮਾਨ-ਪੱਤਰ ਦਿਤੇ, ਇਸ ਨੇ ਮੇਰੇ ਦਿਲ ਉਤੇ ਮਲਾਇਆਂ ਦੇ ਪਰੇਮ ਦੀ ਡੂੰਘੀ ਮੁਹਰ ਲਗਾ ਦਿੱਤੀ। ਮੈਂ ਸਮੁੰਦਰ ਵਿਚ ਤਾਰੀਆਂ ਲਾਈਆਂ, ਦਰਿਆਵਾਂ, ਪਹਾੜਾਂ, ਕੰਦਰਾਂ, ਗਰਮ ਚਸ਼ਮਿਆਂ ਤੇ ਗੁਫਾਂ ਦੀ ਸੈਰ ਕੀਤੀ ਤੇ ਮਲਾਇਆ ਦੀ ਸਾਰੀ ਤਸਵੀਰ ਦਿਲ



Digitized by Panjab Digital Library | www.panjabdigilib.org

ਦੇ ਸ਼ੀਸ਼ੇ ਪੁਰ ਚਿਤਰ ਲਈ।

ਮਲਾਇਆ ਦੇਸ਼ ਧਰਤੀ ਦਾ ਇਕ ਨਿਹਾਇਤ ਸੁੰਦਰ ਟੁਕੜਾ ਹੈ, ਮੌਸਮ ਲਗ ਪਗ ਇਕ ਸਾਰ ਰਹਿੰਦਾ ਹੈ, ਨਾ ਬਹੁਤ ਸਰਦੀ ਨਾ ਬਹੁਤ ਗਰਮੀ। ਸਰਦੀਆਂ ਵਿਚ ਵੀ ਗਰਮ ਕਪੜੇ ਦੀ ਘਟ ਵਧ ਹੀ ਲੋੜ ਪੈਂਦੀ ਹੈ। ਬਰਖਾ ਆਮ ਹੁੰਦੀ ਰਹਿੰਦੀ ਹੈ ਤੇ ਹਰ ਪਾਸੇ ਹਰਿਆਵਲ ਹੀ ਹਰਿਆਵਲ ਦਿਸਦੀ ਹੈ। ਸਰਸਬਜ਼ ਪਹਾੜ, ਫਲਦਾਰ ਜੰਗਲ, ਸੁਹਾਵਣੀਆਂ ਵਾਦੀਆਂ, ਮਖ਼ਮਲ ਵਰਗੇ ਘਾਹਦਾਰ ਮੈਦਾਨ, ਝੀਲਾਂ ਤੇ ਦਰਿਆ, ਜਿਧਰ ਜਾਓ ਕੁਦਰਤੀ ਸੁੰਦਰ ਨਜ਼ਾਰਿਆਂ ਦੀਆਂ ਝਾਕੀਆਂ ਹੀ ਨਜ਼ਰ ਆਉਣਗੀਆਂ, ਮਲਾਇਆ ਦੇਸ਼ ਨੂੰ ਜਿਥੇ ਕੁਦਰਤ ਨੇ ਆਪਣੀਆਂ ਸਭ ਦਾਤਾਂ ਨਾਲ ਮਾਲੋ ਮਾਲ ਕੀਤਾ ਹੈ, ਉਥੇ ਇਸ ਨੂੰ ਨਵੇਂ ਜ਼ਮਾਨੇ ਦੀਆਂ ਲੋੜਾਂ ਮੁਤਾਬਕ ਆਵਾਜਾਈ ਦੇ ਸਾਧਨਾਂ, ਰੇਲਾਂ, ਤਾਰਾਂ ਤੇ ਪੱਕੀਆਂ ਸੜਕਾਂ, ਮੋਟਰ ਬੱਸਾਂ, ਟਰੇਨਾਂ ਤੇ ਜਹਾਜ਼ਾਂ ਅਤੇ ਰਿਹਾਇਸ਼ੀ ਸਥਾਨਾਂ ਨਾਲ ਵੀ ਹਰ ਤਰ੍ਹਾਂ ਸੁਖਦਾਈ ਬਣਾਉਣ ਵਿਚ ਕਸਰ ਨਹੀਂ ਛੱਡੀ। ਮਲਾਇਆ ਦੀਆਂ ਸਾਫ਼ ਤੇ ਸੁੰਦਰ ਸੜਕਾਂ ਕਿਧਰੇ ਰਬੜ ਦੀਆਂ ਬਣੀਆਂ ਹਨ, ਕਿਧਰੇ ਲੁਕ ਦੀਆਂ ਤੇ ਕਿਧਰੇ ਸੀਮਿੰਟ ਦੀਆਂ। ਇਹ ਦੁਨੀਆਂ ਭਰ ਦੀਆਂ ਸੁੰਦਰ, ਸਾਫ਼ ਤੇ ਪੱਕੀਆਂ ਸੜਕਾਂ ਦਾ ਟਾਕਰਾ ਕਰ ਸਕਦੀਆਂ ਹਨ। ਆਵਾ-ਜਾਈ, ਅਰੋਗਤਾ, ਡਾਕ, ਹਸ-ਪਤਾਲ, ਰੇਲਵੇ, ਜੇਹਲਖ਼ਾਨੇ, ਪੁਲਸ, ਸਕੂਲਾਂ ਤੇ ਕਾਲਜਾਂ ਤੇ ਹੋਰ ਕਈ ਮਹਿਕਮਿਆਂ ਦੇ ਪ੍ਰਬੰਧ ਹਰ ਇਕ ਯਾਤਰੂ ਦਾ ਧਿਆਨ ਆਪਣੇ ਵਲ ਖਿਚ ਲੈਂਦੇ ਹਨ। ਜਦ ਮੈਂ ਹਿੰਦ ਨਾਲ ਮਲਾਇਆ ਦਾ ਮੁਕਾਬਲਾ ਕਰ ਕੇ ਵੇਖਦਾ ਤਾਂ ਮੈਂ ਹੈਰਾਨ ਰਹਿ ਜਾਂਦਾ। ਭਾਵੇਂ ਮਲਾਇਆ ਰਾਜਸੀ ਤੌਰ ਪੁਰ ਅੰਗਰੇਜ਼ਾਂ ਦਾ ਵਧੇਰੇ ਗ਼ੁਲਾਮ ਹੈ ਪਰ ਆਰਥਕ ਤੇ ਸਭਿਆਚਾਰਕ ਤੌਰ ਤੇ ਇਹ ਵਧੇਰੇ



Digitized by Panjab Digital Library | www.panjabdigilib.org

ਖੁਸ਼ਹਾਲ ਦਿਸਦਾ ਸੀ। ਇਕ ਸੋਝੀ ਵਾਨ ਹਿੰਦੀ ਯਾਤਰੂ ਇਸ ਤੋਂ ਕਈ ਚੰਗੀਆਂਵਾਂ ਸਿਖਿਆ ਗ੍ਰਹਿਣ ਕਰ ਸਕਦਾ ਹੈ।

ਗਡੀ ਦੇ ਸਫਰ ਨੂੰ ਹੀ ਲੈ ਲੌ। ਚਲਦੀ ਗਡੀ ਪੁਰ ਬਿਨਾਂ ਟਿਕਟ ਚੜ੍ਹ ਜਾਓ। ਗਾਰਡ ਬਸਾਂ ਵਾਂਗ ਗਡੀ ਵਿਚ ਹੀ ਟਿਕਟ ਦੇ ਦੇਂਦਾ ਹੈ। ਸਾਡੀਆ ਰੇਲਾਂ ਵਾਂਗ ਕੁਝ ਵੀ ਵਾਧੂ ਚਾਰਜ ਨਹੀਂ ਕੀਤਾ ਜਾਂਦਾ। "ਤੁਸੀਂ ਕਿਥੋਂ ਸੁਆਰ ਹੋਏ ਹੋ?" ਮੁਸਾਫਰ ਕਹਿੰਦਾ ਹੈ ਫਲਾਣੇ ਸਟੇਸ਼ਨ ਤੋਂ ਅਤੇ ਕਰਾਇਆ ਦੇ ਕੇ ਟਿਕਟ ਲੈ ਲੈਂਦਾ ਹੈ। ਮੁਸਾਫਰ ਦੇ ਕਥਨ ਪੁਰ ਬਿਲਕੁਲ ਬੇ-ਇਤਬਾਰੀ ਨਹੀਂ ਕੀਤੀ ਜਾਂਦੀ। ਕੋਈ ਜੁਰਮਾਨਾ ਨਹੀਂ ਲਿਆ ਜਾਂਦਾ! ਥਰਡ ਕਲਾਸ ਲਈ ਵੀ ਰਾਤ ਨੂੰ ਸੌਣ ਦਾ ਪ੍ਰਬੰਧ ਹੈ। ਜਿਥੇ ਉਤਰਨਾ ਹੋਵੇ ਗਾਰਡ ਜਗਾ ਦੇਂਦਾ ਹੈ।

ਡਾਕਖਾਨੇ ਵਿਚ ਕਿਸੇ ਜ਼ਬਾਨ ਵਿਚ ਐਡਰੈਸ ਲਿਖਿਆ ਹੋਇਆ ਖਤ ਆ ਜਾਵੇ, ਪਤਾ ਗਲਤ ਹੋਵੇ, ਅਧੂਰਾ ਹੋਵੇ, ਡਾਕ-ਖਾਨੇ ਵਾਲੇ ਪੂਰੀ ਖੋਜ ਨਾਲ ਖਤ ਪਹੁੰਚਾਣਾ ਆਪਣਾ ਫਰਜ਼ ਸਮਝਦੇ ਹਨ। ਕਿਸੇ ਪੰਜਾਬੀ ਦੀ ਚਿਠੀ ਹੋਵੇ, ਸ਼ਹਿਰ ਤੇ ਮਹਲਾ ਗਲਤ ਲਿਖਿਆ ਹੋਵੇ ਉਹ ਪੰਜਾਬੀ ਸਭਾ ਸੁਸਾਇਟੀਆਂ ਦੇ ਜ਼ਿਮੇਵਾਰਾਂ ਤੋਂ ਪੁਛ ਗਿਛ ਕਰਕੇ ਚਿਠੀ ਪਹੁੰਚਾਉਣ ਦਾ ਪੂਰਾ ਜਤਨ ਕਰਨਗੇ। ਸਾਡੇ ਪੰਜਾਬ ਵਾਂਙੂ ਤੁਰਤ ਡੇਡ-ਲੈਟਰ ਆਫਸ ਵਿਚ ਨਹੀਂ ਭੇਜ ਦੇਣ ਗੇ।

ਮੈਨੂੰ ਇਕ ਸਿਖ ਪੋਸਟ ਮਾਸਟਰ ਨੇ ਦਸਿਆ ਸੀ ਕਿ ਮਨੀ-ਆਰਡਰ ਤੇ ਰਜਿਸਟਰੀਆਂ ਵੰਡਣ ਸਮੇਂ ਵੀ ਵਾਕਫੀਆਂ ਤੇ ਗਵਾਹੀਆਂ ਲੈਣ ਦੀ ਬਾਹਲੀ ਲੋੜ ਨਹੀਂ ਸਮਝੀ ਜਾਂਦੀ। ਲੋਕਾਂ ਦੀ ਈਮਾਨਦਾਰੀ ਉੱਤੇ ਬੜਾ ਭਰੋਸਾ ਕੀਤਾ ਜਾਂਦਾ ਹੈ। ਕੋਈ ਵਿਰਲਾ ਹੀ ਅਜਿਹਾ ਕੇਸ ਹੋਂਦਾ ਹੈ ਕਿ ਝੂਠ ਬੋਲ ਕੇ ਕਿਸੇ ਦਾ ਕੋਈ ਮਨੀਆਡਰ ਵਸੂਲ ਕਰ ਲਵੇ।



Digitized by Panjab Digital Library | www.panjabdigilib.org

ਸਾਢੇ ਚਾਰ ਮਹੀਨੇ ਦੀ ਯਾਤਰਾ ਵਿਚ ਮਲਾਇਆ ਦੇਸ ਦੇ ਅਸਲੀ ਵਸਨੀਕਾਂ ਤੇ ਪਰਦੇਸਾਂ ਤੋਂ ਜਾ ਕੇ ਵੱਸੇ ਲੋਕਾਂ ਦੀ ਸਮਾਜਕ ਤੇ ਰਾਜਸੀ ਅਵਸਥਾ ਬਾਰੇ ਜੋ ਬਹੁਮੁਲੀ ਵਾਕਫ਼ੀ ਮੈਂ ਪ੍ਰਾਪਤ ਕੀਤੀ ਹੈ, ਉਸ ਨੂੰ ਇਕ ਛੋਟੇ ਜਿਹੇ ਲੇਖ ਵਿਚ ਦਸਣਾ ਅਸੰਭਵ ਹੈ। ਕੇਵਲ ਪੰਖ-ਦ੍ਰਿਸ਼ਟੀ ਅਨੁਸਾਰ ਕੁਝ ਪੱਖਾਂ ਪੁਰ ਹੇਠਾਂ ਚਾਨਣਾ ਪਾਣ ਦਾ ਜਤਨ ਕਰਦਾ ਹਾਂ।

ਮਲਾਇਆ ਦੇਸ ਟਾਪੂ ਨਹੀਂ, ਜਿਹਾ ਕਿ ਕਈ ਖਿਆਲ ਕਰਦੇ ਹਨ। ਇਹ ਇਕ ਜਜ਼ੀਰਾਨੁਮਾ ਹੈ। ਜ਼ਮੀਨ ਦੀ ਇਕ ਨੋਕ ਦੂਰ ਤਕ ਮਮੁੰਦਰ ਵਿਚ ਖੁਭੀ ਹੋਈ ਦਿਸਦੀ ਹੈ। ਇਸ ਦੇ ਤ੍ਰੈ ਪਾਸੇ ਪਾਣੀ ਹੈ ਤੇ ਇਕ ਪਾਸੇ ਧਰਤੀ ਹੈ। ਬ੍ਰਹਮਾ ਤੋਂ ਹੇਠਾਂ, ਸਿਆਮ ਤੋਂ ਥਲੇ ਜਾ ਕੇ ਇਸ ਦੀ ਧਰਤੀ ਚੌੜੀ ਹੋ ਜਾਂਦੀ ਹੈ ਫੇਰ ਹੇਠਾਂ ਸਿੰਘਾਪੁਰ ਤਕ ਪਤਲੀ ਬਣਦੀ ਜਾਂਦੀ ਹੈ। ਨਕਸ਼ਾ ਵੇਖੀਏ ਤਾਂ ਇਸਦੀ ਸ਼ਕਲ ਗੁੱਲੀ ਵਰਗੀ ਦਿਸਦੀ ਹੈ। ਵਿਚਕਾਰੋਂ ਚੌੜੀ ਤੇ ਦੋਹਾਂ ਸਿਰਿਆਂ ਦੀਆਂ ਨੋਕਾਂ ਨਿਕਲੀਆਂ ਹੋਈਆਂ।

ਇਸ ਦੇ ਚੜ੍ਹਦੇ ਬੰਨੇ ਚੀਨ ਸਾਗਰ ਤੇ ਪੱਛਮ ਵਲ ਮਲਾਕਾ ਸਟੇਟ ਦੇ ਪਾਣੀ ਹਨ। ਦੱਖਣ ਦੇ ਸਿਰੇ ਪੁਰ ਸਿੰਘਾਪੁਰ ਟਾਪੂ ਹੈ ਤੇ ਉੱਤਰ ਵਲ ਸਿਆਮ ਹੈ।

ਇਸ ਦੇ ਕਿਨਾਰੇ ਕਿਨਾਰੇ ਜੇ ਪੈਰਲਸ ਤੋਂ ਜਹਾਜ਼ ਵਿਚ ਬੈਠ ਕੇ ਸਫ਼ਰ ਕਰੀਏ ਤਾਂ ਸਾਰਾ ਘੇਰਾ ੧੨੦੦ ਮੀਲ ਦਾ ਬਣ ਜਾਂਦਾ ਹੈ। ਇਸ ਦੇ ਗੁਆਂਢ ਰਤਾ ਹੇਠਾਂ ਵਲ ਜਾਵਾ ਸਮਾਟਰਾ ਦੇ ਟਾਪੂ ਹਨ ਜਿਨ੍ਹਾਂ ਵਿਚ ਜਵਾਲਾ ਮੁਖੀ ਪਹਾੜ ਵੀ ਉਬਲਦੇ ਰਹਿੰਦੇ ਹਨ। ਮਲਾਇਆ ਵਿਚ ਬੜੇ ਪਹਾੜ ਹਨ ਪਰ ਜਵਾਲਾ ਮੁਖੀ ਕੋਈ ਨਹੀਂ, ਹਾਂ ਗਰਮ ਚਸ਼ਮੇ ਕਈ ਹਨ ਜਿਥੇ ਗੋਰੇ ਗੋਰੀਆਂ ਤੇ ਚੀਨੇ ਚੀਨਣਾਂ ਬੜੇ ਚਾਉ ਨਾਲ ਨਹਾਉਂਦੇ ਹਨ।



Digitized by Panjab Digital Library | www.panjabdigilib.org

ਸਰਦ ਮੌਸਮ ਵਿਚ ਗਰਮ ਚਸ਼ਮਿਆਂ ਦਾ ਅਸ਼ਨਾਨ ਬੜਾ ਅਨੰਦ-ਦਾਇਕ ਹੁੰਦਾ ਹੈ। ਕੁਆਲਾ-ਲੰਪਰ ਰਹਿੰਦਿਆਂ ਮੈਂ ਵੀ ਗਰਮ ਚਸ਼ਮਿਆਂ ਤੇ ਅਸ਼ਨਾਨ ਕਰਨ ਜਾਂਦਾ ਰਿਹਾ ਸਾਂ।

ਇਹ ਦੇਸ ਸੁੰਦਰ ਤੇ ਹਰੀਆਂ ਭਰੀਆਂ ਵਾਦੀਆਂ ਨਾਲ ਭਰਪੂਰ ਹੈ। ਕੇਡਾਹ ਤੋਂ ਲੈ ਕੇ ਮਲਾਕਾ ਤਕ ਹੇਠਾਂ ਵਲ ਪੰਜ ਪਹਾੜੀਆਂ ਹਨ। ਦੋ ਠੰਢੀਆਂ ਪਹਾੜੀਆਂ ਖਾਸ ਤੌਰ ਪੁਰ ਬਹੁਤ ਪ੍ਰਸਿਧ ਹਨ। ਇਕ ਦਾ ਨਾਂ ਹੈ ਕੈਮਰਨ ਹਾਈਲੈਂਡਜ਼ ਜੋ ਲਗਪਗ ੫੦੦੦ ਫੁਟ ਸਮੁੰਦਰੀ ਤਲ ਤੋਂ ਉੱਚੀ ਹੈ ਅਤੇ ਦੂਜੀ ਦਾ ਨਾਂ ਹੈ ਫ਼੍ਰੇਜ਼ਰ ਹਿਲ। ਇਹ ੪੦੦੦ ਫ਼ੁਟ ਦੇ ਕਰੀਬ ਉੱਚੀ ਹੈ। ਇਥੇ ਅੰਗਰੇਜ਼ ਅਫ਼ਸਰ ਤੇ ਧਨੀ ਲੋਕ ਜਾ ਕੇ ਰਹਿੰਦੇ ਹਨ।

ਭੂਗੋਲਕ ਤੌਰ ਪੁਰ ਜਿਸ ਦੇਸ ਦਾ ਨਾਂ ਮਲਾਇਆ ਹੈ, ਉਹ ਈਸਟ ਇੰਡੀਜ਼ ਦਾ ਇਕ ਛੋਟਾ ਜਿਹਾ ਹਿੱਸਾ ਹੈ। ਭਾਵੇਂ ਇਹ ਹੈ ਤਾਂ ਇਕ ਛੋਟਾ ਦੇਸ ਪਰ ਇਸ ਦੀ ਰਾਜਸੀ ਵੰਡ ਬੜੀ ਗੁੰਝਲਦਾਰ ਹੈ। ਸਾਰੇ ਦੇਸ ਦਾ ਰਾਜ ਪ੍ਰਬੰਧ ਇਕ ਤਰ੍ਹਾਂ ਦਾ ਨਹੀਂ। ਕੁਝ ਇਲਾਕੇ ਤਾਂ ਸਿਧੇ ਅੰਗਰੇਜ਼ੀ ਰਾਜ ਦੇ ਪ੍ਰਬੰਧ ਹੇਠ ਹਨ। ਇਨ੍ਹਾਂ ਨੂੰ ਸਟ੍ਰੇਟਸ ਸੈਟਲਮੈਂਟਸ (S.S) ਕਹਿੰਦੇ ਹਨ। ਇਸ ਵਿਚ ਪੀਨਾਂਗ ਤੇ ਸਿੰਘਾਪੁਰ ਦੇ ਦੋ ਟਾਪੂ ਤੇ ਮਲਾਕਾ ਤੇ ਪ੍ਰਾਵਿਨਸ ਵੈਲਜ਼ਲੀ ਵਡੀ ਧਰਤੀ ਦੇ ਹਿੱਸੇ ਸ਼ਾਮਲ ਹਨ।

ਦੂਜਾ ਹਿੱਸਾ ਫ਼ੈਡਰੇਟਿਡ ਮਲਾਇਆ ਸਟੇਟਸ (F.M.S.) ਦਾ ਹੈ। ਇਸ ਵਿਚ ਚਾਰ ਰਿਆਸਤਾਂ ਸ਼ਾਮਲ ਹਨ। ਪੇਰਾਕ, ਸੇਲੰਗੋਰ, ਨਗਰੀਸ ਮਿਲਨ ਤੇ ਪਾਹਾਂਗ। ਇਹ ਚਾਰ ਰਿਆਸਤਾਂ ਵਖ ਵਖ ਰਾਜਿਆਂ ਦੇ ਅਧੀਨ ਹਨ ਤੇ ਇਉਂ ਇਨ੍ਹਾਂ ਦੇ ਸਿਰ ਉਪਰ ਅੰਗਰੇਜ਼ੀ ਰਾਜ ਦਾ ਕੁੰਡਾ ਹੈ।

ਤੀਜਾ ਇਲਾਕਾ ਅਨਫ਼ੈਡੇਰੇਟਿਡ ਮਲਾਇਆ ਸਟੇਟਸ ਦਾ ਹੈ। ਇਸ ਵਿਚ ਇਹ ਵਖ ਵਖ ਰਿਆਸਤਾਂ ਹਨ :—ਜੋਹਰ,



Digitized by Panjab Digital Library | www.panjabdigilib.org

ਕੇਡਾਹ, ਪੇਰਲਸ, ਕਿਲੰਤਨ ਤੇ ਟ੍ਰੈਗਨੋ । ਇਹ ਫ਼ੈਡਰੇਸ਼ਨ ਵਿਚ ਸ਼ਾਮਲ ਨਹੀਂ । ਵਖਰੇ ਤੌਰ ਪੁਰ ਅੰਗਰੇਜ਼ਾਂ ਦੇ ਹੁਕਮ ਹੇਠਾਂ ਚਲਦੀਆਂ ਹਨ । ਇਕ ਛੋਟੇ ਜਿਹੇ ਦੇਸ ਨੂੰ ਵਖ ਵਖ ਰਾਜਿਆਂ ਦੇ ਰਾਜ ਪ੍ਰਬੰਧ ਹੇਠਾਂ ਦੇ ਰਖਣਾ ਹੀ ਸਾਮਰਾਜਸ਼ਾਹੀ ਲਈ ਲਾਭ-ਦਾਇਕ ਹੈ । ਇਸ ਤਰ੍ਹਾਂ ਇਨ੍ਹਾਂ ਵਿਚ ਕੌਮੀ ਏਕਤਾ ਪੈਦਾ ਨਹੀਂ ਹੋਂਦੀ, ਪਰ ਕਾਨਾਂ ਤੇ ਰਬੜ ਸਟੇਸ਼ਨਾਂ ਵਿਚ ਸਭ ਇਲਾਕਿਆਂ ਦੇ ਮਿਹਨਤੀ ਮਜ਼ਦੂਰ ਰਲ ਕੇ ਕੰਮ ਕਰਦੇ ਹਨ । ਇਨ੍ਹਾਂ ਵਿਚ ਕੌਮੀ ਏਕਤਾ ਤੇ ਜਾਗਰਤੀ ਵਧ ਰਹੀ ਹੈ ।

ਮਲਾਇਆ ਦੀਆਂ ਇਨ੍ਹਾਂ ਸਾਰੀਆਂ ਬਸਤੀਆਂ ਦਾ ਰਕਬਾ ਲਗ ਪਗ ੫੧ ਹਜ਼ਾਰ ਮੁਰੱਬਾ ਮੀਲ ਹੈ । ਪਰ ਧਰਤੀ ਬੜੀ ਉਪਜਾਊ ਤੇ ਧਨਵਾਨ ਹੈ । ਇਥੋਂ ਦਾ ਸਭ ਤੋਂ ਵਧ ਧਨ ਅੰਗਰੇਜ਼ ਸਰਮਾਏਦਾਰ ਲੁਟ ਰਹੇ ਹਨ । ਇਥੇ ਰਬੜ ਤੇ ਧਾਤਾਂ ਦੀ ਪੈਦਾਵਾਰ ਬੜੀ ਕੀਤੀ ਜਾਂਦੀ ਹੈ ।

ਮਲਾਇਆ ਦੀ ਵੱਸੋਂ ੧੯੩੧ ਦੀ ਮਨੁਖ ਗਿਣਤੀ ਮੁਤਾਬਿਕ ਲਗ ਪਗ ੪੪ ਲਖ ਸੀ—ਪੰਜਾਬ ਦੀ ਵੱਸੋਂ ਨਾਲੋਂ ਪੰਜਵੇਂ ਹਿੱਸੇ ਤੋਂ ਕੁਝ ਵੱਧ--ਜਿਸ ਵਿਚ ਇਥੋਂ ਦੇ ਅਸਲੀ ਵਸਨੀਕ ਮਲਾਈਆਂ ਦੀ ਗਿਣਤੀ ੩੭.੫ ਫ਼ੀ ਸਦੀ, ਚੀਨਿਆਂ ਦੀ ਗਿਣਤੀ ੩੯ ਫ਼ੀ ਸਦੀ, ਹਿੰਦੀਆਂ ਦੀ ਗਿਣਤੀ ੧੪ ਫ਼ੀ ਸਦੀ ਅਤੇ ਬਾਕੀ ਹੋਰ ਕੌਮਾਂ ਹਨ । ਹਿੰਦੀਆਂ ਵਿੱਚੋਂ ਲਗ ਪਗ ੩੦ ਹਜ਼ਾਰ ਸਿਖਾਂ ਦੀ ਗਿਣਤੀ ਹੈ, ਜੋ ਵਧੇਰੇ ਸਿੰਘਾਪੁਰ, ਕੁਆਲਾ ਲੰਪਰ, ਈਪੋ, ਸਰੰਬਨ ਤੇ ਪੀਨਾਂਗ ਆਦਿ ਸ਼ਹਿਰਾਂ ਵਿਚ ਵਸਦੇ ਹਨ । ਪੁਲਸ ਤੋਂ ਬਿਨਾਂ ਕੁਝ ਫ਼ੌਜਾਂ ਤੇ ਦਫ਼ਤਰਾਂ ਦੇ ਨੌਕਰ ਹਨ । ਬਹੁਤ ਗਿਣਤੀ ਜਾਗਿਆਂ (ਚੌਕੀਦਾਰਾਂ) ਦੀ ਹੈ । ਕਈ ਦੁਕਾਨ-ਦਾਰੀ ਵੀ ਕਰਦੇ ਹਨ । ਕੁਝ ਲੋਕ ਰਬੜ ਦੀ ਖੇਤੀ ਤੇ ਬਿਉਪਾਰ ਵੀ ਕਰਦੇ ਹਨ । ਕੁਝ ਤਾਂ ਲਾਖਾਂਪਤੀ ਬਣ ਗਏ ਹਨ ।



Digitized by Panjab Digital Library | www.panjabdigilib.org

"ਹੁਣ ਗਿਆਨੀ ਜੀ ਕਰ ਲੌ ਤਿਆਰੀ ਜੀ।
ਛਕੋ ਜੇਹਲ ਦੀ ਦਾਲ ਕਰਾਰੀ ਜੀ।"

ਮੈਂ ਉਨ੍ਹਾਂ ਦੀ ਗੱਲ ਨੂੰ ਨਿਰਾ ਹਾਸਾ ਹੀ ਸਮਝਿਆ ਤੇ ਹਾਸੇ ਵਿਚ ਹੀ ਉੱਤਰ ਦਿੱਤਾ :

"ਪਹਿਲਾਂ ਲਾਇਲਪੁਰੀ ਦੀ ਵਾਰੀ ਜੀ।"
ਜਿਨੂੰ ਕਹਿੰਦੇ ਲੋਕ ਮਦਾਰੀ ਜੀ।
ਜਿਸ ਫੂਕੀ ਅੱਗ ਚੰਗਾਰੀ ਜੀ।
ਅਸਾਂ ਕਰਨੀ ਨਹੀਂ ਕੁ-ਵਾਰੀ ਜੀ।

ਉਹ ਹਸਦੇ ਹਸਦੇ ਕੁਰਸੀ ਤੇ ਬੈਠ ਗਏ ਤੇ ਇਕ ਸਰਕਾਰੀ ਕਾਗਜ਼ ਮੇਰੇ ਅੱਗੇ ਕਰਕੇ ਬੋਲੇ : "ਆਹ ਲਓ ਤੁਹਾਡੇ ਵਾਰੰਟ।" ਪਰ ਉਹ ਵਾਰੰਟ ਨਹੀਂ ਸਨ । ਸਰਦਾਰ ਸਰਦੂਲ ਸਿੰਘ ਕਵੀਸ਼ਰ ਦੇ ਮੁਕੱਦਮੇ ਵਿਚ ਮੇਰੇ ਤੇ ਸ: ਪ੍ਰਤਾਪ ਸਿੰਘ ਦੇ ਇਸਤਗਾਸੇ ਵੱਲੋਂ ਗਵਾਹੀ ਦੇਣ ਦੇ ਸੱਮਣ ਸਨ। ਸੱਮਣ ਪੁਰ ਦਸਖਤ ਕਰਕੇ ਪਿਆਦੇ ਨੂੰ ਤੋਰ ਦਿੱਤਾ ਅਤੇ ਮੈਂ ਮਾਸਟਰ ਜੀ ਨੂੰ ਪੁਛਿਆ :

"ਤੁਹਾਡਾ ਕੀ ਮਤਲਬ ਹੈ ? ਇਨ੍ਹਾਂ ਸੰਮਣਾਂ ਨੂੰ ਤੁਸੀਂ ਸਾਡੇ ਵਾਰੰਟ ਬਣਾਉਣਾ ਚਾਹੁੰਦੇ ਹੋ ?"

"ਤੇ ਹੋਰ ਕੀ ? ਤੁਸੀਂ ਗਵਾਹੀ ਨਹੀਂ ਦਿਓਗੇ, ਅਦਾਲਤਾਂ ਦਾ ਬਾਈਕਾਟ ਕਰਨਾ ਹੈ ਤੇ ਕੇਵਲ ਛੇ ਮਹੀਨੇ ਜੇਹਲ ਦੀ ਦਾਲ ਛਕਣੀ ਪਏਗੀ,ਉਮਰ ਕੈਦ ਤਾਂ ਨਹੀਂ ਹੋਵੇਗੀ।"

"ਪਰ ਕਵੀਸ਼ਰ ਜੀ ਤਾਂ, ਅਸੀਂ ਗਵਾਹੀ ਨਾ ਦੇਈਏ, ਤਾਂ ਵੀ ਕੈਦ ਹੋ ਜਾਣਗੇ। ਉਨ੍ਹਾਂ ਦੇ ਲੇਖ ਅਖਬਾਰ ਵਿਚ ਛਪੇ ਹਨ, ਸਾਡੀ ਗਵਾਹੀ ਨਾ ਦੇਣ ਦਾ ਉਨ੍ਹਾਂ ਨੂੰ ਕੀ ਲਾਭ ਹੋਵੇਗਾ ?"

"ਕਵੀਸ਼ਰ ਜੀ ਨੂੰ ਲਾਭ ਪਹੁੰਚੇ ਜਾਂ ਨਾ, ਅਸੀਂ ਜਦ ਅਦਾਲਤਾਂ ਦੇ ਬਾਈਕਾਟ ਦਾ ਪ੍ਰਚਾਰ ਕਰਦੇ ਹਾਂ ਤਾਂ ਇਸ ਤੋਂ



Digitized by Panjab Digital Library | www.panjabdigilib.org

ਉਲਟ ਅਮਲ ਕਰਨ ਤੇ ਲੋਕੀ ਸਾਨੂੰ ਕੀ ਕਹਿਣਗੇ ?

"ਅਵਰ ਉਪਦੇਸੈ ਆਪ ਨਾ ਕਰੈ
ਆਵਤ ਜਾਵਤ ਜਨਮੈ ਮਰੈ ॥'

"ਅਸੀਂ ਜੋ ਕਹਿੰਦੇ ਹਾਂ ਉਹੀ ਕਰ ਕੇ ਵਿਖਾਣਾ ਹੈ। ਹੋਰ ਅਖਬਾਰਾਂ ਨਾਲੋਂ ਅਕਾਲੀ ਦੀ ਈਹੋ ਵਿਸ਼ੇਸ਼ਤਾ ਬਨਾਣੀ ਹੈ।"

ਮਾਸਟਰ ਜੀ ਦੀਆਂ ਦਲੀਲਾਂ ਨੇ ਮੈਨੂੰ ਕਾਇਲ ਕਰ ਲਿਆ ਅਤੇ ਗਵਾਹੀ ਦੇਣ ਦੀ ਤਾਰੀਖ ਵਾਲੇ ਦਿਨ ਜੇਹਲ ਜਾਣ ਦੀ ਮੈਂ ਪੂਰੀ ਤਿਆਰੀ ਕਰ ਲਈ। ਪਰ ਮੇਰੀ ਸੁਪਤਨੀ ਤੇ ਛੋਟੇ ਬਚਿਆਂ ਲਈ ਇਹ ਬੜਾ ਕਟੜਾ ਤੇ ਬਿਖੜਾ ਤਜਰਬਾ ਸੀ। ਮੇਰੇ ਜੇਹਲ ਜਾਣ ਦਾ ਇਰਾਦਾ ਸੁਣ ਕੇ ਉਹ ਬੜੇ ਪਰੇ-ਸ਼ਾਨ ਹੋਏ। ਪਰ ਇਸ ਤੋਂ ਮਗਰੋਂ ਕਈ ਵੇਰ ਘਰ ਦੀਆਂ ਤਲਾਸ਼ੀਆਂ ਤੇ ਗ੍ਰਿਫਤਾਰੀਆਂ ਹੋਣ ਕਰਕੇ ਉਨ੍ਹਾਂ ਦੇ ਦਿਲੋਂ ਵੀ ਇਹ ਡਰ ਲਹਿ ਗਿਆ ਸੀ।

## ੨.

ਇਹ ਗੱਲ ਜੂਨ ਮਹੀਨੇ ਦੀ ਕਿਸੇ ਤਾਰੀਖ ਦੀ ਹੈ। ਮੈਜਿਸਟਰੇਟ ਲਾਹੌਰ ਦੀ ਅਦਾਲਤ ਵਿਚ ਪੇਸ਼ੀ ਹੋਈ। ਗਵਾਹੀ ਦੇਣ ਤੋਂ ਇਨਕਾਰ ਕਰਨ ਤੇ ਸਾਨੂੰ ਦੋਹਾਂ ਨੂੰ ਜੇਹਲ ਦੀ ਹਵਾਲਾਟ ਵਿਚ ਭੇਜਿਆ ਗਿਆ ਤੇ ਅਦਾਲਤ ਦੀ ਹੱਤਕ ਦੇ ਜੁਰਮ ਦਾ ਮੁਕਦਮਾ ਚਲਾ ਦਿਤਾ ਗਿਆ।

ਇਸ ਤਰ੍ਹਾਂ ਮੇਰੀ ਪਹਿਲੀ ਜੇਹਲ ਯਾਤਰਾ ਲਾਹੌਰ ਸੰਟ੍ਰਲ ਜੇਹਲ ਤੋਂ ਆਰੰਭ ਹੋਈ।

ਲਾਹੌਰ ਸੈਂਟ੍ਰਲ ਜੇਹਲ ਕੈਦੀਆਂ ਦਾ ਬੜਾ ਵਡਾ ਨਰਕ ਸੀ। ਵਖ ਵਖ ਕਿਸਮ ਦੇ ਕੈਦੀ ਵਖ ਵਖ ਬੈਰਕਾਂ ਤੇ ਕੋਠੜੀਆਂ ਵਿਚ ਤਾੜੇ ਜਾਂਦੇ ਸਨ। ਹਵਾਲਾਟੀਆਂ ਲਈ ਇਕ ਵਖਰਾ ਹਾਤਾ ਸੀ



Digitized by Panjab Digital Library | www.panjabdigilib.org

ਉਸ ਵਿਚ ਕੋਠੜੀਆਂ ਵਾਲੀਆਂ ਦੋ ਬੈਰਕਾਂ ਸਨ। ਸਰਦੂਲ ਸਿੰਘ ਜੀ ਕਵੀਸ਼ਰ ਦੀ ਕੋਠੜੀ ਦੇ ਲਾਗੇ ਹੀ ਮੈਨੂੰ ਤੇ ਪ੍ਰਤਾਪ ਸਿੰਘ ਜੀ ਨੂੰ ਕੋਠੜੀਆਂ ਮਿਲ ਗਈਆਂ। ਪਹਿਲਾ ਕੰਮ ਤਾਂ ਮੈਂ ਇਹ ਕੀਤਾ ਕਿ ਦੋ ਕੁ ਦਿਨ ਰਜ ਰਜ ਕੇ ਸੁਤਾ ਅਤੇ ਬਾਹਰ ਦਾ ਥਕੇਵਾਂ ਤੇ ਉਨੀਂਦਰਾ ਲਾਹਿਆ ਕਿਉਂਕਿ ਰੋਜ਼ਾਨਾ ਅਖਬਾਰ ਤੇ ਹੋਰ ਪੰਥਕ ਤੇ ਘਰੋਗੀ ਰੁਝੇਵਿਆਂ ਕਾਰਨ ਉਨ੍ਹੀਂ ਦਿਨੀਂ ਬਾਹਰ ਕਿਸੇ ਵਿਰਲੇ ਦਿਨ ਹੀ ਪੂਰੀ ਨੀਂਦਰ ਕਰਨ ਦਾ ਮੌਕਾ ਮਿਲਦਾ ਸੀ।

ਮਾਸਟਰ ਜੀ ਨੇ ਕਿਹਾ ਸੀ ਜੇਹਲ ਵਿਚ ਕਰਾਰੀ ਦਾਲ ਮਿਲੇਗੀ। ਮੈਂ ਵੀ 'ਲੰਗਰ ਦੀ ਦਾਲ ਕਰਾਰੀ ਏ' ਦੇ ਸੁਪਨੇ ਲੈ ਰਿਹਾ ਸਾਂ ਪਰ ਇਥੇ ਤਾਂ ਕੈਦੀਆਂ ਲਈ ਅੱਧ-ਕੱਚੀਆਂ ਦੋ ਰੋਟੀਆਂ, ਫਿਕੀ ਪਤਲੀ ਤੇ ਬੇਸੁਆਦੀ ਦਾਲ ਜਾਂ ਕੂੜੇ ਕਰਕਟ ਵਰਗੇ ਟੰਡਲਾਂ ਪਤਿਆਂ ਦੀ ਭਾਜੀ ਦੇਣ ਦਾ ਰਵਾਜ ਸੀ। ਸਾਨੂੰ ਤਾਂ ਕਵੀਸ਼ਰ ਜੀ ਨੇ ਇਸ ਮੁਸੀਬਤ ਤੋਂ ਬਚਾ ਲਿਆ। ਉਨ੍ਹਾਂ ਦੀ ਰੋਟੀ ਘਰੋਂ ਆਉਂਦੀ ਸੀ। ਸਾਡੇ ਲਈ ਵੀ ਉਨ੍ਹਾਂ ਬੰਦੋਬਸਤ ਕਰ ਦਿੱਤਾ। ਹੁਣ ਅਖਬਾਰ ਤੇ ਬਾਹਰ ਦੀਆਂ ਖਬਰਾਂ ਦੀ ਭੁਖ ਸਾਨੂੰ ਤੜਫਾਉਣ ਲੱਗੀ। ਇਥੇ ਹੁਣ ਬਾਹਲਾ ਵਕਤ ਗੱਲਾਂ ਗੱਪਾਂ ਤੇ ਸਕੀਮਾਂ ਸੋਚਣ ਵਿਚ ਹੀ ਗੁਜ਼ਰਦਾ।

ਇਕ ਦਿਨ ਮੈਂ ਤੇ ਕਵੀਸ਼ਰ ਜੀ ਹਾਤੇ ਵਿਚ ਗੱਪਾਂ ਮਾਰਦੇ ਟਹਿਲ ਰਹੇ ਸਾਂ। ਇਕ ਹੋਰ ਉੱਚਾ ਲੰਮਾ ਤੇ ਰਿਸ਼ਟ ਪੁਸ਼ਟ ਹਵਾਲਾਤੀ ਮੁਛਾਂ ਨੂੰ ਵੱਟ ਚਾੜ੍ਹਦਾ ਹੋਇਆ ਸਾਡੇ ਵਲ ਆਇਆ। ਉਸ ਦੀ ਕਰੜਬਰੜੀ ਲੰਮੀ ਦਾਹੜੀ ਸੀ ਤੇ ਇਕ ਅੱਖ ਕਾਣੀ ਸੀ। ਤੇੜ ਚਾਦਰ, ਗਲ ਝੱਗਾ ਤੇ ਸਿਰ ਪੁਰ ਲਗ ਪਗ ਅਠ ਦਸ ਗਜ਼ ਦੀ ਮਲਮਲ ਦੀ ਮੋਟੀ ਪੱਗ ਬੱਧੀ ਸੀ। ਸਾਡੇ ਕੋਲ ਆ ਕੇ ਉਸ ਨੇ ਸਾਨੂੰ ਨਿਹੰਗ ਸਿੰਘਾਂ ਵਾਂਙ ਪੂਰੇ ਜ਼ੋਰ ਨਾਲ ਗਜ ਕੇ ਫਤਿਹ ਬੁਲਾਈ ਤੇ ਫਿਰ ਬੋਲਿਆ :



Digitized by Panjab Digital Library | www.panjabdigilib.org

"ਕੀ ਤੁਸੀਂ ਸਾਨੂੰ ਪਛਾਣਿਆ ਨਹੀਂ, ਸਰਦਾਰ ਜੀ ?"

ਮਿੰਟ ਕੁ ਉਸ ਵਲ ਹੈਰਾਨੀ ਤੇ ਧਿਆਨ ਨਾਲ ਵੇਖਣ ਮਗਰੋਂ ਕਵੀਸ਼ਰ ਜੀ ਨੇ ਕਿਹਾ : "ਖਿਮਾਂ ਕਰਨਾ ਜੀ, ਅਸੀਂ ਤੁਹਾਨੂੰ ਪਛਾਣ ਨਹੀਂ ਸਕੇ ।"

"ਬੜਾ ਅਫ਼ਸੋਸ ਹੈ ਕਵੀਸ਼ਰ ਜੀ, ਤੁਹਾਡੇ ਵਰਗੇ ਪੰਥ ਦੇ ਲੀਡਰ ਤੇ ਅਖਬਾਰਾਂ ਦੇ ਐਡੀਟਰ ਵੀ ਅਜ ਸਾਨੂੰ ਭੁਲ ਗਏ ਹਨ । ਰਤਾ ਧਿਆਨ ਨਾਲ ਸਾਡੇ ਚਿਹਰੇ ਵਲ ਵੇਖੋ ਤਾਂ ਸਹੀ ?"

ਮੈਂ ਖਿਆਲ ਕੀਤਾ ਕਿ ਕਵੀਸ਼ਰ ਜੀ ਦਾ ਕੋਈ ਪੁਰਾਣਾ ਵਾਕਫ਼ ਹੋਵੇਗਾ । ਜਦ ਕੁਝ ਚਿਰ ਉਸ ਦੇ ਚਿਹਰੇ ਵਲ ਵੇਖ ਕੇ ਫਿਰ ਵੀ ਅਸੀਂ ਚੁਪ ਰਹੇ ਤਾਂ ਉਹ ਖਿੜ ਖਿੜਾ ਕੇ ਹਸ ਪਿਆ । ਫਿਰ ਬੋਲਿਆ "ਠੀਕ ਹੈ, ਅੰਗਰੇਜ਼ਾਂ ਨੇ ਚਿਰ ਤੋਂ ਮੈਨੂੰ ਕੈਦ ਰਖ ਕੇ ਮੇਰੀ ਸ਼ਕਲ ਵਿਗਾੜ ਦਿਤੀ ਹੈ । ਅਜ ਤਾਂ ਖਬਰੇ ਫ਼ਕੀਰ ਅਜ਼ੀਜ਼ੁਉਦੀਨ ਤੇ ਮੇਰੇ ਪੁਤਰ ਖੜਕ ਸਿੰਘ ਤੇ ਸ਼ੇਰ ਸਿੰਘ ਆਉਣ ਤਾਂ ਉਹ ਵੀ ਮੈਨੂੰ ਨਾ ਪਛਾਣ ਸਕਣ । ਤੁਹਾਨੂੰ ਪਤਾ ਨਹੀਂ ? ਮੈਂ ਮਹਾਰਾਜਾ ਰਣਜੀਤ ਸਿੰਘ ਹਾਂ । ਅੰਗਰੇਜ਼ਾਂ ਨੇ ਧੋਖੇ ਨਾਲ ਮੈਨੂੰ ਕੈਦ ਕਰਕੇ ਮੇਰਾ ਰਾਜ ਖੋਹ ਲਿਆ ਹੈ ਅਤੇ ਮਸ਼ਹੂਰ ਕਰ ਦਿਤਾ ਹੈ ਕਿ ਰਣਜੀਤ ਸਿੰਘ ਮਰ ਗਿਆ । ਤੁਸੀਂ ਜਦੋਂ ਬਾਹਰ ਜਾਓ ਮੇਰੇ ਜਰਨੈਲਾਂ ਤੇ ਮੇਰੀਆਂ ਫ਼ੌਜਾਂ ਨੂੰ ਦਸ ਦਿਓ ਕਿ ਮੈਂ ਜੀਉਂਦਾ ਹਾਂ । ਉਹ ਮੈਨੂੰ ਜੇਹਲ ਦੀ ਕੈਦ 'ਚੋਂ ਛੁਡਾ ਕੇ ਲਾਹੌਰ ਦੇ ਤਖਤ ਪੁਰ ਬਿਠਾ ਦੇਣਗੇ । ਤੁਸਾਂ ਦੋਹਾਂ ਨੂੰ ਆਪਣਾ ਵਜ਼ੀਰ ਬਣਾ ਲਵਾਂਗਾ । ਦੱਸੋ ਇਹ ਕੰਮ ਕਰੋਗੇ ?"

ਅਸੀਂ ਖਿੜ ਖਿੜਾ ਕੇ ਹੱਸ ਪਏ ਪਰ ਉਸ ਨੂੰ ਪ੍ਰਸੰਨ ਕਰਨ ਲਈ ਫਿਰ ਗੰਭੀਰ ਹੋ ਕੇ ਆਖਿਆ, "ਮਹਾਰਾਜਾ ਸਾਹਿਬ, ਅਸੀਂ ਜ਼ਰੂਰ ਬਾਹਰ ਜਾ ਕੇ ਤੁਹਾਨੂੰ ਛੁਡਾਉਣ ਦਾ ਉੱਦਮ ਕਰਾਂਗੇ



Digitized by Panjab Digital Library | www.panjabdigilib.org

ਪਰ ਸਾਨੂੰ ਵਜ਼ੀਰ ਬਣਾਉਣ ਦਾ ਇਕਰਾਰ ਜ਼ਰੂਰ ਪੂਰਾ ਕਰਨਾ।"

"ਸਰਕਾਰ ਕਦੀ ਝੂਠਾ ਬਚਨ ਨਹੀਂ ਕਰਦੀ, ਤੁਸੀਂ ਤਸੱਲੀ ਰੱਖੋ।" ਇਹ ਆਖ ਕੇ ਉਹ ਤੁਰ ਗਿਆ।

ਹੋਰ ਪੁਛ ਗਿਛ ਕਰਨ ਤੇ ਪਤਾ ਲਗਾ ਕਿ ਇਹ ਇਕ ਫੌਜ ਵਿਚ ਸਰਦਾਰ ਸੀ। ਜੰਗ ਜਰਮਨ ਵਿਚ ਸਖਤ ਫਟੜ ਹੋ ਕੇ ਕਈ ਮਹੀਨੇ ਬੇਹੋਸ਼ ਪਿਆ ਰਿਹਾ। ਫਿਰ ਰਾਜ਼ੀ ਹੋ ਗਿਆ ਪਰ ਕਦੀ ਕਦੀ ਇਸ ਨੂੰ ਪਾਗਲ ਪਨ ਦਾ ਦੌਰਾ ਪੈ ਜਾਂਦਾ ਸੀ ਤੇ ਆਪਣੇ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਸਮਝ ਕੇ ਹੁਕਮ ਚਲਾਣ ਲਗ ਪੈਂਦਾ ਸੀ।

ਕਵੀਸ਼ਰ ਜੀ ਨੇ ਫਿਰ ਮੈਨੂੰ ਦਸਿਆ ਕਿ ਕੋਠੜੀਆਂ ਦੀ ਦੂਜੀ ਲੈਨ ਵਿਚ ਨਨਕਾਣਾ ਸਾਹਿਬ ਦਾ ਕਾਤਲ ਮਹੰਤ ਨਰੈਣ ਦਾਸ ਤੇ ਉਸ ਦੇ ਫੜੇ ਹੋਏ ਹੋਰ ਸਾਥੀ ਰਹਿੰਦੇ ਹਨ। ਇਹ ਸੁਣ ਕੇ ਪਹਿਲਾਂ ਮੈਂ ਬੜਾ ਘਬਰਾਇਆ ਕਿਉਂਕਿ ਮੈਂ ਤਾਂ ਇਨ੍ਹਾਂ ਹਤਿਆਰੇ ਕਾਤਲਾਂ ਦੇ ਮੂੰਹ ਲਗਣਾ ਵੀ ਪਸੰਦ ਨਹੀਂ ਸਾਂ ਕਰਦਾ ਅਤੇ ਜੇ ਆਮ੍ਹੋ ਸਾਹਮਣੇ ਹੋ ਗਏ ਤਾਂ ਫਿਰ ਟਾਕਰਾ ਹੀ ਨਾ ਹੋ ਪਵੇ? ਪਰ ਕਵੀਸ਼ਰ ਜੀ ਨੇ ਦਸਿਆ ਕਿ ਨਰੈਣ ਦਾਸ ਉਨ੍ਹਾਂ ਨਾਲ ਗਲਾਂ ਬਾਤਾਂ ਕਰਦਾ ਰਹਿੰਦਾ ਹੈ ਅਤੇ ਉਹ ਉਸ ਨੂੰ ਪਰੇਰਦੇ ਰਹਿੰਦੇ ਹਨ ਕਿ ਇਸ ਕਤਲਾਮ ਵਿਚ ਹਕੂਮਤ ਦੇ ਅਫ਼ਸਰਾਂ ਦਾ ਜੋ ਹਿੱਸਾ ਹੈ, ਉਹ ਕਿਸੇ ਤਰ੍ਹਾਂ ਨੰਗਾ ਕਰ ਦੇਵੇ। ਸਾਨੂੰ ਪੂਰਾ ਸ਼ੱਕ ਸੀ ਕਿ ਇਤਨਾ ਕਹਿਰ ਕੁਝ ਜ਼ਿਮੇਂਵਾਰ ਸਰਕਾਰੀ ਅਫ਼ਸਰਾਂ ਦੀ ਸ਼ਹਿ ਬਗੈਰ ਨਹੀਂ ਹੋ ਸਕਦਾ।

ਕੁਝ ਦਿਨਾਂ ਪਿਛੋਂ ਮੈਨੂੰ ਵੀ ਮਹੰਤ ਨੇ ਸਨੇਹਾ ਭੇਜਿਆ ਕਿ ਉਹ ਮੈਨੂੰ ਮਿਲਣਾ ਚਾਹੁੰਦਾ ਹੈ। ਮੈਂ ਦੂਜੇ ਦਿਨ ਮਿਲਣ ਦਾ ਇਕਰਾਰ ਕਰ ਦਿੱਤਾ। ਮੈਂ ਸੋਚਿਆ ਕਿ ਸ਼ਾਇਦ ਮਹੰਤ ਦੇ ਮੂੰਹੋਂ



Digitized by Panjab Digital Library | www.panjabdigilib.org

ਇਸ ਸਾਕੇ ਦੀ ਅਸਲੀਅਤ ਦਾ ਕੁਝ ਵਧੇਰੇ ਪਤਾ ਲਗ ਜਾਵੇ। ਗੁਰਦੁਆਰਾ ਲਹਿਰ ਅਤੇ ਗੁਰਦੁਆਰਿਆਂ ਦੇ ਕਬਜ਼ੇ ਸੰਬੰਧੀ ਜੋ ਹਾਲਾਤ ਮੈਨੂੰ ਪਤਾ ਸਨ, ਉਨ੍ਹਾਂ ਤੋਂ ਮੈਂ ਇਹ ਸਮਝ ਰਿਹਾ ਸਾਂ ਕਿ ਸਰਕਾਰੀ ਜ਼ਿਮੇਂਵਾਰ ਅਫ਼ਸਰਾਂ ਦੀ ਥਾਪੜੀ ਤੇ ਉਤਸ਼ਾਹ ਨਾਲ ਹੀ ਮਹੰਤ ਨੇ ਇਹ ਅਤਿਆਚਾਰ ਕਰਨ ਦੀ ਦਲੇਰੀ ਕੀਤੀ ਸੀ। ਜੇ ਮਹੰਤ ਵਲੋਂ ਹਥਿਆਰ ਜਮ੍ਹਾ ਕਰਨ ਤੇ ਡਾਕੂਆਂ ਨੂੰ ਰਖਣ ਦੀਆਂ ਤਿਆਰੀਆਂ ਦੀਆਂ ਰਪੋਟਾਂ ਪਹੁੰਚਣ ਪੁਰ ਸਰਕਾਰ ਹਫ਼ਾਜ਼ਤੀ ਕਾਰਵਾਈ ਕਰਦੀ ਤਾਂ ਇਹ ਸਾਕਾ ਕਦੀ ਨਹੀਂ ਸੀ ਵਰਤ ਸਕਦਾ। ਅਕਤੂਬਰ ੧੯੨੦ ਵਿਚ ਸਿਖ ਲੀਗ ਦੇ ਦੂਜੇ ਸਾਲਾਨਾ ਸਮਾਗਮ ਵਿਚ ਨਾ ਮਿਲਵਰਤਨ ਦਾ ਮਤਾ ਪਾਸ ਹੋ ਜਾਣ ਮਗਰੋਂ ਸਿਖਾਂ ਵਲ ਹਕੂਮਤ ਦੀ ਪਾਲਸੀ ਬਿਲਕੁਲ ਬਦਲ ਗਈ ਸੀ। ਪਹਿਲਾਂ 'ਕੁਦਰਤੀ ਲੀਡਰਾਂ ਰਾਹੀਂ ਸਿਖ ਜਨਤਾ ਨੂੰ ਕਾਫ਼ੀ ਗੁਮਰਾਹੀ ਵਿਚ ਪਾਇਆ ਜਾ ਸਕਦਾ ਸੀ। ਹੁਣ ਨਵੀਂ ਸਵਤੰਤਰ ਵਿਚਾਰ ਰਖਣ ਵਾਲੀ ਮਧ ਸ਼ਰੇਣੀ ਦੀ ਲੀਡਰ ਸ਼ਿਪ ਮੈਦਾਨ ਮਲ ਰਹੀ ਸੀ। ਸਿਖਾਂ ਵੱਲ ਹੁਣ ਹਕੂਮਤ ਦੀ ਪਾਲਸੀ ਇਸ ਤਰ੍ਹਾਂ ਚਲ ਰਹੀ ਸੀ ਕਿ ਸਿਖਾਂ ਨੂੰ ਵਧ ਤੋਂ ਵਧ ਗੁਰ-ਦੁਆਰਿਆਂ ਵਿਚ ਉਲਝਾਇਆ ਜਾਵੇ,ਅਜੇਹੇ ਸਾਕੇ ਹੋ ਜਾਣ ਜਿਨ੍ਹਾਂ ਕਰ ਕੇ ਸਿਖ ਆਗੂ ਅਦਾਲਤੀ ਮਿਲਵਰਤਨ ਕਰਨ ਲਈ ਮਜਬੂਰ ਹੋ ਜਾਣ, ਨਾ-ਮਿਲਵਤਨ ਦੇ ਪੱਕੇ ਹਾਮੀ ਦੇਸ਼-ਭਗਤਾਂ ਨੂੰ ਜਿਹਲਾਂ ਵਿਚ ਡਕਿਆ ਜਾਵੇ ਅਤੇ ਅਕਾਲੀ ਲਹਿਰ ਦੀ ਲੀਡਰਸ਼ਿਪ ਵਿਚ ਮਿਲਵਰਤਨੀ ਸਰਦਾਰਾਂ ਅਰਥਾਤ ਕੁਦਰਤੀ ਪੁਰਾਣੇ ਲੀਡਰਾਂ ਦਾ ਅੰਸ਼ ਭਰਿਆ ਜਾਵੇ। ਬੇਰੂਨੀ ਵਾਕਿਆਤ ਮੇਰੇ ਇਨ੍ਹਾਂ ਖਿਆਲਾਂ ਦੀ ਪਰੋੜ੍ਹਤਾ ਕਰਦੇ ਸਨ, ਪਰ ਠੋਸ ਸਬੂਤ ਮੇਰੇ ਪਾਸ ਕੋਈ ਨਹੀਂ ਸੀ। ਮੈਂ ਸੋਚਿਆ ਸ਼ਾਇਦ ਮਹੰਤ ਨਰੈਣ ਦਾਸ ਤੋਂ ਕੋਈ ਪੱਕੇ ਸਬੂਤ ਮਿਲ ਜਾਣ।



Digitized by Panjab Digital Library | www.panjabdigilib.org

ਦੂਜੇ ਦਿਨ ਮਹੰਤ ਨਰੈਣ ਦਾਸ ਮੇਰੀ ਕੋਠੜੀ ਵਿਚ ਆ ਕੇ ਮਿਲਿਆ। ਉਸ ਦਾ ਰੰਗ ਉਡਿਆ ਹੋਇਆ ਸੀ ਤੇ ਉਸ ਦੇ ਚਿਹਰੇ ਪੁਰ ਇਸ ਮਹਾਂ ਪਾਪ ਦੇ ਕਾਲੇ ਪਰਛਾਵੇਂ ਦਿਸ ਰਹੇ ਸਨ। ਕਾਫ਼ੀ ਗੱਲਾਂ ਬਾਤਾਂ ਹੋਈਆਂ। ਉਸ ਨੇ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਦਿਲੋਂ ਮਨੋ ਸਮਝੌਤੇ ਵਾਸਤੇ ਤਿਆਰ ਸੀ। ਉਸਨੇ ਕਿਹਾ ਮੈਂ ਇਕ ਸਿਖ ਆਗੂ ਨੂੰ ਦੋ ਹਜ਼ਾਰ ਰੁਪਿਆ ਵੀ ਦਿਤਾ ਸੀ ਕਿ ਸ਼ਰੋਮਣੀ ਕਮੇਟੀ ਨਾਲ ਸਮਝੌਤਾ ਕਰਾ ਦੇਵੇ ਅਤੇ ਕਈਆਂ ਨੂੰ ਵਿਚੋਲੇ ਬਣਨ ਲਈ ਕਿਹਾ ਸੀ, ਪਰ ਵਿਚੋਲੇ ਕਿਸੇ ਕਾਰਨ ਜ਼ਿਮੇਂਵਾਰ ਸਿਖ ਆਗੂਆਂ ਨਾਲ ਮੇਰੀ ਮੁਲਾਕਾਤ ਨਾ ਕਰਾ ਸਕੇ। ਉਹ ਡਰਦਾ ਸੀ, ਇਸ ਕਰਕੇ ਮਿ: ਕਿੰਗ ਕਮਿਸ਼ਨਰ ਲਾਹੌਰ ਤੇ ਡਿਪਟੀ ਕਮਿਸ਼ਨਰ ਸ਼ੇਖ਼ੂ ਪੁਰਾ ਨੂੰ ਵੀ ਮਿਲਦਾ ਰਿਹਾ ਤੇ ਉਨ੍ਹਾਂ ਤੋਂ ਮਦਦ ਮੰਗਦਾ ਰਿਹਾ ਸੀ। ਕਮਿਸ਼ਨਰ ਨੇ ਡਿਪਟੀ ਕਮਿਸ਼ਨਰਾਂ ਨੂੰ ਗਸ਼ਤੀ ਚਿੱਠੀ ਭੇਜੀ ਸੀ ਕਿ ਲੋੜ ਪੈਣ ਤੇ ਉਹ ਗੁਰਦੁਆਰਿਆਂ ਦੀ ਰਖਿਆ ਲਈ ਮਹੰਤਾਂ ਨੂੰ ਪੁਲਸ ਦੇ ਸਕਦੇ ਹਨ। ਉਸਦੀਆਂ ਗੱਲਾਂ ਤੋਂ ਮਲੂਮ ਹੁੰਦਾ ਸੀ ਕਿ ਉਸ ਨੂੰ ਫਾਂਸੀ ਤੋਂ ਬਚ ਜਾਣ ਦੀ ਉਮੇਦ ਹੈ। ਕੁਝ ਸਮਾਂ ਕੈਦ ਭਾਵੇਂ ਹੋ ਜਾਵੇ ਤੇ ਰਿਹਾਈ ਮਗਰੋਂ ਉਹ ਆਪਣੇ ਬਚਾਉ ਜਾਂ ਹਮਦਰਦੀ ਦਾ ਵਰਤਾਉ ਚਾਹੁੰਦਾ ਸੀ। ਪਰ ਮੈਨੂੰ ਉਸ ਦੀਆਂ ਗੱਲਾਂ ਤੇ ਯਕੀਨ ਨਾ ਆਇਆ। ਮੇਰਾ ਖਿਆਲ ਹੈ ਉਹ ਅਕਾਲੀ ਲਹਿਰ ਦਾ ਉਭਾਰ ਵੇਖ ਕੇ ਆਰੰਭ ਵਿਚ ਜ਼ਰੂਰ ਡਰਿਆ ਤੇ ਸਮਝੌਤੇ ਲਈ ਤਿਆਰ ਸੀ, ਪਰ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਵਲੋਂ ਉਤਸ਼ਾਹ ਤੇ ਸਹਾਇਤਾ ਮਿਲਣ ਦੇ ਭਰੋਸੇ ਮਗਰੋਂ ਅਤੇ ਹੋਰ ਸਾਧਾਂ ਮਹੰਤਾਂ ਤੇ ਪੁਜਾਰੀਆਂ ਦੀ ਸਾਂਝੀ ਜਥੇਬੰਦੀ ਬਣਾ ਕੇ ਅਕਾਲੀ ਲਹਿਰ ਦਾ ਟਾਕਰਾ ਕਰਨ ਲਈ ਹਜ਼ਾਰਾਂ ਰੁਪਏ ਇਕੱਠੇ ਹੋ ਜਾਣ ਮਗਰੋਂ ਉਸ ਦੀ ਨੀਅਤ ਬਦਲ ਗਈ ਸੀ। ਮੇਰੇ ਦਿਲ ਵਿਚ ਮਹੰਤ ਲਈ ਬੜੀ ਨਫ਼ਰਤ ਸੀ,



Digitized by Panjab Digital Library | www.panjabdigilib.org

ਇਸ ਕਰ ਕੇ ਇਸ ਦਿਨ ਦੇ ਬਾਅਦ ਮੈਂ ਉਸ ਨੂੰ ਮੁੜ ਕੇ ਕਦੀ ਨਹੀਂ ਮਿਲਿਆ। ਮੇਰਾ ਖਿਆਲ ਹੈ ਮਹੰਤ ਨੇ ਸਮਝੌਤੇ ਲਈ ਜਾਂ ਮੋਰਚੇ ਨੂੰ ਰੋਕਣ ਲਈ ਰੁਪਏ ਵੀ ਵੰਡੇ ਹੋਣਗੇ।

੨.

ਮੈਂ ਤੇ ਮਾਸਟਰ ਪ੍ਰਤਾਪ ਸਿੰਘ ਕੋਈ ੧੫,੨੦ ਦਿਨ ਲਾਹੌਰ ਸੈਂਟਰਲ ਜਿਹਲ ਵਿਚ ਰਹੇ। ਸਾਡੇ ਵਿਰੁਧ ਹਤਕ-ਅਦਾਲਤ ਦਾ ਮੁਕੱਦਮਾ ਇਕ ਹੋਰ ਅੰਗਰੇਜ਼ ਮੈਜਿਸਟਰੇਟ ਦੇ ਪੇਸ਼ ਹੋਇਆ। ਅਸੀਂ ਜੋਸ਼ ਵਿਚ ਆ ਕੇ ਚੰਗਾ ਕੜਾਕੇਦਾਰ ਲਿਖਤੀ ਬਿਆਨ ਦਿੱਤਾ ਕਿ ਨੌਕਰਸ਼ਾਹੀ ਆਜ਼ਾਦੀ ਦੀ ਲਹਿਰ ਨੂੰ ਕੁਚਲਣ ਲਈ ਮੁਕੱਦਮੇ ਚਲਾਂਦੀ ਹੈ, ਇਸ ਲਈ ਸਾਨੂੰ ਸਰਕਾਰੀ ਅਦਾਲਤਾਂ ਪੁਰ ਕੋਈ ਇਤਬਾਰ ਨਹੀਂ। ਮੈਜਿਸਟਰੇਟ ਨੇ ਗੁੱਸੇ ਵਿਚ ਆ ਕੇ ਸਾਨੂੰ ਪੂਰੇ ਛੇ ਛੇ ਮਹੀਨੇ ਦੀ ਕੈਦ ਦੀ ਸਜ਼ਾ ਠੋਕ ਦਿੱਤੀ। ਅਤੇ ਸਜ਼ਾ ਮਿਲਣ ਤੋਂ ਬਾਅਦ ਦੂਜੇ ਤੀਜੇ ਦਿਨ ਹੀ ਸਾਨੂੰ ਪੰਜਾਬ ਦੇ ਕਾਲੇ ਪਾਣੀ, ਦਰਿਆ ਸਿੰਧ ਤੋਂ ਪਾਰ, ਡੇਰਾ ਗ਼ਾਜ਼ੀਖ਼ਾਨ ਡਿਸਟਰਿਕਟ ਜੇਹਲ ਵਿਚ ਭੇਜ ਦਿਤਾ ਗਿਆ। ਸ ਨੂੰ ਮਹਿਜ਼ ਕੈਦ ਦੀ ਸਜ਼ਾ ਸੀ ਅਤੇ ਆਪਣੇ ਕਪੜੇ ਵਰਤਣ ਦੀ ਸਾਨੂੰ ਆਗਿਆ ਸੀ।

ਡੇਰਾ ਗਾਜ਼ੀ ਖ਼ਾਨ ਦਾ ਜੇਹਲ ਛੋਟਾ ਜਿਹਾ ਹੈ। ਇਥੇ ਬਲੋਚ ਹੀ ਬਲੋਚ ਹਵਾਲਾਤੀ ਤੇ ਕੈਦੀ ਸਨ। ਕੈਦੀ ਥੋਹੜੇ ਤੇ ਹਵਾਲਾਤੀ ਬਹੁਤੇ, ਛੇ ਮਹੀਨੇ ਤਕ ਦੇ ਥੋੜ੍ਹੀ ਸਜ਼ਾ ਦੇ ਕੈਦੀ ਇਥੇ ਰਖੇ ਜਾਂਦੇ ਹਨ। ਲੰਮੀਆਂ ਕੈਦਾਂ ਵਾਲਿਆਂ ਨੂੰ ਤੁਰਤ ਮੁਲਤਾਨ, ਮਿੰਟਗੁਮਰੀ ਜਾਂ ਹੋਰ ਜੇਹਲਾਂ ਵਿਚ ਭੇਜਿਆ ਜਾਂਦਾ ਸੀ।

ਬਲੋਚ ਆਪਣੇ ਸਿਰ ਦੇ ਵਾਲਾਂ ਨੂੰ ਬੜਾ ਪਿਆਰ ਕਰਦੇ



Digitized by Panjab Digital Library | www.panjabdigilib.org

ਮਲਾਇਆ ਦੀ ਵੱਡੀ ਪੈਦਾਵਾਰ ਰਬੜ ਤੇ ਟਿਨ ਹੈ। ਅਨਾਜਾਂ ਵਿਚੋਂ ਚਾਵਲ ਬਹੁਤ ਪੈਦਾ ਕੀਤੇ ਜਾਂਦੇ ਹਨ। ਤੇਲ ਵੀ ਕਾਫ਼ੀ ਪੈਦਾ ਕੀਤਾ ਜਾਂਦਾ ਹੈ। ਫਲਾਂ ਵਿਚ ਅਨਾਨਾਸ,ਕੇਲਾ, ਦੁਰਿਆਨ, ਮਾਂਗਣੀਆਂ ਆਦਿਕ ਫਲ ਬਹੁਤ ਹੋਂਦੇ ਹਨ। ਕਸ਼ਮੀਰ ਤੇ ਪੰਜਾਬ ਵਰਗੇ ਆਮ ਫਲ ਇਥੇ ਨਹੀਂ ਹੁੰਦੇ। ਦੁਰਿਆਨ ਨੂੰ ਇਥੇ ਫਲਾਂ ਦਾ ਸਰਦਾਰ ਤੇ ਮਲਾਇਆ ਦਾ ਕੌਮੀ ਫਲ ਗਿਣਿਆ ਜਾਂਦਾ ਹੈ। ਇਹ ਬੜਾ ਸੁਆਦੀ ਤੇ ਬਲ-ਵਰਧਕ ਮੰਨਿਆ ਜਾਂਦਾ ਹੈ।

ਹਿੰਦੀ ਤੇ ਪੰਜਾਬੀ ਪਹਿਲੇ ਪਹਿਲ ਦੁਰਿਆਨ ਦਾ ਫਲ ਨਹੀਂ ਖਾ ਸਕਦੇ। ਇਸ ਵਿਚੋਂ ਬੜੀ ਬਦਬੂ ਜਿਹੀ ਆਉਂਦੀ ਹੈ ਪਰ ਸਹਿਜੇ ਸਹਿਜੇ ਇਹ ਬੜੇ ਸੁਆਦੀ ਲਗਣ ਲਗ ਪੈਂਦੇ ਹਨ। ਇਨ੍ਹਾਂ ਵਿਚੋਂ ਮਲਾਈ ਵਰਗਾ ਗੁੱਦਾ ਨਿਕਲਦਾ ਹੈ ਅਤੇ ਮਲਾਈ ਵਰਗੀ ਹੀ ਤਾਕਤ ਰਖਦਾ ਹੈ।

ਪਹਿਲੇ ਪਹਿਲ ਜਦੋਂ ਗਿਆਨੀ ਹਰਬੰਸ ਸਿੰਘ ਨੇ ਪੀਨਾਂਗ ਵਿਚ ਇਕ ਦੁਰਿਆਨ ਤੋੜ ਕੇ ਮੇਰੇ ਅਗੇ ਲਿਆ ਰਖਿਆ ਤਾਂ ਮੈਂ ਨਕ ਬੰਦ ਕਰਕੇ ਬਾਹਰ ਨੱਸ ਗਿਆ। ਫਿਰ ਉਨ੍ਹਾਂ ਨੂੰ ਸੁਆਦ ਨਾਲ ਖਾਂਦਾ ਵੇਖ ਕੇ ਮੈਂ ਵੀ ਖਾਣ ਲਗ ਪਿਆ। ਮਗਰੋਂ ਮੈਂ ਜਿਥੇ ਜਾਂਦਾ ਦੁਰਿਆਨ ਮੰਗਾ ਕੇ ਜ਼ਰੂਰ ਖਾਂਦਾ।

ਮਲਾਇਆ ਦੀ ਬੋਲੀ ਤੇ ਕਲਚਰ ਨੂੰ ਵੇਖ ਕੇ ਪਤਾ ਲਗਦਾ ਹੈ ਕਿ ਏਰੀਅਨ ਦਾ ਇਥੇ ਬੜਾ ਪ੍ਰਭਾਵ ਪਿਆ ਹੈ। ਕਈ ਸ਼ਬਦ ਤੇ ਰਵਾਜ ਮਿਲਦੇ ਹਨ। ਬੜੇ ਪੁਰਾਣੇ ਸਮੇਂ ਵਿਚ ਏਰੀਅਨ ਲੋਕ ਜਾਵਾ ਸਮਾਟਰਾ ਵਿਚ ਆਏ। ਮਲਜ ਪਹਾੜ ਨੂੰ ਕਹਿੰਦੇ ਹਨ। ਸਮਾਟਰਾ ਦੇ ਪਹਾੜਾਂ ਵਿਚ ਰਹਿਣ ਵਾਲੇ ਜੰਗਲੀ ਲੋਕਾਂ ਨੂੰ ਆਰੀਆਂ ਨੇ 'ਮਲਾਈ' ਕਹਿਣਾ ਸ਼ੁਰੂ ਕਰ ਦਿਤਾ। ਇਹ ਲੋਕ ਸਮਾਟਰਾ ਦੇ ਇਲਾਕੇ ਪਾਲਮ ਬੈਂਗ ਦੇ ਅਸਲੀ ਵਸਨੀਕ ਮੰਨੇ



Digitized by Panjab Digital Library | www.panjabdigilib.org

ਜਾਂਦੇ ਹਨ। ਕਿਸੇ ਸਮੇਂ ਕਿਸੇ ਕਾਰਨ ਉਥੋਂ ਧੱਕੇ ਹੋਏ, ਇਹ ਇਸ ਦੇਸ ਵਿਚ ਆ ਕੇ ਵੱਸ ਗਏ ਅਤੇ ਇਸ ਦੇਸ ਦਾ ਨਾਂ ਵੀ ਮਲਾਇਆ ਪੈ ਗਿਆ। ਮਲਾਇਆ ਦੇਸ ਦੇ ਅਸਲੀ ਵਸਨੀਕ 'ਸਾਕੇ' ਹਨ ਜੋ ਹੁਣ ਵੀ ਜੰਗਲਾਂ ਪਹਾੜਾਂ ਵਿਚ ਨੰਗੇ ਤੇ ਅਧਨੰਗੇ ਜੰਗਲੀ ਹਾਲਤ ਵਿਚ ਰਹਿੰਦੇ ਹਨ। ਸ਼ਿਕਾਰ ਕਰਕੇ ਗੁਜ਼ਾਰਾ ਕਰਦੇ ਹਨ। ਉਹ ਵਾਂਸ ਦੀ ਇਕ ਲੰਮੀ ਨਾਲੀ ਦੇ ਸਿਰੇ ਪੁਰ ਗੀਟਾ ਰਖ ਕੇ ਇਤਨੇ ਜ਼ੋਰ ਦੀ ਫੂਕ ਮਾਰਦੇ ਹਨ ਕਿ ਉਸ ਨਾਲ ਪੰਛੀ ਫੁੜਕਾ ਲੈਂਦੇ ਹਨ। ਉਨ੍ਹਾਂ ਦੀ ਬੋਲੀ ਤੇ ਰਸਮ ਰਵਾਜ ਵਖਰੇ ਹਨ। ਮਲਾਈ ਲੋਕ ਮੁਸਲਮਾਨ ਹਨ। ਇਨ੍ਹਾਂ ਵਿਚ ਚੀਨੀ, ਅਰਬੀ ਤੇ ਹਿੰਦੀ ਖ਼ੂਨ ਦਾ ਵੀ ਰਲਾ ਮਲੂਮ ਹੋਂਦਾ ਹੈ। ਛੋਟੇ ਕਦ, ਭੂਰਾ ਤੇ ਗੰਦਮੀ ਰੰਗ, ਚੌੜਾ ਮੂੰਹ, ਚਪਟਾ ਨਕ, ਮਜ਼ਬੂਤ ਤੇ ਚੁਸਤ ਜੁੱਸਾ। ਸਤਵੀਂ ਅਠਵੀਂ ਸਦੀ ਵਿਚ ਅਰਬੀ ਸੁਦਾਗਰ ਇਧਰ ਆਏ। ਓਦੋਂ ਇਸਲਾਮ ਵਿਚ ਨਵਾਂ ਨਵਾਂ ਜੋਸ਼ ਸੀ। ਉਨ੍ਹਾਂ ਨੇ ਇਨ੍ਹਾਂ ਨੂੰ ਮੁਸਲਮਾਨ ਬਣਾ ਲਿਆ।

ਪਰ ਇਹ ਵੇਖ ਕੇ ਮੈਨੂੰ ਬੜੀ ਹੀ ਖੁਸ਼ੀ ਹੋਈ ਕਿ ਮਲਾਈ ਮੁਸਲਮਾਣਾਂ ਵਿਚ ਹਿੰਦੀ ਮੁਸਲਮਾਣਾਂ ਵਰਗਾ ਮਜ਼ਹਬੀ ਪਖ ਪਾਤ ਉਕਾ ਨਹੀਂ। ਇਨ੍ਹਾਂ ਦੀਆਂ ਤੀਵੀਆਂ ਪਰਦਾ ਵੀ ਘਟ ਕਰਦੀਆਂ ਹਨ, ਐਵੇਂ ਅੱਧਾ ਕੁ ਮੂੰਹ ਕੱਜਦੀਆਂ ਹਨ। ਬੁਰਕਾ ਤਾਂ ਮੈਂ ਕਿਸੇ ਦੇ ਵੀ ਨਹੀਂ ਵੇਖਿਆ। ਇਨ੍ਹਾਂ ਦੀਆਂ ਗੁਆਂਢਣਾਂ ਚੀਨਣਾਂ, ਜਾਪਾਨਣਾਂ ਤੇ ਸ਼ਿਆਮਣਾਂ ਖੁਲ੍ਹੇ ਮੂੰਹ ਮਰਦਾਂ ਵਾਂਗ ਆਜ਼ਾਦ ਫਿਰਦੀਆਂ ਤੇ ਸਭ ਕੰਮ ਕਾਜ ਕਰਦੀਆਂ ਹਨ। ਇਨ੍ਹਾਂ ਦਾ ਡੂੰਘਾ ਅਸਰ ਇਨ੍ਹਾਂ ਪੁਰ ਪੈ ਰਿਹਾ ਹੈ। ਮਲਾਈ ਉਚ ਘਰਾ-ਣਿਆਂ ਵਿਚ ਸੁੰਦਰਤਾ ਤੇ ਸਿੰਗਾਰ ਦਾ ਵੀ ਘਾਟਾ ਨਹੀਂ।

ਮਲਾਇਆ ਵਿਚ ਇਹ ਵੇਖ ਕੇ ਮੈਨੂੰ ਬੜੀ ਤਸੱਲੀ ਹੋਈ ਕਿ ਭਾਵੇਂ ਇਥੋਂ ਦੇ ਰਾਜੇ ਮੁਸਲਮਾਨ ਹਨ, ਅਸਲੀ ਵਸਨੀਕ



Digitized by Panjab Digital Library | www.panjabdigilib.org

ਮੁਸਲਮਾਨ ਹਨ ਪਰ ਗਊ, ਸੂਰ, ਝਟਕੇ ਹਲਾਲ ਅਤੇ ਮੰਦਰ ਮਸੀਤ ਦੇ ਝਗੜੇ ਦਾ ਕੋਈ ਸੁਆਲ ਹੀ ਨਹੀਂ।

ਮੈਂ ਆਪਣੀ ਅੱਖੀਂ ਜਾ ਕੇ ਵੇਖਿਆ ਕਿ ਇਕੋ ਬੁਚੜਖਾਨੇ ਵਿਚ ਇਕ ਪਾਸੇ ਬਕਰੇ ਤੇ ਸੂਰ ਮਸ਼ੀਨ ਨਾਲ ਮਾਰੇ ਜਾਂਦੇ ਹਨ, ਨਾਲ ਹੀ ਦੂਜੇ ਪਾਸੇ ਗਊਆਂ ਤੇ ਵੱਛੇ ਹਲਾਲ ਕੀਤੇ ਜਾਂਦੇ ਹਨ। ਮਾਰਕੀਟਾਂ ਵਿਚ ਕੋਲ ਕੋਲ ਹੀ ਸੂਰ, ਬਕਰੇ ਤੇ ਗਊ ਦਾ ਮਾਸ ਵਿਕਦਾ ਹੈ। ਕੋਈ ਕਿਸੇ ਪੁਰ ਇਤਰਾਜ਼ ਨਹੀਂ ਕਰਦਾ। ਜਦੋਂ ਇਹ ਲੋਕ ਪੰਜਾਬ ਦੀਆਂ ਝਟਕੇ ਹਲਾਲ ਦੇ ਝਗੜੇ ਦੀਆਂ ਖਬਰਾਂ ਸੁਣਦੇ ਹਨ ਤਾਂ ਹਸ ਕੇ ਕਹਿੰਦੇ ਹਨ--ਇਹ ਲੋਕ ਕਿੰਨੇ ਮੂਰਖ ਹਨ ਜਿਹੜੇ ਇਨ੍ਹਾਂ ਖਾਣ ਪੀਣ ਤੇ ਰਸਮੀ ਗੱਲਾਂ ਪੁਰ ਝਗੜ ਕੇ ਇਕ ਦੂਜੇ ਨੂੰ ਕਤਲ ਕਰ ਦੇਂਦੇ ਹਨ। ਪਰ ਉਨ੍ਹਾਂ ਨੂੰ ਕੀ ਪਤਾ ਕਿ ਇਥੇ ਨੌਕਰਸ਼ਾਹੀ ਦੇ "ਪਾੜੋ ਤੇ ਰਾਜ ਕਰੋ" ਦੇ ਜਾਦੂ ਨੇ ਡੂੰਘਾ ਅਸਰ ਕੀਤਾ ਹੋਇਆ ਸੀ।

ਮਲਾਇਆ ਵਾਸੀ ਹਿੰਦੀਆਂ ਵਿਚ ਚੰਗੀ ਜਾਗਰਤੀ ਪੈਦਾ ਹੋ ਗਈ ਹੈ। ਉਨ੍ਹਾਂ ਨੇ ਹਿੰਦੀ ਐਸੋਸੀਏਸ਼ਨ ਅਤੇ ਮਲਾਇਅਨ ਕਾਂਗਰਸ ਨਾਂ ਦੀਆਂ ਸਾਂਝੀਆਂ ਕੌਮੀ ਜਥੇਬੰਦੀਆਂ ਬਣਾ ਲਈਆਂ ਹਨ। ਰਬੜ ਤੇ ਕਾਨਾਂ ਦੇ ਮਜ਼ਦੂਰਾਂ ਵਿਚ ਬੜੀ ਜਾਗਰਤੀ ਹੈ। ਉਨ੍ਹਾਂ ਨੇ ਆਪਣੀਆਂ ਯੂਨੀਅਨਾਂ ਜਥੇਬੰਦ ਕੀਤੀਆਂ ਹੋਈਆਂ ਹਨ। ਚੀਨੇ ਮਜ਼ਦੂਰ ਬੜੇ ਸਿਆਣੇ ਤੇ ਲੜਾਕੂ ਹਨ।

ਪਰ ਮਲਾਇਆ ਇਕ ਬ੍ਰਿਟਿਸ਼ ਕਾਲੋਨੀ ਹੈ। ਹਕੂਮਤ ਰਾਜਸੀ ਖਿਆਲਾਂ ਨੂੰ ਬੜੀ ਸਖਤੀ ਨਾਲ ਦਬਾਂਦੀ ਹੈ। ਥੋੜਾ ਚਿਰ ਹੋਇਆ ਪੰਡਤ ਜਵਾਹਰ ਲਾਲ ਜੀ ਦੌਰੇ ਕਰ ਗਏ ਸਨ। ਉਨ੍ਹਾਂ ਦੇ ਲੈਕਚਰਾਂ ਤੋਂ ਹਕੂਮਤ ਬੜੀ ਘਬਰਾਈ ਸੀ ਪਰ ਉਨ੍ਹਾਂ ਦੀ ਕੌਮਾਂਤ੍ਰੀ ਉਚ ਹਸਤੀ ਨੂੰ ਹਥ ਨਾ ਪਾ ਸਕੀ। ਮੈਂ ਜਿਥੇ ਵੀ ਜਾਂਦਾ ਸਾਂ, ਸਿਖਾਂ ਤੋਂ ਬਿਨਾਂ ਸਭ ਹਿੰਦੀ ਰਲ ਮਿਲ ਕੇ ਮੇਰਾ



Digitized by Panjab Digital Library | www.panjabdigilib.org

ਸੁਆਗਤ ਕਰਦੇ ਤੇ ਦੇਸ਼ ਦੀ ਰਾਜਸੀ ਹਾਲਤ ਬਾਬਤ ਮੇਰੀਆਂ ਗੱਲਾਂ ਬੜੀ ਦਿਲਚਸਪੀ ਨਾਲ ਸੁਣਦੇ ਸਨ। ਮੈਂ ਕੇਵਲ ਪਿਛਲੀਆਂ ਚੋਣਾਂ ਵਿਚ ਕਾਂਗਰਸ ਨੂੰ ਪ੍ਰਾਪਤ ਹੋਈ ਜਿਤ ਤੇ ਉਸ ਦੇ ਹਿੰਦੀਆਂ ਪੁਰ ਪ੍ਰਭਾਵ ਬਾਰੇ ਚਾਨਣਾ ਪਾਂਦਾ। ਪਰ ਹਕੂਮਤ ਮਲਾਇਆ ਇਹ ਵੀ ਬਰਦਾਸ਼ਤ ਨਾ ਕਰ ਸਕੀ। ਕੁਆਲਾ-ਲੰਪਰ ਵਿਚ ਹਿੰਦੀ ਐਸੋਸੀਏਸ਼ਨ ਦੇ ਇਕ ਸਮਾਗਮ ਵਿਚ ਜਦੋਂ ਮੈਂ ਲੈਕਚਰ ਦੇ ਕੇ ਹਟਿਆ ਤਾਂ ਦੂਜੇ ਦਿਨ ਹੀ ਪੁਲਸ ਦਾ ਸੱਦਾ ਆ ਗਿਆ।

ਅੰਗਰੇਜ਼ ਪੁਲਸ ਸੁਪਰਿੰਟੈਂਡੈਂਟ ਨੇ ਮੈਨੂੰ ਤਾੜਨਾ ਕਰ ਦਿੱਤੀ ਕਿ ਅਜਿਹੇ ਰਾਜਸੀ ਲੈਕਚਰ ਮਲਾਇਆ ਵਿਚ ਨਾ ਦਿਓ ਨਹੀਂ ਤਾਂ ਫ਼ੌਰਨ ਤੁਹਾਨੂੰ ਮਲਾਇਆ ਤੋਂ ਬਾਹਰ ਕਢ ਦਿੱਤਾ ਜਾਏਗਾ। ਸੈਰ ਨੂੰ ਮੁਖ ਰਖ ਕੇ ਅਤੇ ਮਲਾਇਆ ਵਾਸੀਆਂ ਨੂੰ ਮਿਲਣ ਦੀ ਤੀਬਰ ਖ਼ਾਹਸ਼ ਪੂਰੀ ਕਰਨ ਲਈ ਮੈਂ ਆਪਣੇ ਲੈਕਚਰ ਨਰਮ ਕਰ ਦਿਤੇ।

ਪੀਨਾਂਗ, ਈਪੂ, ਕੁਆਲਾ ਲੰਪਰ, ਸਰਬਨ, ਮਲਾਕਾ, ਜਹਰ ਬਾਰੂ, ਸਿੰਘਾਪੁਰ, ਫ੍ਰੇਜ਼ਰ ਹਿਲ ਆਦਿਕ ਕਈ ਸ਼ਹਿਰਾਂ ਦੀ ਰੀਝ ਲਾਹ ਕੇ ਸੈਰ ਕੀਤੀ। ਹਿੰਦੀਆਂ ਦੀ ਅਤੇ ਖਾਸ ਕਰਕੇ ਸਿਖਾਂ ਦੀ ਅਤੇ ਮਲਾਈਆਂ ਤੇ ਚੀਨਿਆਂ ਦੇ ਰਾਜਸੀ ਤੇ ਆਰਥਕ ਹਾਲਾਤ ਦਾ ਮੁਤਾਲਿਆ ਕੀਤਾ ਅਤੇ ਮੈਂ ਇਸ ਸਿੱਟੇ ਪੁਰ ਪੁਜਾ ਕਿ ਮਲਾਇਆ ਵੀ ਹੁਣ ਬਹੁਤਾ ਚਿਰ ਗੁਲਾਮ ਨਹੀਂ ਰਹਿ ਸਕਦਾ। ਹਿੰਦ ਤੇ ਚੀਨ ਦੇ ਆਜ਼ਾਦ ਹੋਣ ਦੇ ਬਾਦ ਮਲਾਇਆ ਵੀ ਸਾਮਰਾਜੀ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਆਜ਼ਾਦ ਹੋ ਜਾਏਗਾ। ਮਲਾਇਆਵਾਸੀ ਪੰਜਾਬੀ ਵੀਰਾਂ ਦੇ ਦਿਲੀ ਪ੍ਰੇਮ ਦੀਆਂ ਸੁਗਾਤਾਂ ਨਾਲ ਦਿਲ ਦੀ ਪਟਾਰੀ ਭਰ ਕੇ ਮੈਂ ਮਈ ਵਿਚ ਵਾਪਸ ਪੰਜਾਬ ਆ ਗਿਆ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1273

Digitized by Panjab Digital Library | www.panjabdigilib.org

Digitized by Panjab Digital Library | www.panjabdigilib.org